
TANYA'S
BEAUTY SALON
HERBAL FACIAL
$40
$20 !!!
Threading/Waxing, Facial(Men & Women)
Anti-Aging Facial, Bleach
Hair Cut, Color and Style
40-39 75 St. Jackson Heights, NY 11373
718-478-9009
137-40 Jamaica Avenue Jamaica, NY 11435
718-297-1019
85-03 Roosevelt Avenue Jackson Heights, NY 11373
718-205-7832


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

Radio Chann Pardesi
ਰੇਡੀਓ ਚੰਨ ਪ੍ਰਦੇਸੀ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579



Fourtheenth Year in Publication
ਨਿਊ ਯਾਰਕ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 05, February 2nd, 2013



Email:punjabtimes1@sbcglobal.net
www.punjabtimesusa.com
20451 N Plum Grove Rd. Palatine, IL 60074
Ph:847-359-0746, Fax:847-705-9388


# ਆਵਾਸੀ ਕਾਨੂੰਨ ਸੁਧਾਰਾਂ ਲਈ ਚੋਟ ਨਗਾਰੇ

## ਰਾਸ਼ਟਰਪਤੀ ਓਬਾਮਾ ਨੇ ਕੀਤੀ ਨਿੱਗਰ ਪਹਿਲਕਦਮੀ



- 1.10 ਕਰੋੜ ਗੈਰ-ਕਾਨੂੰਨੀ ਆਵਾਸੀਆਂ ਨੂੰ ਪੱਕੀ ਨਾਗਰਿਕਤਾ ਮਿਲਣ ਲਈ ਰਾਹ ਪੱਧਰਾ
- ਸੁਧਾਰਾਂ ਲਈ ਦੇਸ਼ ਭਰ ਵਿਚ ਬਣਨ ਲੱਗੀ ਆਮ ਸਹਿਮਤੀ ਆਰਥਿਕਤਾ ਨੂੰ ਵੀ ਮਿਲੇਗਾ ਹੁਲਾਰਾ

**ਲਾਸ ਵੇਗਸ (ਪੰਜਾਬ ਟਾਈਮਜ਼ ਬਿਊਰੋ):** ਰਾਸ਼ਟਰਪਤੀ ਬਰਾਕ ਓਬਾਮਾ ਨੇ ਅਮਰੀਕਾ ਦੇ ਆਵਾਸੀ ਕਾਨੂੰਨਾਂ ਵਿਚ ਸੁਧਾਰ ਲਈ ਰਾਹ ਮੋਕਲਾ ਕਰਦਿਆਂ ਕਿਹਾ ਹੈ ਕਿ ਵੇਲਾ ਵਿਹਾ ਚੁੱਕੇ ਪੁਰਾਣੇ ਆਵਾਸ ਢਾਂਚੇ ਦੀ ਥਾਂ ਹੁਣ ਬਿਲਕੁਲ ਨਵੇਂ ਢਾਂਚੇ ਦੀ ਜ਼ਰੂਰਤ ਹੈ। ਇਸ ਨਾਲ ਅਮਰੀਕੀ ਆਰਥਿਕਤਾ ਨੂੰ ਵੀ ਵੱਡਾ ਹੁਲਾਰਾ ਮਿਲੇਗਾ। ਰਾਸ਼ਟਰਪਤੀ ਦੀ ਇਸ ਨਿੱਗਰ ਪਹਿਲਕਦਮੀ ਨਾਲ ਦੇਸ਼ ਵਿਚ ਵਸਦੇ 1.10 ਕਰੋੜ ਗੈਰ-ਕਾਨੂੰਨੀ ਆਵਾਸੀਆਂ ਨੂੰ ਪੱਕੀ ਨਾਗਰਿਕਤਾ ਮਿਲਣ ਲਈ ਰਾਹ ਪੱਧਰਾ ਹੋ ਗਿਆ ਜਾਪਦਾ ਹੈ। ਯਾਦ ਰਹੇ ਕਿ ਹਾਲ ਹੀ ਵਿਚ ਦੋਹਾਂ ਪਾਰਟੀਆਂ (ਡੈਮੋਕ੍ਰੇਟਿਕ ਪਾਰਟੀ ਤੇ ਰਿਪਬਲਿਕਨ ਪਾਰਟੀ) ਦੇ 8 ਸੈਨੇਟਰਾਂ ਨੇ ਪਾਰਟੀ ਵਲਗਣਾਂ ਤੋਂ ਉਪਰ ਉਠ ਕੇ ਆਵਾਸ (ਇਮੀਗਰੇਸ਼ਨ) ਢਾਂਚੇ ਵਿਚ ਸੁਧਾਰ ਲਈ ਕਾਂਗਰਸ ਵਿਚ ਬਾਕਾਇਦਾ ਬਿੱਲ ਪੇਸ਼ ਕੀਤਾ।

ਲਾਸ ਵੇਗਸ ਦੇ ਇਕ ਸਕੂਲ ਵਿਚ ਇਕ ਉਚੇਚੇ ਸਮਾਗਮ ਦੌਰਾਨ ਰਾਸ਼ਟਰਪਤੀ ਓਬਾਮਾ ਨੇ ਕਿਹਾ ਕਿ ਆਵਾਸ ਕਾਨੂੰਨ ਬਦਲਣ ਬਾਰੇ ਦੇਸ਼ ਭਰ ਵਿਚ ਵੱਡੇ ਪੱਧਰ 'ਤੇ ਆਮ ਸਹਿਮਤੀ ਬਣ ਰਹੀ ਹੈ। ਕਾਂਗਰਸ ਵਿਚ ਵੀ ਇਸ ਸਬੰਧੀ ਚਾਰਾਜੋਈ ਜਾਰੀ ਹੈ। ਇਸ ਤੋਂ ਇਲਾਵਾ ਹੋਰ ਵੱਖ ਵੱਖ ਮੰਚਾਂ ਉਤੇ ਵੀ ਇਸ ਬਾਰੇ ਭਰਪੂਰ ਚਰਚਾ ਚੱਲ ਰਹੀ ਹੈ। ਹੁਣ ਸਮੇਂ ਦੀ ਲੋੜ ਹੈ ਕਿ ਇਨ੍ਹਾਂ ਕਾਨੂੰਨਾਂ ਵਿਚ ਵਾਜਬ ਤਬਦੀਲੀਆਂ ਕੀਤੀਆਂ ਜਾਣ। ਇਸ ਨਾਲ ਆਵਾਸੀਆਂ ਨੂੰ ਤਾਂ ਫਾਇਦਾ ਹੋਵੇਗਾ ਹੀ, ਦੇਸ਼ ਦੀ ਆਰਥਿਕਤਾ ਨੂੰ ਵੀ ਵੱਡਾ ਹੁਲਾਰਾ ਮਿਲੇਗਾ। ਇਸ ਤੋਂ ਇਲਾਵਾ ਸਾਰਿਆਂ ਨੂੰ ਕੰਮ ਕਰਨ ਦੇ ਬਰਾਬਰ ਮੌਕੇ ਵੀ ਮੁਹੱਈਆ ਹੋ ਸਕਣਗੇ।

ਰਾਸ਼ਟਰਪਤੀ ਓਬਾਮਾ ਨੇ ਆਪਣੀ ਤਕਰੀਰ ਵਿਚ ਆਵਾਸ ਕਾਨੂੰਨ ਵਿਚ ਸੁਧਾਰਾਂ ਬਾਰੇ ਤਿੰਨ ਅਹਿਮ ਨੁਕਤੇ ਉਭਾਰੇ। ਇਨ੍ਹਾਂ ਵਿਚ ਆਵਾਸ ਕਾਨੂੰਨਾਂ ਨੂੰ ਮੁਕੰਮਲ ਰੂਪ ਵਿਚ ਲਾਗੂ ਕਰਨਾ, ਵਾਜਬ ਦਸਤਾਵੇਜ਼ਾਂ ਤੋਂ ਬਿਨਾਂ ਰਹਿ ਰਹੇ ਆਵਾਸੀਆਂ ਨੂੰ ਪੱਕੀ ਨਾਗਰਿਕਤਾ ਦੇਣ ਦਾ ਰਾਹ ਖੋਲ੍ਹਣਾ ਅਤੇ ਆਵਾਸ ਢਾਂਚੇ ਵਿਚ ਮੁੱਢੋਂ-ਸੁੱਢੋਂ ਤਬਦੀਲੀ ਕਰਨਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਪੱਕੀ ਨਾਗਰਿਕਤਾ ਹਾਸਲ ਕਰਨ ਲਈ ਵਾਜਬ ਦਸਤਾਵੇਜ਼ਾਂ ਤੋਂ ਬਿਨਾਂ ਰਹਿ ਰਹੇ ਆਵਾਸੀਆਂ ਨੂੰ ਸਖ਼ਤ ਸ਼ਰਤਾਂ ਪਾਰ ਕਰਨੀਆਂ ਪੈਣਗੀਆਂ, ਪਰ ਨਾਗਰਿਕਤਾ ਹਾਸਲ ਕਰਨ ਲਈ ਇਹ ਅਤਿ ਜ਼ਰੂਰੀ ਹੈ। ਇਸ ਤੋਂ ਬਿਨਾਂ ਹੁਣ ਸਰ ਨਹੀਂ ਸਕਦਾ।

ਯਾਦ ਰਹੇ ਕਿ ਰਾਸ਼ਟਰਪਤੀ ਓਬਾਮਾ ਨੇ ਆਪਣੀ 2008 ਵਾਲੀ ਚੋਣ ਮੁਹਿੰਮ ਦੌਰਾਨ ਆਵਾਸ ਨੀਤੀ ਵਿਚ ਤਬਦੀਲੀ ਦਾ ਵਾਅਦਾ ਕੀਤਾ ਸੀ ਅਤੇ ਇਸ ਦਾ ਸਭ ਤੋਂ ਵੱਧ ਫਾਇਦਾ ਲਾਤੀਨੀ

(ਬਾਕੀ ਸਫਾ 6 'ਤੇ)

# ਅਣਥੱਕ ਯਤਨਾਂ ਨਾਲ ਸੰਸਾਰ ਵਿਚ ਭਾਰਤ ਦੀ ਸ਼ਾਨ ਬਣੀ: ਪ੍ਰਣਬ



**ਨਵੀਂ ਦਿੱਲੀ:** ਭਾਰਤ ਦੇ 64ਵੇਂ ਗਣਤੰਤਰ ਦਿਹਾੜੇ ਮੌਕੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਪਿਛਲੇ ਛੇ ਦਹਾਕਿਆਂ ਵਿਚ ਪਿਛਲੀਆਂ ਛੇ ਸਦੀਆਂ ਦੇ ਮੁਕਾਬਲੇ ਕਿਤੇ ਵੱਧ ਬਦਲ ਗਿਆ ਹੈ। ਅਜਿਹਾ ਨਾ ਤਾਂ ਅਚਨਚੇਤੀ ਹੋਇਆ ਤੇ ਨਾ ਹੀ ਕਿਸੇ ਕੁਦਰਤੀ ਕਾਰਨਾਂ ਕਰ ਕੇ; ਬਲਕਿ ਇਕ ਸੋਚ ਤਹਿਤ ਅਣਥੱਕ ਯਤਨਾਂ ਸਦਕਾ ਸੰਭਵ ਹੋਇਆ। ਆਜ਼ਾਦੀ ਰਾਸ਼ਟਰ ਨਿਰਮਾਣ ਦੇ ਵਡੇਰੇ ਕਾਰਜ ਲਈ ਇਕ ਮਹੱਤਵਪੂਰਨ ਬਿੰਦੂ ਸਿੱਧ ਹੋਈ ਹੈ ਜਿਸ ਦੀ ਨੀਂਹ 26 ਜਨਵਰੀ, 1950 ਨੂੰ ਸੰਵਿਧਾਨ ਰਾਹੀਂ ਰੱਖੀ ਗਈ ਸੀ।

ਉਨ੍ਹਾਂ ਕਿਹਾ ਕਿ ਆਰਥਿਕ ਵਿਕਾਸ ਦਰ ਤਿੰਨ ਗੁਣਾਂ ਤੋਂ ਵੀ ਵੱਧ ਹੋ ਗਈ ਹੈ ਤੇ ਸਾਖ਼ਰਤਾ ਦਰ ਚਾਰ ਗੁਣਾਂ ਤੋਂ ਵੀ ਟੱਪ ਗਈ ਹੈ। ਸਵੈ-ਨਿਰਭਰਤਾ ਹਾਸਲ ਕਰਨ ਮਗਰੋਂ ਹੁਣ ਅਨਾਜ ਵੀ ਬਾਹਰਲੇ ਮੁਲਕਾਂ ਨੂੰ ਬਰਾਮਦ ਕੀਤਾ ਜਾ ਰਿਹਾ ਹੈ। ਗਰੀਬੀ ਦੇ ਪੱਧਰ ਵਿਚ ਵੀ ਮਹੱਤਵਪੂਰਨ ਗਿਰਾਵਟ ਹਾਸਲ ਕੀਤੀ ਗਈ ਹੈ। ਹੋਰ ਮੁੱਖ ਪ੍ਰਾਪਤੀਆਂ ਵਿਚੋਂ ਇਕ ਵੱਡੀ ਮੁਹਿੰਮ ਲਿੰਗ ਬਰਾਬਰੀ ਵੱਲ ਵਧ ਰਹੀ ਹੈ। ਸਭ ਜਾਣਦੇ ਸਨ ਕਿ ਇਹ ਕੋਈ ਸੌਖਾ ਕੰਮ ਨਹੀਂ ਹੈ, ਪਰ ਦੇਸ਼ ਹੁਣ ਸਹੀ ਦਿਸ਼ਾ ਵਿਚ ਜਾ ਰਿਹਾ ਹੈ। ਉਨ੍ਹਾਂ ਨੇ ਲਿੰਗ ਸਮਾਨਤਾ ਯਕੀਨੀ ਬਣਾਏ ਜਾਣ ਦੀ ਲੋੜ ਉਪਰ ਜ਼ੋਰ ਦਿੱਤਾ।

ਇਸ ਦੇ ਨਾਲ ਹੀ ਉਨ੍ਹਾਂ ਦਿੱਲੀ ਵਿਚ ਹੋਈ ਸਮੂਹਿਕ ਜਬਰ ਜਨਾਹ ਦੀ ਸ਼ਰਮਨਾਕ ਘਟਨਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਘਟਨਾ ਨੇ ਆਤਮਾ ਨੂੰ ਵਲੂੰਧਰ ਸੁੱਟਿਆ ਹੈ। ਹੁਣ ਸਾਨੂੰ ਆਪਣੀ ਜ਼ਮੀਰ ਨੂੰ ਝੰਜੋੜਨਾ ਪਵੇਗਾ ਤੇ ਵੇਖਣਾ

(ਬਾਕੀ ਸਫਾ 6 'ਤੇ)

# ਗਿਆਨੀ ਪਿੰਦਰਪਾਲ ਸਿੰਘ ਤੇ ਭਾਈ ਹਰਜਿੰਦਰ ਸਿੰਘ ਦਾ ਸਨਮਾਨ





**ਅੰਮ੍ਰਿਤਸਰ:** ਸਿੱਖ ਧਰਮ ਦੇ ਪ੍ਰਚਾਰ ਵਿਚ ਵਿਲੱਖਣ ਯੋਗਦਾਨ ਪਾਉਣ ਬਦਲੇ ਸ੍ਰੀ ਅਕਾਲ ਤਖ਼ਤ ਵੱਲੋਂ ਕਥਾ ਵਾਚਕ ਗਿਆਨੀ ਪਿੰਦਰਪਾਲ ਸਿੰਘ ਨੂੰ 'ਭਾਈ ਸਾਹਿਬ' ਅਤੇ ਪ੍ਰਸਿੱਧ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੂੰ 'ਸ਼੍ਰੋਮਣੀ ਪੰਥਕ ਰਾਗੀ' ਦੀ ਉਪਾਧੀ ਦਿੱਤੀ ਗਈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਤਖ਼ਤ ਕੇਸਗੜ੍ਹ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਤੇ ਤਖ਼ਤ ਪਟਨਾ ਸਾਹਿਬ ਤੋਂ ਗ੍ਰੰਥੀ ਗਿਆਨੀ ਰਾਮ ਸਿੰਘ ਨੇ ਅਕਾਲ ਤਖ਼ਤ ਦੀ ਫਸੀਲ ਤੋਂ ਦੋਵਾਂ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ।

ਗਿਆਨੀ ਪਿੰਦਰਪਾਲ ਸਿੰਘ ਸ਼ਬਦ-ਵੀਚਾਰ, ਗੁਰਬਾਣੀ ਦੀ ਸਹਿਜ ਵਿਆਖਿਆ ਪ੍ਰਣਾਲੀ ਨੂੰ ਮੁੱਖ ਰੱਖਦੇ ਹੋਏ ਕਰਦੇ ਹਨ। ਗੁਰਬਾਣੀ ਵਿਚਾਰ ਸਮੇਂ, ਗੁਰਬਾਣੀ, ਭਾਈ ਗੁਰਦਾਸ ਤੇ ਭਾਈ ਨੰਦ ਲਾਲ ਦੀਆਂ ਪਾਵਨ ਰਚਨਾਵਾਂ ਨੂੰ ਆਧਾਰ ਬਣਾਉਂਦੇ ਹਨ। ਭਾਈ ਹਰਜਿੰਦਰ ਸਿੰਘ ਨੇ 1985 ਵਿਚ ਪਹਿਲੀ ਕੈਸਟ 'ਸਭ ਦੇਸ ਪਰਾਇਆ' ਕੱਢੀ ਪਰ ਬਹੁਤਾ ਹੁੰਗਾਰਾ ਨਹੀਂ ਮਿਲਿਆ। ਫਿਰ 'ਵਾਟਾਂ ਲੰਮੀਆਂ ਤੇ ਰਸਤਾ ਪਹਾੜ' ਦੇ ਨਾਂ ਹੇਠ ਗੀਤਾਂ ਦੀ ਕੈਸਟ ਬਹੁਤ ਮਕਬੂਲ ਹੋਈ। 120 ਦੇ ਕਰੀਬ ਕੈਸਿਟਾਂ ਤੇ ਸੀਡੀਆਂ, ਟੀ.ਸੀਰੀਜ਼ ਤੇ 'ਸਰਬ ਸਾਂਝੀ ਗੁਰਬਾਣੀ' ਦੁਆਰਾ ਤਿਆਰ ਕੀਤੀਆਂ ਗਈਆਂ।

(ਹੋਰ ਵੇਰਵੇ ਸਫਾ 2 ਉਤੇ)



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
3,000 Minutes
$50 • $100 Available
✓ ਵਧੀਆ, ਸਾਫ਼ ਆਵਾਜ਼
✓ ਘਰੋਂ, ਸੈਲ ਫੋਨ ਤੋਂ ਵਰਤੋ
✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ
✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ
ਸਾਨੂੰ ਗਾਹਕ ਭੇਜੋ ਤੇ ਫਰੀ ਮਿੰਟ ਲਵੋ!
ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
Limited Time Offer. Restrictions & Fees Apply.
800-914-1013 • 408-726-6103

# ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੂੰ 'ਸ਼੍ਰੋਮਣੀ ਪੰਥਕ ਰਾਗੀ' ਦੀ ਉਪਾਧੀ

**ਅੰਮ੍ਰਿਤਸਰ:** ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਗੁਰਬਾਣੀ ਦੇ ਕੀਰਤਨ ਤੇ ਕਥਾ ਵਿਖਿਆਨ ਰਾਹੀਂ ਸਿੱਖ ਧਰਮ ਦਾ ਪ੍ਰਚਾਰ ਤੇ ਪਸਾਰ ਕਰਨ ਲਈ ਅਹਿਮ ਯੋਗਦਾਨ ਪਾਉਣ ਵਾਸਤੇ ਪ੍ਰਸਿੱਧ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੂੰ 'ਸ਼੍ਰੋਮਣੀ ਪੰਥਕ ਰਾਗੀ' ਤੇ ਕਥਾ ਵਾਚਕ ਗਿਆਨੀ ਪਿੰਦਰਪਾਲ ਸਿੰਘ ਨੂੰ 'ਭਾਈ ਸਾਹਿਬ' ਦੀ ਉਪਾਧੀ ਦੇ ਕੇ ਸਨਮਾਨਤ ਕੀਤਾ ਗਿਆ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਨੇਤਰਹੀਣ ਰਾਗੀ ਭਾਈ ਗੁਰਮੇਜ ਸਿੰਘ ਨੂੰ ਨੇਤਰਹੀਣਾਂ ਲਈ ਗੁਰੂ ਗ੍ਰੰਥ ਸਾਹਿਬ ਦਾ ਬਰੇਲ ਲਿੱਪੀ ਵਿਚ ਲਿਪੀਅੰਤਰਣ ਕਰਨ ਲਈ ਤੇ ਸਿੱਖ ਇਤਿਹਾਸਕਾਰ ਡਾ. ਕਿਰਪਾਲ ਸਿੰਘ ਨੂੰ ਵੀ ਉਨ੍ਹਾਂ ਵੱਲੋਂ ਨਿਭਾਈਆਂ ਪੰਥਕ ਸੇਵਾਵਾਂ ਬਦਲੇ ਅਕਾਲ ਤਖ਼ਤ ਤੋਂ ਵਿਸ਼ੇਸ਼ ਸਨਮਾਨ ਦੇਣ ਦੀ ਅਪੀਲ ਕੀਤੀ ਗਈ।

ਅਕਾਲ ਤਖ਼ਤ ਵਿਖੇ ਇਨ੍ਹਾਂ ਦੋਵਾਂ ਸਿੱਖ ਧਾਰਮਿਕ ਸ਼ਖ਼ਸੀਅਤਾਂ ਨੂੰ ਸਨਮਾਨਤ ਕਰਨ ਲਈ ਵਿਸ਼ੇਸ਼ ਸਨਮਾਨ ਸਮਾਰੋਹ ਕੀਤਾ ਗਿਆ। ਇਸ ਮੌਕੇ ਪੰਜ ਸਿੰਘ ਸਾਹਿਬਾਨਾਂ ਵਿਚ ਸ਼ਾਮਲ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਤਖ਼ਤ ਕੇਸਗੜ੍ਹ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਤੇ ਤਖ਼ਤ ਪਟਨਾ ਸਾਹਿਬ ਤੋਂ ਗ੍ਰੰਥੀ ਗਿਆਨੀ ਰਾਮ ਸਿੰਘ ਨੇ ਅਕਾਲ ਤਖ਼ਤ ਦੀ ਫਸੀਲ ਤੋਂ ਰਾਗੀ ਭਾਈ ਹਰਬਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੂੰ 'ਸ਼੍ਰੋਮਣੀ ਪੰਥਕ ਰਾਗੀ' ਦੀ ਉਪਾਧੀ ਨਾਲ ਸਨਮਾਨਤ ਕਰਦਿਆਂ ਸਿਰੋਪਾਓ, ਲੋਈ, ਸਨਮਾਨ ਪੱਤਰ, ਚਾਂਦੀ ਦੀ ਤਸ਼ਤਰੀ ਤੇ ਸ੍ਰੀ ਸਾਹਿਬ ਦੇ ਕੇ ਸਨਮਾਨਤ ਕੀਤਾ। ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਨੂੰ 'ਭਾਈ ਸਾਹਿਬ' ਦੀ ਉਪਾਧੀ ਦਿੰਦਿਆਂ ਸਿਰੋਪਾਓ, ਲੋਈ, ਸਨਮਾਨ ਪੱਤਰ, ਚਾਂਦੀ ਦੀ ਤਸ਼ਤਰੀ ਤੇ ਸ੍ਰੀ ਸਾਹਿਬ ਦੇ ਕੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਦੋਵਾਂ ਸਿੱਖ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਧਾਨ ਜਥੇਦਾਰ ਅਵਤਾਰ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਵੀ ਸਿਰੋਪਾਓ ਭੇਟ ਕੀਤੇ ਗਏ। ਉਨ੍ਹਾਂ ਪੰਜ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਕਿ ਬਰੇਲ ਲਿੱਪੀ ਵਿਚ ਗੁਰੂ ਗ੍ਰੰਥ ਸਾਹਿਬ ਦਾ ਲਿੱਪੀਅੰਤਰਣ ਕਰਨ ਵਾਲੇ ਸੂਰਮੇ ਸਿੰਘ ਭਾਈ ਗੁਰਮੇਜ ਸਿੰਘ ਸਾਬਕਾ ਹਜ਼ੂਰੀ ਰਾਗੀ ਤੇ ਪ੍ਰਸਿੱਧ ਇਤਿਹਾਸਕਾਰ ਡਾ. ਕਿਰਪਾਲ ਸਿੰਘ ਨੂੰ ਵੀ ਅਕਾਲ ਤਖ਼ਤ ਤੋਂ ਵਿਸ਼ੇਸ਼ ਸਨਮਾਨ ਦੇ ਕੇ ਨਿਵਾਜਿਆ ਜਾਵੇ। ਉਨ੍ਹਾਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਇਸ ਮਾਮਲੇ ਨੂੰ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਇਕੱਤਰਤਾ ਵਿਚ ਵਿਚਾਰਨ ਤੋਂ ਬਾਅਦ ਇਸ ਬਾਰੇ ਫੈਸਲਾ ਕੀਤਾ ਜਾਵੇਗਾ।

## ਗਿਆਨੀ ਪਿੰਦਰਪਾਲ ਸਿੰਘ ਦਾ ਵੀ ਸਨਮਾਨ



## ਜਥੇਦਾਰ ਅਵਤਾਰ ਸਿੰਘ ਵੱਲੋਂ ਵਧਾਈ



ਭਾਈ ਹਰਜਿੰਦਰ ਸਿੰਘ ਸ੍ਰੀਨਗਰ ਤੇ ਗਿਆਨੀ ਪਿੰਦਰਪਾਲ ਸਿੰਘ ਨੂੰ ਵਧਾਈ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਰਾਗੀ ਤੇ ਕਥਾ ਵਾਚਕਾਂ ਨੂੰ ਸਿਰਫ ਗੁਰੂ ਦੀ ਗੱਲ ਕਰਦਿਆਂ ਗੁਰਬਾਣੀ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਤੇ ਇਹੀ ਸਿੱਖ ਸੰਗਤ ਦਾ ਸਹੀ ਮਾਰਗ ਦਰਸ਼ਨ ਹੈ। ਦਿੱਲੀ ਦੇ ਇਕ ਇਤਿਹਾਸਕ ਗੁਰਦੁਆਰੇ ਦਾ ਨਾਂ ਲਏ ਬਿਨਾਂ ਉਨ੍ਹਾਂ ਆਖਿਆ ਕਿ ਕੁਝ ਗੁਰਦੁਆਰਿਆਂ ਵਿਚ ਗੁਰਬਾਣੀ ਦੀ ਥਾਂ ਸਿਆਸੀ ਲੋਕਾਂ ਦਾ ਪ੍ਰਚਾਰ ਹੋ ਰਿਹਾ ਹੈ ਜੋ ਕਿ ਮਾਰਗ ਦਰਸ਼ਨ ਨਹੀਂ ਸਗੋਂ ਗੁਰਬਾਣੀ ਦੀ ਬੇਅਦਬੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਇਤਿਹਾਸ ਨੂੰ ਸੋਧ ਕੇ ਲਿਖਵਾਉਣ ਲਈ ਯਤਨ ਸ਼ੁਰੂ ਕੀਤੇ ਗਏ ਹਨ। ਇਸ ਸਬੰਧੀ ਵਿਦਵਾਨਾਂ ਦੀ ਇਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ ਦੀ ਮਦਦ ਅਤੇ ਨਿਗਰਾਨੀ ਹੇਠ ਪੰਜ ਸਾਲਾਂ ਵਿਚ ਸਿੱਖ ਇਤਿਹਾਸ ਨੂੰ ਸੋਧ ਕੇ ਲਿਖਿਆ ਜਾਵੇਗਾ।

## ਜੀਵਨ ਝਾਤ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ



**ਚੰਡੀਗੜ੍ਹ:** ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਬਲੜਵਾਲ ਵਿਚ ਇਕ ਅਪਰੈਲ, 1958 ਨੂੰ ਸ. ਬੇਅੰਤ ਸਿੰਘ ਤੇ ਬੀਬੀ ਤੇਜ ਕੌਰ ਦੇ ਘਰ ਪੈਦਾ ਹੋਏ। ਉਨ੍ਹਾਂ ਦੇ ਪਿਤਾ ਜੀ ਫ਼ੌਜ ਵਿਚ ਨੌਕਰੀ ਕਰਦੇ ਹੋਏ, ਕੀਰਤਨ ਦੀ ਸੇਵਾ ਵੀ ਕਰ ਲੈਂਦੇ ਸਨ। ਉਨ੍ਹਾਂ ਨੂੰ ਕਵਿਤਾਵਾਂ ਲਿਖਣ ਤੇ ਧਾਰਮਿਕ ਗੀਤ ਗਾਉਣ ਦਾ ਸ਼ੌਕ ਸੀ। ਭਾਈ ਹਰਜਿੰਦਰ ਸਿੰਘ ਕੇਵਲ ਢਾਈ ਸਾਲ ਦੇ ਸਨ ਜਦ ਇਨ੍ਹਾਂ ਦੇ ਪਿਤਾ ਜੀ ਇਕ ਦੁਰਘਟਨਾ ਸਮੇਂ ਅਕਾਲ ਪੁਰਖ ਨੂੰ ਪਿਆਰੇ ਹੋ ਗਏ। ਚਾਰ ਭਾਈਆਂ, ਦੋ ਭੈਣਾਂ ਦਾ ਪਾਲਣ-ਪੋਸ਼ਣ ਮਾਂ ਨੇ ਮਿਹਨਤ-ਮੁਸ਼ੱਕਤ ਕਰਕੇ ਕੀਤਾ। 1975 ਵਿਚ ਭਾਈ ਸਾਹਿਬ ਨੇ ਮਾੜੀ ਬੁਚੀਆਂ ਤੋਂ ਦਸਵੀਂ ਦਾ ਇਮਤਿਹਾਨ ਪਾਸ ਕੀਤਾ ਤੇ 1978-80 ਵਿਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਗੁਰਮਤਿ ਸੰਗੀਤ ਦੀ ਸਿੱਖਿਆ ਪਹਿਲੇ ਦਰਜੇ ਵਿਚ ਰਹਿੰਦਿਆਂ ਪ੍ਰਾਪਤ ਕੀਤੀ। 1980 ਵਿਚ ਭਾਈ ਸਾਹਿਬ ਨੇ ਰਾਗੀ ਜਥਾ ਬਣਾ ਲਿਆ। ਇਨ੍ਹਾਂ ਦੇ ਸਾਥੀ ਭਾਈ ਮਨਿੰਦਰ ਸਿੰਘ ਤੇ ਭਾਈ ਹਰਨਾਮ ਸਿੰਘ ਸਨ। 15 ਮਈ, 1980 ਨੂੰ ਇਹ ਸ੍ਰੀਨਗਰ ਚਲੇ ਗਏ ਜਿਥੇ ਗੁਰਦੁਆਰਾ ਮੀਰਾ ਕਤਲ ਵਿਚ ਜੁਲਾਈ, 1983 ਤੱਕ ਕੀਰਤਨ ਦੀ ਸੇਵਾ ਕੀਤੀ ਜਿਸ ਸਦਕਾ ਇਨ੍ਹਾਂ ਦੇ ਨਾਂ ਨਾਲ ਸ੍ਰੀਨਗਰ ਸ਼ਬਦ ਜੁੜ ਗਿਆ। ਫਿਰ ਕੁਝ ਸਮਾਂ ਗੁਰਦੁਆਰਾ ਸਬਜ਼ੀ ਮੰਡੀ, ਗੁਰਦੁਆਰਾ ਕਲਗੀਧਰ ਸਿੰਘ ਸਭਾ, ਲੁਧਿਆਣਾ ਵਿਚ ਕੀਰਤਨ ਦੀ ਹਾਜ਼ਰੀ ਭਰਦੇ ਰਹੇ। 1985 ਵਿਚ ਪਹਿਲੀ ਕੈਸਟ 'ਸਭ ਦੇਸ ਪਰਾਇਆ' ਕੱਢੀ। 'ਵਾਟਾਂ ਲੰਮੀਆਂ ਤੇ ਰਸਤਾ ਪਹਾੜ' ਦੇ ਨਾਂ ਹੇਠ ਗੀਤਾਂ ਦੀ ਕੈਸਟ ਬਹੁਤ ਮਕਬੂਲ ਹੋਈ। 120 ਦੇ ਕਰੀਬ ਕੈਸਿਟਾਂ ਤੇ ਸੀ.ਡੀਆਂ. ਤਿਆਰ ਕੀਤੀਆਂ ਗਈਆਂ। 'ਗਲੀ ਜੋਗ ਨ ਹੋਈ', 'ਬਾਬਰ ਬਾਣੀ', 'ਬਿਰਹਾ', 'ਜਗ ਕਮਲਾ ਫਿਰੇ', 'ਸਾਜਨ', 'ਧੰਨ ਧੰਨ ਰਾਮਦਾਸ ਗੁਰੂ', 'ਝੂਠ ਨ ਬੋਲਿ ਪਾੜੇ' ਬਹੁਤ ਪ੍ਰਵਾਨ ਚੜ੍ਹੀਆਂ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੰਜਾਬ ਸਰਕਾਰ ਵੱਲੋਂ ਵੀ ਸ਼੍ਰੋਮਣੀ ਰਾਗੀ ਦਾ ਸਨਮਾਨ ਸਤਿਕਾਰ ਪ੍ਰਾਪਤ ਕਰ ਚੁੱਕੇ ਹਨ।

## ਜੀਵਨ ਝਾਤ ਭਾਈ ਪਿੰਦਰਪਾਲ ਸਿੰਘ



**ਚੰਡੀਗੜ੍ਹ:** ਗਿਆਨੀ ਸੰਤ ਸਿੰਘ ਮਸਕੀਨ ਜੀ ਦੇ ਅਕਾਲ ਚਲਾਣੇ ਉਪਰੰਤ ਗੁਰਬਾਣੀ-ਗੁਰਮਤਿ ਵਿਚਾਰਧਾਰਾ ਦੀ ਵਿਆਖਿਆ ਦੇ ਖੇਤਰ ਵਿਚ ਪੈਦਾ ਹੋਏ ਖਲਾਅ ਨੂੰ ਘਟਾਉਣ ਵਿਚ ਭਾਈ ਪਿੰਦਰਪਾਲ ਸਿੰਘ ਲੁਧਿਆਣਾ ਵਾਲਿਆਂ ਦਾ ਵਿਸ਼ੇਸ਼ ਯੋਗਦਾਨ ਹੈ। ਭਾਈ ਪਿੰਦਰਪਾਲ ਸਿੰਘ ਦਾ ਪਿਛੋਕੜ ਗੁਰਦੁਆਰਾ ਸੱਚਾ ਸੌਦਾ ਚੂਹੜਕਾਣਾ, ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਨਾਲ ਜੁੜਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਭਾਈ ਸਾਹਿਬ ਸੱਚ-ਧਰਮ, ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਨਾਲ ਜੁੜ ਗਏ। ਸ. ਹਰਦਿਆਲ ਸਿੰਘ ਤੇ ਮਾਤਾ ਬਲਬੀਰ ਕੌਰ ਦੀ ਗੋਦੜੀ ਦੇ ਲਾਲ, ਭਾਈ ਸਾਹਿਬ ਦਾ ਜਨਮ ਜੁਲਾਈ, 1966 ਵਿਚ ਕਰਨਾਲ ਜ਼ਿਲ੍ਹੇ ਦੇ ਪਿੰਡ ਬਾਰਵਾ ਮਾਜਰਾ ਵਿਚ ਹੋਇਆ। ਮੁਢਲੀ ਵਿੱਦਿਆ ਪਿੰਡ ਤੋਂ ਪ੍ਰਾਪਤ ਕਰ ਗੁਰਮਤਿ ਵਿੱਦਿਆ, ਗੁਰਮਤਿ ਮਿਸ਼ਨਰੀ ਕਾਲਜ ਰੋਪੜ ਤੋਂ ਪ੍ਰਾਪਤ ਕੀਤੀ। ਗੁਰਮਤਿ ਮਿਸ਼ਨਰੀ ਕਾਲਜ ਤੋਂ ਸਿੱਖ ਸੋਚ ਦੀ ਸਮਝ ਪ੍ਰਾਪਤ ਕਰਕੇ ਇਸ ਦੇ ਪ੍ਰਚਾਰ-ਪ੍ਰਸਾਰ ਹਿੱਤ ਦੇਸ਼-ਵਿਦੇਸ਼ ਦਾ ਖ਼ੂਬ ਭਰਮਣ ਕੀਤਾ। ਸ਼ਬਦ ਵੀਚਾਰ ਦੀ ਸੇਵਾ ਗੁਰਦੁਆਰਾ ਕਲਗੀਧਰ ਸਾਹਿਬ ਲੁਧਿਆਣਾ ਤੋਂ ਆਰੰਭ ਕੀਤੀ। ਸ਼ਬਦ-ਵੀਚਾਰ, ਗੁਰਬਾਣੀ ਦੀ ਸਹਿਜ ਵਿਆਖਿਆ ਪ੍ਰਣਾਲੀ ਨੂੰ ਮੁੱਖ ਰੱਖਦੇ ਹੋਏ ਕਰਦੇ ਹਨ। ਗੁਰਬਾਣੀ ਵਿਚਾਰ ਸਮੇਂ, ਗੁਰਬਾਣੀ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਦੀਆਂ ਪਾਵਨ ਰਚਨਾਵਾਂ ਨੂੰ ਆਧਾਰ ਬਣਾਉਂਦੇ ਹਨ। ਸਮੇਂ-ਸਮੇਂ ਇਤਿਹਾਸਿਕ ਪ੍ਰਕਰਣ ਨੂੰ ਉਜਾਗਰ ਕਰਨ ਲਈ ਇਤਿਹਾਸਕ ਹਵਾਲੇ ਵੀ ਬਾਖ਼ੂਬੀ ਵਰਤਦੇ ਹਨ। ਭਾਈ ਪਿੰਦਰਪਾਲ ਸਿੰਘ ਆਪਣੀ ਬੋਲਣ ਸ਼ਕਤੀ ਨੂੰ ਗੁਰੂ ਦੀ ਬਖ਼ਸ਼ਿਸ਼ ਮੰਨਦੇ ਹਨ। ਇਨ੍ਹਾਂ ਦੀ ਵਿਚਾਰ ਬਾਹਰੀ ਤਲ ਤੱਕ ਹੀ ਸੀਮਤ ਨਹੀਂ ਸਗੋਂ ਅੰਦਰ ਬੋਲਦਾ ਹੈ, ਜਿਸ ਕਰਕੇ ਸਰੋਤੇ ਦੇ ਮਨ 'ਤੇ ਸਿੱਧਾ ਅਸਰ ਹੁੰਦਾ ਹੈ। ਉਹ ਵਿਅਕਤੀਵਾਦ ਦੀ ਸਿਫ਼ਤ ਸਲਾਹ, ਪ੍ਰਬੰਧਕਾਂ ਦੇ ਸੋਹਲੇ ਗਾਉਣ ਤੋਂ ਬਚ ਕੇ ਕਥਾ-ਵਿਚਾਰ ਕਰਨ ਦਾ ਯਤਨ ਕਰਦੇ ਹਨ। ਡੇਰੇਦਾਰੀ, ਪਖੰਡਵਾਦ ਤੇ ਸੌੜੀ ਸਿਆਸੀ ਸੋਚ ਤੋਂ ਬਚ ਕੇ ਨਿਰਭੈ ਹੋ ਕੇ ਗੁਰਮਤਿ ਵਿਚਾਰ ਕਰਨੀ ਇਨ੍ਹਾਂ ਦਾ ਸੁਭਾਅ ਹੈ। ਗਿਆਨੀ ਪਿੰਦਰਪਾਲ ਸਿੰਘ ਦੀ ਕਥਾ ਪੰਜਾਬੀ ਚੈਨਲਾਂ, ਰੇਡੀਓ, ਸੀ.ਡੀ. ਕੈਸਟਾਂ ਰਾਹੀਂ ਵੀ ਸੁਣਨ ਨੂੰ ਮਿਲਦੀ ਹੈ।

# ਪਾਕਿਸਤਾਨ ਵਿਚ ਵੱਸਦੇ ਸਿੱਖਾਂ ਦੀ ਸੁਰੱਖਿਆ 'ਤੇ ਜ਼ੋਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਕਿਸਤਾਨ ਦੀ ਕੋਟ ਲੱਖਪਤ ਰਾਏ ਜੇਲ੍ਹ ਵਿਚ ਬੰਦ ਭਾਰਤੀ ਸਿੱਖ ਕੈਦੀ ਨੂੰ ਬਿਨਾ ਕਾਰਨ ਕੁੱਟ-ਕੁੱਟ ਕੇ ਮਾਰ ਦੇਣ ਦੀ ਨਿਖੇਧੀ ਕੀਤੀ। ਉਨ੍ਹਾਂ ਪਾਕਿਸਤਾਨ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਕਿ ਮਾਨਵੀ ਹੱਕਾਂ ਦੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਦੇ ਹੋਏ ਸਹਾਇਕ ਜੇਲ੍ਹ ਅਧਿਕਾਰੀ ਨਾਸਿਰ ਨਵੇਜ ਤੇ ਉਸ ਦੇ ਸਾਥੀਆਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰਕੇ ਸਜ਼ਾ ਦਿਵਾਈ ਜਾਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਕਿਸੇ ਵੀ ਜੁਰਮ ਵਿਚ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜੇ ਗਏ ਵਿਅਕਤੀ ਨੂੰ ਸਜ਼ਾ ਦੇਣੀ ਅਦਾਲਤ ਦਾ ਕੰਮ ਹੁੰਦਾ ਹੈ। ਜਦੋਂ ਵਿਅਕਤੀ ਜੇਲ੍ਹ ਚਲੇ ਜਾਂਦਾ ਹੈ ਤਾਂ ਉਸ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਜੇਲ੍ਹ ਪ੍ਰਸ਼ਾਸਨ ਦੀ ਬਣ ਜਾਂਦੀ ਹੈ। ਉਨ੍ਹਾਂ ਕਿਹਾ ਕਿ ਚਮੇਲ ਸਿੰਘ ਪੁੱਤਰ ਰਸਾਲ ਸਿੰਘ ਵਾਸੀ ਜੰਮੂ ਨੂੰ ਜੇਲ੍ਹ ਪ੍ਰਸ਼ਾਸਨ ਨੇ ਸੁਰੱਖਿਅਤ ਰੱਖਣ ਦੀ ਬਜਾਏ ਬਿਨ੍ਹਾਂ ਵਜ੍ਹਾ ਕੁੱਟ-ਕੁੱਟ ਕੇ ਮਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਲ੍ਹ ਪ੍ਰਸ਼ਾਸਨ ਦੀ ਇਸ ਘਿਨਾਉਣੀ ਕਰਤੂਤ ਦਾ ਖ਼ੁਲਾਸਾ ਵੀ ਬੁੱਧੀਜੀਵੀ ਵਰਗ ਵਿਚੋਂ ਜਾਣੇ ਜਾਂਦੇ ਇਕ ਪਾਕਿਸਤਾਨ ਵਕੀਲ ਤਹਿਸੀਨ ਖ਼ਾਨ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਸਹਾਇਕ ਜੇਲ੍ਹ ਸੁਪਰਡੈਂਟ ਤੇ ਉਸ ਦੇ ਸਾਥੀਆਂ ਦੇ ਇਸ ਘਿਨਾਉਣੇ ਜੁਰਮ ਬਦਲੇ ਉਨ੍ਹਾਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰਕੇ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ ਇਕ ਪਾਕਿਸਤਾਨੀ ਸਿੱਖ ਵਪਾਰੀ ਰਣਬੀਰ ਸਿੰਘ ਨੂੰ ਅਣਪਛਾਤੇ ਬੰਦੂਕਧਾਰੀਆਂ ਵੱਲੋਂ ਅਗਵਾ ਕੀਤੇ ਜਾਣ ਦੀ ਘਟਨਾ ਨੂੰ ਵੀ ਦੁਖਦਾਈ ਦੱਸਦਿਆਂ ਜਥੇਦਾਰ ਅਵਤਾਰ ਸਿੰਘ ਨੇ ਪਾਕਿਸਤਾਨ ਸਰਕਾਰ ਨੂੰ ਕਿਹਾ ਹੈ ਕਿ ਘੱਟ ਗਿਣਤੀ ਸਿੱਖ ਭਾਈਚਾਰੇ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੁਝ ਸਮਾਂ ਪਹਿਲਾਂ ਵੀ ਇਕ ਸਿੱਖ ਵਿਅਕਤੀ ਨੂੰ ਅਗਵਾ ਕਰਕੇ ਉਸ ਦਾ ਕਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਇਸ 'ਤੇ ਸਖ਼ਤੀ ਨਾਲ ਕਾਬੂ ਪਾਇਆ ਜਾਵੇ।

# ਹੋਂਦ ਚਿੱਲੜ ਨੂੰ ਸਿੱਖ ਵਿਰਾਸਤ ਵਜੋਂ ਸੰਭਾਲਣ ਦਾ ਸੱਦਾ

**ਚੰਡੀਗੜ੍ਹ:** 1984 ਵਿਚ ਵੱਖ-ਵੱਖ ਰਾਜਾਂ ਵਿਚ ਹੋਈ ਸਿੱਖਾਂ ਨਸਲਕੁਸ਼ੀ ਦੀ ਗਵਾਹੀ ਭਰਦਾ ਜਿਉਂਦਾ ਜਾਗਦਾ ਸਬੂਤ ਹੋਂਦ ਚਿੱਲੜ (ਹਰਿਆਣਾ) ਦੇ ਨਾਂ ਨਾਲ ਮਸ਼ਹੂਰ ਹੈ ਜਿਥੇ 32 ਸਿੱਖਾਂ ਨੂੰ ਜਿਉਂਦਿਆਂ ਸਾੜ ਦਿੱਤਾ ਗਿਆ ਸੀ ਤੇ ਬਾਕੀਆਂ ਨੂੰ ਜ਼ਖ਼ਮੀ ਕਰ ਦਿੱਤਾ ਗਿਆ ਸੀ। ਹੋਂਦ ਵਾਸੀਆਂ ਨੇ ਸ਼੍ਰੋਮਣੀ ਕਮੇਟੀ ਨੂੰ ਮੁੱਖ ਪ੍ਰਚਾਰਕ ਜਗਦੇਵ ਸਿੰਘ ਰਾਹੀਂ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਪਿੰਡ ਹੋਂਦ ਦੀ ਹੋਂਦ ਨੂੰ ਬਚਾ ਲਿਆ ਜਾਵੇ।

ਹੋਂਦ ਵਾਸੀਆਂ ਉੱਤਮ ਸਿੰਘ, ਤੇਜ ਸਿੰਘ, ਸ੍ਰੀਮਤੀ ਬੇਸਰ ਬਾਈ, ਸੁੰਦਰ ਸਿੰਘ, ਕਿਸ਼ਨ ਸਿੰਘ, ਉੱਤਮ ਸਿੰਘ, ਅਮਰਜੀਤ ਸਿੰਘ, ਇੰਦਰਜੀਤ ਸਿੰਘ, ਮਹਿੰਦਰ ਕੌਰ, ਸੁਰਿੰਦਰ ਸਿੰਘ, ਈਸ਼ਵਰ ਸਿੰਘ ਤੇ ਨਰੈਣ ਸਿੰਘ ਨੇ ਲਿਖਤੀ ਰੂਪ ਵਿਚ ਦਿੱਤੇ ਮੰਗ ਪੱਤਰ ਵਿਚ ਕਿਹਾ ਕਿ ਪਿੰਡ ਦੇ ਗੁਰਦੁਆਰਾ ਸਾਹਿਬ ਦੀ ਜ਼ਮੀਨ ਨੂੰ ਕਬਜ਼ੇ ਵਿਚ ਲੈ ਕੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਜਾਵੇ। ਗੁਰਦੁਆਰੇ ਦੇ ਨੇੜੇ ਪੰਚਾਇਤੀ ਲਗਭਗ ਦੋ ਏਕੜ ਦਾ ਛੱਪੜ ਵੀ ਮੌਜੂਦ ਹੈ ਜਿਸ ਵਿਚ ਸਕੂਲ ਜਾਂ ਹਸਪਤਾਲ



ਬਣ ਸਕਦਾ ਹੈ। ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਇੰਜਨੀਅਰ ਮਨਵਿੰਦਰ ਸਿੰਘ ਗਿਆਸਪੁਰਾ, ਭਾਈ ਸੁਖਜਿੰਦਰ ਸਿੰਘ ਜੌੜਾ ਤੇ ਭਾਈ ਦਰਸ਼ਨ ਸਿੰਘ ਘੋਲੀਆਂ ਨੇ ਕਿਹਾ ਕਿ ਸ਼ਹੀਦਾਂ ਦੀ ਸਦੀਵੀ ਯਾਦ ਵਾਸਤੇ ਯਾਦਗਾਰ ਬਣਨੀ ਬਹੁਤ ਜ਼ਰੂਰੀ ਹੈ ਤੇ ਇਹ ਕੰਮ ਸ਼੍ਰੋਮਣੀ ਕਮੇਟੀ ਤੋਂ ਬਿਨਾ ਕਰਨਾ ਹੋਰ ਕਿਸੇ ਦੇ ਵੱਸ ਦੀ ਗੱਲ ਨਹੀਂ। ਉਨ੍ਹਾਂ ਕਿਹਾ ਕਿ ਜੇਕਰ ਇਹ ਪ੍ਰਾਜੈਕਟ ਸ਼੍ਰੋਮਣੀ ਕਮੇਟੀ ਸੰਭਾਲ ਲੈਂਦੀ ਹੈ ਤਾਂ ਵਿਦੇਸ਼ਾਂ ਵਿਚੋਂ ਪ੍ਰਾਜੈਕਟ ਦੇ ਨਾਂ 'ਤੇ ਲੋਕਾਂ ਦਾ ਦਸਵੰਦ ਲੁੱਟ ਰਹੇ ਲੋਕਾਂ 'ਤੇ ਲਗਾਮ ਲੱਗ ਜਾਵੇਗੀ। ਇਸ ਪਿੰਡ ਨੂੰ ਵਿਰਾਸਤ ਵਜੋਂ ਸੰਭਾਲਣਾ ਸਿੱਖ ਕੌਮ ਦਾ ਕੌਮੀ ਫ਼ਰਜ਼ ਵੀ ਹੈ।

ਇਸ 'ਤੇ ਫ਼ੌਰਨ ਪ੍ਰਤੀਕਰਮ ਕਰਦਿਆਂ ਸ਼੍ਰੋਮਣੀ ਕਮੇਟੀ ਨੇ ਹੋਂਦ ਚਿੱਲੜ ਵਿਖੇ ਯਾਦਗਾਰ ਬਣਾਉਣ ਲਈ ਸੰਭਾਵਨਾਵਾਂ ਦਾ ਪਤਾ ਲਾਉਣ ਲਈ ਤੁਰੰਤ ਦੌਰਾ ਕਰਨ ਦੇ ਹੁਕਮ ਜਾਰੀ ਕੀਤੇ ਹਨ।

# ਭਾਰਤੀ ਮੂਲ ਦੇ ਪੱਤਰਕਾਰ ਵਲੋਂ ਮਹਾਰਾਣੀ ਦਾ ਮੈਡਲ ਲੈਣੋਂ ਨਾਂਹ

**ਸਰੀ:** ਕੈਨੇਡਾ ਵਿਚ ਰੇਡੀਓ ਇੰਡੀਆ ਦੇ ਇਕ ਚਰਚਿੱਤ ਟਾਕਸ਼ੋਅ ਦੇ ਹੋਸਟ, ਕਾਲਮਨਵੀਸ ਅਤੇ ਭਾਰਤੀ ਮੂਲ ਦੇ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਮਹਾਰਾਣੀ ਐਲਿਜ਼ਬਥ (ਦੋਇਮ) ਡਾਇਮੰਡ ਜੁਬਲੀ ਮੈਡਲ ਲੈਣ ਤੋਂ ਨਾਂਹ ਕਰ ਦਿੱਤੀ ਹੈ।

ਇਸ ਬਾਰੇ ਗੁਰਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਕੁਝ ਕਾਰਨਾਂ ਕਰ ਕੇ ਇਹ ਮੈਡਲ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਪਹਿਲੀ ਗੱਲ ਤਾਂ ਇਹ ਉਹ ਰਾਜਾਸ਼ਾਹੀ ਨੂੰ ਨਾਪਸੰਦ ਕਰਦਾ ਹੈ ਅਤੇ ਚਾਹੁੰਦਾ ਹੈ ਕਿ ਕੈਨੇਡਾ ਦਾ ਸੰਵਿਧਾਨਕ ਮੁਖੀ ਚੁਣਿਆ ਹੋਇਆ ਨੁਮਾਇੰਦਾ ਹੋਣਾ ਚਾਹੀਦਾ ਹੈ। ਦੂਜੇ, ਮਹਾਰਾਣੀ ਉਸ ਬਸਤੀਵਾਦੀ ਸਾਮਰਾਜ ਦੀ ਨੁਮਾਇੰਦੇ ਕਰਦੇ ਹਨ ਜਿਨ੍ਹਾਂ ਨੇ ਭਾਰਤ ਅਤੇ ਕੈਨੇਡਾ ਨੂੰ ਤਬਾਹ ਕਰ ਕੇ ਰੱਖ ਦਿੱਤਾ। ਤੀਜੇ, ਮਹਾਰਾਣੀ ਐਲਿਜ਼ਬਥ ਜਦੋਂ ਅੰਮ੍ਰਿਤਸਰ ਗਏ ਸਨ ਤਾਂ ਉਨ੍ਹਾਂ ਨੇ ਬ੍ਰਿਗੇਡੀਅਰ ਜਨਰਲ ਰੈਜ਼ੀਨਾਲਡ ਡਾਇਰ ਵੱਲੋਂ 1919 ਦੀ ਵਿਸਾਖੀ ਮੌਕੇ ਕੀਤੇ ਜੱਲ੍ਹਿਆਂਵਾਲੇ ਬਾਗ ਦੇ ਸਾਕੇ ਲਈ ਮੁਆਫ਼ੀ ਤੱਕ ਨਹੀਂ ਮੰਗੀ ਸੀ। ਚੌਥੇ, ਭਾਰਤੀ ਮੂਲ ਦੀ ਇਕ ਨਰਸ ਨੇ ਤਣਾਅ ਵਿਚ ਆ ਕੇ ਖ਼ੁਦਕੁਸ਼ੀ ਕਰ ਲਈ ਸੀ, ਇਸ ਨਰਸ ਉਤੇ ਦੋਸ਼ ਲਾਇਆ ਗਿਆ ਸੀ ਕਿ ਉਸ ਨੇ ਕੇਟ ਮਿਡਲਟਨ ਦੀ ਪਰੈਗਨੈਂਸੀ ਬਾਰੇ ਸ਼ਾਹੀ ਪਰਿਵਾਰ ਦੀ ਪਰਾਈਵੇਸੀ ਦੀ ਉਲੰਘਣਾ ਕੀਤੀ ਸੀ। ਉਸ ਮਾਮਲੇ ਵਿਚ ਵੀ ਕੁਝ ਨਹੀਂ ਕੀਤਾ ਗਿਆ। ਪੰਜਵੇਂ, ਮਹਾਰਾਣੀ ਅਤੇ ਉਨ੍ਹਾਂ ਦੇ ਗਵਰਨਰ ਜਨਰਲ ਨੇ ਅਟਾਵਾ ਪਿਸਕਟ ਦੇ ਮੁਖੀ ਥੈਰੇਸਾ ਸਪੈਂਸ ਅਤੇ ਮੂਲ ਵਾਸੀਆਂ ਪ੍ਰਤੀ ਕੋਈ ਰਹਿਮ ਨਹੀਂ ਦਿਖਾਇਆ।

ਯਾਦ ਰਹੇ ਕਿ ਮਹਾਰਾਣੀ ਦਾ ਇਹ ਮੈਡਲ ਕੈਨੇਡਾ ਦੀ ਪ੍ਰਸਿੱਧ ਪੱਤਰਕਾਰ ਲੇਖਕ ਨਾਓਮੀ ਕਲੇਨ ਅਤੇ ਗਾਇਕਾ ਸਾਰਾਹ ਸਲੀਨ ਵੱਲੋਂ ਵੀ ਠੁਕਰਾਇਆ ਜਾ ਚੁੱਕਾ ਹੈ। ਕੌਂਸਲ ਆਫ਼ ਕੈਨੇਡੀਅਨਜ਼ ਦੀ ਮੁਖੀ ਮੋਡ ਬਾਰਲੋ ਨੇ ਵੀ ਆਪਣਾ ਮੈਡਲ ਗਵਰਨਰ ਜਨਰਲ ਡੇਵਿਡ



ਗੁਰਪ੍ਰੀਤ ਸਿੰਘ

ਜੋਹਨਸਟਨ ਨੂੰ ਡਾਕ ਰਾਹੀਂ ਵਾਪਸ ਭੇਜ ਦਿੱਤਾ ਹੈ। ਜ਼ਿਕਰਯੋਗ ਹੈ ਕਿ ਗਵਰਨਰ ਜਨਰਲ ਨੇ ਅਟਾਵਾ ਪਿਸਕਟ ਮੁਖੀ ਸਪੈਂਸ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ। ਇਹ ਵੀ ਚੇਤੇ ਰੱਖਣਯੋਗ ਹੈ ਕਿ ਇਹ ਮੈਡਲ ਹਾਸਲ ਕਰਨ ਲਈ ਕਈ ਲੋਕ ਆਮ ਨਾਲੋਂ ਵੀ ਕਿਤੇ ਵੱਧ ਯਤਨ ਕਰਦੇ ਹਨ ਪਰ ਗੁਰਪ੍ਰੀਤ ਸਿੰਘ, ਨਾਓਮੀ ਕਲੇਨ ਅਤੇ ਸਾਰਾਹ ਸਲੀਨ ਵਰਗੇ ਲੋਕ ਵੀ ਹਨ, ਜਿਹੜੇ ਅਜਿਹੇ ਮੌਕਿਆਂ 'ਤੇ ਲੋਕਾਂ ਵਿਚ ਚੇਤਨਾ ਫੈਲਾਉਣ ਲਈ ਵਰਤਦੇ ਹਨ।

ਗੁਰਪ੍ਰੀਤ ਸਿੰਘ ਨੂੰ ਨੌਰਥ ਡੈਲਟਾ ਦੀ ਐਨ.ਡੀ.ਪੀ. ਦੀ ਐਮ.ਪੀ. ਜਿੰਨੀ ਸਿਮਸ ਵੱਲੋਂ ਇਸ ਮੈਡਲ ਦੀ ਪੇਸ਼ਕਸ਼ ਹੋਈ ਸੀ। ਇਹ ਮੈਡਲ ਰਾਣੀ ਦੇ ਪ੍ਰਤੀਨਿਧ ਕੈਨੇਡਾ ਦੇ ਗਵਰਨਰ ਜਨਰਲ ਵੱਲੋਂ ਵੱਖ-ਵੱਖ ਭਾਈਚਾਰਿਆਂ ਦੇ ਆਪੋ-ਆਪਣੇ ਖੇਤਰ ਵਿਚ ਉੱਘਾ ਯੋਗਦਾਨ ਪਾਉਣ ਵਾਲੇ ਵਿਅਕਤੀ ਲਈ ਦਿੱਤੇ ਜਾ ਰਹੇ ਹਨ ਅਤੇ ਪਿਛੇ ਜਿਹੇ ਟੋਰਾਂਟੋ ਇਲਾਕੇ ਵਿਚ ਇਹ ਉਸ ਵੇਲੇ ਭਾਰੀ ਚਰਚਾ ਦਾ ਵਿਸ਼ਾ ਬਣ ਗਏ ਜਦ ਸਿਆਸਤਦਾਨਾਂ ਦੇ ਰਾਹੀਂ ਦਿੱਤੇ ਗਏ ਇਹ ਮੈਡਲ ਕਥਿਤ ਤੌਰ 'ਤੇ ਚਹੇਤਿਆਂ ਨੂੰ ਖ਼ੁਸ਼ ਕਰਨ ਲਈ ਵੰਡੇ ਗਏ। ਗੁਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਪੰਜਾਬੀਆਂ ਦੀ ਮੈਡਲ ਪ੍ਰਾਪਤੀ ਦੀ ਇਸ ਭੇਡਚਾਲ ਦਾ ਹਿੱਸਾ ਨਹੀਂ ਬਣੇਗਾ। ਉਨ੍ਹਾਂ ਕਿਹਾ ਕਿ ਉਸ ਦਾ ਮੰਤਵ ਮੈਡਲ ਦੇ ਬਹੁਤ ਸਾਰੇ ਸਹੀ ਹੱਕਦਾਰਾਂ ਦੀ ਹੱਤਕ ਕਰਨਾ ਨਹੀਂ, ਸਗੋਂ ਇਹ ਉਸ ਦਾ ਨਿੱਜੀ ਫੈਸਲਾ ਹੈ।


ਪੰਜਾਬੀ 'ਵਰਸਿਟੀ ਪਟਿਆਲਾ ਤੋਂ ਪੱਤਰਕਾਰੀ ਦੀ ਡਿਗਰੀ ਪ੍ਰਾਪਤ ਗੁਰਪ੍ਰੀਤ ਸਿੰਘ 2001 ਵਿਚ ਕੈਨੇਡਾ ਆਉਣ ਤੋਂ ਪਹਿਲਾਂ 'ਇੰਡੀਅਨ ਐਕਸਪ੍ਰੈੱਸ' ਤੇ 'ਦਿ ਟ੍ਰਿਬਿਊਨ' ਨਾਲ ਕੰਮ ਕਰਦੇ ਰਹੇ ਹਨ। ਉਹ ਰੇਡੀਓ ਇੰਡੀਆ ਦੀ ਹੋਸਟਿੰਗ ਤੋਂ ਇਲਾਵਾ 'ਸਰੀ ਨਾਓ', 'ਜਾਰਜੀਆ ਸਟਰੇਟ', 'ਸਾਊਥ ਏਸ਼ੀਅਨ ਪੋਸਟ' ਲਈ ਲਿਖਦੇ ਹਨ। ਅੱਜ ਕੱਲ੍ਹ ਉਹ ਆਪਣੀ ਤੀਜੀ ਕਿਤਾਬ 'ਕੈਨੇਡਾ'ਜ਼ 9/11: ਲੈੱਸਨਜ਼ ਫਰਾਮ ਦਿ ਏਅਰ ਇੰਡੀਆ ਬੌਂਬਿੰਗ' ਲਿਖ ਰਿਹਾ ਹੈ।

# ਉਘੇ ਵਿਦਵਾਨ ਡਾ. ਪਰੇਮ ਸਿੰਘ ਦਾ ਦੇਹਾਂਤ

**ਚੰਡੀਗੜ੍ਹ:** ਉੱਘੇ ਲੇਖਕ ਅਤੇ ਮਾਰਕਸੀ ਚਿੰਤਕ ਡਾ. ਪਰੇਮ ਸਿੰਘ (84 ਸਾਲ) ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਆਖਰੀ ਸਾਹ ਲਿਆ। ਉਨ੍ਹਾਂ ਨੂੰ ਲੰਘੇ ਮੰਗਲਵਾਰ (22 ਜਨਵਰੀ) ਰਾਤੀਂ ਸਾਹ ਲੈਣ ਵਿਚ ਕੁਝ ਤਕਲੀਫ਼ ਮਹਿਸੂਸ ਹੋਈ। ਖ਼ੂਨ ਦਾ ਦਬਾਅ ਜ਼ਿਆਦਾ ਹੋਣ ਕਾਰਨ ਉਨ੍ਹਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ। ਇਹ ਸਭ ਦੇਖਦਿਆਂ ਉਨ੍ਹਾਂ ਦੀ ਪਤਨੀ ਦਿਲਬੀਰ ਕੌਰ ਦੀ ਹਾਲਤ ਵੀ ਵਿਗੜ ਗਈ। ਦੋਹਾਂ ਪਤੀ ਪਤਨੀ ਨੂੰ ਫੋਰਟਿਸ ਹਸਪਤਾਲ ਦਾਖ਼ਲ ਕਰਾਇਆ ਗਿਆ। ਹਾਲਤ ਜ਼ਿਆਦਾ ਵਿਗੜਨ ਕਾਰਨ ਡਾ. ਪਰੇਮ ਸਿੰਘ ਦੀ ਉਤੇ ਰਾਤ ਮੌਤ ਹੋ ਗਈ। ਉਨ੍ਹਾਂ ਦੀ ਪਤਨੀ ਦਾ ਦਿਲ ਦਾ ਅਪਰੇਸ਼ਨ ਕੀਤਾ ਗਿਆ ਹੈ ਤੇ ਹੁਣ ਉਹ ਠੀਕ-ਠਾਕ ਹਨ। ਬੀਬੀ ਦਲਬੀਰ ਕੌਰ ਪ੍ਰਸਿੱਧ ਗਦਰੀ ਗੁਰਮੁਖ ਸਿੰਘ ਲਲਤੋਂ ਦੀ ਮੁਤਬੰਨੀ ਧੀ ਹੈ।

ਡਾ. ਪਰੇਮ ਸਿੰਘ ਦਾ ਜਨਮ ਪਾਕਿਸਤਾਨ ਵਿੱਚ ਹੋਇਆ ਸੀ। ਉਹ ਵਿਦਿਆਰਥੀ ਜੀਵਨ ਤੋਂ ਹੀ ਖੱਬੇ ਪੱਖੀ ਲਹਿਰ ਵਿਚ ਸਰਗਰਮ ਰਹੇ। ਉਨ੍ਹਾਂ ਅੰਮ੍ਰਿਤਸਰ ਦੇ ਖਾਲਸਾ ਕਾਲਜ ਤੋਂ ਪੜ੍ਹਾਈ ਕੀਤੀ ਅਤੇ ਖੱਬੇ ਪੱਖੀਆਂ ਨਾਲ ਸੰਪਰਕ ਵਿਚ ਆਉਣ ਤੋਂ ਬਾਅਦ ਲੰਮਾ ਸਮਾਂ ਨਵੀਂ ਦਿੱਲੀ ਵਿਚ ਸੋਵੀਅਤ ਸਫ਼ਾਰਤਖ਼ਾਨੇ ਵਿਚ ਨੌਕਰੀ ਕੀਤੀ। ਰੂਸ ਦੀ ਮਾਸਕੋ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਡਾਕਟਰੇਟ ਦੀ ਡਿਗਰੀ ਦਿੱਤੀ। ਉਹ ਚੰਡੀਗੜ੍ਹ ਤੋਂ ਛਪਦੇ ਅਖ਼ਬਾਰ 'ਦੇਸ਼ ਸੇਵਕ' ਦੇ ਸੰਪਾਦਕ ਵੀ ਰਹੇ। ਉਨ੍ਹਾਂ ਕਈ ਕਿਤਾਬਾਂ ਲਿਖੀਆਂ। ਇਨ੍ਹਾਂ ਵਿਚ ਸੋਵੀਅਤ ਰੂਸ ਦੇ ਢਹਿਣ ਬਾਰੇ 'ਮਹਾਂ ਸ਼ਕਤੀ ਦੀਆਂ ਆਖਰੀ ਘੜੀਆਂ', 'ਜੱਲ੍ਹਿਆਂ ਵਾਲਾ ਬਾਗ', 'ਪਗੜੀ ਸੰਭਾਲ ਜੱਟਾ' ਤੇ 'ਕਾਲੇ ਪਾਣੀਆਂ ਦੀ ਦਾਸਤਾਨ' ਸ਼ਾਮਲ ਹਨ।

ਮੁਹਾਲੀ ਵਿਖੇ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦਿੱਤੀ ਗਈ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੀ ਇਕਲੌਤੀ ਪੁੱਤਰੀ ਬੇਲਾ ਨੇ ਦਿੱਤੀ। ਇਸ ਮੌਕੇ ਖੱਬੀਆਂ ਪਾਰਟੀਆਂ ਦੇ ਆਗੂ



ਡਾ. ਪਰੇਮ ਸਿੰਘ

ਕਾਮਰੇਡ ਜੋਗਿੰਦਰ ਦਿਆਲ, ਚਰਨ ਸਿੰਘ ਵਿਰਦੀ, ਬੰਤ ਸਿੰਘ ਬਰਾੜ, ਪ੍ਰੋ. ਬਲਵੰਤ ਸਿੰਘ, ਗੁਲਜ਼ਾਰ ਸਿੰਘ ਸੰਧੂ, ਡਾ. ਰਘਬੀਰ ਸਿੰਘ ਸਿਰਜਣਾ, ਪੱਤਰਕਾਰ ਗੋਬਿੰਦ ਠੁਕਰਾਲ, ਸੇਵਾ ਮੁਕਤ ਅਧਿਕਾਰੀ ਤੇ ਕਹਾਣੀਕਾਰ ਨ੍ਰਿਪਇੰਦਰ ਰਤਨ ਅਤੇ ਹੋਰ ਮੌਜੂਦ ਸਨ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਡਾ. ਪਰੇਮ ਸਿੰਘ ਦੀ ਦੇਹ 'ਤੇ ਝੰਡਾ ਪਾਇਆ ਗਿਆ ਅਤੇ ਕਮੇਟੀ ਦੀ ਜਨਰਲ ਸਕੱਤਰ ਡਾ. ਰਘਬੀਰ ਕੌਰ ਅਤੇ ਗੁਰਮੀਤ ਢੱਡਾ ਨੇ ਸ਼ਰਧਾਂਜਲੀ ਭੇਟ ਕੀਤੀ।

# ਅਯੁੱਧਿਆ ਦੀ ਵਿਵਾਦਤ ਜ਼ਮੀਨ ਤੋਂ ਦੂਰ ਰਹਿਣ ਦੇ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਾਫ ਤੌਰ 'ਤੇ ਕਿਹਾ ਕਿ ਅਯੁੱਧਿਆ ਵਿਚ ਵਿਵਾਦਤ ਜ਼ਮੀਨ ਨੇੜੇ 67 ਏਕੜ ਥਾਂ 'ਤੇ ਸਟੇਅ ਆਰਡਰ ਦਿੱਤਾ ਗਿਆ ਹੈ ਤੇ ਉਸ ਜਗ੍ਹਾ ਨੂੰ ਇਸ ਦੇ ਨੇੜੇ ਪੁਟਾਈ ਦੇ ਕੰਮ ਦੌਰਾਨ ਛੇੜਿਆ ਨਹੀਂ ਜਾਣਾ ਚਾਹੀਦਾ। ਇਹ ਹੁਕਮ ਸੁਪਰੀਮ ਕੋਰਟ ਦੇ ਜਸਟਿਸ ਆਫਤਾਬ ਆਲਮ ਤੇ ਜਸਟਿਸ ਰੰਜਨਾ ਪ੍ਰਕਾਸ਼ ਦੇਸਾਈ ਦੇ ਬੈਂਚ ਨੇ ਸੁਣਾਏ।

ਅਦਾਲਤ ਨੇ ਕਿਹਾ ਕਿ ਉਮੀਦ ਹੈ ਕਿ ਪੁਟਾਈ ਕਰਦੇ ਸਮੇਂ ਸਟੇਟਸ ਕੋ ਨੂੰ ਨਹੀਂ ਛੇੜਿਆ ਜਾਵੇਗਾ। ਅਦਾਲਤ ਨੇ ਇਹ ਟਿੱਪਣੀਆਂ ਵਿਵਾਦਤ ਥਾਂ ਵਿਖੇ ਰਾਮ ਮੰਦਰ ਵਾਲੀ ਜਗ੍ਹਾ ਉੱਤੇ ਤਰਪਾਲਾਂ ਤੇ ਰੱਸੀਆਂ ਹਟਾਏ ਜਾਣ ਤੇ ਅਲਾਹਾਬਾਦ ਹਾਈ ਕੋਰਟ ਦੀ ਹਦਾਇਤ ਉੱਤੇ 2003 ਤੋਂ ਹਰ ਪੰਦਰਵਾੜੇ ਇਸ ਥਾਂ ਦਾ ਦੌਰਾ ਕਰਨ ਲਈ ਨਿਯੁਕਤ ਦੋ ਨਿਆਂਇਕ ਅਧਿਕਾਰੀਆਂ ਨੂੰ ਰਿਲੀਵ ਕਰਨ ਦੀ ਮੰਗ ਸਬੰਧੀ ਸੁਣਵਾਈ ਕਰਦਿਆਂ ਕੀਤੀਆਂ।

ਅਦਾਲਤ ਨੇ ਇਹ ਨਿਯੁਕਤੀਆਂ ਅਯੁੱਧਿਆ ਦੀ ਹਾਲਤ ਬਾਰੇ ਇਸ ਨੂੰ ਲਗਾਤਾਰ ਜਾਣਕਾਰੀ ਮਿਲਦੇ ਰਹਿਣ ਲਈ ਕੀਤੀਆਂ ਸਨ। ਹਾਈ ਕੋਰਟ ਦੇ ਰਜਿਸਟਰਾਰ ਨੇ ਅਰਜ਼ੀ ਵਿਚ ਕਿਹਾ ਸੀ ਕਿ ਵਿਵਾਦਗ੍ਰਸਤ ਰਾਮ ਜਨਮਭੂਮੀ-ਬਾਬਰੀ ਮਸਜਿਦ ਵਾਲੀ ਥਾਂ ਦਾ ਮਾਮਲਾ ਹੁਣ ਕਿਉਂਕਿ ਸੁਪਰੀਮ ਕੋਰਟ ਵੱਲੋਂ ਵਿਚਾਰਿਆ ਜਾ ਰਿਹਾ ਹੈ, ਇਸ ਕਾਰਨ ਹਾਈ ਕੋਰਟ ਵੱਲੋਂ ਆਪਣੇ ਕਮਿਸ਼ਨਰਾਂ ਵੱਲੋਂ ਨਿਯੁਕਤ ਦੋ ਨਿਆਂਇਕ ਅਧਿਕਾਰੀਆਂ ਨੂੰ ਹੁਣ ਡਿਊਟੀ ਤੋਂ ਮੁਕਤ ਕਰ ਦਿੱਤਾ ਜਾਵੇ। ਫੈਜ਼ਾਬਾਦ ਜ਼ਿਲ੍ਹੇ ਦੇ ਕਮਿਸ਼ਨਰ ਨੇ ਵੀ ਕਿਹਾ ਹੈ ਕਿ ਇਸ ਥਾਂ ਤਰਪਾਲਾਂ ਤੇ ਰੱਸੀਆਂ ਨੂੰ ਬਦਲਣ ਲਈ ਸੁਪਰੀਮ ਕੋਰਟ ਦੀ ਇਜਾਜ਼ਤ ਲਈ ਜਾਣੀ ਚਾਹੀਦੀ ਹੈ। ਮਾਮਲੇ ਦੀ ਅਗਲੀ ਸੁਣਵਾਈ 18 ਫਰਵਰੀ ਨੂੰ ਹੋਵੇਗੀ।

# ਭਾਰਤ-ਪਾਕਿ ਦੇ ਜਲ ਸਕੱਤਰਾਂ ਵਿਚਾਲੇ ਵਾਰਤਾ ਟਲੀ

**ਇਸਲਾਮਾਬਾਦ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਤੇ ਪਾਕਿਸਤਾਨ ਦੇ ਜਲ ਸਕੱਤਰਾਂ ਵਿਚਾਲੇ 28-29 ਜਨਵਰੀ ਨੂੰ ਇਸਲਾਮਾਬਾਦ ਵਿਚ ਹੋਣ ਵਾਲੀ ਗੱਲਬਾਤ ਕੰਟਰੋਲ ਰੇਖਾ 'ਤੇ ਗੋਲੀਬੰਦੀ ਦੀ ਉਲੰਘਣਾ ਮਗਰੋਂ ਦੋਵਾਂ ਮੁਲਕਾਂ ਵਿਚਾਲੇ ਪੈਦਾ ਹੋਏ ਤਣਾਅ ਦੇ ਚੱਲਦਿਆਂ ਅੱਗੇ ਪਾ ਦਿੱਤੀ ਗਈ ਹੈ। ਪਾਕਿਸਤਾਨ ਦੇ ਵਿਦੇਸ਼ ਦਫਤਰ ਦੇ ਅਧਿਕਾਰੀ ਨੇ ਦੱਸਿਆ ਕਿ ਇਹ ਗੱਲਬਾਤ ਅੱਗੇ ਪਾ ਦਿੱਤੀ ਗਈ ਹੈ। ਗੱਲਬਾਤ ਦੀਆਂ ਅਗਲੀਆਂ ਤਾਰੀਖਾਂ ਬਾਰੇ ਫੈਸਲਾ ਹਾਲੇ ਕੀਤਾ ਜਾਣਾ ਹੈ।

ਦੋਵੇਂ ਧਿਰਾਂ ਨੇ ਇਸ ਗੱਲਬਾਤ ਦੌਰਾਨ ਤੁਲਬੁਲ ਪ੍ਰਾਜੈਕਟ-ਵੂਲਟਰ ਬੈਰੇਜ ਦੇ ਮੁੱਦੇ 'ਤੇ ਵੀ ਚਰਚਾ ਕਰਨੀ ਸੀ। ਪਾਕਿਸਤਾਨ ਮੀਡੀਆ ਰਿਪੋਰਟਾਂ ਦੇ ਹਵਾਲੇ ਨਾਲ ਕਿਹਾ ਗਿਆ ਕਿ ਦੋਵੇਂ ਮੁਲਕਾਂ ਵਿਚ ਪੈਦਾ ਹੋਏ ਤਣਾਅ ਕਾਰਨ ਇਹ ਗੱਲਬਾਤ ਰੱਦ ਹੋਈ ਹੈ।

ਦਿੱਲੀ ਤੋਂ ਮਿਲੀਆਂ ਰਿਪੋਰਟਾਂ ਅਨੁਸਾਰ ਇਸ ਗੱਲਬਾਤ ਨੂੰ ਅੱਗੇ ਪਾਉਣ ਦਾ ਕਾਰਨ ਜਲ ਸਰੋਤ ਸਕੱਤਰ ਡੀ ਵੀ ਸਿੰਘ ਦਾ ਇਸ ਮਹੀਨੇ ਦੇ ਅਖ਼ੀਰ ਵਿਚ ਸੇਵਾਮੁਕਤ ਹੋਣਾ ਹੈ। ਜੰਮੂ-ਕਸ਼ਮੀਰ ਵਿਚ ਕੰਟਰੋਲ ਰੇਖਾ ਦੇ ਨਾਲ ਗੋਲੀਬੰਦੀ ਦੀ ਉਲੰਘਣਾ ਦੀਆਂ ਘਟਨਾਵਾਂ ਕਾਰਨ ਪੈਦਾ ਹੋਈ ਤਲਖੀ ਕਾਰਨ ਇਹ ਦੂਜੀ ਵੱਡੇ ਪੱਧਰ 'ਤੇ ਹੋਣ ਵਾਲੀ ਦੁਵੱਲੀ ਗੱਲਬਾਤ ਹੈ ਜੋ ਰੱਦ ਕੀਤੀ ਗਈ ਹੈ।

## ਜੇ ਅਸੀਂ ਦਹਿਸ਼ਗਰਦ ਹਾਂ, ਸਾਡੇ 'ਤੇ ਪਾਬੰਦੀ ਲਾ ਕੇ ਵਿਖਾਓ: ਭਾਜਪਾ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਨਵੇਂ ਪ੍ਰਧਾਨ ਰਾਜਨਾਥ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੂੰ ਚੁਣੌਤੀ ਦਿੱਤੀ ਹੈ ਕਿ ਜੇ ਭਾਜਪਾ ਤੇ ਆਰ ਐਸ ਐਸ ਜਥੇਬੰਦੀਆਂ 'ਹਿੰਦੂ ਦਹਿਸ਼ਤਗਰਦੀ' ਨੂੰ ਉਤਸ਼ਾਹਤ ਕਰ ਰਹੀਆਂ ਹਨ ਤਾਂ ਉਹ ਉਨ੍ਹਾਂ ਦੋਵਾਂ ਉਪਰ ਪਾਬੰਦੀ ਲਾਉਣ ਦੀ ਹਿੰਮਤ ਵਿਖਾਉਣ। ਉਨ੍ਹਾਂ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਵੱਲੋਂ ਸ੍ਰੀ ਸ਼ਿੰਦੇ ਦੀ ਅਜਿਹੀ ਟਿੱਪਣੀ ਉਪਰ ਧਾਰੀ ਚੁੱਪ ਉਪਰ ਸਵਾਲ ਉਠਾਏ।

ਇਸ ਮੀਟਿੰਗ ਤੋਂ ਪਹਿਲਾਂ ਸ੍ਰੀ ਰਾਜਨਾਥ ਸਿੰਘ ਨੇ ਫਿਰ ਦੁਹਰਾਇਆ ਕਿ ਸ੍ਰੀ ਸ਼ਿੰਦੇ ਨੂੰ ਕੇਂਦਰੀ ਗ੍ਰਹਿ ਮੰਤਰੀ ਦੇ ਅਹੁਦੇ ਤੋਂ ਹਟਾਉਣ ਲਈ ਪਾਰਟੀ ਨੇ ਜਿਹੜੀ ਮੁਹਿੰਮ ਛੇੜੀ ਹੈ, ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਜੇ ਸ੍ਰੀ ਸ਼ਿੰਦੇ ਭਾਜਪਾ ਨੂੰ ਦਹਿਸ਼ਤਗਰਦਾਂ ਦੀ ਜਥੇਬੰਦੀ ਮੰਨਦੇ ਹਨ ਤਾਂ ਉਹ ਇਸ ਦੇ ਆਗੂਆਂ ਨੂੰ ਜੇਲ੍ਹਾਂ ਵਿਚ ਕਿਉਂ ਨਹੀਂ ਸੁੱਟਦੇ? ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਸ਼ਿੰਦੇ ਦੀ ਭਾਜਪਾ ਤੇ ਆਰਐਸਐਸ ਨੂੰ ਹਿੰਦੂ ਦਹਿਸ਼ਤਗਰਦੀ ਨੂੰ ਸ਼ਹਿ ਦੇਣ ਵਾਲੀਆਂ ਜਥੇਬੰਦੀਆਂ ਕਰਾਰ ਦੇਣ ਦਾ ਮਕਸਦ ਵੋਟ ਦੀ ਰਾਜਨੀਤੀ ਕਰਨਾ ਹੈ।

ਸ੍ਰੀ ਰਾਜਨਾਥ ਨੇ ਮੰਨਿਆ ਕਿ ਸਮਝੌਤਾ ਐਕਸਪ੍ਰੈਸ ਬੰਬ ਧਮਾਕਾ ਤੇ ਹੋਰ ਅਜਿਹੇ ਕੇਸਾਂ ਵਿਚ ਫੜੇ ਮੁਲਜ਼ਮ ਕਦੇ ਸੰਘ ਦੇ ਕੰਮਾਂ ਵਿਚ ਸ਼ਾਮਲ ਹੋਏ ਹੋਣ ਪਰ ਇਸ ਗੱਲ ਨੂੰ ਸੰਘ ਨਾਲ ਜੋੜਨਾ ਬਹੁਤ ਗਲਤ ਹੈ। ਉਨ੍ਹਾਂ ਇਸ ਗੱਲ 'ਤੇ ਅਫਸੋਸ ਪ੍ਰਗਟਾਇਆ ਕਿ ਪਾਕਿਸਤਾਨ ਸਰਕਾਰ ਤੇ ਉਥੋਂ ਦੀਆਂ ਭਾਰਤ ਵਿਰੋਧੀ ਦਹਿਸ਼ਤਗਰਦ ਜਥੇਬੰਦੀਆਂ ਸ੍ਰੀ ਸ਼ਿੰਦੇ ਦੇ ਬਿਆਨ ਉਪਰ ਖ਼ੁਸ਼ੀ ਮਨਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਸ਼ਿੰਦੇ ਦੇ ਬਿਆਨ ਨੇ ਭਾਰਤ ਦਾ ਮਾਣ ਸਤਿਕਾਰ ਕੌਮਾਂਤਰੀ ਮੰਚ ਉਪਰ ਬਹੁਤ ਘਟਾ ਦਿੱਤਾ ਹੈ।

# ਡਾ. ਪਰੇਮ ਸਿੰਘ ਨੂੰ ਯਾਦ ਕਰਦਿਆਂ...

### ਸ਼ਰਧਾਂਜਲੀ

**ਗੋਬਿੰਦ ਠੁਕਰਾਲ**

ਡਾ. ਪਰੇਮ ਸਿੰਘ ਦੀ ਮੌਤ ਨੇ ਪੰਜਾਬ ਕੋਲੋਂ ਸਿਆਣਾ ਵਿਦਵਾਨ, ਕਮਿਊਨਿਸਟ ਆਗੂ ਅਤੇ ਸਭ ਤੋਂ ਉੱਪਰ, ਇਕ ਸ਼ਾਨਦਾਰ ਇਨਸਾਨ ਖੋਹ ਲਿਆ ਹੈ। ਡਾ. ਸਾਹਿਬ ਆਪਣੇ ਜਨਤਕ ਜੀਵਨ ਦੇ 6 ਦਹਾਕਿਆਂ ਤੋਂ ਵੀ ਵਧੇਰੇ ਸਮੇਂ ਦੌਰਾਨ ਉਸ ਰਾਹ ਤੋਂ ਕਦੇ ਨਹੀਂ ਥਿੜਕੇ ਜੋ ਉਨ੍ਹਾਂ ਨੇ ਚੁਣਿਆ ਸੀ। ਪਹਿਲਾਂ ਵਿਦਿਆਰਥੀ ਆਗੂ ਵਜੋਂ, ਫਿਰ ਕਮਿਊਨਿਸਟ ਪਾਰਟੀ ਦੇ ਕਾਰਕੁਨ ਤੇ ਕਿਸਾਨ ਆਗੂ ਵਜੋਂ ਉਨ੍ਹਾਂ ਨੇ ਗ਼ੈਰ-ਸਾਧਾਰਨ ਹਿੰਮਤ ਤੇ ਦ੍ਰਿੜ੍ਹਤਾ ਦਾ ਮੁਜ਼ਾਹਰਾ ਕੀਤਾ ਅਤੇ ਜਨਤਕ ਕਾਜ ਲਈ ਖੁਸ਼ੀ-ਖੁਸ਼ੀ ਜੇਲ੍ਹ ਵੀ ਗਏ। ਉਨ੍ਹਾਂ ਨੂੰ ਲੋਕ-ਹਿਤ ਹਮੇਸ਼ਾ ਪਿਆਰੇ ਰਹੇ।

ਡਾ. ਪਰੇਮ ਸਿੰਘ ਦੀ ਜ਼ਿੰਦਗੀ 'ਚ ਕਈ ਉਤਰਾਅ-ਚੜ੍ਹਾਅ ਆਏ ਪਰ ਆਪਣੇ ਸ਼ਾਂਤ-ਚਿਤ ਸੁਭਾਅ ਤੇ ਤਰਕਸ਼ੀਲ ਪਹੁੰਚ ਸਦਕਾ ਉਨ੍ਹਾਂ ਹਰ ਚੁਣੌਤੀ ਦਾ ਮੁਕਾਬਲਾ ਡਟ ਕੇ ਕੀਤਾ। ਉਨ੍ਹਾਂ ਦੀ ਪਤਨੀ ਸ੍ਰੀਮਤੀ ਦਲਬੀਰ ਕੌਰ ਜੋ ਖੁਦ ਪੰਜਾਬੀ ਦੇ ਵਿਦਵਾਨ ਹਨ, ਉਨ੍ਹਾਂ ਲਈ ਮਹਾਨ ਸ਼ਕਤੀ ਦਾ ਸੋਮਾ ਰਹੇ, ਜਿਸ ਨੇ ਉਨ੍ਹਾਂ ਨੂੰ ਔਕੜਾਂ ਨੂੰ ਪਾਰ ਕਰਨ 'ਚ ਮੱਦਦ ਤੇ ਸਾਧਨ ਮੁਹੱਈਆ ਕੀਤੇ। ਡਾ. ਪਰੇਮ ਸਿੰਘ ਇੰਨੇ ਮਿਲਾਪੜੇ ਸਨ ਕਿ ਉਨ੍ਹਾਂ ਨੇ ਰਿਸ਼ਤੇਦਾਰਾਂ ਤੇ ਦੋਸਤਾਂ-ਮਿੱਤਰਾਂ ਦਾ ਬਰਾਬਰ ਪਰੇਮ ਜਿੱਤਿਆ।

ਢਾ. ਪਰੇਮ ਸਿੰਘ ਦੀ ਜ਼ਿੰਦਗੀ ਦੀਆਂ ਮੈਨੂੰ ਦੋ ਵੱਡੀਆਂ ਘਟਨਾਵਾਂ ਯਾਦ ਹਨ ਜੋ ਅਮਿੱਟ ਛਾਪ ਛੱਡ ਗਈਆਂ। ਇਨ੍ਹਾਂ ਘਟਨਾਵਾਂ ਨੇ ਉਨ੍ਹਾਂ ਦੀ ਦ੍ਰਿੜ੍ਹ ਇੱਛਾ-ਸ਼ਕਤੀ, ਸਮਰੱਥਾ ਅਤੇ ਧੀਰਜ ਉਜਾਗਰ ਕੀਤਾ। ਉਨ੍ਹਾਂ ਦਾ ਪੁੱਤਰ ਜਦੋਂ ਭਿਆਨਕ ਹਾਦਸੇ



ਡਾ. ਪਰੇਮ ਸਿੰਘ

ਵਿਚ ਆਪਣਾ ਪੰਜ ਭੂਤਕ ਸਰੀਰ ਛੱਡ ਗਿਆ ਤਾਂ ਉਨ੍ਹਾਂ ਦੀ ਪਤਨੀ ਅਤੇ ਧੀ ਨੂੰ ਡੂੰਘਾ ਸਦਮਾ ਲੱਗਾ। ਉਹ ਖੁਦ ਵੀ ਬਹੁਤ ਦੁਖੀ ਹੋਏ ਪਰ ਜਿਹੜੀ ਚਿੱਠੀ ਉਨ੍ਹਾਂ ਨੇ ਮੇਰੇ ਵੱਲੋਂ ਉਨ੍ਹਾਂ ਨੂੰ ਅਫਸੋਸ ਪ੍ਰਗਟ ਕਰਨ ਲਈ ਭੇਜੀ ਗਈ ਚਿੱਠੀ ਦੇ ਮੋੜ ਵਿਚ ਲਿਖੀ, ਉਹ ਉਨ੍ਹਾਂ ਦੇ ਆਤਮ-ਸੰਜਮ ਨੂੰ ਦਰਸਾਉਂਦੀ ਸੀ। ਉਨ੍ਹਾਂ ਨੇ ਵੱਡੀ ਸਹਿਣ-ਸ਼ਕਤੀ ਦਿਖਾਈ ਤੇ ਆਪਣੇ ਪਰਿਵਾਰ ਦਾ ਦੁੱਖ ਘਟਾਉਣ ਵਿਚ ਸਫ਼ਲਤਾ ਹਾਸਲ ਕੀਤੀ। ਮੇਰਾ ਉਨ੍ਹਾਂ ਨਾਲ ਸਬੰਧ 1959 ਤੋਂ ਸੀ ਅਤੇ ਮੈਂ ਉਨ੍ਹਾਂ ਵਿਚ ਹਮੇਸ਼ਾ ਚੰਗੇ ਆਗੂ ਅਤੇ ਸਿਧਾਂਤਾਂ ਤੇ ਨੈਤਿਕ ਕਦਰਾਂ-ਕੀਮਤਾਂ ਵਿਚ ਪ੍ਰਣਾਏ ਇਨਸਾਨ ਨੂੰ ਦੇਖਦਾ ਰਿਹਾ ਹਾਂ।

ਇਸੇ ਤਰ੍ਹਾਂ ਜਦੋਂ ਪਾਰਟੀ ਦੀ ਅੰਦਰੂਨੀ ਲੜਾਈ ਨੇ ਉਨ੍ਹਾਂ ਨੂੰ ਨਵੀਂ ਦਿੱਲੀ ਵਿਖੇ 'ਸੋਵੀਅਤ ਇਨਫਰਮੇਸ਼ਨ ਸੈਂਟਰ' ਵਿਚ ਸ਼ਾਮਿਲ ਹੋਣ ਲਈ ਮਜਬੂਰ ਕਰ ਦਿੱਤਾ ਤਾਂ ਉਨ੍ਹਾਂ ਦੀ ਦ੍ਰਿੜ੍ਹ ਇੱਛਾ-ਸ਼ਕਤੀ ਵਿਚ ਕੋਈ ਫ਼ਰਕ ਨਾ ਪਿਆ। ਉਨ੍ਹਾਂ ਦੀ ਇਹ ਇੱਛਾ-ਸ਼ਕਤੀ ਸਰਗਰਮ ਕਮਿਊਨਿਸਟ ਬਣੇ ਰਹਿਣ ਤੇ ਆਪਣਾ ਭਰਪੂਰ ਯੋਗਦਾਨ ਪਾਉਣ ਦੀ ਸੀ। ਉਹ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਸਨ ਕਿ ਉਹ ਨਾ ਤਾਂ ਹਮੇਸ਼ਾ ਵਿਦਿਆਰਥੀ ਜਾਂ ਨੌਜਵਾਨ ਆਗੂ ਬਣੇ ਰਹਿ ਸਕਣਗੇ, ਨਾ ਹੀ ਆਪਣੇ ਪਿਆਰੇ ਪੰਜਾਬ ਵਿਚ ਬੇਮਿਸਾਲ ਕਿਸਾਨ ਸੰਘਰਸ਼ਾਂ ਵਿਚ ਆਪਣੀ ਸਰਗਰਮ ਸ਼ਮੂਲੀਅਤ ਯਕੀਨੀ ਬਣਾ ਸਕਣਗੇ, ਪਰ ਉਹ ਇਹ ਭਲੀ-ਭਾਂਤ ਜਾਣਦੇ ਸਨ ਕਿ ਉਹ ਆਪਣਾ ਯੋਗਦਾਨ ਕਿਵੇਂ ਪਾ ਸਕਦੇ ਹਨ। ਇਸ ਲਈ ਉਨ੍ਹਾਂ ਨੇ ਪੜ੍ਹਾਈ ਤੇ ਖੋਜ ਦਾ ਰਾਹ ਚੁਣਿਆ ਅਤੇ ਮਾਸਕੋ ਯੂਨੀਵਰਸਿਟੀ ਤੋਂ ਡਾਕਟਰੇਟ ਕੀਤੀ। ਉਨ੍ਹਾਂ ਨੇ ਅੱਧੀ ਦਰਜਨ ਦੇ ਕਰੀਬ ਕਿਤਾਬਾਂ ਅਤੇ ਅਨੇਕਾਂ ਲੇਖ ਲਿਖੇ। ਉਹ ਅੰਗਰੇਜ਼ੀ ਤੇ ਪੰਜਾਬੀ ਭਾਸ਼ਾ ਦੋਵਾਂ ਵਿਚ ਬਰਾਬਰ ਮੁਹਾਰਤ ਰੱਖਦੇ ਸਨ ਤੇ ਉਨ੍ਹਾਂ ਵਿਚ ਖੋਜ ਕਰਨ ਦਾ ਵੀ ਹੁਨਰ ਸੀ। ਉਨ੍ਹਾਂ ਨੂੰ ਕਿਸੇ ਮਸਲੇ ਦੀ ਜੜ੍ਹ ਤੱਕ ਜਾਣਾ ਆਉਂਦਾ ਸੀ। ਉਨ੍ਹਾਂ ਦੀ ਅਜਿਹੀ ਕਾਬਲੀਅਤ ਨੇ ਉਨ੍ਹਾਂ ਨੂੰ ਸੋਵੀਅਤ ਸੰਘ ਦੇ ਪਤਨ ਵਰਗੇ ਮਸਲਿਆਂ ਦੀਆਂ ਪੇਚੀਦਗੀਆਂ ਨੂੰ ਸਮਝਣ ਵਿਚ ਮੱਦਦ ਕੀਤੀ। ਉਨ੍ਹਾਂ ਨੇ ਪੁਸਤਕ 'ਮਹਾਂ ਸ਼ਕਤੀ ਦੀਆਂ ਆਖਰੀ ਘੜੀਆਂ' ਲਿਖੀ ਜਿਸ ਦਾ ਅੰਗਰੇਜ਼ੀ ਅਨੁਵਾਦ ਵੀ ਛਪਿਆ। ਉਨ੍ਹਾਂ ਨੇ ਇਸ ਪੁਸਤਕ ਵਿਚ ਸੋਵੀਅਤ ਸੰਘ ਦੇ ਅਖੀਰਲੇ ਸਮੇਂ ਤੇ ਹਾਲਾਤ ਦਾ ਜ਼ਿਕਰ ਕੀਤਾ ਜੋ ਉਸ ਦੇ ਪਤਨ ਦਾ ਕਾਰਨ ਬਣੇ ਸਨ।

ਪਿਛਲੇ ਕਾਫ਼ੀ ਸਾਲਾਂ ਤੋਂ ਉਹ ਆਪਣੀ ਦੇਸ਼ ਦੀ ਵੰਡ ਸਬੰਧੀ ਕਿਤਾਬ ਲਈ ਖੋਜ ਕਰ ਰਹੇ ਸਨ। ਉਹ ਦਿੱਲੀ ਤੋਂ ਪੰਜਾਬ ਪਰਤਣ ਬਾਅਦ ਵੀ ਸਰਗਰਮ ਰਹੇ ਅਤੇ ਪੰਜਾਬੀ ਦੀ ਰੋਜ਼ਾਨਾ ਅਖ਼ਬਾਰ 'ਦੇਸ਼ ਸੇਵਕ' ਦੇ ਸੰਪਾਦਕ ਰਹੇ। ਉਹ ਜਲੰਧਰ ਦੇ 'ਦੇਸ਼ ਭਗਤ ਯਾਦਗਾਰ ਟਰੱਸਟ' ਨਾਲ ਸਰਗਰਮ ਰੂਪ 'ਚ ਜੁੜੇ ਹੋਏ ਸਨ। ਉਨ੍ਹਾਂ ਵੱਲੋਂ ਗ਼ਦਰ ਲਹਿਰ ਤੇ 'ਪਗੜੀ ਸੰਭਾਲ ਜੱਟਾ' ਲਹਿਰ ਉਤੇ ਲਿਖੀਆਂ ਕਿਤਾਬਾਂ ਉਨ੍ਹਾਂ ਦੀ ਡੂੰਘੀ ਸਮਝ ਤੇ ਸਮਰਪਣ ਭਾਵਨਾ ਨੂੰ ਦਰਸਾਉਂਦੀਆਂ ਹਨ।

# ਜਸਬੀਰ ਸ਼ੇਰਗਿੱਲ ਬਣੇ ਐਨ.ਆਰ.ਆਈ. ਸਭਾ ਦੇ ਪ੍ਰਧਾਨ

**ਜਲੰਧਰ:** ਐਨਆਰਆਈ ਸਭਾ ਪੰਜਾਬ ਦੀ ਚੋਣ ਵਿਚ ਜਸਬੀਰ ਸਿੰਘ ਸ਼ੇਰਗਿੱਲ ਬਾਜ਼ੀ ਮਾਰ ਗਏ। ਕੁੱਲ ਪੋਲਿੰਗ ਹੋਈਆਂ 1624 ਵੋਟਾਂ ਵਿਚੋਂ ਜਸਬੀਰ ਸਿੰਘ ਸ਼ੇਰਗਿੱਲ ਨੂੰ 657, ਕਮਲਜੀਤ ਸਿੰਘ ਹੇਅਰ ਨੂੰ 460 ਤੇ ਪ੍ਰੀਤਮ ਸਿੰਘ ਨਾਰੰਗਪੁਰ ਨੂੰ 452 ਵੋਟਾਂ ਮਿਲੀਆਂ। ਸ. ਸ਼ੇਰਗਿੱਲ ਨੇ ਦੋ ਵਾਰ ਪ੍ਰਧਾਨ ਰਹੇ ਸ. ਹੇਅਰ ਨੂੰ 197 ਵੋਟਾਂ ਦੇ ਫਰਕ ਨਾਲ ਹਰਾਇਆ ਜਦਕਿ 55 ਵੋਟਾਂ ਰੱਦ ਹੋ ਗਈਆਂ। ਪ੍ਰਧਾਨਗੀ ਦੀ ਚੋਣ ਲਈ ਦੁਬਈ ਤੋਂ ਬਣੇ ਸਭਾ ਦੇ ਮੈਂਬਰਾਂ ਨੇ ਅਹਿਮ ਭੂਮਿਕਾ ਨਿਭਾਈ। ਦੁਬਈ ਤੋਂ ਸਭਾ ਦੇ ਜ਼ਿਆਦਾਤਰ ਮੈਂਬਰ ਸ. ਸ਼ੇਰਗਿੱਲ ਦੇ ਹੱਕ ਵਿਚ ਭੁਗਤੇ। ਇੰਗਲੈਂਡ ਦੇ ਕੁਝ ਮੈਂਬਰਾਂ ਨੇ ਦੁਬਈ ਤੋਂ ਸਭਾ ਦੇ ਬਣੇ ਮੈਂਬਰਾਂ ਬਾਰੇ ਇਤਰਾਜ਼ ਕੀਤਾ ਜਿਸ ਨੂੰ ਚੋਣ ਅਧਿਕਾਰੀਆਂ ਨੇ ਖਾਰਜ ਕਰ ਦਿੱਤਾ। ਦੁਬਈ ਦੇ ਐਨਆਰਆਈਜ਼ ਦੀਆਂ ਵੋਟਾਂ ਬਣਵਾਉਣ ਲਈ ਸ. ਸ਼ੇਰਗਿੱਲ ਪਿਛਲੇ ਕਈ ਮਹੀਨਿਆਂ ਤੋਂ ਜੁਟੇ ਹੋਏ ਸਨ।

ਪਿਛਲੀ ਵਾਰ ਵੀ ਇਹ ਤਿੰਨੇ ਉਮੀਦਵਾਰ ਚੋਣ ਮੈਦਾਨ ਵਿਚ ਸਨ ਤੇ ਕੁਲ ਵੋਟਾਂ 2435 ਪਈਆਂ ਸਨ ਪਰ ਇਸ ਵਾਰ 1624 ਵੋਟਾਂ ਹੀ ਪਈਆਂ ਹਨ। ਇਸ ਤਰ੍ਹਾਂ ਪਰਵਾਸੀ ਪੰਜਾਬੀਆਂ ਦੀ ਚੋਣ ਵਿਚ ਰੁਚੀ ਲਗਾਤਾਰ ਘਟ ਰਹੀ ਹੈ।



ਸਭਾ ਦੇ ਕੁੱਲ 18,735 ਦੇ ਕਰੀਬ ਮੈਂਬਰ ਹਨ ਜਿਨ੍ਹਾਂ ਵਿਚ ਸਿਰਫ਼ 1624 ਮੈਂਬਰਾਂ ਨੇ ਹੀ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ। ਇੰਗਲੈਂਡ ਦੇ ਐਮ.ਪੀ. ਵਰਿੰਦਰ ਸ਼ਰਮਾ ਨੂੰ ਛੱਡ ਕੇ ਕਿਸੇ ਵੀ ਅਹਿਮ ਐਨਆਰਆਈ ਨੇ ਸਭਾ ਦੀ ਪ੍ਰਧਾਨਗੀ ਲਈ ਹੋਈਆਂ ਚੋਣਾਂ ਵਿਚ ਦਿਲਚਸਪੀ ਨਹੀਂ ਦਿਖਾਈ। ਚੋਣ ਲੜ ਰਹੇ ਸਾਬਕਾ ਪ੍ਰਧਾਨ ਕਮਲਜੀਤ ਸਿੰਘ ਹੇਅਰ ਦੀ ਹਮਾਇਤ 'ਤੇ ਇੰਗਲੈਂਡ ਤੋਂ ਐਮ ਪੀ ਵਰਿੰਦਰ ਸ਼ਰਮਾ ਉਚੇਚੇ ਤੌਰ 'ਤੇ ਵਫ਼ਦ ਸਮੇਤ ਸਿਰਫ਼ ਵੋਟਾਂ ਪਾਉਣ ਲਈ ਆਏ ਹੋਏ ਸਨ।

ਇਹ ਪਹਿਲੀ ਵਾਰ ਸੀ ਕਿ ਸਭਾ ਦਾ ਪ੍ਰਧਾਨ ਚੁਣਨ ਲਈ ਸਿਰਫ਼ ਪਰਵਾਸੀ ਪੰਜਾਬੀਆਂ ਨੇ ਹੀ ਵੋਟਾਂ ਪਾਈਆਂ। ਪਹਿਲਾਂ ਮੈਂਬਰਾਂ ਦੇ ਨੌਮਨੀ ਵੀ ਵੋਟਾਂ ਪਾਉਂਦੇ ਆ ਰਹੇ ਸਨ। ਇਸ ਵਾਰ ਸਭਾ ਦੇ ਸੰਵਿਧਾਨ ਵਿਚ ਸੋਧ ਕਰਕੇ ਨੌਮਨੀ ਦੇ ਵੋਟ ਦਾ ਅਧਿਕਾਰ ਖਤਮ ਕਰ ਦਿੱਤਾ ਗਿਆ ਸੀ।

ਐਨਆਰਆਈ ਮਾਮਲਿਆਂ ਦੇ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਜਸਬੀਰ ਸਿੰਘ ਸ਼ੇਰਗਿੱਲ ਤੇ ਪ੍ਰੀਤਮ ਸਿੰਘ ਨਾਰੰਗਪੁਰ ਨੂੰ ਦਿੱਲੀ ਸੱਦ ਕੇ ਦੋਹਾਂ ਵਿਚ ਸਹਿਮਤੀ ਕਰਵਾਉਣ ਦਾ ਯਤਨ ਵੀ ਕੀਤਾ ਸੀ ਪਰ ਉਹ ਇਸ ਵਿਚ ਕਾਮਯਾਬ ਨਹੀਂ ਹੋਏ ਸਨ। ਨਵੇਂ ਚੁਣੇ ਗਏ ਪ੍ਰਧਾਨ ਜਸਬੀਰ ਸਿੰਘ ਸ਼ੇਰਗਿੱਲ ਨੇ ਕਿਹਾ ਉਹ ਬਿਨਾ ਭੇਦਭਾਵ ਦੇ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨਗੇ। ਐਨਆਰਆਈਜ਼ ਵਿਧਵਾਵਾਂ ਦੇ ਮਸਲੇ ਪਹਿਲ ਦੇ ਅਧਾਰ 'ਤੇ ਹੱਲ ਕੀਤੇ ਜਾਣਗੇ। ਜ਼ਿਲ੍ਹਾ ਯੂਨਿਟਾਂ ਦੇ ਕੰਮ ਨੂੰ ਆਨ ਲਾਈਨ ਕੀਤਾ ਜਾਵੇਗਾ। ਸਭਾ ਦੇ ਕੰਮਾਂ ਵਿਚ ਆਈ ਖੜੋਤ ਨੂੰ ਤੋੜਨਗੇ। ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਪਹਿਲ ਦੇ ਅਧਾਰ 'ਤੇ ਹੱਲ ਕਰਨਗੇ।

### ਸਭਾ ਦੀ ਚੋਣ 'ਤੇ ਲੱਗਾ ਸਵਾਲੀਆ ਨਿਸ਼ਾਨ

**ਜਲੰਧਰ:** ਇੰਗਲੈਂਡ ਦੇ ਸੰਸਦ ਮੈਂਬਰ ਵਰਿੰਦਰ ਸ਼ਰਮਾ ਨੇ ਐਨਆਰਆਈ ਸਭਾ ਪੰਜਾਬ ਦੀ ਹੋਈ ਚੋਣ 'ਤੇ ਸਵਾਲੀਆ ਚਿੰਨ੍ਹ ਲਾ ਦਿੱਤਾ ਹੈ। ਉਨ੍ਹਾਂ ਸਭਾ ਦੀ ਚੋਣ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਕਿ ਚੋਣ ਲਈ ਹਰ ਤਰ੍ਹਾਂ ਦੀਆਂ ਚੋਰ ਮੋਰੀਆਂ ਬੰਦ ਹੋਣੀਆਂ ਚਾਹੀਦੀਆਂ ਹਨ। ਸ੍ਰੀ ਸ਼ਰਮਾ ਨੇ ਕਿਹਾ ਕਿ ਵੋਟ ਪਾਉਣ ਦਾ ਅਧਿਕਾਰ ਅਸਲ ਐਨਆਰਆਈਜ਼ ਨੂੰ ਹੀ ਹੋਣਾ ਚਾਹੀਦਾ ਹੈ। ਉਨ੍ਹਾਂ ਦਾ ਇਸ਼ਾਰਾ ਦੁਬਈ ਤੋਂ ਆਏ ਪਰਵਾਸੀ ਵੋਟਰਾਂ ਵੱਲ ਸੀ। ਦੁਬਈ ਤੋਂ ਬਣੇ ਸਭਾ ਦੇ ਮੈਂਬਰਾਂ ਵਿਚੋਂ ਬਹੁਤਿਆਂ ਨੇ ਤਾਂ ਮੈਂਬਰ ਬਣਨ ਲਈ ਲੋੜੀਂਦੇ ਪੰਜ ਹਜ਼ਾਰ ਰੁਪਏ ਵੀ ਨਹੀਂ ਖਰਚੇ ਸੀ। ਕਈ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੀ ਮੈਂਬਰਸ਼ਿਪ ਫੀਸ ਤਾਂ ਜਸਬੀਰ ਸਿੰਘ ਨੇ ਹੀ ਦਿੱਤੀ ਹੈ। ਉਧਰ, ਐਡਵੋਕੇਟ ਰਜਿੰਦਰ ਸਿੰਘ ਮੰਡ ਨੇ ਕਿਹਾ ਕਿ ਸਭਾ ਦੇ 18735 ਮੈਂਬਰਾਂ ਵਿਚ ਸਿਰਫ 1624 ਮੈਂਬਰਾਂ ਨੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ।

## ਧਰਮ ਦੀ ਆੜ ਵਿਚ ਜਾਅਲੀ ਵੀਜ਼ਿਆਂ ਦਾ ਕਾਰੋਬਾਰ

**ਸ਼ਿਕਾਗੋ:** ਇਕ ਭਾਰਤੀ ਹਿੰਦੂ ਧਾਰਮਿਕ ਆਗੂ ਨੂੰ ਧਾਰਮਿਕ ਵੀਜ਼ਾ ਫਾਰਡ ਦੇ ਮਾਮਲੇ ਵਿਚ 37 ਮਹੀਨੇ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਸਜ਼ਾ ਪੂਰੀ ਹੋਣ ਮਗਰੋਂ ਉਸ ਨੂੰ ਦੇਸ਼ ਵਾਪਸ ਭੇਜ ਦਿੱਤਾ ਜਾਏਗਾ। ਉਸ ਨੇ ਅਮਰੀਕਾ ਦੇ ਵਿਸਕਾਲਸਨ ਸੂਬੇ ਦੇ ਮਿਲਵਾਕੀ ਸ਼ਹਿਰ ਵਿਚ ਇਕ ਮੰਦਰ ਬਣਾਇਆ ਸੀ। ਮਿਲਵਾਕੀ ਅਦਾਲਤ ਨੇ ਸਾਗਰਸੇਨ ਹਲਦਰ ਉਰਫ ਗੋਪਾਲ ਹਰੀਦਾਸ ਨੂੰ ਜਾਅਲਸਾਜ਼ੀ ਭਰੇ ਢੰਗ ਨਾਲ ਭਾਰਤੀਆਂ ਤੋਂ ਮੋਟੀਆਂ ਰਕਮਾਂ ਲੈ ਕੇ ਧਾਰਮਿਕ ਵਰਕਰ ਵੀਜ਼ੇ ਲੁਆਉਣ ਦਾ ਦੋਸ਼ੀ ਪਾਇਆ ਹੈ। ਇਸ ਮਗਰੋਂ ਹੀ ਉਸ ਨੂੰ ਇਹ ਸਜ਼ਾ ਸੁਣਾਈ ਗਈ ਹੈ।

**ਭਾਰਤੀ ਧਾਰਮਿਕ ਆਗੂ ਨੂੰ 37 ਮਹੀਨਿਆਂ ਦੀ ਸਜ਼ਾ**

ਇਹ ਧਾਰਮਿਕ ਵੀਜ਼ੇ 'ਆਰ-1' ਵੀਜ਼ੇ ਵਜੋਂ ਜਾਣੇ ਜਾਂਦੇ ਹਨ। ਗੋਪਾਲ ਹਰੀਦਾਸ ਗੌਡੀਆ ਵੈਸ਼ਨਵ ਸੁਸਾਇਟੀ (ਜੀਵੀਐਸ) ਦਾ ਬਾਨੀ, ਪ੍ਰਧਾਨ, ਸੀਈ ਤੇ ਧਾਰਮਿਕ ਆਗੂ ਹੈ। 32 ਸਾਲਾ ਹਲਦਰ ਨੂੰ ਸਜ਼ਾ ਪੂਰੀ ਹੋਣ ਮਗਰੋਂ ਭਾਰਤ ਤੋਰ ਦਿੱਤਾ ਜਾਏਗਾ। ਮੁਕੱਦਮੇ ਦੌਰਾਨ ਪੇਸ਼ ਗਵਾਹਾਂ ਤੇ ਦਸਤਾਵੇਜ਼ਾਂ ਅਨੁਸਾਰ ਹਲਦਰ ਨੇ ਦੋ ਦਰਜਨ ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਆਰ-1 ਵੀਜ਼ਿਆਂ ਅਧੀਨ ਅਮਰੀਕਾ ਵਿਚ ਲਿਆਂਦਾ ਸੀ।

ਇਹ ਨਾਗਰਿਕ ਜੀਵੀਐਸ ਮੰਦਰਾਂ ਵਿਚ ਪੁਜਾਰੀ ਬਣਾ ਕੇ ਲਿਆਂਦੇ ਗਏ ਸਨ ਪਰ ਜਾਂਚ ਅਨੁਸਾਰ ਇਨ੍ਹਾਂ ਨੂੰ ਕਦੇ ਵੀ ਇਹ ਕੰਮ ਨਹੀਂ ਕੀਤਾ ਸੀ। ਜੂਨ 2010 ਵਿਚ ਜਦੋਂ ਉਹ ਭਾਰਤ ਤੋਂ ਅਮਰੀਕਾ ਵਿਚ ਓਹਾਰੇ ਇੰਟਰਨੈਸ਼ਨਲ ਏਅਰਪੋਰਟ 'ਤੇ ਸ਼ਿਕਾਗੋ ਪੁੱਜਿਆ ਤਾਂ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ। ਤਲਾਸ਼ੀ ਦੌਰਾਨ ਉਸ ਦੇ ਸਾਮਾਨ ਵਿਚ ਬਹੁਤ ਸਾਰੇ ਪਛਾਣ ਦਸਤਾਵੇਜ਼ ਮਿਲੇ ਸਨ ਜਿਨ੍ਹਾਂ ਵਿਚ ਭਾਰਤੀਆਂ ਦੇ ਪਾਸਪੋਰਟ, ਹੋਰ ਪਛਾਣ ਦਸਤਾਵੇਜ਼ ਸ਼ਾਮਲ ਸਨ।

ਹੋਮਲੈਂਡ ਸੁਰੱਖਿਆ ਦੇ ਏਜੰਟਾਂ ਨੇ ਜਾਂਚ ਦੌਰਾਨ ਦੇਖਿਆ ਕਿ ਹਲਦਰ ਜੀਵੀਐਸ ਮੰਦਰ ਨੂੰ ਧਾਰਮਿਕ ਵੀਜ਼ਾ ਘੁਟਾਲੇ ਦੀ ਸਕੀਮ ਵਿਚ ਪਲੇਟਫਾਰਮ ਵਜੋਂ ਵਰਤਦਾ ਸੀ। ਉਹ ਇਨ੍ਹਾਂ ਭਾਰਤੀਆਂ ਤੋਂ ਆਰ-1 ਵੀਜ਼ਾ ਦਿਵਾਉਣ ਲਈ 30,000 ਡਾਲਰ ਲੈਂਦਾ ਸੀ। ਹੋਮ ਸੁਰੱਖਿਆ ਅਨੁਸਾਰ ਦੇਸ਼ ਦਾ ਇਮੀਗਰੇਸ਼ਨ ਸਿਸਟਮ ਵੇਚਣ ਲਈ ਨਹੀਂ ਹੈ।

## ਕੈਨੇਡੀਅਨ ਨਾਗਰਿਕਤਾ ਲੈਣੀ ਹੋਈ ਔਖੀ

**ਟੋਰਾਂਟੋ:** ਕੈਨੇਡਾ ਸਰਕਾਰ ਮੁਲਕ ਅੰਦਰ ਨਾਗਰਿਕਤਾ ਧੋਖਾਧੜੀ ਨੂੰ ਨੱਥ ਪਾਉਣ ਲਈ ਹੋਰ ਨਿਯਮ ਲਾਗੂ ਕਰ ਰਹੀ ਹੈ ਜਿਸ ਨਾਲ ਹਜ਼ਾਰਾਂ ਆਵਾਸੀਆਂ ਨੂੰ ਪੂਰੇ ਤੌਰ 'ਤੇ ਇਥੋਂ ਦਾ ਨਾਗਰਿਕ ਬਣਨ ਲਈ ਕਈ ਵਰ੍ਹੇ ਉਡੀਕਣਾ ਪੈ ਸਕਦਾ ਹੈ। ਆਵਾਸ ਮਹਿਕਮੇ ਦੇ ਸੂਤਰਾਂ ਮੁਤਾਬਕ ਇਹ ਉਡੀਕ ਨੌਂ ਸਾਲ ਤੱਕ ਦੀ ਹੋ ਸਕਦੀ ਹੈ। ਹੁਣ ਤੱਕ ਸਥਾਈ ਸ਼ਹਿਰੀ (ਪੀਆਰ) ਆਵਾਸੀ ਤਿੰਨ ਸਾਲ ਬਾਅਦ ਦਰਖਾਸਤ ਦੇ ਸਕਦਾ ਸੀ ਤੇ ਕਾਗਜ਼ੀ ਕਾਰਵਾਈ 'ਤੇ 21 ਮਹੀਨੇ ਹੋਰ ਲਗਦੇ ਸਨ ਜਿਸ ਨਾਲ ਕੁੱਲ ਮਿਲਾ ਕੇ ਪੰਜ ਸਾਲ ਵਿਚ ਉਹ ਨਾਗਰਿਕਤਾ ਹਾਸਲ ਕਰ ਲੈਂਦਾ ਸੀ।

ਆਵਾਸ ਮਹਿਕਮੇ ਨੇ ਪਿਛਲੇ ਸਾਲ ਮਈ ਵਿਚ ਇਨ੍ਹਾਂ ਦਰਖਾਸਤਕਾਰਾਂ ਨੂੰ ਚਾਰ ਸਫ਼ਿਆਂ ਦਾ ਪ੍ਰਸ਼ਨੋਤਰੀ ਫਾਰਮ ਤੇ ਟੈਕਸ ਰਿਟਰਨਾਂ ਨਾਲ ਨੱਥੀ ਕਰਨ ਲਈ ਕਿਹਾ ਸੀ ਤਾਂ ਜੋ ਬੰਦੇ ਦਾ ਕੈਨੇਡਾ ਵਿਚ ਰਹਿੰਦੇ ਹੋਣਾ ਯਕੀਨੀ ਬਣਾਇਆ ਜਾ ਸਕੇ। ਮਹਿਕਮੇ ਮੁਤਾਬਕ ਪਿਛਲੇ ਸਾਲ ਸੱਤ ਮਈ ਤੋਂ 28 ਸਤੰਬਰ ਤਕ ਨਾਗਰਿਕਤਾ ਲਈ 60 ਹਜ਼ਾਰ ਅਰਜ਼ੀਆਂ ਅਗੇਤਰੀ ਜਾਂਚ ਲਈ ਭੇਜੀਆਂ ਗਈਆਂ ਸਨ ਤੇ ਜਿਨ੍ਹਾਂ ਵਿਚੋਂ 11 ਹਜ਼ਾਰ ਲੋਕਾਂ ਨੂੰ ਦੁਬਾਰਾ ਕੁਝ ਪ੍ਰਸ਼ਨੋਤਰੀ ਪੱਤਰ ਭੇਜੇ ਗਏ। ਆਵਾਸ ਮੰਤਰੀ ਜੇਸਨ ਕੈਨੀ ਦੇ ਦਫਤਰ ਤੋਂ ਮਿਲੀ ਸੂਚਨਾ ਅਨੁਸਾਰ ਆਵਾਸੀਆਂ ਦੀ ਵੱਡੀ ਤਾਦਾਦ ਵਿਚ ਆਉਣਾ ਇਸ ਨਾਗਰਿਕਤਾ ਦੇ ਨਿਬੇੜੇ ਲਈ ਬੋਝ ਬਣਿਆ ਹੋਇਆ ਹੈ ਜਿਸ ਲਈ ਜ਼ਿਆਦਾ ਵਕਤ ਲੱਗ ਰਿਹਾ ਹੈ।

## ਅਲਬਰਟਾ ਦੀਆਂ ਅਦਾਲਤਾਂ ਵਿਚ ਕਿਰਪਾਨ ਪਾਉਣ ਦੀ ਇਜਾਜ਼ਤ

**ਕੈਲਗਰੀ (ਬਿਊਰੋ):** ਵਰਲਡ ਸਿੱਖ ਆਰਗੇਨਾਈਜੇਸ਼ਨ (ਡਬਲਯੂਐਸਓ) ਤੇ ਅਲਬਰਟਾ ਮਨੁੱਖੀ ਅਧਿਕਾਰ ਸੰਸਥਾ ਨੇ ਕੈਨੇਡਾ ਦੇ ਸੂਬੇ ਅਲਬਰਟਾ ਦੀਆਂ ਅਦਾਲਤਾਂ ਵਿਚ ਸਿੱਖਾਂ ਨੂੰ ਕਿਰਪਾਨ ਪਹਿਨਣ 'ਤੇ ਲੱਗੀ ਪਾਬੰਦੀ ਹਟਾ ਕੇ ਨਵੇਂ ਦਿਸ਼ਾ-ਨਿਰਦੇਸ਼ ਦਿੱਤੇ ਹਨ ਜਿਸ ਤਹਿਤ ਜਿਹੜਾ ਸਿੱਖ ਵਿਅਕਤੀ ਅਦਾਲਤ ਵਿਚ ਕਿਰਪਾਨ ਪਹਿਨ ਕੇ ਜਾਣਾ ਚਾਹੁੰਦਾ ਹੋਵੇ, ਉਸ ਨੂੰ ਆਪਣੇ ਪੰਜ ਕਕਾਰ ਅੰਮ੍ਰਿਤਧਾਰੀ ਹੋਣ ਦਾ ਸਵੈ ਪ੍ਰਮਾਣ ਦੇਣਾ ਹੋਵੇਗਾ ਤੇ ਅਦਾਲਤ ਦੇ ਸੁਰੱਖਿਆ ਅਧਿਕਾਰੀ ਨੂੰ ਕਿਰਪਾਨ ਪਹਿਨੀ ਹੋਣ ਦੀ ਸੂਚਨਾ ਵੀ ਦੇਣੀ ਪਵੇਗੀ।



ਅਲਬਰਟਾ ਦੇ ਸਿੱਖ ਮੰਤਰੀ ਮਨਮੀਤ ਸਿੰਘ ਭੁੱਲਰ ਤੇ ਵਰਲਡ ਸਿੱਖ ਸੰਸਥਾ ਦੇ ਲੀਗਲ ਐਡਵਾਈਜ਼ਰ ਬਲਪ੍ਰੀਤ ਸਿੰਘ ਨੇ ਦੱਸਿਆ ਸਬੰਧਤ ਵਿਅਕਤੀ ਦੇ ਸਾਰੇ ਪੰਜ ਕਕਾਰ ਪਹਿਨੇ ਹੋਣੇ ਲਾਜ਼ਮੀ ਹੋਣਗੇ। ਮਿਆਨ ਸਮੇਤ ਕਿਰਪਾਨ ਦੀ ਲੰਬਾਈ 7.5 ਇੰਚ ਤੱਕ ਹੋ ਸਕਦੀ ਹੈ ਤੇ ਕਿਰਪਾਨ ਨੂੰ ਕੱਪੜਿਆਂ ਦੇ ਹੇਠਾਂ ਪਹਿਨਿਆ ਹੋਣਾ ਜ਼ਰੂਰੀ ਹੋਵੇਗਾ। ਅਦਾਲਤਾਂ ਵਿਚ ਕਿਰਪਾਨ 'ਤੇ ਲੱਗੀ ਪਾਬੰਦੀ ਦਾ ਕੇਸ ਉਸ ਵੇਲੇ ਮੀਡੀਏ ਦੀਆਂ ਸੁਰਖੀਆਂ ਬਣਿਆ ਸੀ ਜਦੋਂ 2008 ਵਿਚ ਕੈਲਗਰੀ ਦੇ ਇਕ ਨੌਜਵਾਨ ਤਜਿੰਦਰ ਸਿੰਘ ਸਿੱਧੂ ਨੂੰ ਕਿਰਪਾਨ ਪਹਿਨੀ ਹੋਣ ਕਰਕੇ ਅਦਾਲਤ ਵਿਚ ਜਾਣ ਤੋਂ ਰੋਕ ਦਿੱਤਾ ਗਿਆ ਸੀ ਜਦੋਂ ਉਹ ਅਦਾਲਤ ਦੇ ਹੁਕਮਾਂ 'ਤੇ ਇਕ ਕੇਸ ਵਿਚ ਗਵਾਹੀ ਦੇਣ ਲਈ ਗਿਆ ਸੀ। ਬਾਅਦ ਵਿਚ ਇਹ ਗਵਾਹੀ ਵੀਡੀਓ ਕਾਨਫਰੰਸ ਰਾਹੀਂ ਕੀਤੀ ਗਈ ਸੀ ਪਰ ਸ. ਸਿੱਧੂ ਇਹ ਕੇਸ ਅਲਬਰਟਾ ਮਨੁੱਖੀ ਅਧਿਕਾਰ ਸੰਸਥਾ ਕੋਲ ਲੈ ਗਿਆ ਸੀ। ਬੇਸ਼ਕ ਉਂਟਾਰੀਓ ਦੀਆਂ ਅਦਾਲਤਾਂ ਵਿਚ ਪਹਿਲਾਂ ਹੀ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਇਜਾਜ਼ਤ ਮਿਲੀ ਹੋਈ ਸੀ ਫਿਰ ਵੀ ਅਲਬਰਟਾ ਦੇ ਸਿੱਖਾਂ ਨੂੰ ਇਹ ਹੱਕ ਲੈਣ ਲਈ ਤਕਰੀਬਨ ਪੰਜ ਸਾਲ ਜੱਦੋ-ਜ਼ਹਿਦ ਕਰਨੀ ਪਈ। ਇਸ ਕੇਸ ਨੂੰ ਅਦਾਲਤ ਵਿਚ ਜਾਣ ਤੋਂ ਬਿਨਾਂ ਹੱਲ ਕਰਾਉਣ ਵਿਚ ਸ. ਮਨਮੀਤ ਸਿੰਘ ਭੁੱਲਰ ਦਾ ਅਹਿਮ ਰੋਲ ਰਿਹਾ। ਸ. ਤਜਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਭਾਵੇਂ ਇਹ ਲੰਬਾ ਪੈਂਡਾ ਸੀ ਪਰ ਉਨ੍ਹਾਂ ਨੂੰ ਖੁਸ਼ੀ ਹੈ ਕਿ ਸਿੱਖ ਕੌਮ ਦੀ ਇਸ ਨਾਲ ਜਿੱਤ ਹੋਈ ਹੈ ਤੇ ਕਿਰਪਾਨ ਨੂੰ ਅਲਬਰਟਾ ਦੀਆਂ ਅਦਾਲਤਾਂ ਵਿਚ ਮਾਨਤਾ ਮਿਲੀ ਹੈ।

# ਹਰਿੰਦਰ ਤੱਖਰ ਨੇ ਵੀ ਕੈਨੇਡਾ ਵਿਚ ਬਣਾ ਦੇਣਾ ਸੀ ਇਤਿਹਾਸ...

**ਚੰਡੀਗੜ੍ਹ:** ਸਰਕਾਰੀ ਸੇਵਾਵਾਂ ਬਾਰੇ ਓਂਟਾਰੀਓ ਦੇ ਮੰਤਰੀ ਹਰਿੰਦਰ ਤੱਖਰ ਨੇ ਕੈਨੇਡਾ ਦੇ ਸੂਬੇ ਦਾ ਪ੍ਰਧਾਨ ਮੰਤਰੀ ਬਣਨ ਦਾ ਮੌਕਾ ਹੱਥੋਂ ਜਾਣ ਦਿੱਤਾ ਹੈ। ਜੇਕਰ ਉਹ ਇਸ ਅਹੁਦੇ 'ਤੇ ਆ ਜਾਂਦੇ ਤਾਂ ਉਜਲ ਦੋਸਾਂਝ ਮਗਰੋਂ ਉਹ ਦੂਜੇ ਭਾਰਤੀ-ਕੈਨੇਡਿਆਈ ਹੋਣੇ ਸਨ ਜੋ ਕੈਨੇਡਾ ਦੇ ਕਿਸੇ ਸੂਬੇ ਦੇ ਸਰਵਉੱਚ ਅਹੁਦੇ 'ਤੇ ਪੁੱਜੇ ਹੋਣ। ਲੰਘੇ ਦਿਨੀਂ ਜਦੋਂ ਲੀਡਰਸ਼ਿਪ ਲਈ ਵੋਟਾਂ ਪਈਆਂ ਤਾਂ ਪਾਰਟੀ ਲੀਡਰਸ਼ਿਪ ਪੁਜ਼ੀਸ਼ਨ ਲਈ ਦੌੜ ਵਿਚ ਚਾਰ ਆਗੂਆਂ ਵਿਚੋਂ ਹਰਿੰਦਰ ਤੱਖਰ ਨੇ ਸਾਂਦਰਾ ਪੁਪਾਟੈਲੋ ਦੇ ਹੱਕ ਵਿਚ ਭੁਗਤਦਿਆਂ ਆਪਣਾ ਨਾਂ ਵਾਪਸ ਲੈ ਲਿਆ ਸੀ।

ਦਿਲਚਸਪ ਗੱਲ ਹੈ ਕਿ ਹੁਣ ਕੈਥਲੀਨ ਵਾਇਨ ਦੇ ਡਾਲਟਨ ਮੈਕਗਿੰਟੀ ਦੀ ਥਾਂ ਓਂਟਾਰੀਓ ਦੀ ਪ੍ਰਧਾਨ ਮੰਤਰੀ ਬਣਨ ਦੇ ਆਸਾਰ ਹਨ ਕਿਉਂਕਿ ਕੈਥਲੀਨ ਤੇ ਸਾਂਦਰਾ ਵਿਚਾਲੇ ਸਿੱਧੇ ਮੁਕਾਬਲੇ ਵਿਚੋਂ ਕੈਥਲੀਨ ਜੇਤੂ ਰਹੀ ਸੀ। ਫੈਡਰਲ ਲਿਬਰਲ ਪਾਰਟੀ ਦੀ ਲੀਡਰਸ਼ਿਪ ਦੇ ਦਾਅਵੇ ਲਈ ਡਾਲਟਨ ਨੇ ਖ਼ੁਦ ਅਸਤੀਫਾ ਦੇ ਦਿੱਤਾ ਸੀ। 24 ਫਰਵਰੀ, 2000 ਵਿਚ ਐਨਡੀਪੀ ਵੱਲੋਂ ਉਜਲ ਦੋਸਾਂਝ ਨੇ ਇਤਿਹਾਸ ਸਿਰਜਿਆ ਸੀ ਜਦੋਂ ਉਹ ਬ੍ਰਿਟਿਸ਼ ਕੋਲੰਬੀਆ ਦਾ ਪਹਿਲਾ ਭਾਰਤੀ-ਕੈਨੇਡਿਆਈ ਪ੍ਰਧਾਨ ਮੰਤਰੀ ਬਣਿਆ ਸੀ। ਬੀਸੀ ਪੰਜਾਬੀਆਂ ਦੀ ਆਬਾਦੀ ਵਾਲਾ ਕੈਨੇਡਾ ਦਾ ਦੂਜਾ ਵੱਡਾ ਸੂਬਾ ਹੈ। ਦੋਸਾਂਝ 5 ਜੂਨ, 2001 ਤਕ ਅਹੁਦੇ 'ਤੇ ਰਹੇ ਸਨ। 2200 ਡੈਲੀਗੇਟਾਂ ਦੀ ਸ਼ਮੂਲੀਅਤ ਵਾਲੀ ਲੀਡਰਸ਼ਿਪ ਕਨਵੈਨਸ਼ਨ ਵਿਚ ਆਖਰੀ ਮੌਕੇ 'ਤੇ ਆਪਣਾ ਨਾਂ ਵਾਪਸ ਲੈ ਕੇ ਹਰਿੰਦਰ ਤੱਖਰ ਨੇ ਸਭ ਨੂੰ ਹੈਰਾਨ ਕਰ ਦਿੱਤਾ। ਇਸ ਮੌਕੇ ਉਸ ਨੇ ਜਜ਼ਬਾਤੀ ਭਾਸ਼ਣ ਵੀ ਦਿੱਤਾ। ਆਲੋਚਕਾਂ ਅਨੁਸਾਰ ਉਸ ਦੀਆਂ ਟਿੱਪਣੀਆਂ ਮੋਟੇ ਜਿਹੇ ਤੌਰ 'ਤੇ ਨਵੇਂ ਕੈਨੇਡਿਆਈਆਂ ਲਈ ਸਨ। ਮਿਸੀਸਾਗਾ-ਐਰਿਨਡੇਲ ਦੀ ਪ੍ਰਤੀਨਿਧਤਾ ਕਰਦੇ ਹਰਿੰਦਰ ਤੱਖਰ ਨੇ ਉਹ ਸਮਾਂ ਵੀ ਯਾਦ ਕੀਤਾ ਜਦੋਂ 1974 ਵਿਚ ਉਹ ਕੈਨੇਡਾ ਪੁੱਜਿਆ ਸੀ ਤੇ



ਉਸ ਨੇ 1.85 ਡਾਲਰ ਪ੍ਰਤੀ ਘੰਟਾ ਦੇ ਹਿਸਾਬ ਇਕ ਫੈਕਟਰੀ ਵਿਚ ਕੰਮ ਕੀਤਾ, ਫਿਰ ਉਸ ਨੇ ਹੋਰ ਪੜ੍ਹਾਈ ਕੀਤੀ ਤੇ ਆਪਣੇ ਖੇਤਰ ਵਿਚ ਨੌਕਰੀ ਪ੍ਰਾਪਤ ਕੀਤੀ। ਟੋਰਾਂਟੋ ਤੋਂ ਖ਼ਬਰਾਂ ਅਨੁਸਾਰ ਇਸ 61 ਸਾਲਾ ਸਾਬਕਾ ਕੈਬਨਿਟ ਮੰਤਰੀ ਤੇ ਕਾਰੋਬਾਰੀ ਨੇ ਲੀਡਰਸ਼ਿਪ ਮੁਹਿੰਮ ਵਿਚ ਵਾਅਦਾ ਕੀਤਾ ਸੀ ਕਿ ਮਾਰਚ 2018 ਤਕ ਓਂਟਾਰੀਓ ਦਾ 11.9 ਅਰਬ ਡਾਲਰ ਦਾ ਘਾਟਾ ਖ਼ਤਮ ਕਰ ਲਿਆ ਜਾਵੇਗਾ। ਇਹ ਸੀਮਾ ਵਰਤਮਾਨ ਪ੍ਰੋਗਰਾਮ ਨਾਲੋਂ ਇਕ ਸਾਲ ਅਗਾਊਂ ਹੈ।

ਮਿਸੀਸਾਗਾ ਰਹਿੰਦਾ ਤੱਖਰ ਸ਼ਾਦੀਸ਼ੁਦਾ ਤੇ ਦੋ ਧੀਆਂ ਦਾ ਪਿਤਾ ਹੈ। ਹਰਿੰਦਰ ਤੱਖਰ-ਇਕਨਾਮਿਕਸ, ਪੋਲਿਟੀਕਲ ਸਾਇੰਸ ਵਿਚ ਮਾਸਟਰ ਡਿਗਰੀ ਤੇ ਇੰਗਲਿਸ਼, ਇਕਨਾਮਿਕਸ, ਪੋਲੀਟੀਕਲ ਸਾਇੰਸ ਵਿਚ ਅੰਡਰ ਗਰੈਜੂਏਟ ਹੈ। ਉਹ ਸਰਟੀਫਾਈਡ ਮੈਨੇਜਮੈਂਟ ਅਕਾਊਂਟੈਂਟ (ਸੀਐਮਏ) ਤੇ ਪੇਸ਼ੇਵਰ ਪ੍ਰਸ਼ਾਸਕ ਵਜੋਂ ਯੋਗਤਾ ਪ੍ਰਾਪਤ ਹੈ। ਉਸ ਨੂੰ ਵਕਾਰੀ ਸਟੇਟ ਮੈਰਿਟ ਸਕਾਲਰਸ਼ਿਪ ਮਿਲਿਆ ਤੇ ਬੈਚੁਲਰ ਦੀ ਡਿਗਰੀ ਦੌਰਾਨ ਉਹ ਇਕਨਾਮਿਕਸ ਵਿਚੋਂ ਫਸਟ ਰਿਹਾ।

ਰੌਟਮੈਨ ਸਕੂਲ ਆਫ ਮੈਨੇਜਮੈਂਟ (ਯੂਨੀਵਰਸਿਟੀ ਆਫ ਟੋਰਾਂਟੋ) ਤੇ ਸ਼ੂਲਿਕ ਸਕੂਲ ਆਫ ਬਿਜ਼ਨਸ (ਯਾਰਕ ਯੂਨੀਵਰਸਿਟੀ) ਤੋਂ ਉਸ ਨੇ ਡਿਗਰੀਆਂ ਤੇ ਡਿਪਲੋਮਿਆਂ ਨਾਲ ਆਪਣੀ ਯੋਗਤਾ ਹੋਰ ਵਧਾਈ। ਉਹ 2000 ਵਿਚ ਅਕਾਊਂਟੈਂਟਸ ਦੀ ਸੁਸਾਇਟੀ (ਐਫਸੀਐਮਏ) ਦਾ ਫੈਲੋ ਵੀ ਰਿਹਾ। ਅਕਤੂਬਰ 2003 ਵਿਚ ਉਹ ਓਂਟਾਰੀਓ ਵਿਚ ਵਿਧਾਇਕ ਚੁਣਿਆ ਗਿਆ ਸੀ, ਫਿਰ 2007 ਵਿਚ ਵੀ ਉਹ ਜਿੱਤ ਗਿਆ ਸੀ।

ਉਸ ਨੂੰ ਜਲਦੀ ਹੀ ਐਗਜ਼ੀਕਿਊਟਿਵ ਕੌਂਸਲ ਆਫ ਓਂਟਾਰੀਓ ਵਿਚ ਨਿਯੁਕਤ ਕੀਤਾ ਗਿਆ। ਉਹ ਆਵਾਜਾਈ ਮੰਤਰੀ ਬਣਿਆ। ਫਿਰ ਓਂਟਾਰੀਓ ਦਾ ਛੋਟੇ ਕਾਰੋਬਾਰਾਂ ਤੇ ਉੱਦਮਾਂ ਲਈ ਪਹਿਲਾ ਮੰਤਰੀ ਬਣਿਆ, ਫਿਰ ਛੋਟੇ ਕਾਰੋਬਾਰਾਂ ਤੇ ਖਪਤਕਾਰ ਸੇਵਾਵਾਂ ਮੰਤਰੀ ਤੇ ਉੜਕ ਜੂਨ 2009 ਵਿਚ ਸਰਕਾਰੀ ਸੇਵਾਵਾਂ ਲਈ ਮੰਤਰੀ ਬਣਿਆ।

# ਬੰਦੂਕ ਸੱਭਿਆਚਾਰ ਨੂੰ ਠੱਲ੍ਹ ਪਾਉਣ ਲਈ ਓਬਾਮਾ ਹੋਏ ਸਰਗਰਮ

**ਵਾਸ਼ਿੰਗਟਨ:** ਅਮਰੀਕਾ ਵਿਚ ਬੰਦੂਕ ਸੱਭਿਆਚਾਰ ਨੂੰ ਠੱਲ ਪਾਉਣ ਲਈ ਕਦਮ ਚੁੱਕਣ ਲਈ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਹਾਲ ਹੀ ਦੌਰਾਨ ਦੇਸ਼ ਵਿਚ ਵੱਖ-ਵੱਖ ਥਾਈਂ ਗੋਲੀਬਾਰੀ ਦੀਆਂ ਘਟਨਾਵਾਂ ਵਧ ਗਈਆਂ ਹਨ ਤੇ ਆਮ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣ ਲਈ ਦੇਸ਼ ਭਰ ਵਿਚ ਬੰਦੂਕਾਂ ਦੀ ਖੁੱਲ੍ਹੀ ਵਿਕਰੀ ਰੋਕਣ ਲਈ ਆਵਾਜ਼ ਬੁਲੰਦ ਹੋ ਚੁੱਕੀ ਹੈ।

ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਰਾਸ਼ਟਰਪਤੀ ਨੇ ਕਿਹਾ ਕਿ ਇਸ ਗੱਲ ਦੀ ਖੁਸ਼ੀ ਹੈ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਕਾਨੂੰਨੀ ਮਾਹਰਾਂ ਨਾਲ ਗੱਲ ਹੋਈ ਹੈ। ਉਨ੍ਹਾਂ ਦੇ ਵਿਚਾਰ ਬੜੇ ਕੀਮਤੀ ਹਨ ਕਿਉਂਕਿ ਉਨ੍ਹਾਂ ਦੇ ਵਿਭਾਗ ਨੂੰ ਅਮਲੀ ਜਾਮਾ ਪਹਿਨਾ ਕੇ ਹੀ ਨਿਊਟਾਊਨ ਤੇ ਓਕ ਕਰੀਕ ਵਰਗੇ ਕਾਂਡ ਰੋਕੇ ਜਾ ਸਕਣਗੇ। ਇਸ ਮੀਟਿੰਗ ਵਿਚ ਦੇਸ਼ ਭਰ ਵਿਚੋਂ ਅਧਿਕਾਰੀ ਪੁੱਜੇ ਜਿਨ੍ਹਾਂ ਵਿਚ ਓਕ ਕਰੀਕ ਤੇ ਨਿਊਟਾਊਨ ਦੇ ਅਧਿਕਾਰੀ ਵੀ ਸ਼ਾਮਲ ਸਨ।

ਰਾਸ਼ਟਰਪਤੀ ਨੇ ਦੱਸਿਆ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਹਥਿਆਰ 'ਤੇ ਕਾਬੂ ਪਾਉਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਤਹਿਤ ਦੇਸ਼ ਭਰ ਵਿਚਲੇ ਹਥਿਆਰਾਂ ਦੇ ਅੰਕੜੇ ਇਕੱਤਰ ਕੀਤੇ ਜਾ ਰਹੇ ਹਨ। ਇਹ ਪ੍ਰਕਿਰਿਆ ਲੰਮੀ ਹੈ ਤੇ ਇਸ ਬਾਰੇ ਦੇਸ਼ ਵਾਸੀ ਸਬਰ ਤੋਂ ਕੰਮ ਲੈਣ। ਸਭ ਤੋਂ ਵੱਡੀ ਗੱਲ ਇਹ ਹੈ ਕਿ ਘਾਤਕ ਹਥਿਆਰਾਂ ਨੂੰ ਲੋਕਾਂ ਦੇ ਹੱਥਾਂ ਵਿਚ ਜਾਣ ਤੋਂ ਰੋਕਣ ਲਈ ਕਈ ਗੰਭੀਰ ਕਾਨੂੰਨ ਪਾਸ ਕਰਨੇ ਪੈਣਗੇ ਜਿਸ ਲਈ ਕਾਂਗਰਸ ਦੇ ਸਹਿਯੋਗ ਦੀ ਲੋੜ ਹੈ।

# ਮਾਇਆਵਤੀ ਦੀ ਮੁੜ ਸ਼ਾਮਤ ਆਈ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਤਾਜ ਕਾਰੀਡੋਰ ਘਪਲੇ ਵਿਚ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਖਿਲਾਫ਼ ਮੁਕੱਦਮਾ ਚਲਾਏ ਜਾਣ ਦੀ ਮੰਗ ਕਰਦੀ ਅਰਜ਼ੀ ਉਤੇ ਨਵੇਂ ਸਿਰਿਓਂ ਵਿਚਾਰ ਕਰਨ ਦਾ ਫੈਸਲਾ ਕੀਤਾ ਹੈ। ਸੁਪਰੀਮ ਕੋਰਟ ਵੱਲੋਂ 17 ਕਰੋੜ ਰੁਪਏ ਦੇ ਘਪਲੇ ਦੇ ਇਸ ਮਾਮਲੇ ਵਿਚ ਉਨ੍ਹਾਂ ਖਿਲਾਫ਼ ਮੁਕੱਦਮਾ ਚਲਾਉਣ ਲਈ ਯੂਪੀ ਦੇ ਰਾਜਪਾਲ ਵੱਲੋਂ ਇਜਾਜ਼ਤ ਨਾ ਦਿੱਤੇ ਜਾਣ ਦੇ ਬਾਵਜੂਦ ਇਹ ਕਾਰਵਾਈ ਕੀਤੀ ਜਾਵੇਗੀ।

ਇਹ ਹੁਕਮ ਸੁਪਰੀਮ ਕੋਰਟ ਦੇ ਜਸਟਿਸ ਐਚ.ਐਲ. ਦੱਤੂ ਤੇ ਜਸਟਿਸ ਰੰਜਨ ਗੋਗੋਈ ਨੇ ਇਸ ਸਬੰਧੀ ਅਲਾਹਾਬਾਦ ਹਾਈ ਕੋਰਟ ਵੱਲੋਂ ਸੁਣਾਏ ਫੈਸਲੇ ਖਿਲਾਫ਼ ਦਾਇਰ ਪਟੀਸ਼ਨ ਦੇ ਆਧਾਰ ਉਤੇ ਦਿੱਤਾ। ਇਸ ਤੋਂ ਪਹਿਲਾਂ ਅਲਾਹਾਬਾਦ ਹਾਈ ਕੋਰਟ ਨੇ ਰਾਜਪਾਲ ਦੀ ਇਜਾਜ਼ਤ ਦੀ ਅਣਹੋਂਦ ਵਿਚ ਇਸ ਸਬੰਧੀ ਦਾਇਰ ਵੱਖ-ਵੱਖ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਸੀ।




ਪਟੀਸ਼ਨਰਾਂ ਨੇ ਇਸ ਮਾਮਲੇ ਵਿਚ ਦਲੀਲ ਦਿੱਤੀ ਹੈ ਕਿ ਯੂਪੀ ਦੇ ਉਦੋਂ ਦੇ ਰਾਜਪਾਲ ਟੀ.ਵੀ. ਰਾਜੇਸ਼ਵਰ ਨੇ ਭਾਵੇਂ 2007 ਵਿਚ ਬੀਬੀ ਮਾਇਆਵਤੀ ਤੇ ਉਨ੍ਹਾਂ ਦੀ ਵਜ਼ਾਰਤ ਵਿੱਚ ਰਹੇ ਵਾਤਾਵਰਨ ਮੰਤਰੀ ਨਸੀਮੂਦੀਨ ਸਿਦੀਕੀ ਖਿਲਾਫ਼ ਮੁਕੱਦਮੇ ਦੀ ਇਜਾਜ਼ਤ ਨਹੀਂ ਦਿੱਤੀ ਪਰ ਸੁਣਵਾਈ ਅਦਾਲਤ ਵੱਲੋਂ ਇਸ ਮਾਮਲੇ ਵਿਚ ਫੌਜਦਾਰੀ ਕਾਰਵਾਈ ਅੱਗੇ ਤੋਰੀ ਜਾ ਸਕਦੀ ਸੀ। ਹੁਣ ਇਸ ਮਾਮਲੇ ਵਿਚ ਸੁਪਰੀਮ ਕੋਰਟ ਨੇ ਬੀਬੀ ਮਾਇਆਵਤੀ ਤੇ ਸ੍ਰੀ ਸਿਦੀਕੀ ਤੋਂ ਇਲਾਵਾ ਕੇਂਦਰ ਤੇ ਯੂਪੀ ਸਰਕਾਰਾਂ ਤੇ ਸੀਬੀਆਈ ਨੂੰ ਨੋਟਿਸ ਜਾਰੀ ਕਰਕੇ ਚਾਰ ਹਫ਼ਤਿਆਂ ਵਿਚ ਜਵਾਬ ਮੰਗਿਆ ਹੈ।

ਇਸੇ ਦੌਰਾਨ ਇਸ ਘਟਨਾ ਦਾ ਅਸਰ ਬਹੁਜਨ ਸਮਾਜ ਪਾਰਟੀ ਤੇ ਕੇਂਦਰ ਦੀ ਯੂਪੀਏ ਸਰਕਾਰ ਦੇ ਰਿਸ਼ਤਿਆਂ ਉਤੇ ਵੀ ਪੈ ਸਕਦਾ ਹੈ ਕਿਉਂਕਿ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਬਸਪਾ ਦੀ ਤੇ ਸਮਾਜਵਾਦੀ ਪਾਰਟੀ ਦੀ ਹਮਾਇਤ ਉਤੇ ਹੀ ਟਿਕੀ ਹੋਈ ਹੈ। ਬਸਪਾ ਦੇ ਲੋਕ ਸਭਾ ਵਿਚ 21 ਤੇ ਰਾਜ ਸਭਾ ਵਿਚ 15 ਮੈਂਬਰ ਹਨ। ਸੰਸਦ ਦਾ ਬਜਟ ਸੈਸ਼ਨ ਸ਼ੁਰੂ ਹੋਣ ਨੂੰ ਹੁਣ ਜਦੋਂ ਇਕ ਮਹੀਨੇ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ ਤਾਂ ਯੂਪੀਏ ਵੱਲੋਂ ਕਿਸੇ ਵੀ ਸੂਰਤ ਵਿਚ ਬਸਪਾ ਨੂੰ ਨਾਰਾਜ਼ ਕਰਨ ਦਾ ਖ਼ਤਰਾ ਮੁੱਲ ਨਹੀਂ ਲਿਆ ਜਾ ਸਕਦਾ।

# ਕ੍ਰਿਕਟ ਖਿਡਾਰੀ ਹਰਭਜਨ ਨੇ ਲੱਚਰ ਗਾਇਕਾਂ ਨੂੰ ਵੰਗਾਰਿਆ

**ਜਲੰਧਰ:** ਪੰਜਾਬ ਵਿਚ ਵਧ ਰਹੀ ਲੱਚਰ ਗਾਇਕੀ ਦੇ ਰੁਝਾਨ 'ਤੇ ਕ੍ਰਿਕਟ ਟੀਮ ਦੇ ਫਿਰਕੀ ਗੇਂਦਬਾਜ਼ ਹਰਭਜਨ ਸਿੰਘ ਭੱਜੀ ਨੇ ਆਪਣੇ



ਫਿਕਰਿਆਂ ਰਾਹੀਂ ਤਿੱਖੀ ਚੋਟ ਕੀਤੀ ਹੈ। ਕ੍ਰਿਕਟ ਦੇ ਨਾਲ-ਨਾਲ ਗਾਇਕੀ ਵੱਲ ਨੂੰ ਮੁੜੇ ਹਰਭਜਨ ਸਿੰਘ ਨੇ 'ਇਕ ਸੁਨੇਹਾ' ਨਾਂ ਦੀ ਡੀਵੀਡੀ ਰਿਲੀਜ਼ ਕਰਦਿਆਂ ਕਿਹਾ ਕਿ ਇਹ ਡੀਵੀਡੀ ਪੈਸੇ ਕਮਾਉਣ ਲਈ ਨਹੀਂ ਸਗੋਂ ਪੰਜਾਬੀ ਹੋਣ ਦੇ ਨਾਤੇ ਪੰਜਾਬੀ ਗਾਇਕੀ ਦੇ ਹੋ ਰਹੇ ਘਾਣ ਤੋਂ ਦੁਖੀ ਹੋ ਕੇ ਇਹ ਸੁਨੇਹਾ ਸਮੁੱਚੇ ਪੰਜਾਬੀਆਂ ਨੂੰ ਦੇਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਸੁਨੇਹਾ ਯੂ-ਟਿਊਬ ਤੇ ਹੋਰ ਸੋਸ਼ਲ ਨੈੱਟਵਰਕ ਰਾਹੀਂ ਦਿੱਤਾ ਜਾ ਰਿਹਾ ਹੈ।

ਜਾਰੀ ਕੀਤੇ ਗਏ 'ਇਕ ਸੁਨੇਹੇ' ਨੂੰ ਕਾਵਿ-ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਸੁਨੇਹੇ ਦਾ ਲੇਖਕ ਫਿਲੌਰ ਦਾ ਰਹਿਣ ਵਾਲਾ ਸੰਜੇ ਗਲੋਰੀ ਹੈ। ਲੱਚਰ ਗਾਇਕੀ 'ਤੇ ਆਪਣੇ ਇਸ ਵੀਡੀਓ ਸੁਨੇਹੇ ਰਾਹੀਂ ਹਰਭਜਨ ਸਿੰਘ ਪਹਿਲਾਂ ਬੋਲ ਕੇ ਇਹ ਦੱਸਦਾ ਹੈ ਕਿ ਉਸ ਦਾ ਮਕਸਦ ਕਿਸੇ ਵਿਅਕਤੀ ਵਿਸ਼ੇਸ਼ 'ਤੇ ਚੋਟ ਕਰਨਾ ਨਹੀਂ ਹੈ। ਇਸ ਰਾਹੀਂ ਗਾਇਕਾਂ ਤੇ ਗੀਤਕਾਰਾਂ ਨੂੰ ਹਲੂਣਿਆ ਗਿਆ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਤੇ ਪੰਜਾਬੀ ਦੇ ਅਮੀਰ ਸੱਭਿਆਚਾਰ ਨੂੰ ਵਿਗਾੜ ਕੇ ਪੇਸ਼ ਨਾ ਕਰਨ।

ਹਰਭਜਨ ਨੇ ਇਸ ਕਵਿਤਾ ਰਾਹੀਂ ਕਿਹਾ 'ਤੁਹਾਡੇ ਗੀਤਾਂ ਨੇ ਕਾਲਜਾਂ ਨੂੰ ਆਸ਼ਕੀ ਦੇ ਅੱਡੇ ਬਣਾ ਦਿੱਤਾ। ਕਿਉਂ ਊਧਮ, ਕਰਤਾਰ, ਸਰਾਭਾ ਤੁਹਾਡੇ ਗੀਤਾਂ ਦੇ ਨਾਇਕ ਨਹੀਂ?' ਇਸ ਕਵਿਤਾ ਵਿਚ ਬਾਬਾ ਬੰਦਾ ਸਿੰਘ ਬਹਾਦਰ ਤੇ ਸ਼ਹੀਦ ਭਗਤ ਸਿੰਘ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਸੇ ਕਵਿਤਾ ਵਿਚ ਗਾਇਕਾਂ ਵੱਲੋਂ ਜੱਟਾਂ ਦੇ ਅਕਸ ਨੂੰ ਵਿਗਾੜ ਕੇ ਪੇਸ਼ ਕਰਨ 'ਤੇ ਵੀ ਕਰਾਰੀ ਚੋਟ ਕੀਤੀ ਗਈ ਹੈ। ਇਸ ਕਵਿਤਾ ਦੇ ਅਖੀਰ ਵਿਚ ਭੱਜੀ ਵਾਰ-ਵਾਰ ਅਸ਼ਲੀਲ ਗੀਤ ਗਾਉਣ ਤੇ ਲਿਖਣ ਵਾਲਿਆਂ ਨੂੰ ਇਹ ਕਹਿ ਰਿਹਾ ਹੈ ਕਿ 'ਮੇਰੀ ਮਾਂ ਬੋਲੀ 'ਤੇ ਰਹਿਮ ਕਰੋ।'

ਫਿਲਮੀ ਖੇਤਰ ਵੱਲ ਮੁੜੇ ਹਰਭਜਨ ਸਿੰਘ ਨੇ ਦੱਸਿਆ ਕਿ ਉਹ ਜਲਦੀ ਹੀ ਦੋ ਪੰਜਾਬੀ ਫਿਲਮਾਂ ਬਣਾਉਣ ਜਾ ਰਿਹਾ ਹੈ ਜਿਸ ਦੀ ਸ਼ੂਟਿੰਗ ਅਪਰੈਲ-ਮਈ ਮਹੀਨੇ ਸ਼ੁਰੂ ਹੋਣ ਦੀ ਉਮੀਦ ਹੈ। ਉਨ੍ਹਾਂ ਦੱਸਿਆ ਕਿ 'ਭੱਜੀ ਐਂਡ ਮਦਾਨ ਪ੍ਰੋਡਕਸ਼ਨ' ਨਾਂ ਦੀ ਕੰਪਨੀ ਬਣਾ ਕੇ ਇਹ ਕੰਮ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਨੇ ਫਿਲਮਾਂ ਵਿਚ ਕੰਮ ਕਰਨ ਵਾਲੇ ਕਲਾਕਾਰਾਂ ਦਾ ਅਜੇ ਖੁਲਾਸਾ ਨਹੀਂ ਕੀਤਾ। ਸਿਰਫ ਏਨਾ ਹੀ ਕਿਹਾ ਕਿ ਇਸ ਫਿਲਮ ਵਿਚ ਪੰਜਾਬੀ ਕਲਾਕਾਰਾਂ ਦੇ ਨਾਲ-ਨਾਲ ਬਾਲੀਵੁੱਡ ਸਿਤਾਰੇ ਵੀ ਕੰਮ ਕਰਨਗੇ। ਇਨ੍ਹਾਂ ਫਿਲਮਾਂ ਵਿਚ ਉਹ ਆਪ ਵੀ ਕਿਤੇ-ਕਿਤੇ ਦਿਖਾਈ ਦੇਣਗੇ।

# ਭਾਰਤੀ ਰਿਜ਼ਰਵ ਬੈਂਕ ਵੱਲੋਂ ਬੈਂਕਿੰਗ ਦਰਾਂ ਵਿਚ ਕਟੌਤੀ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ ਨੇ ਨੌਂ ਮਹੀਨਿਆਂ ਦੀ ਉਡੀਕ ਮਗਰੋਂ ਨੀਤੀਗਤ ਬੈਂਕਿੰਗ ਦਰਾਂ ਵਿਚ 0.25 ਫੀਸਦੀ ਦੀ ਕਟੌਤੀ ਕਰ ਦਿੱਤੀ ਤੇ ਨਾਲ ਹੀ ਉਸ ਨੇ ਵਪਾਰਕ ਬੈਂਕਾਂ ਦੇ ਨਕਦ ਰਾਖਵਾਂ ਅਨੁਪਾਤ (ਸੀਆਰਆਰ) ਵਿਚ ਵੀ ਇਕ ਚੌਥਾਈ ਫੀਸਦੀ ਕਮੀ ਮੰਨੀ ਹੈ। ਇਸ ਨਾਲ ਬੈਂਕਾਂ ਕੋਲ ਕਰਜ਼ੇ ਦੇਣ ਲਈ 18000 ਕਰੋੜ ਰੁਪਏ ਦੀ ਵਾਧੂ ਨਕਦੀ ਆਵੇਗੀ। ਰਿਜ਼ਰਵ ਬੈਂਕ ਦੇ ਇਨ੍ਹਾਂ ਕਦਮਾਂ ਨਾਲ ਮਕਾਨ ਤੇ ਵਾਹਨਾਂ ਲਈ ਕਰਜ਼ਾ ਸਸਤਾ ਹੋਣ ਦੀ ਆਸ ਹੈ ਤੇ ਸਨਅਤੀ ਖੇਤਰ ਨੂੰ ਬੈਂਕ ਕਰਜ਼ਾ ਸਸਤਾ ਮਿਲਣ ਦੀ ਉਮੀਦ ਬੱਝ ਗਈ ਹੈ।

ਰਿਜ਼ਰਵ ਬੈਂਕ ਨੇ ਮੁਦਰਾ ਨੀਤੀ ਦੀ ਤੀਜੀ ਤਿਮਾਹੀ ਸਮੀਖਿਆ ਵਿੱਚ ਆਪਣੀ ਨੀਤੀਗਤ ਵਿਆਜ ਦਰ ਰੈਪੋ ਵਿਚ 0.25 ਫੀਸਦੀ ਦੀ ਕਟੌਤੀ ਕਰਕੇ ਇਸ ਨੂੰ 8.00 ਫੀਸਦੀ ਦੀ ਥਾਂ 7.75 ਫੀਸਦੀ ਕਰ ਦਿੱਤਾ। ਰਿਜ਼ਰਵ ਬੈਂਕ ਦੇ ਗਵਰਨਰ ਡੀ ਸੁਬਾਰਾਓ ਨੇ ਤੀਜੀ ਤਿਮਾਹੀ ਦੀ ਮੁਦਰਾ ਨੀਤੀ ਦੀ ਸਮੀਖਿਆ ਜਾਰੀ ਕਰਦਿਆਂ ਕਿਹਾ ਕਿ ਬੈਂਕ ਵੱਲੋਂ ਇਹ ਕਦਮ ਨਿਵੇਸ਼ ਨੂੰ ਉਤਸ਼ਾਹਤ ਕਰਨ, ਆਰਥਿਕ ਵਿਕਾਸ ਨੂੰ ਸਮਰਥਨ ਦੇਣ ਤੇ ਮਹਿੰਗਾਈ 'ਤੇ ਕਾਬੂ ਪਾਉਣ ਲਈ ਚੁੱਕੇ ਗਏ ਹਨ।

ਸਨਅਤ ਤੇ ਵਣਜ ਮੰਤਰੀ ਆਨੰਦ ਸ਼ਰਮਾ ਨੇ ਮੁਦਰਾ ਨੀਤੀ ਉੱਪਰ ਪ੍ਰਤੀਕ੍ਰਿਆ ਵਿਚ ਕਿਹਾ ਕਿ ਇਹ ਸਕਾਰਾਤਮਕ ਕਦਮ ਹੈ ਤੇ ਇਸ ਨਾਲ ਆਰਥਿਕ ਵਿਕਾਸ ਦਰ ਵਧਾਉਣ ਵਿਚ ਮਦਦ ਮਿਲੇਗੀ। ਮੁਦਰਾ ਨੀਤੀ ਦੀ ਸਮੀਖਿਆ ਕਰਦਿਆਂ ਰਿਜ਼ਰਵ ਬੈਂਕ ਨੇ ਚਾਲੂ ਵਿੱਤੀ ਸਾਲ ਵਿਚ ਆਰਥਿਕ ਵਿਕਾਸ ਦਰ ਦੇ ਅਨੁਮਾਨ ਨੂੰ 5.8 ਫੀਸਦੀ ਤੋਂ ਘਟਾ ਕੇ 5.5 ਫੀਸਦ ਕਰ ਦਿੱਤਾ ਹੈ। ਮਹਿੰਗਾਈ ਦਰ ਦਾ ਅਨੁਮਾਨ ਵੀ ਰਿਜ਼ਰਵ ਬੈਂਕ ਨੇ ਘੱਟ ਕਰ ਦਿੱਤਾ ਹੈ। ਇਸ ਸਾਲ ਮਾਰਚ ਦੇ ਅੰਤ ਤਕ ਇਹ ਦਰ ਅਨੁਮਾਨ 7.5 ਫੀਸਦੀ ਤੋਂ ਘਟਾ ਕੇ 6.8 ਫੀਸਦੀ ਕਰ ਦਿੱਤੀ ਹੈ।

# ਬਾਦਲ ਦਾ ਸਾਬਕਾ ਓਐਸਡੀ ਮੁੜ ਜੇਲ੍ਹ 'ਚ

**ਮੁਹਾਲੀ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਾਬਕਾ ਓਐਸਡੀ ਹਰਦੀਪ ਸਿੰਘ ਭੰਵਰਾ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਆਰਐਸ ਰਾਏ ਦੀ ਅਦਾਲਤ ਵਿਚ ਪੇਸ਼ ਹੋਏ। ਅਦਾਲਤ ਨੇ ਉਸ ਨੂੰ 14 ਫਰਵਰੀ, 2013 ਤੱਕ ਜੁਡੀਸ਼ਲ ਰਿਮਾਂਡ ਅਧੀਨ ਮੁੜ ਪਟਿਆਲਾ ਜੇਲ੍ਹ ਭੇਜ ਦਿੱਤਾ। ਸ. ਭੰਵਰਾ ਨੂੰ ਬਾਦਲ ਪਰਿਵਾਰ ਵਿਰੁੱਧ ਦਰਜ ਮਾਮਲੇ ਵਿਚ ਬਰੀ ਕੀਤਾ ਜਾ ਚੁੱਕਿਆ ਹੈ ਪਰ ਉਸ ਖ਼ਿਲਾਫ਼ ਵੱਖਰਾ ਕੇਸ ਦਰਜ ਕੀਤਾ ਗਿਆ ਸੀ ਜਿਸ ਦੀ ਸੁਣਵਾਈ ਅਦਾਲਤ ਵਿਚ ਵਿਚਾਰ ਅਧੀਨ ਹੈ।

ਮੌਜੂਦਾ ਸਮੇਂ ਵਿਚ ਸਰਕਾਰੀ ਤੇ ਬਚਾਅ ਪੱਖ ਦੀਆਂ ਗਵਾਹੀਆਂ 'ਤੇ ਬਹਿਸ ਚੱਲ ਰਹੀ ਹੈ। ਇਸ ਕੇਸ ਵਿਚ ਨਾਮਜ਼ਦ ਬਾਦਲ ਦੇ ਨਜ਼ਦੀਕੀ ਰਿਸ਼ਤੇਦਾਰ ਨਿਰੋਤਮ ਸਿੰਘ ਢਿੱਲੋਂ, ਚਰਨਜੀਤ ਸਿੰਘ, ਰਾਜ ਕੁਮਾਰ, ਗੁਰਬਚਨ ਸਿੰਘ, ਰਜਿੰਦਰ ਸਿੰਘ, ਗੁਰਵਿੰਦਰ ਸਿੰਘ ਤੇ ਦਰਸ਼ਨ ਸਿੰਘ ਵੀ ਆਪਣੇ ਵਕੀਲਾਂ ਨਾਲ ਅਦਾਲਤ ਵਿਚ ਪੇਸ਼ ਹੋਏ। ਪਿਛਲੀਆਂ ਕਈ ਪੇਸ਼ੀਆਂ ਤੋਂ ਲਗਾਤਾਰ ਗੈਰਹਾਜ਼ਰ ਚੱਲ ਰਹੇ ਮੁਲਜ਼ਮ ਸੁਖਵੰਤ ਸਿੰਘ ਟੀਲੂ ਨੂੰ ਅਦਾਲਤ ਨੇ 14 ਫਰਵਰੀ ਤੱਕ ਜੇਲ੍ਹ ਭੇਜ ਦਿੱਤਾ ਹੈ। ਉਂਜ ਟੀਲੂ ਨੂੰ ਪਹਿਲਾਂ ਜ਼ਮਾਨਤ ਮਿਲੀ ਹੋਈ ਸੀ।

# ਹੋਂਦ ਚਿੱਲੜ ਦੀ ਯਾਦਗਾਰ ਦਾ ਨੀਂਹ ਪੱਥਰ ਤੋੜਿਆ

**ਚੰਡੀਗੜ੍ਹ:** ਹਰਿਆਣਾ ਦੇ ਪਿੰਡ ਹੋਂਦ ਚਿੱਲੜ ਵਿਚ ਚਰਾਸੀ ਦੇ ਕਤਲੇਆਮ ਸਬੰਧੀ ਯਾਦਗਾਰ ਦੇ ਨੀਂਹ ਪੱਥਰ ਨੂੰ ਕਿਸੇ ਸ਼ਰਾਰਤੀ ਅਨਸਰ ਨੇ ਤੋੜ ਦਿੱਤਾ ਹੈ। ਇਥੇ 2 ਨਵੰਬਰ, 1984 ਨੂੰ 32 ਬੇਕਸੂਰ ਸਿੱਖਾਂ ਦਾ ਕਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਦੀ ਬਣਾਈ ਜਾ ਰਹੀ ਯਾਦਗਾਰ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕੁਝ ਸਮਾਂ ਪਹਿਲਾਂ ਨੀਂਹ ਪੱਥਰ ਰੱਖਿਆ ਸੀ।

ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਦੀ ਟੀਮ ਨੇ ਮੌਕੇ 'ਤੇ ਜਾ ਕੇ ਦੇਖਿਆ ਤਾਂ ਉਹ ਹੈਰਾਨ ਰਹਿ ਗਏ। ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਇੰਜਨੀਅਰ ਮਨਵਿੰਦਰ ਸਿੰਘ ਗਿਆਸਪੁਰਾ, ਪੰਜਾਬੀ ਦੇ ਉੱਘੇ ਲੇਖਕ ਮਨਜਿੰਦਰ ਸਿੰਘ ਕਾਲਾ ਸਰਾਦ ਨੇ ਹੋਂਦ ਚਿੱਲੜ ਪਿੰਡ ਦਾ ਦੌਰਾ ਕੀਤਾ ਸੀ ਤੇ ਉਨ੍ਹਾਂ ਤੁਰੰਤ ਕਾਰਵਾਈ ਕਰਦਿਆਂ ਚਿੱਲੜ ਪਿੰਡ ਦੇ ਸਰਪੰਚ ਨਾਲ ਰਾਬਤਾ ਕੀਤਾ। ਉਨ੍ਹਾਂ ਇਹ ਕਹਿ ਕੇ ਪੱਲਾ ਝਾੜਿਆ ਕਿ ਉਹ ਕੀ ਕਰ ਸਕਦਾ ਹੈ।

ਇਸ ਤੋਂ ਬਾਅਦ ਹੋਂਦ ਚਿੱਲ੍ਹੜ ਤਾਲਮੇਲ ਕਮੇਟੀ ਤੇ ਸ਼੍ਰੋਮਣੀ ਕਮੇਟੀ ਮੁਲਾਜ਼ਮ ਜਦੋਂ ਚਿੱਲੜ ਪਿੰਡ ਦੀ ਪੁਲਿਸ ਚੌਕੀ ਗਏ ਤਾਂ ਉਨ੍ਹਾਂ ਨੂੰ ਉੱਥੇ ਜਿੰਦਰਾ ਲੱਗਾ ਮਿਲਿਆ। ਉਸ ਤੋਂ ਬਾਅਦ ਉਹ ਤੁਰੰਤ ਹੋਂਦ ਚਿੱਲੜ ਨੂੰ ਪੈਂਦੇ ਥਾਣੇ ਪਲਵਾਵਾਦ ਗਏ ਤੇ ਇੰਸਪੈਕਟਰ ਰਤਨ ਲਾਲ ਨੂੰ ਨਾਲ ਲਿਜਾ ਕੇ ਹੋਂਦ ਚਿੱਲੜ ਦਾ ਦੌਰਾ ਕਰਵਾਇਆ। ਇੰਜਨੀਅਰ ਗਿਆਸਪੁਰਾ ਨੇ ਕਿਹਾ ਕਿ ਉਹ ਇਸ ਦੀ ਸ਼ਿਕਾਇਤ ਐਸਐਸਪੀ, ਡੀਸੀ ਰਿਵਾੜੀ ਤੇ ਰਾਜ ਸਰਕਾਰ ਦੇ ਗ੍ਰਹਿ ਸਕੱਤਰ ਤੇ ਜਸਟਿਸ ਟੀਪੀ ਗਰਗ ਨੂੰ ਕਰਕੇ ਮੰਗ ਕਰਨਗੇ ਕਿ ਸ਼ਰਾਰਤੀ ਤੱਤਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਉਹਨਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਤੇ ਜਥੇਦਾਰ ਸ੍ਰੀ ਅਕਾਲ ਤਖਤ ਗਿਆਨੀ ਗੁਰਬਚਨ ਸਿੰਘ ਨੂੰ ਅਪੀਲ ਕੀਤੀ ਕਿ ਉਹ ਇਸ ਦਾ ਸਖ਼ਤ ਤੇ ਤੁਰੰਤ ਨੋਟਿਸ ਲੈਣ।

## ਭਾਰਤੀਆਂ ਨੂੰ ਸ਼ਰਾਬ ਵੇਚਣੀ ਮਹਿੰਗੀ ਪਈ

**ਦੁਬਈ:** ਦੋ ਭਾਰਤੀ ਨਾਗਰਿਕਾਂ ਨੂੰ ਸਾਊਦੀ ਅਰਬ ਵਿਚ ਸ਼ਰਾਬ ਬਣਾਉਣ ਤੇ ਵੇਚਣ ਦੇ ਦੋਸ਼ ਵਿਚ ਇਕ-ਇਕ ਸਾਲ ਦੀ ਕੈਦ ਤੇ ਕੋੜਿਆਂ ਦੀ ਮਾਰ ਦੀ ਸਜ਼ਾ ਸੁਣਾਈ ਗਈ ਹੈ। ਇਸ ਮੁਲਕ ਵਿਚ ਸ਼ਰਾਬ 'ਤੇ ਸਖਤੀ ਨਾਲ ਪਾਬੰਦੀ ਹੈ। ਸਾਊਦੀ ਅਰਬ ਦੀ ਅਦਾਲਤ ਨੇ ਇਹ ਵੀ ਹੁਕਮ ਦਿੱਤੇ ਹਨ ਕਿ ਦੋਵੇਂ ਭਾਰਤੀ ਨਾਗਰਿਕਾਂ ਨੂੰ ਸਜ਼ਾ ਪੂਰੀ ਹੋਣ ਮਗਰੋਂ ਭਾਰਤ ਮੋੜ ਦਿੱਤਾ ਜਾਵੇ। ਦੋਵਾਂ ਨੇ ਸ਼ਰਾਬ ਬਣਾਉਣਾ ਤੇ ਵੇਚਣਾ ਕਬੂਲ ਕੀਤਾ ਸੀ। ਦੋਵਾਂ ਨੂੰ ਹਫਤੇ ਵਿਚ ਛੇ ਵਾਰ 50-50 ਕੋੜਿਆਂ ਦੀ ਮਾਰ ਵੀ ਪਵੇਗੀ।

OKKJI Transfer LLC.
15238 Radiance Dr., Noblesville, IN, 46060
ਓਨਰ ਅਪਰੇਟਰ ਚਾਹੀਦੇ ਹਨ
*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ

ਸੰਪਰਕ ਕਰੋ:
Toll Free: 1-855-966-5554
Manny Sandhu: 317-603-1000, Sam Bhullar: 732-486-9045
Fax: 317-774-9665

Gas Station For Sale
In Upper Michigan (Absent Owner)
Excellent Hwy Location
Excellent Rent $4625 from Burger King
Sale Gas: 65,000 Gallons, Inside $40,000
Asking Price $ 925,000
Contact: Ph. 414-788-8005
ਗੈਸ ਸਟੇਸ਼ਨ ਵਿਕਾਊ ਹੈ
ਮਿਸ਼ੀਗਨ ਅਤੇ ਵਿਸਕਾਨਸਿਨ ਦੇ ਬਾਰਡਰ 'ਤੇ ਬਹੁਤ ਹੀ ਵਧੀਆ ਲੋਕੇਸ਼ਨ। ਬਰਗਰ ਕਿੰਗ ਤੋਂ 4625 ਡਾਲਰ ਦਾ ਮਾਸਿਕ ਰੈਂਟ
ਗੈਸ ਸੇਲ: 65,000 ਗੈਲਨ, ਇਨਸਾਈਡ ਸੇਲ: 40,000 ਡਾਲਰ
ਕੀਮਤ: $925,000
ਸੰਪਰਕ ਕਰੋ: 414-788-8005

**Punjab Times**
**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਆਵਾਸੀ ਕਾਨੂੰਨ ਸੁਧਾਰਾਂ ਲਈ ਚੋਟ ਨਗਾਰੇ

*(ਸਫਾ ਇਕ ਦੀ ਬਾਕੀ)*

ਦੇਸ਼ਾਂ ਦੇ ਆਵਾਸੀਆਂ ਨੂੰ ਹੋਣਾ ਸੀ ਕਿਉਂਕਿ ਉਨ੍ਹਾਂ ਦੀ ਗਿਣਤੀ ਆਵਾਸੀਆਂ ਵਿਚੋਂ ਸਭ ਤੋਂ ਵੱਧ ਹੈ। ਇਸ ਤੋਂ ਬਾਅਦ ਵੱਡੀ ਗਿਣਤੀ ਚੀਨ, ਭਾਰਤ, ਫਿਲਪੀਨਜ਼ ਤੇ ਡੁਮੀਨੀਕਨ ਰਿਪਬਲਿਕ ਤੋਂ ਆਏ ਆਵਾਸੀਆਂ ਦੀ ਹੈ। ਆਪਣੇ ਪਹਿਲੇ ਕਾਰਜਕਾਲ ਦੌਰਾਨ ਸ੍ਰੀ ਓਬਾਮਾ ਇਹ ਵਾਅਦਾ ਨਿਭਾ ਨਾ ਸਕੇ ਅਤੇ ਐਤਕੀਂ ਵਾਲੀ ਚੋਣ ਮੁਹਿੰਮ ਦੌਰਾਨ ਲਾਤੀਨੀ ਦੇਸ਼ ਦੇ ਆਵਾਸੀਆਂ ਨੇ ਆਪਣਾ ਗਿਲਾ ਵੀ ਜ਼ਾਹਿਰ ਕੀਤਾ। ਬਾਅਦ ਵਿਚ ਆਈਆਂ ਰਿਪੋਰਟਾਂ ਇਹੀ ਸਨ ਕਿ ਓਬਾਮਾ ਦੀ ਜਿੱਤ ਵਿਚ ਇਨ੍ਹਾਂ ਲਾਤੀਨੀ ਆਵਸੀਆਂ ਦਾ ਵੱਡਾ ਯੋਗਦਾਨ ਰਿਹਾ ਹੈ। ਲਾਸ ਵੇਗਸ ਵਿਚ ਉਨ੍ਹਾਂ ਜਿਸ ਡੇਲ ਸੋਲ ਹਾਈ ਸਕੂਲ ਵਿਚ ਸਮਾਗਮ ਨੂੰ ਸੰਬੋਧਨ ਕੀਤਾ, ਉਹ ਵੀ ਲਾਤੀਨੀ ਵਾਸੀਆਂ ਦੇ ਯੋਗਦਾਨ ਨਾਲ ਹੀ ਚੱਲ ਰਿਹਾ ਹੈ। ਚੇਤੇ ਰਹੇ ਕਿ ਰਿਪਬਲਿਕਨ ਪਾਰਟੀ ਚੋਣਾਂ ਦੌਰਾਨ ਨਾਰਾਜ਼ ਲਾਤੀਨੀਆਂ ਤੋਂ ਵਧੇਰੇ ਵੋਟਾਂ ਦੀ ਆਸ ਲਗਾਈ ਬੈਠੀ ਸੀ ਪਰ ਲਾਤੀਨੀ ਆਵਾਸੀ ਠੋਕ-ਵਜਾ ਕੇ ਸ੍ਰੀ ਓਬਾਮਾ ਦੇ ਹੱਕ ਵਿਚ ਭੁਗਤੇ। ਚਰਚਾ ਇਹ ਵੀ ਹੈ ਕਿ ਰਿਪਬਲਿਕਨ ਪਾਰਟੀ ਵੱਲੋਂ ਆਵਾਸ ਕਾਨੂੰਨਾਂ ਵਿਚ ਤਬਦੀਲੀ ਬਾਰੇ ਜਿਹੜੀ ਤਿੱਖੀ ਸਰਗਰਮੀ ਕੀਤੀ ਜਾ ਰਹੀ ਹੈ, ਉਸ ਦਾ ਮੁੱਖ ਮਕਸਦ ਡੈਮੋਕ੍ਰੇਟਾਂ ਦੇ ਵੋਟ ਬੈਂਕ ਨੂੰ ਖੋਰਾ ਲਾਉਣਾ ਹੀ ਹੈ।

ਆਵਾਸ ਨੀਤੀ ਵਿਚ ਹੋਣ ਵਾਲੀਆਂ ਨਵੀਂਆਂ ਤਬਦੀਲੀਆਂ ਨਾਲ ਬਿਨਾਂ ਦਸਤਾਵੇਜ਼ਾਂ ਤੋਂ ਰਹਿ ਰਹੇ ਆਵਾਸੀਆਂ ਨੂੰ ਰਹਿਣ ਲਈ ਤੁਰੰਤ ਆਰਜ਼ੀ ਆਗਿਆ ਮਿਲ ਜਾਵੇਗੀ ਅਤੇ ਉਹ ਅਮਰੀਕਾ ਵਿਚ ਬਾਕਾਇਦਾ ਕੰਮ ਵੀ ਕਰ ਸਕਣਗੇ। ਯਾਦ ਰਹੇ ਕਿ ਅਮਰੀਕਾ ਵਿਚ 3 ਕਰੋੜ ਤੋਂ ਵੀ ਵੱਧ ਆਵਾਸੀ ਵਸਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਧ ਗਿਣਤੀ ਮੈਕਸੀਕੋ ਤੋਂ ਆਏ ਲੋਕਾਂ ਦੀ ਹੈ। ਭਾਰਤੀ ਵਾਸੀਆਂ ਦੀ ਗਿਣਤੀ 10 ਲੱਖ ਤੋਂ ਵੱਧ ਹੈ। ਨਵੀਂ ਤਬਦੀਲੀ ਨਾਲ 2 ਲੱਖ 40 ਹਜ਼ਾਰ ਭਾਰਤੀ ਨੂੰ ਫਾਇਦਾ ਪੁੱਜਣ ਦੇ ਆਸਾਰ ਬਣ ਗਏ ਹਨ।

ਇਸ ਤੋਂ ਪਹਿਲਾਂ ਅਮਰੀਕਾ ਦੇ ਅੱਠ ਸੈਨੇਟਰਾਂ ਨੇ ਪਾਰਟੀ ਵਲਗਣਾਂ ਤੋਂ ਉਪਰ ਉਠ ਕੇ ਕਾਂਗਰਸ ਵਿਚ ਇਕ ਯੋਜਨਾ ਪੇਸ਼ ਕੀਤੀ ਤਾਂ ਕਿ ਦੇਸ਼ ਵਿਚ ਡਰ ਦੇ ਸਾਏ ਹੇਠ ਰਹਿ ਰਹੇ 1.10 ਕਰੋੜ ਤੋਂ ਵੱਧ ਗੈਰ-ਕਾਨੂੰਨੀ ਪਰਵਾਸੀ ਮੁਲਕ ਦੀ ਨਾਗਰਿਕਤਾ ਹਾਸਲ ਕਰ ਸਕਣ। ਇਨ੍ਹਾਂ ਸੈਨੇਟਰਾਂ ਨੇ ਇਸ ਤਜਵੀਜ਼ ਬਿੱਲ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਦੇਸ਼ ਦਾ ਇਮੀਗਰੇਸ਼ਨ ਢਾਂਚਾ ਠੱਪ ਹੋ ਕੇ ਰਹਿ ਗਿਆ ਹੈ। ਇਸ ਨਾਲ ਵੱਖ ਵੱਖ ਵਿਭਾਗਾਂ ਦੀਆਂ ਔਕੜਾਂ ਵੀ ਵਧੀਆਂ ਹਨ।

ਉਨ੍ਹਾਂ ਕਿਹਾ ਕਿ ਇਸ ਢਾਂਚੇ ਵਿਚ ਵਾਜਬ ਦਸਤਾਵੇਜ਼ਾਂ ਤੋਂ ਬਿਨਾਂ ਰਹਿ ਰਹੇ ਪਰਵਾਸੀਆਂ ਲਈ ਪੇਸ਼ ਕੀਤਾ ਤਰੀਕਾ ਔਖਾ ਤਾਂ ਹੈ ਪਰ ਇਸ ਨਾਲ ਉਨ੍ਹਾਂ ਨੂੰ ਫਾਇਦੇ ਦੇ ਨਾਲ ਨਾਲ ਅਮਰੀਕੀ ਅਰਥਚਾਰੇ ਨੂੰ ਮਜ਼ਬੂਤੀ ਮਿਲੇਗੀ। ਇਮੀਗਰੇਸ਼ਨ ਢਾਂਚੇ ਵਿਚ ਸੁਧਾਰ ਹੋਣ ਸਦਕਾ ਰੁਜ਼ਗਾਰ ਜਾਂਚ ਪ੍ਰਬੰਧ ਕਾਇਮ ਹੋ ਸਕੇਗਾ ਤੇ ਭਵਿੱਖ ਵਿਚ ਕਾਮਿਆਂ ਨੂੰ ਇਜਾਜ਼ਤ ਦੇਣ ਲਈ ਪ੍ਰਕਿਰਿਆ ਹੋਰ ਦਰੁਸਤ ਹੋ ਸਕੇਗੀ। ਇਹ ਬਿੱਲ ਪੇਸ਼ ਕਰਨ ਵਾਲੇ ਸੈਨੇਟ ਮੈਂਬਰਾਂ ਵਿਚ ਡੈਮੋਕ੍ਰੇਟਿਕ ਪਾਰਟੀ ਦੇ ਰੌਬਰਟ ਮੈਨਡੀਜ਼, ਚਾਰਲਸ ਐਲਿਸ ਸ਼ੂਮਰ, ਡਿਕ ਡਰਬਿਨ ਤੇ ਮਾਈਕਲ ਬੋਨੇਟ ਅਤੇ ਰਿਪਬਲਿਕਨ ਪਾਰਟੀ ਦੇ ਜੌਹਨ ਮੈਕੇਨ, ਮਾਰਕੋ ਰੂਬੀਓ, ਲਿੰਡਸੇ ਗ੍ਰਾਹਮ ਤੇ ਜੈਫ ਫਲੇਕ ਸ਼ਾਮਲ ਹਨ। ਇਸ ਤਜਵੀਜ਼ ਬਿੱਲ ਵਿਚ ਸਰਹੱਦਾਂ ਤੇ ਬੰਦਰਗਾਹਾਂ ਉਤੇ ਚੌਕਸੀ ਵਧਾਉਣ ਉਤੇ ਵੀ ਜ਼ੋਰ ਦਿੱਤਾ ਗਿਆ ਹੈ।

ਦੱਸਣਯੋਗ ਹੈ ਕਿ ਅਮਰੀਕਾ ਵਿਚ 40 ਫੀਸਦੀ ਪਰਵਾਸੀ ਕਾਨੂੰਨੀ ਤੌਰ 'ਤੇ ਪੁੱਜਦੇ ਹਨ ਪਰ ਆਪਣੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਪਹਿਲਾਂ ਉਹ ਪਾਸਪੋਰਟ ਨੂੰ ਪਾੜ ਕੇ ਸੁੱਟ ਦਿੰਦੇ ਹਨ ਤੇ ਬੇਪਛਾਣ ਬਣ ਜਾਂਦੇ ਹਨ।

ਉਂਜ ਆਵਾਸ ਕਾਨੂੰਨਾਂ ਵਿਚ ਤਬਦੀਲੀ ਕੋਈ ਏਡੀ ਸਹਿਲ ਵੀ ਨਹੀਂ ਹੋਣ ਲੱਗੀ ਕਿਉਂਕਿ ਰਿਪਬਲਿਕਨਾਂ ਵਲੋਂ ਆਮ ਤੌਰ 'ਤੇ ਖੁੱਲ੍ਹੀ ਆਵਾਸ ਨੀਤੀ ਦਾ ਡਟਵਾਂ ਵਿਰੋਧ ਕੀਤੇ ਜਾਣ ਦਾ ਅੰਦੇਸ਼ਾ ਹੈ। ਇਸ ਤੋਂ ਇਲਾਵਾ ਲੇਬਰ ਯੂਨੀਅਨਾਂ ਵਲੋਂ ਵੀ ਇਸ ਨੀਤੀ ਪ੍ਰਤੀ ਕੀ ਰੁਖ ਅਪਣਾਇਆ ਜਾਂਦਾ ਹੈ, ਅਜੇ ਸਪਸ਼ਟ ਨਹੀਂ ਹੈ। ਆਵਾਸ ਕਾਨੂੰਨਾਂ ਵਿਚ ਤਬਦੀਲੀ ਰਾਸ਼ਟਰਪਤੀ ਓਬਾਮਾ ਲਈ ਉਨ੍ਹਾਂ ਦੇ ਅਹੁਦੇ ਦੀ ਦੂਜੀ ਮਿਆਦ ਦੌਰਾਨ ਇਤਿਹਾਸਕ ਵਿਧਾਨਕ ਪ੍ਰਾਪਤੀ ਹੋ ਸਕਦੀ ਹੈ ਪਰ ਵ੍ਹਾਈਟ ਹਾਊਸ ਨੂੰ ਇਹ ਵੀ ਪਤਾ ਹੈ ਕਿ ਇਹ ਮਾਮਲਾ ਬਹੁਤ ਜਜ਼ਬਾਤੀ ਹੈ ਅਤੇ ਇਸ ਲਈ ਕੱਸੀ ਹੋਈ ਰੱਸੀ ਉਤੇ ਤੁਰਨ ਵਾਲੀ ਗੱਲ ਹੋਵੇਗੀ।

ਆਵਾਸ ਕਾਨੂੰਨਾਂ ਵਿਚ ਪਿਛਲੀ ਵਾਰ ਯਤਨ ਸੰਨ 2007 ਵਿਚ ਰਿਪਬਲਿਕਨ ਰਾਸ਼ਟਰਪਤੀ ਜਾਰਜ ਡਬਲਿਊ. ਬੁਸ਼ ਵਲੋਂ ਕੀਤੇ ਗਏ ਸਨ ਪਰ ਇਹ ਯਤਨ ਕਾਂਗਰਸ ਵਿਚ ਜਾ ਕੇ ਚੌਫਾਲ ਡਿੱਗ ਪਏ ਸਨ। ਰਾਸ਼ਟਰਪਤੀ ਓਬਾਮਾ ਨੇ ਆਪਣੀ ਪਹਿਲੀ ਮਿਆਦ ਦੌਰਾਨ ਇਸ ਪਾਸੇ ਕੋਈ ਪਹਿਲਕਦਮੀ ਸ਼ਾਇਦ ਇਸੇ ਕਰ ਕੇ ਨਹੀਂ ਸੀ ਕੀਤੀ ਕਿ ਉਹ ਨਹੀਂ ਸੀ ਚਾਹੁੰਦੇ ਕਿ ਰਾਸ਼ਟਰਪਤੀ ਬੁਸ਼ ਦੇ ਯਤਨ ਵਾਲਾ ਹਾਲ ਹੋਵੇ।

# ਅਣਥੱਕ ਯਤਨਾਂ ਨਾਲ ਸੰਸਾਰ ਵਿਚ ਭਾਰਤ ਦੀ ਸ਼ਾਨ ਬਣੀ: ਪ੍ਰਣਬ

*(ਸਫਾ ਇਕ ਦੀ ਬਾਕੀ)*

ਪਵੇਗਾ ਕਿ ਗਲਤੀ ਕਿੱਥੇ ਹੋਈ ਹੈ। ਹੁਣ ਸਮਾਂ ਆ ਗਿਆ ਹੈ ਕਿ ਔਰਤਾਂ ਲਈ ਜਿਣਸੀ ਬਰਾਬਰੀ ਯਕੀਨੀ ਬਣਾਈ ਜਾਵੇ। ਇਸ ਜ਼ਿੰਮੇਵਾਰੀ ਤੋਂ ਨਾ ਤਾਂ ਬਚਿਆ ਜਾ ਸਕਦਾ ਹੈ ਤੇ ਨਾ ਹੀ ਇਸ ਕੌਮੀ ਵਚਨਬੱਧਤਾ ਦਾ ਤਿਆਗ ਕੀਤਾ ਜਾ ਸਕਦਾ ਹੈ; ਨਹੀਂ ਤਾਂ ਇਸ ਅਣਗਹਿਲੀ ਲਈ ਵੱਡੀ ਕੀਮਤ ਚੁਕਾਉਣੀ ਪਵੇਗੀ। ਸੱਭਿਅਕ ਸਮਾਜ ਤੇ ਸਰਕਾਰ ਨੂੰ ਇਸ ਕੌਮੀ ਨਿਸ਼ਾਨੇ ਨੂੰ ਪੂਰਾ ਕਰਨ ਲਈ ਇਕੱਠੇ ਮਿਲ ਕੇ ਕੰਮ ਕਰਨਾ ਹੋਵੇਗਾ। ਉਹ ਦੇਸ਼ ਵਾਸੀਆਂ ਨੂੰ ਉਸ ਵੇਲੇ ਮੁਖਾਤਬ ਹੋ ਰਹੇ ਹਨ ਜਦ ਇਕ ਗੰਭੀਰ ਘਟਨਾ ਨੇ ਕੌਮ ਦੇ ਅਵੇਸਲੇਪਨ ਨੂੰ ਝੰਜੋੜ ਸੁੱਟਿਆ ਹੈ।

ਉਨ੍ਹਾਂ ਕਿਹਾ ਕਿ ਅਸੀਂ ਇਕ ਕੀਮਤੀ ਜਾਨ ਤੋਂ ਬਹੁਤ ਕੁਝ ਵੱਧ ਗਵਾਇਆ ਹੈ, ਦੇਸ਼ ਦਾ ਸੁਪਨਾ ਹੀ ਟੁੱਟ ਗਿਆ ਹੈ। ਔਰਤ ਦੀ ਮਰਿਆਦਾ ਉਸ ਵੱਡੀ ਤਹਿਜ਼ੀਬ ਦਾ ਨਿਰਦੇਸ਼ਕ ਸਿਧਾਂਤ ਹੈ ਜਿਸ ਨੂੰ ਭਾਰਤੀ ਸੱਭਿਅਤਾ ਕਿਹਾ ਜਾਂਦਾ ਹੈ।

ਰਾਸ਼ਟਰਪਤੀ ਨੇ ਮਾਓਵਾਦ/ਨਕਸਲਵਾਦ ਦੇ ਤੇਜ਼ੀ ਨਾਲ ਹੋ ਰਹੇ ਫੈਲਾਓ ਬਾਰੇ ਸੁਚੇਤ ਕਰਦਿਆਂ ਕਿਹਾ ਕਿ ਜੇਕਰ ਆਰਥਿਕ ਨੀਤੀਆਂ ਦਾ ਲਾਭ ਪਿੰਡਾਂ ਵਿੱਚ ਨਾ ਪੁੱਜਾ ਤਾਂ ਇਸ ਦੇ ਗੰਭੀਰ ਸਿੱਟੇ ਹੋਣਗੇ। ਉਨ੍ਹਾਂ ਕਿਹਾ ਕਿ ਦੇਸ਼ ਨੇ ਜੋ ਪਿਛਲੇ 60 ਸਾਲਾਂ ਦੌਰਾਨ ਪ੍ਰਾਪਤ ਕੀਤਾ ਹੈ, ਉਸ ਵਿਚ ਗੌਰਵ ਮਹਿਸੂਸ ਕਰਨ ਲਈ ਬਹੁਤ ਕੁਝ ਹੈ। ਬਿਨਾਂ ਸ਼ੱਕ ਦੇਸ਼ ਨੇ ਕਾਫੀ ਆਰਥਿਕ ਤਰੱਕੀ ਕੀਤੀ ਹੈ।

ਸ੍ਰੀ ਮੁਖਰਜੀ ਨੇ ਪਾਕਿਸਤਾਨ ਨੂੰ ਸਖਤ ਸੁਨੇਹਾ ਦਿੰਦਿਆਂ ਕਿਹਾ ਹੈ ਕਿ ਭਾਰਤ ਦੇ ਦੋਸਤੀ ਦੇ ਹੱਥ ਨੂੰ ਸਦਾ ਲਈ ਨਾ ਸਮਝਿਆ ਜਾਵੇ। ਭਾਰਤ ਸਰਹੱਦ ਉਪਰ ਅਮਨ ਵਿਚ ਵਿਸ਼ਵਾਸ ਰੱਖਦਾ ਹੈ ਤੇ ਦੋਸਤੀ ਦੀ ਆਸ ਨਾਲ ਹਮੇਸ਼ਾਂ ਹੱਥ ਅੱਗੇ ਵਧਾਉਣ ਲਈ ਤਿਆਰ ਹੈ ਪਰ ਇਹ ਜ਼ਰੂਰੀ ਨਹੀਂ ਹੈ ਕਿ ਭਾਰਤ ਹਮੇਸ਼ਾਂ ਉਸ ਵੱਲ ਦੋਸਤੀ ਦਾ ਹੱਥ ਵਧਾਉਂਦਾ ਰਹੇ। ਪਾਕਿਸਤਾਨ ਦਾ ਨਾਂ ਲਏ ਬਗੈਰ ਉਨ੍ਹਾਂ ਇਸ ਗੁਆਂਢੀ ਦੇਸ਼ ਵੱਲੋਂ ਅਤਿਵਾਦ ਦੀ ਪਿੱਠ ਥਾਪੜਨ 'ਤੇ ਫਿਕਰ ਜ਼ਾਹਿਰ ਕੀਤਾ।

# ਕਰਨਾਟਕ 'ਚ ਸਿਆਸੀ ਉਲਝਣਾਂ ਹੋਰ ਵਧੀਆਂ

**ਬੰਗਲੌਰ:** ਕਰਨਾਟਕ ਵਿਚਲੀ ਭਾਜਪਾ ਸਰਕਾਰ ਨੂੰ ਡੇਗਣ 'ਤੇ ਉਤਾਰੂ ਸਾਬਕਾ ਮੁੱਖ ਮੰਤਰੀ ਬੀ.ਐਸ. ਯੇਡੀਯੁਰੱਪਾ ਨੂੰ ਉਸ ਸਮੇਂ ਝਟਕਾ ਲੱਗਿਆ ਜਦੋਂ ਵਿਧਾਨ ਸਪੀਕਰ ਨੇ 12 ਵਿਧਾਇਕਾਂ ਦੇ ਅਸਤੀਫ਼ਿਆਂ 'ਤੇ ਫੈਸਲਾ ਰਾਖਵਾਂ ਰੱਖ ਲਿਆ ਤੇ ਕਰਨਾਟਕ ਜਨਤਾ ਪਾਰਟੀ ਦੇ ਸਾਬਕਾ ਮੁਖੀ ਪਦਮਾਨਾਭਨ ਪ੍ਰਸੰਨਾ ਨੇ ਸ੍ਰੀ ਯੇਡੀਯੁਰੱਪਾ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਬਰਖਾਸਤ ਕਰ ਦਿੱਤਾ। ਉਧਰ ਕੇਜੇਪੀ ਨੇ ਮੀਟਿੰਗ ਕਰਕੇ ਸ੍ਰੀ ਪਸੰਨਾ ਨੂੰ ਪਾਰਟੀ ਵਿਚੋਂ ਕੱਢ ਦਿੱਤਾ।



ਸਾਬਕਾ ਮੁੱਖ ਮੰਤਰੀ ਨੇ ਸਪੀਕਰ ਕੇ.ਜੀ. ਬੋਪਈਆ ਵੱਲੋਂ ਅਸਤੀਫ਼ਿਆਂ ਬਾਰੇ ਫੈਸਲਾ ਰਾਖਵਾਂ ਰੱਖਣ ਨੂੰ ਲੋਕਤੰਤਰ ਦਾ ਕਤਲ ਕਰਾਰ ਦਿੱਤਾ ਹੈ। ਉਧਰ, ਕੇਜੇਪੀ ਦੇ ਬਾਨੀ ਪ੍ਰਧਾਨ ਨੇ ਚੋਣ ਕਮਿਸ਼ਨ ਨੂੰ ਪੱਤਰ ਭੇਜ ਕੇ ਕਿਹਾ ਹੈ ਕਿ ਉਸ ਨੇ ਪਿਛਲੇ ਸਾਲ 20 ਦਸੰਬਰ ਨੂੰ ਆਪਣੀ ਕਾਰਜਕਾਰਨੀ ਦੀ ਬੈਠਕ ਕਰਕੇ ਯੇਡੀਯੁਰੱਪਾ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਬਰਖਾਸਤ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਕਰਨਾਟਕ ਵਿਚ ਸੱਤਾਧਾਰੀ ਭਾਜਪਾ ਦੇ 13 ਬਾਗ਼ੀ ਵਿਧਾਇਕਾਂ ਨੇ ਆਪਣੇ ਅਸਤੀਫੇ ਸਪੀਕਰ ਕੇ.ਜੀ. ਬੋਪਈਆ ਨੂੰ ਸੌਂਪ ਦਿੱਤੇ।

ਸਾਬਕਾ ਮੁੱਖ ਮੰਤਰੀ ਬੀ.ਐਸ. ਯੇਡੀਯੁਰੱਪਾ ਦੇ ਸਮਰਥਕ ਇਨ੍ਹਾਂ ਵਿਧਾਇਕਾਂ ਦੀ ਇਸ ਕਾਰਵਾਈ ਨਾਲ ਮੁੱਖ ਮੰਤਰੀ ਜਗਦੀਸ਼ ਸ਼ੈੱਟਰ ਦੀ ਸਰਕਾਰ 'ਤੇ ਖਤਰੇ ਦੇ ਬੱਦਲ ਛਾ ਗਏ ਹਨ। ਇਨ੍ਹਾਂ ਵਿਧਾਇਕਾਂ ਨੇ ਸਦਨ ਤੋਂ ਅਸਤੀਫੇ ਇਕ-ਇਕ ਕਰਕੇ ਸਪੀਕਰ ਨੂੰ ਸੌਂਪੇ। ਇਸੇ ਦੌਰਾਨ ਸਪੀਕਰ ਦੇ ਸਕੱਤਰੇਤ ਨੇ ਇਕ ਬਿਆਨ ਵਿਚ ਦੱਸਿਆ ਕਿ ਚਲਾਕੇਰੇ (ਅਨੁਸੂਚਿਤ ਕਬਾਇਲੀ) ਹਲਕੇ ਤੋਂ ਵਿਧਾਇਕ ਥਿਪੇਸਵਾਮੀ ਦਾ ਅਸਤੀਫਾ ਪ੍ਰਵਾਨ ਕਰ ਲਿਆ ਹੈ ਜਦਕਿ ਬਾਕੀ 12 ਵਿਧਾਇਕਾਂ ਦੇ ਅਸਤੀਫਿਆਂ ਬਾਰੇ ਹਾਲੇ ਤਕ ਕੁਝ ਨਹੀਂ ਦੱਸਿਆ ਗਿਆ। ਭਾਜਪਾ ਨੇ ਦਲ ਬਦਲ ਕਾਨੂੰਨ ਤਹਿਤ 12 ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਲਈ ਸਪੀਕਰ ਕੋਲ ਪਟੀਸ਼ਨ ਪਾਈ ਹੋਈ ਹੈ। ਪਾਰਟੀ ਨੇ ਇਕ ਹੋਰ ਪਟੀਸ਼ਨ ਪਾ ਕੇ ਕਰਨਾਟਕ ਜਨਤਾ ਪਾਰਟੀ ਦੇ ਮੁਖੀ ਯੇਡੀਯੁਰੱਪਾ ਦਾ ਸਮਰਥਨ ਕਰਨ 'ਤੇ ਵਿਧਾਨ ਪ੍ਰੀਸ਼ਦ ਦੇ ਪੰਜ ਮੈਂਬਰਾਂ ਨੂੰ ਅਯੋਗ ਕਰਾਰ ਦੇਣ ਦੀ ਮੰਗ ਕੀਤੀ ਹੈ।

# ਮੋਗਾ 'ਚ ਵਿਜੇ ਸਾਥੀ ਤੇ ਜੈਨ ਵਿਚਾਲੇ ਹੋਵੇਗਾ ਮੁੱਖ ਭੇੜ

**ਚੰਡੀਗੜ੍ਹ:** ਮੋਗਾ ਜ਼ਿਮਨੀ ਚੋਣ ਵਿਚ ਕਾਂਗਰਸ ਨੇ ਵਿਜੈ ਸਾਥੀ ਨੂੰ ਟਿਕਟ ਦਿੱਤੀ ਹੈ। ਇਸ ਤਰ੍ਹਾਂ ਕਾਂਗਰਸ ਨੂੰ ਛੱਡ ਕੇ ਅਕਾਲੀ ਦਲ ਵਿਚ ਗਏ ਜੋਗਿੰਦਰ ਪਾਲ ਜੈਨ ਤੇ ਵਿਜੈ ਸਾਥੀ ਵਿਚਾਲੇ ਹੀ ਮੁੱਖ ਟੱਕਰ ਹੋਵੇਗੀ ਭਾਵੇਂਕਿ ਸਾਂਝੇ ਮੋਰਚੇ ਤੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਉਮੀਦਵਾਰ ਵੀ ਮੈਦਾਨ ਵਿਚ ਹਨ। ਉਂਜ, ਦੋਵੇਂ ਵੱਡੀਆਂ ਧਿਰਾਂ ਦੇ ਉਮੀਦਵਾਰਾਂ ਨੂੰ ਆਪਣਿਆਂ ਦੇ ਹੀ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਦਾ ਲਾਹਾ ਸਾਂਝੇ ਮੋਰਚੇ ਨੂੰ ਹੋ ਸਕਦਾ ਹੈ। ਦੂਜੇ ਪਾਸੇ, ਪੰਜਾਬ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨੇ ਦਾਅਵਾ ਕੀਤਾ ਹੈ ਕਿ ਕਾਂਗਰਸ ਹਾਈ ਕਮਾਨ ਨੇ ਰਾਜ ਵਿਧਾਨ ਸਭਾ ਦੇ ਹਲਕਾ ਮੋਗਾ ਤੋਂ 23 ਫਰਵਰੀ ਨੂੰ ਹੋਣ ਵਾਲੀ ਜ਼ਿਮਨੀ ਚੋਣ ਵਿਚ ਸਾਥੀ





ਵਿਜੈ ਕੁਮਾਰ ਨੂੰ ਕਾਂਗਰਸ ਟਿਕਟ ਅਲਾਟ ਕਰ ਕੇ ਕਾਂਗਰਸੀ ਆਗੂਆਂ ਤੇ ਵਰਕਰਾਂ ਨੂੰ ਸਪੱਸ਼ਟ ਇਸ਼ਾਰਾ ਕਰ ਦਿੱਤਾ ਹੈ ਕਿ ਪ੍ਰਦੇਸ਼ ਕਾਂਗਰਸ ਕਮੇਟੀ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤੇ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਜਗਮੀਤ ਸਿੰਘ ਬਰਾੜ ਵਿਚ ਕੋਈ ਮੱਤਭੇਦ ਨਹੀਂ ਹਨ।

ਹੁਣ ਸਾਰੇ ਕਾਂਗਰਸੀਆਂ ਨੂੰ ਮਿਲ ਜੁਲ ਕੇ ਵਿਜੈ ਸਾਥੀ ਦੀ ਸਹਾਇਤਾ ਕਰਨੀ ਪਵੇਗੀ। ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਦੀ ਮੋਗਾ ਜ਼ਿਮਨੀ ਚੋਣ ਬਾਰੇ ਕੈਪਟਨ ਅਮਰਿੰਦਰ ਸਿੰਘ ਨਾਲੋਂ ਵੱਖਰੀ ਸੁਰ ਵਿਚ ਗੱਲਾਂ ਕਰਨ ਬਾਰੇ ਸ੍ਰੀ ਜਾਖੜ ਨੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਵਿਜੈ ਸਾਥੀ ਦੋ ਫਰਵਰੀ ਨੂੰ ਆਪਣੇ ਨਾਮਜ਼ਦਗੀ ਦੇ ਪੱਤਰ ਦਾਖਲ ਕਰਨਗੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ

ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਗੁਰਜਤਿੰਦਰ ਰੰਧਾਵਾ ਦੀ ਕਿਤਾਬ 'ਸਮੇਂ ਦਾ ਸੱਚ' ਰਿਲੀਜ਼

**ਲੁਧਿਆਣਾ (ਬਿਊਰੋ):** ਸੈਕਰਾਮੈਂਟੋ (ਅਮਰੀਕਾ) ਤੋਂ ਛਪਦੇ ਪੰਜਾਬੀ ਅਖਬਾਰ 'ਪੰਜਾਬ ਮੇਲ' ਦੇ ਮੁੱਖ ਸੰਪਾਦਕ ਸ. ਗੁਰਜਤਿੰਦਰ ਸਿੰਘ ਰੰਧਾਵਾ ਦੀ ਲਿਖੀ ਕਿਤਾਬ 'ਸਮੇਂ ਦਾ ਸੱਚ' ਇਥੇ ਪੰਜਾਬੀ ਭਵਨ ਵਿਚ ਹੋਏ ਇਕ ਭਰਵੇਂ ਸਮਾਗਮ ਦੌਰਾਨ ਰਿਲੀਜ਼ ਕੀਤੀ ਗਈ। 552 ਸਫਿਆਂ ਦੀ ਇਸ ਕਿਤਾਬ ਵਿਚ ਸ. ਰੰਧਾਵਾ ਦੇ ਲਿਖੇ 200 ਤੋਂ ਵੱਧ ਲੇਖ ਸ਼ਾਮਲ ਕੀਤੇ ਗਏ ਹਨ।



ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸੈਂਟਰਲ ਯੂਨੀਵਰਸਿਟੀ ਆਫ ਪੰਜਾਬ ਦੇ ਚਾਂਸਲਰ ਡਾ. ਸਰਦਾਰਾ ਸਿੰਘ ਜੌਹਲ, ਜਗਦੇਵ ਸਿੰਘ ਜੱਸੋਵਾਲ, ਬੀ. ਕੇ. ਉਪਲ (ਆਈ.ਪੀ.ਐਸ.), ਮਲਕੀਤ ਸਿੰਘ ਦਾਖਾ (ਸਾਬਕਾ ਮੰਤਰੀ), ਗੁਰਭਜਨ ਸਿੰਘ ਗਿੱਲ (ਪੰਜਾਬੀ ਸਾਹਿਤ ਅਕੈਡਮੀ), ਕੇ. ਕੇ. ਬਾਵਾ, ਅਮਰੀਕ ਸਿੰਘ ਬੋਪਾਰਾਏ, ਰਜਿੰਦਰ ਸਿੰਘ ਕੋਚ ਅਤੇ ਜਨਮੇਜਾ ਸਿੰਘ ਜੌਹਲ ਬਿਰਾਜਮਾਨ ਸਨ। ਸਮਾਗਮ ਦੇ ਸ਼ੁਰੂ ਵਿਚ ਜਨਮੇਜਾ ਸਿੰਘ ਜੌਹਲ ਨੇ ਗੁਰਜਤਿੰਦਰ ਸਿੰਘ ਰੰਧਾਵਾ ਦੇ ਜੀਵਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ।

ਆਪਣੇ ਪ੍ਰਧਾਨਗੀ ਭਾਸ਼ਣ 'ਚ ਡਾ. ਐਸ. ਐਸ. ਜੌਹਲ ਨੇ ਕਿਹਾ ਕਿ ਗੁਰਜਤਿੰਦਰ ਸਿੰਘ ਰੰਧਾਵਾ ਨੇ ਆਪਣੀ ਪੱਤਰਕਾਰੀ ਦੇ ਲੰਮੇ ਸਫਰ ਦਾ ਤਜਰਬਾ ਇਸ ਕਿਤਾਬ ਵਿਚ ਅੰਕਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪੱਤਰਕਾਰੀ ਇਕ ਜੋਖਮ ਭਰਿਆ ਕਾਰਜ ਹੈ। ਸ. ਜਸਦੇਵ ਸਿੰਘ ਜੱਸੋਵਾਲ ਨੇ ਕਿਹਾ ਕਿ ਪੱਤਰਕਾਰਾਂ ਦੇ ਸੱਚ ਲਿਖਣ ਨਾਲ ਹੀ ਸਥਿਤੀ ਦੀ ਅਸਲ ਤਸਵੀਰ ਸਾਹਮਣੇ ਆਉਂਦੀ ਹੈ। ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਨੇ ਕਿਹਾ ਕਿ ਵਿਦੇਸ਼ਾਂ 'ਚ ਪੰਜਾਬੀ ਪੱਤਰ ਕੱਢਣਾ ਬਹੁਤ ਹੀ ਚੁਣੌਤੀ ਭਰਪੂਰ ਕੰਮ ਹੈ, ਜਿਸ ਨੂੰ ਸ. ਰੰਧਾਵਾ ਬੜੇ ਸਲੀਕੇ ਨਾਲ ਨਿਭਾ ਰਹੇ ਹਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰੋ. ਗੁਰਭਜਨ ਗਿੱਲ ਨੇ ਕਿਹਾ ਕਿ ਗੁਰਜਤਿੰਦਰ ਸਿੰਘ ਰੰਧਾਵਾ ਨੇ ਆਪਣੇ ਲੇਖ ਕਿਤਾਬ ਵਿਚ ਛਾਪ ਕੇ ਇਕ ਇਤਿਹਾਸ ਨੂੰ ਸੰਭਾਲਿਆ ਹੈ। ਅੰਤ 'ਚ ਸ. ਰੰਧਾਵਾ ਨੇ ਬੋਲਦਿਆਂ ਕਿਹਾ ਕਿ ਇਸ ਕਿਤਾਬ ਵਿਚ ਵੱਖ-ਵੱਖ ਵਿਸ਼ਿਆਂ 'ਤੇ ਲੇਖ ਲਿਖੇ ਗਏ ਹਨ, ਜੋ ਕਿ ਕਿਸੇ ਧੜੇ, ਸਿਆਸੀ ਪਾਰਟੀ, ਗੁੱਟਬੰਦੀ ਜਾਂ ਧਰਮ ਤੋਂ ਉਪਰ ਉੱਠ ਕੇ ਪਾਠਕਾਂ ਦੀ ਕਚਹਿਰੀ ਤੱਕ ਪਹੁੰਚਾਏ ਗਏ ਹਨ। ਇਹ ਲੇਖ ਉਸ ਸਮੇਂ ਦੀਆਂ ਸਥਿਤੀਆਂ ਨੂੰ ਮੁੱਖ ਰੱਖ ਕੇ ਲਿਖੇ ਗਏ ਹਨ। ਉਨ੍ਹਾਂ ਕਿਹਾ ਕਿ ਕਿਸੇ ਵੇਲੇ ਇਹ ਲੇਖ ਕਿਸੇ ਵੇਲੇ ਇਤਿਹਾਸਕਾਰਾਂ ਦੇ ਕੰਮ ਆ ਸਕਦੇ ਹਨ। ਸਟੇਜ ਦੀ ਸੇਵਾ ਬੀਰਇੰਦਰ ਸਿੰਘ ਬੌਬੀ ਨੇ ਬਾਖੂਬੀ ਨਿਭਾਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਰਜਿੰਦਰ ਉਪਲ (ਆਈ.ਜੀ.), ਸੁਰਿੰਦਰ ਛਿੰਦਾ, ਲਾਲੀ ਸੰਧੂ, ਹਰਬਰਿੰਦਰ ਸਿੰਘ ਸੰਧੂ, ਬਲਕਾਰ ਸਿੰਘ ਭੁੱਲਰ, ਯੁਵਰਾਜ ਸਿੰਘ ਕਾਹਲੋਂ, ਦੀਪਇੰਦਰ ਸਿੰਘ ਪਨੂੰ, ਹਰਵਿੰਦਰ ਸਿੰਘ ਘੁੰਮਣ (ਜੋਤੀ), ਜੁਗਰਾਜ ਸਿੰਘ ਰੰਧਾਵਾ, ਸ. ਭਿੰਡਰ (ਹੈਬੋਵਾਲ), ਹਰਵਿੰਦਰ ਚਾਹਲ (ਜਰਮਨੀ), ਰਵੀ ਸੂਦ, ਮਨਜੀਤ ਮਹਿਰਮ, ਬਲਜੀਤ ਸਿੰਘ ਕੰਗ, ਤਜਿੰਦਰ ਸਿੰਘ ਭੱਟੀ, ਜੋਗਿੰਦਰ ਸਿੰਘ ਸਿੱਧੂ, ਰਾਜਾ ਚੌਧਰੀਵਾਲ, ਜਗਤਾਰ ਸਿੰਘ ਜ਼ਖਮੀ (ਹੋਲੈਂਡ), ਅਮਰ ਬੈਦਵਾਨ, ਡਾ. ਗੁਰਿੰਦਰ ਸਿੰਘ ਕੌਛੜ, ਮਹਿੰਦਰਦੀਪ ਗਰੇਵਾਲ, ਪਰਮਜੀਤ ਸਿੰਘ ਪਨੂੰ (ਡੀ.ਐਸ.ਪੀ. ਫਿਲੌਰ), ਡਾ. ਨਿਰਮਲ ਜੌੜਾ, ਬਲਬੀਰ ਲੁਧਿਆਣਵੀ, ਬਲਬੀਰ ਸਿੰਘ ਭਾਟੀਆ ਅਤੇ ਹੋਰ ਬਹੁਤ ਸਾਰੇ ਸੱਜਣ ਹਾਜ਼ਰ ਸਨ।

## ਵਿਕਟੋਰੀਆ ਪੁਲਿਸ ਵਿਚ ਪੰਜਾਬਣ ਭਰਤੀ

**ਮੈਲਬਰਨ:** ਆਸਟਰੇਲੀਆ ਵਿਚ ਪਹਿਲੀ ਅੰਮ੍ਰਿਤਧਾਰੀ ਸਿੱਖ ਲੜਕੀ ਸਿਮਰਪਾਲ ਕੌਰ ਵਿਕਟੋਰੀਆ ਪੁਲਿਸ ਵਿਚ ਕੇਸਕੀ ਸਜਾ ਕੇ ਆਪਣੀ ਨੌਕਰੀ ਕਰੇਗੀ। ਵਿਕਟੋਰੀਆ ਪੁਲਿਸ ਅਕਾਦਮੀ ਮੈਲਬਰਨ ਤੋਂ ਸਿਖਲਾਈ ਲੈ ਕੇ ਨਵਨਿਯੁਕਤ ਪ੍ਰੋਟੈਕਟਿਵ ਸਰਵਿਸ ਅਫਸਰ ਬਣੀ ਸਿਮਰਪਾਲ ਕੌਰ 2007 ਵਿਚ ਪੰਜਾਬ ਤੋਂ ਆਸਟਰੇਲੀਆ ਪੜ੍ਹਨ ਆਈ ਸੀ। ਮੋਗੇ ਦੇ ਪਿੰਡ ਦੀਨਾ ਸਾਹਿਬ ਦੀ ਸਿਮਰਪਾਲ ਕੌਰ ਦਾ ਸਾਰਾ ਪਰਿਵਾਰ ਅੰਮ੍ਰਿਤਧਾਰੀ ਹੈ। ਇਥੇ ਉਹ ਆਪਣੇ ਪੰਜ ਸਾਲਾਂ ਦੇ ਪੁੱਤਰ ਫ਼ਤਹਿ ਸਿੰਘ ਤੇ ਪਤੀ ਹਰਜੀਤ ਸਿੰਘ ਨਾਲ ਰਹਿ ਰਹੀ ਹੈ।

## ਜੇਠਮਲਾਨੀ ਵੱਲੋਂ ਮੋਦੀ ਦੀ ਵਕਾਲਤ

**ਨਵੀਂ ਦਿੱਲੀ:** ਭਾਜਪਾ ਦੇ ਸੀਨੀਅਰ ਨੇਤਾ ਯਸ਼ਵੰਤ ਸਿਨਹਾ ਵੱਲੋਂ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਪਾਰਟੀ ਦਾ ਪ੍ਰਧਾਨ ਮੰਤਰੀ ਉਮੀਦਵਾਰ ਐਲਾਨਣ ਦੀ ਵਕਾਲਤ ਤੋਂ ਬਾਅਦ ਪਾਰਟੀ ਦੇ ਰਾਜ ਸਭਾ ਮੈਂਬਰ ਜੇਠਮਲਾਨੀ ਨੇ ਇਸ ਦੀ ਹਮਾਇਤੀ ਕੀਤੀ ਹੈ ਤੇ ਗੁਜਰਾਤ ਦੇ 3 ਵਾਰ ਮੁੱਖ ਮੰਤਰੀ ਬਣੇ ਸ੍ਰੀ ਮੋਦੀ ਨੂੰ ਇਕ ਧਰਮ-ਨਿਰਪੱਖ ਨੇਤਾ ਕਹਿ ਕੇ ਵਡਿਆਇਆ ਹੈ।

ਸ੍ਰੀ ਜੇਠਮਲਾਨੀ ਨੇ ਕਿਹਾ ਹੈ ਕਿ ਸ੍ਰੀ ਮੋਦੀ ਇਸ ਵੇਲੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸਭ ਤੋਂ ਚੰਗੇ ਉਮੀਦਵਾਰ ਹਨ, ਹਾਲਾਂਕਿ ਐਨ.ਡੀ.ਏ. ਦੇ ਭਾਈਵਾਲਾਂ ਸ਼ਿਵ ਸੈਨਾ ਤੇ ਜਨਤਾ ਦਲ (ਯੂ) ਦਾ ਮੋਦੀ ਵਿਰੋਧ ਜਾਰੀ ਹੈ। ਸ੍ਰੀ ਜੇਠਮਲਾਨੀ ਨੇ ਕਿਹਾ ਹੈ ਕਿ ਉਹ ਖੁਸ਼ ਹਨ ਕਿ ਸ੍ਰੀ ਯਸ਼ਵੰਤ ਸਿਨਹਾ ਨੇ ਉਨ੍ਹਾਂ ਦੇ ਵਿਚਾਰ ਦੀ ਪ੍ਰੋੜ੍ਹਤਾ ਕੀਤੀ ਹੈ ਤੇ ਉਨ੍ਹਾਂ ਦੇ ਵਿਚਾਰ ਦੀ ਭਰੋਸੇਯੋਗਤਾ ਹੋਰ ਪੱਕੀ ਹੋਈ ਹੈ।

## ਜਰਗੀਆ ਦੀ 'ਚੈਲੰਜ' ਯੂਨੀਅਨ ਸਿਟੀ 'ਚ 2 ਨੂੰ ਰਿਲੀਜ਼ ਹੋਵੇਗੀ

**ਯੂਨੀਅਨ ਸਿਟੀ (ਬਿਊਰੋ):** ਉਘੇ ਲੋਕ ਗਾਇਕ ਜਤਿੰਦਰ ਜਰਗੀਆ ਦੀ ਨਵੀਂ ਐਲਬਮ 'ਚੈਲਿੰਜ' ਗੋਲਡਨ ਪੰਜਾਬ ਕਲੱਬ ਵਲੋਂ ਇਥੇ ਆਉਂਦੀ 2 ਫਰਵਰੀ ਨੂੰ ਸ਼ਾਮ 5 ਤੋਂ 9 ਵਜੇ ਤੱਕ ਰੱਖੇ ਗਏ ਇਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਰਿਲੀਜ਼ ਕੀਤੀ ਜਾਵੇਗੀ। ਗੀਤਕਾਰ ਮੱਖਣ ਲੁਹਾਰ, ਦਿਲ ਨਿੱਜਰ, ਦੀਪ ਮੰਗਲੀ, ਬੈਂਸ ਮੋਹਾਲੀ, ਜਤਿੰਦਰ ਜਰਗੀਆ, ਕਾਕਾ ਧਾਲੀਵਾਲ ਅਤੇ ਦਿਲਸ਼ਾਦ ਜਮਾਲਪੁਰੀ ਦੇ ਗੀਤਾਂ ਨਾਲ ਸਿੰਗਾਰੀ ਇਸ ਐਲਬਮ ਨੂੰ ਤਿਆਰ ਕਰਨ ਵਿਚ ਬਲਦੇਵ ਸਿੰਘ ਨਿੱਜਰ, ਕੈਲੀਫੋਰਨੀਆ ਅਤੇ ਪੰਜਾਬ ਪ੍ਰੈਸ ਕਲੱਬ ਫਰਿਜ਼ਨੋ ਦਾ ਵਿਸ਼ੇਸ਼ ਸਹਿਯੋਗ ਹੈ।




ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਔਜਲਾ ਨੇ ਦੱਸਿਆ ਕਿ ਇਸ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਹੋਰ ਜਾਣਕਾਰੀ ਲਈ ਸ. ਔਜਲਾ ਫੋਨ 510-750-6116 ਜਾਂ ਜਨਰਲ ਸਕੱਤਰ ਪ੍ਰੋ. ਬਲਜਿੰਦਰ ਸਿੰਘ ਸਵੈਚ ਫੋਨ 510-304-9310 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## Matrimonials

### ਵਰ ਦੀ ਲੋੜ ਹੈ

ਜੱਟ ਸਿੱਖ ਸੇਖੋਂ ਕੈਲੀਫੋਰਨੀਆ ਰਹਿੰਦੀ ਗਰੀਨ ਕਾਰਡ ਹੋਲਡਰ (ਜੁਲਾਈ 2014 'ਚ ਸਿਟੀਜ਼ਨ ਬਣ ਰਹੀ) ਐਮ ਏ, 33 ਸਾਲਾ, ਕੱਦ 5'-5'' ਲੜਕੀ ਲਈ ਅਮਰੀਕਾ 'ਚ ਕੱਚੇ ਜਾਂ ਪੱਕੇ ਤੌਰ 'ਤੇ ਰਹਿੰਦੇ ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। ਫੋਟੋ ਤੇ ਵੇਰਵਾ ਈਮੇਲ ਕਰੋ: prince.kular@yahoo.com

ਕੰਬੋਜ ਸਿੱਖ ਐਮ ਐਸ ਸੀ (ਆਈ ਟੀ) ਇੰਡੀਆ ਰਹਿੰਦੀ ਲੜਕੀ, ਉਮਰ 26 ਸਾਲ, ਕੱਦ 5'-5" ਲਈ ਅਮਰੀਕੀ ਜਾਂ ਕੈਨੇਡੀਅਨ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦੇ ਮਾਪੇ ਅਮਰੀਕਾ ਰਹਿੰਦੇ ਹਨ। ਲੜਕਾ ਜੇ ਇੰਡੀਆ ਹੋਵੇ ਤਾਂ ਸਰਕਾਰੀ ਨੌਕਰੀ 'ਚ ਹੋਵੇ। ਜਾਤ-ਪਾਤ ਦਾ ਭੇਦ ਨਹੀਂ। ਸੰਪਰਕ ਕਰੋ: ਫੋਨ 575-815-8264

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਸੁਨੱਖੇ, ਬੀ ਏ, 35 ਸਾਲ, 5'-10'', ਅਮਰੀਕੀ ਗਰੀਨ ਕਾਰਡਹੋਲਡਰ ਪਰਿਵਾਰ ਨਾਲ ਰਹਿ ਰਹੇ ਲੜਕੇ ਲਈ ਸੁਨੱਖੀ ਲੜਕੀ ਦੀ ਲੋੜ ਹੈ। ਸੰਪਰਕ ਕਰੋ: 510-880-9381 ਜਾਂ 510-688-3354

Suitable US/Canadian girl sought for Jatt Sikh boy 26/5'3", B. Pharmacy, MBA, Green Cardholder, Vegetarian. Cont: vicksidhu19@gmail.com Or 815-439-9369

**punjabtimesusa.com**

INDO US EXPRESS, INC.
Worlwide Couriers * Freight Forwards
Domestic & Local Delivery
We Thank Our Customers For Their Trust & Loyalty
17 Years of Excellent Customer Service
FOR COMPETITIVE RATES CALL
1-800-870-5845
PICK-UP & DELIVERY
ANYWHERE IN USA
43-50, 11th St., Suite No. 109, LIC, New York, N.Y.11101
Tel: 212-447-5720 • Fax: 212-213-3622
www.indousexpress.com
Email: GSingh9070@aol.com • Cell: 1-347-538-7041
7 Days A Week
CALL ABOUT OUR SPECIAL RATES TO
INDIA

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਬਿਕਰਮ ਮਜੀਠੀਏ ਦੀ ਸੀਡੀ ਨੇ ਮੁੜ ਪੁਆੜਾ ਪਾਇਆ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਦੇ ਸਮਾਗਮ ਦੌਰਾਨ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਕਾਂਗਰਸ ਦੇ ਵਿਧਾਇਕ ਰਾਣਾ ਗੁਰਜੀਤ ਸਿੰਘ ਦਰਮਿਆਨ ਹੋਈ ਗਾਲੀ-ਗਲੋਚ ਸਬੰਧੀ ਸੀਡੀ ਨੂੰ ਜਨਤਕ ਤੌਰ 'ਤੇ ਵਿਖਾਉਣ ਦੇ ਮੁੱਦੇ ਨੂੰ ਲੈ ਕੇ ਵਿਧਾਨ

### ਕੈਪਟਨ ਨੇ ਸਪੀਕਰ ਨੂੰ ਵੰਗਾਰਿਆ

ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਤੇ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਆਹਮੋ-ਸਾਹਮਣੇ ਹੋ ਗਏ ਹਨ। ਸਪੀਕਰ ਦਾ ਕਹਿਣਾ ਹੈ ਕਿ ਵਿਧਾਨ ਸਭਾ ਦੀ ਕਾਰਵਾਈ ਨਸ਼ਰ ਕਰਨ ਵਾਲੀ ਸੀਡੀ ਨੂੰ ਜਨਤਕ ਕਰਨ ਵਾਲੇ ਕਿਸੇ ਵੀ ਵਿਧਾਇਕ ਵਿਰੁੱਧ ਕਾਰਵਾਈ ਕੀਤੀ ਜਾਵੇਗੀ ਤੇ ਉਨ੍ਹਾਂ ਨੂੰ ਸਦਨ ਤੋਂ ਮੁਅੱਤਲ ਵੀ ਕੀਤਾ ਜਾ ਸਕਦਾ ਹੈ।

ਦੂਜੇ ਪਾਸੇ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸਪੱਸ਼ਟ ਕੀਤਾ ਕਿ ਸਪੀਕਰ ਨੂੰ ਸੀਡੀ ਨੂੰ ਜਨਤਕ ਤੌਰ 'ਤੇ ਵਿਖਾਉਣ ਸਬੰਧੀ ਪਾਬੰਦੀਆਂ ਲਾਉਣ ਦਾ ਕੋਈ ਅਧਿਕਾਰ ਨਹੀਂ ਹੈ ਕਿਉਂਕਿ ਸਪੀਕਰ ਦਾ ਅਧਿਕਾਰ ਖੇਤਰ ਵਿਧਾਨ ਸਭਾ ਵਿਚ ਸੀ, ਜਿਥੇ ਉਨ੍ਹਾਂ ਵੱਲੋਂ ਉਕਤ ਸਦਨ ਦੀ ਬੈਠਕ ਦੀ ਕਾਰਵਾਈ ਨੂੰ ਸਿੱਧੇ ਨਸ਼ਰ ਕਰਨ ਦੀ ਖੁਦ ਇਜਾਜ਼ਤ ਦਿੱਤੀ ਹੋਈ ਸੀ। ਉਨ੍ਹਾਂ ਸਪੱਸ਼ਟ ਕੀਤਾ



ਕਿ ਕਾਂਗਰਸ ਵੱਲੋਂ ਜੋ ਸੀਡੀ ਬੀਤੇ ਦਿਨੀਂ ਮਾਘੀ ਦੇ ਮੇਲੇ ਵਿਚ ਵਿਖਾਈ ਗਈ, ਉਹ ਇਕ ਟੀਵੀ ਚੈਨਲ ਵੱਲੋਂ ਦਿੱਤੀਆਂ ਖ਼ਬਰਾਂ ਦੀ ਰਿਕਾਰਡਿੰਗ ਦਾ ਹਿੱਸਾ ਸੀ।

ਉਨ੍ਹਾਂ ਅਟਵਾਲ ਨੂੰ ਸਵਾਲ ਕੀਤਾ ਕਿ ਜਦੋਂ ਉਹ ਖੁਦ ਹੁਣ ਤੱਕ ਇਹ ਕਹਿੰਦੇ ਰਹੇ ਹਨ ਕਿ ਉਨ੍ਹਾਂ ਮਜੀਠੀਆ ਵੱਲੋਂ ਕੋਈ ਗਾਲੀ-ਗਲੋਚ ਸਦਨ ਵਿਚ ਸੁਣਿਆ ਹੀ ਨਹੀਂ ਤਾਂ ਉਨ੍ਹਾਂ ਨੇ ਮਜੀਠੀਆ ਵੱਲੋਂ ਵਰਤੀ ਗਈ ਇਤਰਾਜ਼ਯੋਗ ਸ਼ਬਦਾਵਲੀ ਨੂੰ ਸਦਨ ਦੀ ਕਾਰਵਾਈ ਤੋਂ ਕੱਢਣ ਦਾ ਫੈਸਲਾ ਕਦੋਂ ਤੇ ਕਿਵੇਂ ਲਿਆ। ਕੈਪਟਨ ਨੇ ਸਪੱਸ਼ਟ ਕੀਤਾ ਕਿ ਜੇਕਰ ਸਪੀਕਰ ਉਨ੍ਹਾਂ ਨੂੰ ਜਾਂ ਉਨ੍ਹਾਂ ਦੀ ਪਾਰਟੀ ਦੇ ਕਿਸੇ ਹੋਰ ਮੈਂਬਰ ਨੂੰ ਸਦਨ ਤੋਂ ਮੁਅੱਤਲ ਕਰਨਾ ਚਾਹੁੰਦੇ ਹਨ ਤਾਂ ਕਰ ਸਕਦੇ ਹਨ, ਉਨ੍ਹਾਂ ਦੀ ਪਾਰਟੀ ਇਸ ਫੈਸਲੇ ਵਿਰੁੱਧ ਅਦਾਲਤ ਵਿਚ ਜਾਵੇਗੀ।

ਉਨ੍ਹਾਂ ਦੋਸ਼ ਲਾਇਆ ਕਿ ਸਪੀਕਰ ਕਾਂਗਰਸੀ ਮੈਂਬਰਾਂ ਨੂੰ ਪੰਜਾਬ ਦੇ ਲੋਕਾਂ ਤੱਕ ਸਚਾਈ ਪਹੁੰਚਾਉਣ ਤੇ ਵਿਖਾਉਣ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ ਤੇ ਉਨ੍ਹਾਂ ਵੱਲੋਂ ਦਿੱਤੀਆਂ ਜਾ ਰਹੀਆਂ ਇਹ ਸਾਰੀਆਂ ਦਲੀਲਾਂ ਤਰਕਹੀਣ ਹਨ। ਉਨ੍ਹਾਂ ਕਿਹਾ ਕਿ ਸਦਨ ਦੀ ਕਾਰਵਾਈ ਸਬੰਧੀ ਉਕਤ ਰਿਕਾਰਡਿੰਗ ਜਦੋਂ ਕਈ ਟੀਵੀ ਚੈਨਲ ਨਸ਼ਰ ਕਰ ਚੁੱਕੇ ਹਨ ਤਾਂ ਫਿਰ ਇਸ ਨੂੰ ਕਿਵੇਂ ਵਾਪਸ ਲਿਆ ਜਾ ਸਕਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਪੀਕਰ ਸਾਹਿਬ ਨੂੰ ਧੜੇਬਾਜ਼ੀ ਤੇ ਪਾਰਟੀ ਸਿਆਸਤ ਤੋਂ ਉਪਰ ਉਠ ਕੇ ਕੰਮ ਕਰਨਾ ਚਾਹੀਦਾ ਹੈ ਤੇ ਇਸ ਸਬੰਧੀ ਕਾਇਮ ਰਵਾਇਤਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਮੋਗਾ ਜ਼ਿਮਨੀ ਚੋਣ ਦੌਰਾਨ ਹਲਕੇ ਦੇ ਲੋਕਾਂ ਸਾਹਮਣੇ ਅਕਾਲੀ ਆਗੂਆਂ ਦਾ ਕਿਰਦਾਰ ਨਸ਼ਰ ਕਰਨ ਲਈ ਉਕਤ ਸੀਡੀ ਨੂੰ ਆਪਣੀਆਂ ਸਟੇਜਾਂ ਤੋਂ ਬਿਨਾਂ ਕਿਸੇ ਰੋਕ ਟੋਕ ਵਿਖਾਉਂਦੀ ਰਹੇਗੀ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਅਕਾਲੀ-ਭਾਜਪਾ ਸਰਕਾਰ ਵੱਲੋਂ ਸਦਨ ਤੋਂ ਬਰਤਰਫ ਕਰਨ ਸਬੰਧੀ ਕੀਤੇ ਗਏ ਫੈਸਲੇ ਨੂੰ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਵੱਲੋਂ ਰੱਦ ਕਰਦਿਆਂ ਇਹ ਸਪੱਸ਼ਟ ਕੀਤਾ ਗਿਆ ਸੀ ਕਿ ਹੁਕਮਰਾਨ ਧਿਰ ਵੱਲੋਂ ਵਿਰੋਧੀ ਮੈਂਬਰਾਂ ਨੂੰ ਆਪਣੀ ਗਿਣਤੀ ਦੀ ਤਾਕਤ ਨਾਲ ਸਦਨ ਤੋਂ ਬਰਤਰਫ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਅਜਿਹੇ ਰੁਝਾਨ ਨਾਲ ਲੋਕਤੰਤਰੀ ਸੰਸਥਾਵਾਂ ਅਰਥਹੀਣ ਰਹਿ ਜਾਣਗੀਆਂ।

# ਬਾਦਲ ਦੇ ਸਲਾਹਕਾਰਾਂ ਦੀ ਨਿਯੁਕਤੀ ਨੂੰ ਅਦਾਲਤ 'ਚ ਚੁਣੌਤੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਆਪਣੇ ਲਈ ਕੀਤੀਆਂ ਤਿੰਨ ਸਲਾਹਕਾਰਾਂ ਤੇ ਦੋ ਓਐਸਡੀਜ਼ ਦੀ ਕਾਨੂੰਨੀ ਨਿਯੁਕਤੀਆਂ ਦਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਖ਼ਤ ਨੋਟਿਸ ਲੈਂਦਿਆਂ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।

ਅਦਾਲਤ ਨੇ ਇਹ ਨੋਟਿਸ ਜਨਹਿਤ ਪਟੀਸ਼ਨ 'ਤੇ ਲਿਆ ਹੈ ਕਿ ਇਨ੍ਹਾਂ ਨਿਯੁਕਤੀਆਂ ਦੇ ਆਧਾਰ ਸਿਰਫ ਸਿਆਸੀ ਹੈ ਤੇ ਇਹ ਬਗ਼ੈਰ ਕੋਈ ਇਸ਼ਤਿਹਾਰ ਦਿੱਤੇ ਕੀਤੀਆਂ ਗਈਆਂ ਹਨ। ਰੋਪੜ ਦੇ ਦਿਨੇਸ਼ ਚੱਢਾ ਨੇ ਅਦਾਲਤ ਤੋਂ ਮੰਗ ਕੀਤੀ ਹੈ ਕਿ ਉਹ ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ, ਸਨਅਤੀ ਸਲਾਹਕਾਰ ਤੇ ਸਲਾਹਕਾਰ ਦੀਆਂ ਨਿਯੁਕਤੀਆਂ ਰੱਦ ਕਰਨ ਲਈ ਹੁਕਮ ਜਾਰੀ ਕਰੇ। ਇਸ ਨਾਲ ਮੁੱਖ ਮੰਤਰੀ ਦੇ ਓਐਸਡੀ ਦੀਆਂ ਨਿਯੁਕਤੀਆਂ ਨੂੰ ਵੀ ਰੱਦ ਕਰਨ ਲਈ ਕਿਹਾ ਹੈ। ਪਟੀਸ਼ਨਰ ਅਨੁਸਾਰ ਇਹ ਨਿਯੁਕਤੀਆਂ ਬਗ਼ੈਰ ਕੋਈ ਸੁਤੰਤਰ ਤੇ ਨਿਰਪੱਖ ਪ੍ਰਕਿਰਿਆ ਅਪਣਾਉਣ ਤੋਂ ਕੀਤੀਆਂ ਗਈਆਂ ਹਨ। ਚੀਫ਼ ਜਸਟਿਸ ਅਰਜਨ ਕੁਮਾਰ ਸੀਕਰੀ ਤੇ ਜਸਟਿਸ ਰਾਕੇਸ਼ ਕੁਮਾਰ ਜੈਨ ਦੇ ਡਿਵੀਜ਼ਨ ਬੈਂਚ ਨੇ ਇਸ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਮਾਮਲੇ ਦੀ ਅਗਲੀ ਸੁਣਵਾਈ 19 ਮਾਰਚ ਨੂੰ ਹੋਵੇਗੀ।

# ਕੇਂਦਰ ਸਰਕਾਰ ਬਣਾਏਗੀ ਸੰਗਰੂਰ ਵਿਚ ਕੈਂਸਰ ਹਸਪਤਾਲ

**ਸੰਗਰੂਰ:** ਸੰਗਰੂਰ ਵਿਚ ਤਕਰੀਬਨ ਇਕ ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਜਾਣ ਵਾਲੇ 300 ਬਿਸਤਰ ਦੇ ਸੁਪਰ ਸਪੈਸ਼ਲਿਟੀ ਹਸਪਤਾਲ ਲਈ ਭਾਰਤ ਸਰਕਾਰ ਨੇ ਸਿਧਾਂਤਕ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਹੈ। ਇਸ ਹਸਪਤਾਲ ਵਿਚ ਕੈਂਸਰ ਰੋਗ ਦੇ ਇਲਾਜ ਦੇ ਨਾਲ ਨਾਲ ਹਰ ਬਿਮਾਰੀ ਦਾ ਇਲਾਜ ਹੋਵੇਗਾ ਜਿਸ ਨਾਲ ਕੈਂਸਰ ਰੋਗ ਨਾਲ ਜੂਝ ਰਹੇ ਮਾਲਵਾ ਖੇਤਰ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

ਸੰਸਦ ਮੈਂਬਰ ਵਿਜੇਇੰਦਰ ਸਿੰਗਲਾ ਨੇ ਦੱਸਿਆ ਕਿ ਸੈਟੇਲਾਈਟ ਸੈਂਟਰ ਆਫ ਪੀ.ਜੀ.ਆਈ. ਚੰਡੀਗੜ੍ਹ ਤੇ ਟਾਟਾ ਮੈਮੋਰੀਅਲ ਕੈਂਸਰ ਹਸਪਤਾਲ ਵਜੋਂ ਸਥਾਪਤ ਕੀਤੇ ਜਾਣ ਵਾਲਾ ਇਹ ਹਸਪਤਾਲ ਘਾਬਦਾਂ ਕੋਠੀ ਵਾਲੀ ਜ਼ਮੀਨ ਵਿਚ ਬਣੇਗਾ ਜਿਸ ਲਈ ਪੰਜਾਬ ਸਰਕਾਰ ਨੇ 25 ਏਕੜ ਜ਼ਮੀਨ ਦਿੱਤੀ ਹੈ ਜਦੋਂਕਿ ਹਸਪਤਾਲ ਬਣਾਉਣ ਲਈ ਕਰੀਬ ਇਕ ਹਜ਼ਾਰ ਕਰੋੜ ਰੁਪਏ ਦੀ ਕੇਂਦਰ ਸਰਕਾਰ ਵੱਲੋਂ ਗਰਾਂਟ ਦਿੱਤੀ ਜਾਵੇਗੀ।




ਉਨ੍ਹਾਂ ਦੱਸਿਆ ਕਿ ਸੈਟੇਲਾਈਟ ਸੈਂਟਰ ਆਫ਼ ਪੀ.ਜੀ.ਆਈ. ਹਸਪਤਾਲ ਸੰਗਰੂਰ ਵਿਖੇ ਹਰ ਬਿਮਾਰੀ ਦਾ ਇਲਾਜ ਹੋਵੇਗਾ ਜਦੋਂ ਕਿ ਇਸ ਹਸਪਤਾਲ ਵਿਚ ਟਾਟਾ ਮੈਮੋਰੀਅਲ ਸੈਂਟਰ ਵਿਚ ਕੈਂਸਰ ਦੀ ਬਿਮਾਰੀ ਦਾ ਇਲਾਜ ਹੋਵੇਗਾ। ਉਨ੍ਹਾਂ ਦੱਸਿਆ ਕਿ ਇਹ ਹਸਪਤਾਲ ਪਹਿਲਾਂ 300 ਬਿਸਤਰਿਆਂ ਦਾ ਬਣੇਗਾ ਤੇ ਬਾਅਦ ਵਿਚ ਇਸ ਨੂੰ ਅੱਪਗਰੇਡ ਕਰਕੇ 500 ਬਿਸਤਰਿਆਂ ਦਾ ਕੀਤਾ ਜਾਵੇਗਾ।

# ਕਣਕ ਉਤਪਾਦਨ ਵਿਚ ਸੰਗਰੂਰ ਦੀ ਝੰਡੀ

**ਸੰਗਰੂਰ:** ਕੌਮੀ ਅੰਨ ਸੁਰੱਖਿਆ ਮਿਸ਼ਨ (ਕਣਕ) ਅਧੀਨ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਦੀ ਮੋਨੀਟਰਿੰਗ ਲਈ ਪੁੱਜੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਵਾਰ ਜ਼ਿਲ੍ਹਾ ਸੰਗਰੂਰ ਨੇ ਪ੍ਰਤੀ ਹੈਕਟੇਅਰ ਕਣਕ ਉਤਪਾਦਨ ਦੇ ਖੇਤਰ ਵਿਚ ਇਕੱਲੇ ਪੰਜਾਬ ਵਿਚੋਂ ਹੀ ਨਹੀਂ ਸਗੋਂ ਪੂਰੇ ਭਾਰਤ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਬਾਦਲ ਸਰਕਾਰ ਨੇ ਇਸ ਨੂੰ ਆਪਣੀ ਪ੍ਰਾਪਤੀ ਦੱਸਿਆ ਹੈ।

ਪਿਛਲੇ ਸਾਲ ਇਹ ਮਾਣ ਪੱਛਮੀ ਬੰਗਾਲ ਦੇ ਮਾਲਦਾ ਜ਼ਿਲ੍ਹੇ ਨੂੰ ਪ੍ਰਾਪਤ ਹੋਇਆ ਸੀ। ਇਸ ਬਾਰੇ ਡਿਪਟੀ ਕਮਿਸ਼ਨਰ ਕੁਮਾਰ ਰਾਹੁਲ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਇਸ ਵਾਰ ਪ੍ਰਤੀ ਹੈਕਟੇਅਰ 5505 ਕਿਲੋਗ੍ਰਾਮ ਕਣਕ ਦਾ ਉਤਪਾਦਨ ਹੋਇਆ ਹੈ ਜੋ ਪਿਛਲੇ ਸਾਲ 5189 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਸੀ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਜ਼ਿਲ੍ਹਾ ਮਾਲਦਾ (ਪੱਛਮੀ ਬੰਗਾਲ) ਦਾ ਉਤਪਾਦਨ 5232 ਕਿਲੋਗ੍ਰਾਮ ਸੀ ਜੋ ਇਸ ਵਾਰ ਘੱਟ ਕੇ 5070 ਕਿਲੋਗ੍ਰਾਮ ਰਹਿ ਗਿਆ ਹੈ।

# ਮੈਰਿਜ ਪੈਲੇਸਾਂ 'ਚ ਸ਼ਰਾਬ ਵਰਤਾਉਣ ਲੱਗੀਆਂ ਬੇਰੁਜ਼ਗਾਰ ਪੰਜਾਬਣਾਂ

**ਚੰਡੀਗੜ੍ਹ:** ਪੰਜਾਬ ਵਿਚ ਲੱਖਾਂ ਦੀ ਤਦਾਦ ਵਿਚ ਬੇਰੁਜ਼ਗਾਰ ਘੁੰਮ ਰਹੇ ਪੜ੍ਹੇ-ਲਿਖੇ ਨੌਜਵਾਨ ਮੁੰਡੇ-ਕੁੜੀਆਂ ਦੀ ਸੂਚੀ ਦਿਨੋਂ-ਦਿਨ ਲੰਬੀ ਹੁੰਦੀ ਜਾ ਰਹੀ ਹੈ। ਸਰਕਾਰ ਵੀ ਇਸ ਬੇਰੁਜ਼ਗਾਰੀ ਦੀ ਗੰਭੀਰ ਸਮੱਸਿਆ ਦਾ ਹੱਲ ਕਰਨ ਵਿਚ ਸਫਲ ਨਹੀਂ ਹੋਈ ਤੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੇ ਦਾਅਵੇ ਖੋਖਲੇ ਸਿੱਧ ਹੋ ਰਹੇ ਹਨ। ਮਹਿੰਗੀਆਂ ਪੜ੍ਹਾਈਆਂ ਤੇ ਆਪਣੇ ਮਾਪਿਆਂ ਦੇ ਲੱਖਾਂ ਰੁਪਏ ਖਰਚ ਕਰਵਾ ਕੇ ਵੀ ਨੌਕਰੀਆਂ ਦੀ ਤਲਾਸ਼ ਲਈ ਮੁੰਡੇ-ਕੁੜੀਆਂ ਆਪਣੇ ਹੱਥਾਂ ਵਿਚ ਡਿਗਰੀਆਂ ਚੁੱਕੀ ਫਿਰਦੇ ਹਨ। ਕਈਆਂ ਦੀ ਉਮਰ ਲੰਘ ਗਈ ਹੈ ਤੇ ਕਈਆਂ ਦੀ ਲੰਘਣ ਵਾਲੀ ਹੈ। ਆਖਰ ਥੱਕ-ਹਾਰ ਕੇ ਆਪਣੇ ਖਰਚੇ ਜੋਗਾ ਜੁਗਾੜ ਲਾਉਣ ਲਈ ਪੰਜਾਬ ਦੀਆਂ ਕਈ ਮੁਟਿਆਰਾਂ ਮੈਰਿਜ ਪੈਲੇਸਾਂ ਵਿਚ ਦਾਰੂ ਵਰਤਾਉਣ ਦੇ ਕੰਮ 'ਤੇ ਲੱਗ ਗਈਆਂ ਹਨ। ਮੈਰਿਜ ਪੈਲੇਸ ਵਿਚ ਸ਼ਰਾਬ ਸਰਵ ਕਰ ਰਹੀਆਂ ਮੁਟਿਆਰਾਂ ਦਾ ਕਹਿਣਾ ਹੈ ਕਿ ਐਮ.ਏ., ਬੀ.ਏ. ਤੱਕ ਪੜ੍ਹਾਈ ਕਰਨ ਉਪਰੰਤ ਸਰਕਾਰੀ ਜਾਂ ਪ੍ਰਾਈਵੇਟ ਨੌਕਰੀ ਨਾ ਮਿਲਣ ਕਾਰਨ ਉਨ੍ਹਾਂ ਨੇ ਇਹ ਕੰਮ ਕਰਨਾ ਸ਼ੁਰੂ ਕੀਤਾ ਹੈ। ਉਨ੍ਹਾਂ ਕਿਹਾ ਕਿ ਘਰ ਬੈਠ ਕੇ ਮਾਪਿਆਂ 'ਤੇ ਹੋਰ ਬੋਝ ਬਣਨ ਦੀ ਬਜਾਏ ਮਹੀਨੇ ਵਿਚ 10-15 ਦਿਨ ਇਹ ਕੰਮ ਤਕਰੀਬਨ 350 ਰੁਪਏ ਦਿਹਾੜੀ 'ਤੇ ਸਮੇਤ ਰੋਟੀ ਪਾਣੀ ਮਿਲ ਜਾਂਦਾ ਹੈ ਜਿਸ ਨਾਲ ਉਨ੍ਹਾਂ ਦੇ ਘਰ ਦਾ ਕੁਝ ਗੁਜ਼ਾਰਾ ਤੇ ਬੁੱਢੇ ਮਾਂ-ਬਾਪ ਦੀ ਦਵਾਈ-ਦਾਰੂ ਵੀ ਚੱਲ ਜਾਂਦੀ ਹੈ। ਪੰਜਾਬ ਭਰ ਵਿਚ ਇਸ ਵੇਲੇ ਤਕਰੀਬਨ 42 ਹਜ਼ਾਰ ਦੇ ਕਰੀਬ ਨੌਜਵਾਨ ਕੁੜੀਆਂ ਆਰਕੈਸਟਰਾ ਗਰੁੱਪਾਂ ਵਿਚ ਸ਼ਾਮਲ ਹੋ ਕੇ ਸਟੇਜਾਂ 'ਤੇ ਨੱਚ ਕੇ ਗੁਜ਼ਾਰਾ ਕਰ ਰਹੀਆਂ ਹਨ ਤੇ ਸੈਂਕੜੇ ਹੋਰ ਗਲਤ ਧੰਦੇ ਵਿਚ ਪੈ ਚੁੱਕੀਆਂ ਹਨ।

## ਪੰਜਾਬ ਦੇ ਸੂਤੀ ਧਾਗੇ ਨੇ ਚੀਨੀਆਂ ਨੂੰ ਮੋਹਿਆ

ਚੰਡੀਗੜ੍ਹ: ਚੀਨ ਵੱਲੋਂ ਰੂੰ ਦੀ ਖਰੀਦ ਕਰਨ ਦੀ ਥਾਂ ਸਾਲ 2012-13 ਦੇ ਦੌਰਾਨ ਭਾਰਤੀ ਬਜ਼ਾਰ ਵਿਚੋਂ ਸੂਤੀ ਧਾਗੇ ਦੀ ਖਰੀਦ ਵਿਚ ਵਿਸ਼ੇਸ਼ ਦਿਲਚਸਪੀ ਲਈ ਜਾ ਰਹੀ ਹੈ। ਇਸ ਨਾਲ ਸੂਤੀ ਧਾਗਾ ਤਿਆਰ ਕਰਨ ਵਾਲੀਆਂ ਮਿੱਲਾਂ ਇਸ ਵਾਰ ਚੰਗਾ ਮੁਨਾਫ਼ਾ ਕਮਾ ਰਹੀਆਂ ਹਨ ਕਿਉਂਕਿ ਭਾਰਤ ਵਿਚ ਰੂੰ ਦੀਆਂ ਕੀਮਤਾਂ ਪਿਛਲੇ ਦੋ ਸਾਲਾਂ ਦੇ ਮੁਕਾਬਲੇ ਇਸ ਸਾਲ ਕਾਫ਼ੀ ਘੱਟ ਹਨ।

ਬਠਿੰਡਾ ਵਿਚ ਵਪਾਰਕ ਸੂਤਰਾਂ ਅਨੁਸਾਰ ਚੀਨ ਨੇ ਸਾਲ 2011-12 ਵਿਚ ਭਾਰਤ ਤੋਂ 120 ਲੱਖ ਗੱਠਾਂ ਰੂੰ ਬਰਾਮਦ ਕੀਤੀ ਸੀ ਪਰ ਇਸ ਸਾਲ ਉਸ ਨੇ ਰੂੰ ਬਰਾਮਦ ਕਰਨ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ। ਸਾਲ 2012-13 ਦੇ ਦੌਰਾਨ ਭਾਰਤ ਤੋਂ ਸੂਤੀ ਧਾਗੇ ਦੀ ਬਰਾਮਦ 800 ਮਿਲੀਅਨ ਡਾਲਰ ਤੱਕ ਪਹੁੰਚ ਸਕਦੀ ਹੈ ਜਦੋਂਕਿ ਚੀਨ ਵੱਲੋਂ ਸਾਲ 2011-12 ਦੇ ਦੌਰਾਨ ਤਕਰੀਬਨ 400 ਮਿਲੀਅਨ ਡਾਲਰ ਕੀਮਤ ਦਾ ਸੂਤੀ ਧਾਗਾ ਭਾਰਤ ਤੋਂ ਬਰਾਮਦ ਕੀਤਾ ਸੀ।

ਵਪਾਰਕ ਸੂਤਰਾਂ ਅਨੁਸਾਰ ਚੀਨ ਨੇ ਸਾਲ 2012-13 ਦੌਰਾਨ ਪੰਜਾਬ ਸਥਿਤ ਸੂਤੀ ਧਾਗਾ ਬਣਾਉਣ ਵਾਲੀਆਂ ਧਾਗਾ ਮਿੱਲਾਂ ਨੂੰ ਚੀਨ ਦੀ ਗਾਰਮੈਂਟ ਸਨਅਤ (ਸੀਤੇ ਸਿਲਾਏ ਕੱਪੜੇ) ਵੱਲੋਂ ਸੂਤੀ ਧਾਗਾ ਬਰਾਮਦ ਕਰਨ ਦੇ ਚੰਗੇ ਆਰਡਰ ਮਿਲੇ ਹਨ ਤੇ ਇਨ੍ਹਾਂ ਮਿੱਲਾਂ ਵੱਲੋਂ ਤਿਆਰ ਕੀਤਾ ਜਾਂਦੇ ਧਾਗੇ ਦਾ 60 ਫੀਸਦੀ ਚੀਨ ਨੂੰ ਬਰਾਮਦ ਹੋ ਰਿਹਾ ਹੈ। ਇਸ ਨਾਲ ਸੂਤੀ ਧਾਗੇ ਦੀ ਕੀਮਤ ਜੋ ਕਿ ਪਿਛਲੇ ਸਾਲ 180 ਰੁਪਏ ਪ੍ਰਤੀ ਕਿਲੋਗ੍ਰਾਮ ਸੀ ਦੀ ਇਸ ਸਾਲ ਵਧ ਕੇ 210 ਰੁਪਏ ਕਿਲੋਗ੍ਰਾਮ ਤੱਕ ਪਹੁੰਚ ਗਈ ਹੈ।

# ਪੰਜਾਬ ਸਰਕਾਰ ਕੇਂਦਰੀ ਬਿਜਲੀ ਪ੍ਰਾਜੈਕਟ ਪੂਰੇ ਕਰਨ ਵਿਚ ਪਛੜੀ

ਚੰਡੀਗੜ੍ਹ: ਪੰਜਾਬ ਸਰਕਾਰ ਦੀ 187 ਕਰੋੜ ਦੀ ਲਾਗਤ ਨਾਲ ਤਿਆਰ ਹੋਣ ਵਾਲੇ 17 ਕੇਂਦਰੀ ਬਿਜਲੀ ਪ੍ਰਾਜੈਕਟ ਮੁਕੰਮਲ ਕਰਨ ਬਾਰੇ ਕਾਰਗੁਜ਼ਾਰੀ ਜਿੱਥੇ ਗੈਰ-ਤਸੱਲੀਬਖਸ਼ ਹੈ, ਉੱਥੇ ਬੀਪੀਐਲ ਪਰਿਵਾਰਾਂ ਨੂੰ ਮੁਫ਼ਤ ਬਿਜਲੀ ਕੁਨੈਕਸ਼ਨ ਦੇਣ ਦੇ ਮਾਮਲੇ ਵਿਚ ਵੀ ਸੂਬਾ ਸਰਕਾਰ ਪਛੜੀ ਹੈ। ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਦੀ ਕੇਂਦਰੀ ਪ੍ਰਾਜੈਕਟ ਪ੍ਰਤੀ ਅਜਿਹੀ ਪਹੁੰਚ ਦਾ ਮੁੱਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲ ਉਠਾਇਆ ਹੈ।

ਕੇਂਦਰੀ ਬਿਜਲੀ ਵਿਭਾਗ ਨੇ ਇਸ ਦਾ ਨੋਟਿਸ ਲੈਂਦਿਆਂ ਕਿਹਾ ਹੈ ਕਿ ਜਿੱਥੇ ਪੰਜਾਬ ਰਾਜ ਲਈ ਕੇਂਦਰ ਸਰਕਾਰ ਵੱਲੋਂ ਪ੍ਰਵਾਨ ਕੀਤੇ 17 ਪ੍ਰਾਜੈਕਟਾਂ ਦੀ ਪ੍ਰਗਤੀ ਨਿਰਾਸ਼ਾਜਨਕ ਹੈ, ਉੱਥੇ ਬੀਪੀਐਲ ਲਈ ਬਿਜਲੀ ਦੇ ਕੁਨੈਕਸ਼ਨ ਜਾਰੀ ਕਰਨ ਦੇ ਮਾਮਲੇ ਵਿਚ ਵੀ ਸਰਕਾਰ ਦੀ ਕਾਰਗੁਜ਼ਾਰੀ ਅੱਧੀ-ਪਚੱਧੀ ਹੀ ਰਹੀ ਹੈ। ਕੇਂਦਰੀ ਬਿਜਲੀ ਰਾਜ ਮੰਤਰੀ ਜਿਓਤਿਰਾਦਿਤਿਆ ਐਮ. ਸਿੰਧੀਆ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਬਾਕਾਇਦਾ ਅਰਧ-ਸਰਕਾਰੀ ਪੱਤਰ ਲਿਖ ਕੇ

## ਪੰਜਾਬ ਦੀ ਕਾਰਗੁਜ਼ਾਰੀ ਤਸੱਲੀਬਖਸ਼ ਨਹੀਂ



ਇਤਰਾਜ਼ ਜਤਾਇਆ ਹੈ ਕਿ 11,840 ਪਾਰਸ਼ੀਅਲ ਇਲੈਕਟ੍ਰੀਫਾਈਡ ਵਿਲੇਜਿਜ਼ (ਪੀਈਵੀ) ਤਹਿਤ ਬਿਜਲੀ ਪ੍ਰਾਜੈਕਟਾਂ ਦਾ ਕੰਮ ਮੁਕੰਮਲ ਨਹੀਂ ਹੋਇਆ ਹੈ ਤੇ ਗਰੀਬੀ ਰੇਖਾ ਤੋਂ ਹੇਠਾਂ (ਬੀਪੀਐਲ) ਦੇ ਪਰਿਵਾਰਾਂ ਨੂੰ ਮੁਫ਼ਤ ਬਿਜਲੀ ਕੁਨੈਕਸ਼ਨ ਦੇਣ ਦੇ ਮਾਮਲੇ ਵਿਚ ਵੀ ਪੰਜਾਬ ਦੀ ਕਾਰਗੁਜ਼ਾਰੀ ਬੜੀ ਮਾੜੀ ਹੈ।

ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਨੇ ਸ. ਬਾਦਲ ਦੇ ਧਿਆਨ ਵਿਚ ਲਿਆਂਦਾ ਹੈ ਕਿ ਪੀਈਵੀ ਸਕੀਮ ਤਹਿਤ ਰਾਜ ਦੀ ਕਾਰਗੁਜ਼ਾਰੀ ਨਾਂਹ ਦੇ ਬਰਾਬਰ ਹੈ ਜਦਕਿ ਬੀਪੀਐਲ ਨੂੰ ਮੁਫ਼ਤ ਬਿਜਲੀ ਕੁਨੈਕਸ਼ਨ ਦੇਣ ਦੇ ਮਾਮਲੇ ਵਿਚ ਵੀ ਇਸ ਸੂਬੇ ਦੀ ਕਾਰਗੁਜ਼ਾਰੀ ਮਹਿਜ਼ 43 ਫੀਸਦੀ ਹੈ। ਭਾਰਤ ਸਰਕਾਰ ਅਨੁਸਾਰ ਪੰਜਾਬ ਵਿਚ ਬੀਪੀਐਲ ਦੇ ਮਿਥੇ 1,48,860 ਦੇ ਟੀਚੇ ਦੇ ਮੁਕਾਬਲੇ ਸਿਰਫ 64,554 ਕੁਨੈਕਸ਼ਨ ਹੀ ਜਾਰੀ ਹੋਏ ਹਨ।

ਆਰਜੀਜੀਵੀਵਾਈ ਸਕੀਮ ਤਹਿਤ ਹੀ ਬਿਜਲੀ ਮੰਤਰਾਲੇ ਨੇ 11ਵੀਂ ਯੋਜਨਾ ਦੇ ਆਧਾਰ 'ਤੇ ਪੰਜਾਬ ਲਈ 186.91 ਕਰੋੜ ਰੁਪਏ ਦੇ 17 ਪ੍ਰਾਜੈਕਟ ਪ੍ਰਵਾਨ ਕੀਤੇ ਸਨ। ਸ੍ਰੀ ਸਿੰਧੀਆ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਨੂੰ ਭੇਜੇ ਪੱਤਰ ਅਨੁਸਾਰ 11,840 ਪੀਈਵੀ ਨਾਲ ਸਬੰਧਿਤ ਇਲੈਕਟ੍ਰੀਫਿਕੇਸ਼ਨ ਦਾ ਕੰਮ ਅੱਜ ਤੱਕ ਵੀ ਮੁਕੰਮਲ ਨਹੀਂ ਹੋਇਆ ਤੇ ਦੂਸਰੇ ਪਾਸੇ ਬੀਪੀਐਲ ਕੁਨੈਕਸ਼ਨ ਤੈਅ ਟੀਚੇ ਤੋਂ ਅੱਧੇ ਵੀ ਜਾਰੀ ਨਹੀਂ ਹੋ ਸਕੇ।

# ਡੇਵਿਡ ਹੈਡਲੀ ਨੂੰ ਘੱਟ ਸਜ਼ਾ ਦੇਣ ‘ਤੇ ਭਾਰਤ ਖ਼ਫ਼ਾ

**ਨਵੀਂ ਦਿੱਲੀ:** ਭਾਰਤ ਨੇ ਕਿਹਾ ਹੈ ਕਿ 2008 ਦੇ ਮੁੰਬਈ ਹਮਲਿਆਂ ਦੇ ਦੋਸ਼ੀ ਡੇਵਿਡ ਹੈਡਲੀ ਨੂੰ ਅਮਰੀਕਾ ਵੱਲੋਂ ‘ਸਖ਼ਤ ਸਜ਼ਾ’ ਨਾ ਦੇਣ ’ਤੇ ਉਹ ਕਾਫੀ ਨਿਰਾਸ਼ ਹੈ। ਭਾਰਤ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਉਸ ਨੂੰ ਦਿੱਤੀ ਗਈ 35 ਸਾਲਾਂ ਦੀ ਸਜ਼ਾ ਉਸ ਵੱਲੋਂ ਕੀਤੇ ਗਏ ਗੁਨਾਹਾਂ ਤੋਂ ਕਿਤੇ ਘੱਟ ਹੈ। ਇਸ ਦੇ ਬਾਵਜੂਦ ਭਾਰਤ ਉਸ ਦੀ ਸਪੁਰਦਗੀ ਲਈ ਕੋਸ਼ਿਸ਼ ਜਾਰੀ ਰੱਖੇਗਾ। ਜ਼ਿਕਰਯੋਗ ਹੈ ਕਿ ਪਾਕਿਸਤਾਨੀ-ਅਮਰੀਕੀ ਦਹਿਸ਼ਤਗਰਦ ਡੇਵਿਡ ਕੋਲਮੈਨ ਹੈਡਲੀ ਨੂੰ ਮੁੰਬਈ ਅਤਿਵਾਦੀ ਹਮਲੇ ਸਬੰਧੀ ਕੇਸ ਵਿਚ ਅਮਰੀਕੀ ਅਦਾਲਤ ਨੇ 35 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। 52 ਸਾਲਾ ਹੈਡਲੀ ਨੇ ਅਮਰੀਕੀ ਤਫ਼ਤੀਸ਼ਕਾਰਾਂ ਨਾਲ ਸਮਝੌਤਾ ਕਰ ਲਿਆ ਸੀ ਜਿਸ ਤਹਿਤ ਉਸ ਨੇ ਇਸ ਕੇਸ ਨਾਲ ਸਬੰਧਤ ਅਹਿਮ ਜਾਣਕਾਰੀ ਦੇਣ ਬਦਲੇ ਮੌਤ ਦੀ ਸਜ਼ਾ ਤੋਂ ਛੋਟ ਮੰਗੀ ਸੀ। ਇਸੇ ਕਰਕੇ ਇਸਤਗਾਸਾ ਪੱਖ ਨੇ ਉਸ ਲਈ ਮੌਤ ਦੀ ਸਜ਼ਾ ਦੀ ਮੰਗ ਨਹੀਂ ਕੀਤੀ।

ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਕਿਹਾ ਕਿ ਹੈਡਲੀ ਨੂੰ ‘ਸਖ਼ਤ ਸਜ਼ਾ’ ਮਿਲਣੀ ਚਾਹੀਦੀ ਸੀ ਜਦਕਿ ਗ੍ਰਹਿ ਸਕੱਤਰ ਆਰਕੇ ਸਿੰਘ ਨੇ ਕਿਹਾ ਕਿ ਪਾਕਿਸਤਾਨੀ-ਅਮਰੀਕੀ ਲਸ਼ਕਰ-ਏ-ਤੋਇਬਾ ਦੇ ਇਸ ਅਤਿਵਾਦੀ ’ਤੇ ਮੁੰਬਈ ਹਮਲਿਆਂ ਵਿਚ ਸ਼ਾਮਲ ਸਾਰੇ ਦੋਸ਼ੀਆਂ ਨੂੰ ਸਜ਼ਾ-ਏ-ਮੌਤ ਮਿਲਣੀ ਚਾਹੀਦੀ ਹੈ। ਸ੍ਰੀ ਖੁਰਸ਼ੀਦ ਨੇ ਕਿਹਾ ਕਿ ਉਹ ਚਾਹੁੰਦੇ ਸਨ ਕਿ ਹੈਡਲੀ ਖ਼ਿਲਾਫ਼ ਭਾਰਤ ਵਿਚ ਮੁਕੱਦਮਾ ਚੱਲੇ ਤੇ ਉਸ ਨੂੰ ‘ਸਖ਼ਤ ਤੋਂ ਸਖ਼ਤ’ ਸਜ਼ਾ ਮਿਲੇ ਪਰ ਉਸ ਨੂੰ 35 ਸਾਲਾਂ ਦੀ ਸਜ਼ਾ ਦਿੱਤੇ ਜਾਣ ਤੋਂ ਕਾਫੀ ਨਿਰਾਸ਼ਾ ਹੈ। ਜੇਕਰ ਹੈਡਲੀ ਖ਼ਿਲਾਫ਼ ਇੱਥੇ



ਮੁਕੱਦਮਾ ਚੱਲਦਾ ਤਾਂ ਉਸ ਨੂੰ ਸਖ਼ਤ ਸਜ਼ਾ ਮਿਲਣੀ ਸੀ। ਗ੍ਰਹਿ ਸਕੱਤਰ ਨੇ ਕਿਹਾ ਕਿ ਭਾਰਤ ਹੈਡਲੀ ਲਈ ਸਜ਼ਾ-ਏ-ਮੌਤ ਚਾਹੁੰਦਾ ਹੈ। ਇਸ ਦੌਰਾਨ ਕਾਂਗਰਸ ਤੇ ਭਾਜਪਾ ਨੇ ਇਕੋ ਸੁਰ ਵਿਚ ਲਸ਼ਕਰ-ਏ-ਤੋਇਬਾ ਦੇ ਅਤਿਵਾਦੀ ਡੇਵਿਡ ਹੈਡਲੀ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ। ਕਾਂਗਰਸ ਦੇ ਤਰਜਮਾਨ ਰਾਸ਼ਿਦ ਅਲਵੀ ਨੇ ਕਿਹਾ ਕਿ ਹੈਡਲੀ ਨੂੰ ਹੋਈ ਸਜ਼ਾ ਤੋਂ ਉਨ੍ਹਾਂ ਦੀ ਪਾਰਟੀ ਨਿਰਾਸ਼ ਹੈ।

ਜ਼ਿਕਰਯੋਗ ਹੈ ਕਿ ਫੈਡਰਲ ਜ਼ਿਲ੍ਹਾ ਜੱਜ ਹੈਰੀ ਲੈਨਿਨਵੈਬਰ ਨੇ ਸਜ਼ਾ ਸੁਣਾਉਂਦਿਆਂ ਕਿਹਾ ਕਿ 35 ਸਾਲਾਂ ਦੀ ਕੈਦ ਕੱਟਣ ਮਗਰੋਂ ਹੈਡਲੀ ਨੂੰ ਪੰਜ ਸਾਲ ਹੋਰ ਪੁਲਿਸ ਦੀ ਨਿਗਰਾਨੀ ਹੇਠ ਬਿਤਾਉਣੇ ਪੈਣਗੇ। ਇਸਤਗਾਸਾ ਪੱਖ ਵੱਲੋਂ ਅਪਣਾਏ ਰੁਖ ‘ਤੇ ਆਪਣੀ ਨਾਖ਼ੁਸ਼ੀ ਜ਼ਾਹਰ ਕਰਦਿਆਂ ਜੱਜ ਲੈਨਿਨਵੈਬਰ ਨੇ ਕਿਹਾ ਕਿ ਮੁਲਜ਼ਮ ਦਹਿਸ਼ਤਗਰਦ ਹੈ। ਉਹ ਘਿਨਾਉਣੇ ਅਪਰਾਧ ਕਰਦਾ ਹੈ, ਫਿਰ ਤਫਤੀਸ਼ੀ ਏਜੰਸੀਆਂ ਨੂੰ ਸਹਿਯੋਗ ਦਿੰਦਾ ਹੈ ਤੇ ਇਸ ਸਹਿਯੋਗ ਬਦਲੇ ਇਨਾਮ ਹਾਸਲ ਕਰ ਜਾਂਦਾ ਹੈ। ਅਜਿਹਾ ਬੰਦਾ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ। ਹੈਡਲੀ ਨੇ ਮੁਕੱਦਮੇ ਦੇ ਮੁੱਢ ਵਿਚ ਆਪਣਾ ਦੋਸ਼ ਕਬੂਲ ਲਿਆ ਸੀ ਤੇ ਫਿਰ ਮੁਕੱਦਮੇ ਦੌਰਾਨ ਆਪਣੇ ਸਹਿ-ਮੁਲਜ਼ਮ ਤਹੱਵੁਰ ਰਾਣਾ ਦੇ ਖ਼ਿਲਾਫ਼ ਗਵਾਹੀ ਦਿੱਤੀ ਸੀ। ਹੈਡਲੀ ਨੇ ਕਬੂਲਿਆ ਸੀ ਕਿ ਲਸ਼ਕਰ-ਏ-ਤੋਇਬਾ ਵੱਲੋਂ ਪਾਕਿਸਤਾਨ ਵਿਚ ਚਲਾਏ ਗਏ ਦਹਿਸ਼ਤਗਰਦੀ ਸਿਖਲਾਈ ਕੈਂਪਾਂ ਵਿਚ ਉਹ 2002 ਤੋਂ 2005 ਤੱਕ ਪੰਜ ਵਾਰ ਸ਼ਾਮਲ ਹੋਇਆ। ਉਸ ਤੋਂ ਬਾਅਦ ਲਸ਼ਕਰ ਤੋਂ ਮਿਲੀਆਂ ਹਦਾਇਤਾਂ ਮੁਤਾਬਕ ਉਹ ਵਾਰ ਵਾਰ ਭਾਰਤ ਗਿਆ ਤੇ ਮੁੰਬਈ ਵਿੱਚ ਉਨ੍ਹਾਂ ਥਾਵਾਂ ਤੇ ਟਿਕਾਣਿਆਂ ਦੀ ਚੋਣ ਕੀਤੀ ਜਿਨ੍ਹਾਂ ਨੂੰ 26 ਨਵੰਬਰ, 2008 ਵਿਚ ਪਾਕਿਸਤਾਨੀ ਦਹਿਸ਼ਤਗਰਦਾਂ ਨੇ ਆਪਣਾ ਨਿਸ਼ਾਨਾ ਬਣਾਇਆ। ਇਨ੍ਹਾਂ ਹਮਲਿਆਂ ਵਿਚ ਛੇ ਅਮਰੀਕੀ ਨਾਗਰਿਕਾਂ ਸਮੇਤ 166 ਲੋਕ ਮਾਰੇ ਗਏ।

## ਹੈਡਲੀ ਨੂੰ ਭਾਰਤ ਹਵਾਲੇ ਕੀਤਾ ਜਾਵੇਗਾ?



**ਸ਼ਿਕਾਗੋ:** ਪਾਕਿਸਤਾਨੀ ਅਮਰੀਕੀ ਅਤਿਵਾਦੀ ਡੇਵਿਡ ਹੈਡਲੀ ਜਿਸ ਜੇਕਰ ਅਮਰੀਕੀ ਸਰਕਾਰ ਨਾਲ ਕੀਤੇ ਸਮਝੌਤੇ ਤੋਂ ਮਾੜਾ ਮੋਟਾ ਵੀ ਉਰ੍ਹਾਂ-ਪਰ੍ਹਾਂ ਹੁੰਦਾ ਹੈ ਤਾਂ ਉਸ ਨੂੰ ਭਾਰਤ ਜਾਂ ਕਿਸੇ ਹੋਰ ਮੁਲਕ ਦੇ ਹਵਾਲੇ ਕੀਤਾ ਜਾ ਸਕਦਾ ਹੈ।ਅਮਰੀਕੀ ਅਟਾਰਨੀ ਗੈਰੀ ਐਸ ਸ਼ਾਪੀਰੋ ਨੇ ਦੱਸਿਆ ਕਿ “52 ਸਾਲਾ ਹੈਡਲੀ ਨੇ ਸਰਕਾਰ ਨਾਲ ਜੋ ਸਮਝੌਤਾ ਕੀਤਾ ਹੈ, ਜੇਕਰ ਉਹ ਉਸ ਮੁਤਾਬਕ ਨਹੀਂ ਚੱਲਦਾ ਤੇ ਭਵਿੱਖ ਵਿਚ ਕਿਸੇ ਵਿਦੇਸ਼ੀ ਸਰਕਾਰ ਨੂੰ ਜਾਂਚ ਵਿਚ ਸਹਿਯੋਗ ਨਹੀਂ ਦਿੰਦਾ ਤਾਂ ਉਸ ਨੂੰ ਦੂਜੇ ਮੁਲਕ ਦੇ ਸਪੁਰਦ ਕੀਤਾ ਜਾ ਸਕਦਾ ਹੈ। ਇਸ ਸਮੇਂ ਹੈਡਲੀ ਨਾਲ ਅਮਰੀਕੀ ਸਰਕਾਰ ਨੇ ਜੋ ਸਮਝੌਤਾ ਕੀਤਾ ਹੈ, ਉਸ ਮੁਤਾਬਕ ਉਸ ਨੂੰ ਭਾਰਤ, ਪਾਕਿਸਤਾਨ ਜਾਂ ਡੈਨਮਾਰਕ ਸਪੁਰਦ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਉਸ ਨੂੰ ਸਜ਼ਾ-ਏ-ਮੌਤ ਦਿੱਤੀ ਜਾ ਸਕਦੀ ਹੈ। ਭਾਰਤ ਦਾ ਕਹਿਣਾ ਹੈ ਕਿ ਉਹ ਹੈਡਲੀ ਦੀ ਸਪੁਰਦਗੀ ਲੈਣ ਲਈ ਲਗਾਤਾਰ ਅਮਰੀਕਾ ‘ਤੇ ਦਬਾਅ ਜਾਰੀ ਰੱਖੇਗਾ। ਭਾਰਤ ਨੂੰ ਉਹ ਮੁੰਬਈ ਅਤਿਵਾਦੀ ਹਮਲਿਆਂ ਵਿਚ ਲੋੜੀਂਦਾ ਹੈ। ਇਨ੍ਹਾਂ ਹਮਲਿਆਂ ਵਿਚ ਛੇ ਅਮਰੀਕੀਆਂ ਸਣੇ 166 ਵਿਅਕਤੀ ਮਾਰੇ ਗਏ ਸਨ। ਅਟਾਰਨੀ ਜਨਰਲ ਅਨੁਸਾਰ ਹੈਡਲੀ ਨਾਲ ਹੋਏ ਸਮਝੌਤੇ ਮੁਤਾਬਕ ਜੇਕਰ ਉਹ ਜਾਂਚ ਵਿਚ ਸਹਿਯੋਗ ਨਹੀਂ ਕਰਦਾ ਜਾਂ ਸਹਿਯੋਗ ਕਰਨ ਵੇਲੇ ਕੁਝ ਲੁਕਾਉਂਦਾ ਹੈ ਤਾਂ ਇਹ ਸਮੁੱਚੇ ਸਮਝੌਤੇ ਦੀ ਉਲੰਘਣਾ ਮੰਨੀ ਜਾਵੇਗੀ। ਇਹ ਸਹਿਯੋਗ ਸਿਰਫ਼ ਅਮਰੀਕੀ ਪ੍ਰਸ਼ਾਸਨ ਨਾਲ ਹੀ ਨਹੀਂ ਸਗੋਂ ਵਿਦੇਸ਼ੀ ਸਰਕਾਰਾਂ ਨਾਲ ਵੀ ਕਰਨਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਮੁੰਬਈ ਹਮਲਿਆਂ ਦੇ ਮਾਮਲੇ ਵਿਚ ਲਸ਼ਕਰ-ਏ-ਤੋਇਬਾ ਦੇ ਆਗੂਆਂ ਸਮੇਤ ਨਾਮਜ਼ਦ ਹੋਰ ਛੇ ਵਿਅਕਤੀਆਂ ਨੂੰ ਵੀ ਨਿਆਂ ਦੀ ਗ੍ਰਿਫ਼ਤ ਵਿਚ ਲਿਆਉਣ ਦੀ ਕਾਰਵਾਈ ਜਾਰੀ ਰੱਖੇਗਾ। ਤਹੱਵਰ ਰਾਣਾ ਤੇ ਹੈਡਲੀ ਤੋਂ ਇਲਾਵਾ ਇਨ੍ਹਾਂ ਛੇ ਦੇ ਨਾਮ ਇਲਿਆਸ ਕਸ਼ਮੀਰੀ, ਅਬਦੁਰ ਰਹਿਮਾਨ, ਹਾਸ਼ਿਮ ਸਈਦ ਉਰਫ ਪਾਸ਼ਾ, ਅੱਬੂ ਕੁਹਾਫਾ, ਸਾਜਿਦ ਮੀਰ, ਮਜ਼ਹਰ ਇਕਬਾਲ ਤੇ ਮੇਜਰ ਇਕਬਾਲ ਹਨ। ਇਨ੍ਹਾਂ ਵਿਚੋਂ ਇਲਿਆਸ ਕਸ਼ਮੀਰੀ ਅਮਰੀਕੀ ਡਰੋਨ ਹਮਲੇ ਵਿਚ ਮਾਰਿਆ ਗਿਆ ਦੱਸਿਆ ਜਾਂਦਾ ਹੈ ਤੇ ਬਾਕੀ ਦੇ ਪੰਜ ਪਾਕਿਸਤਾਨ ਵਿਚ ਲੁਕੇ ਹੋਏ ਦੱਸੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਕੁਝ ਵੀ ਹੋਵੇ ਅਮਰੀਕਾ ਵੱਲੋਂ ਭਾਲ ਜਾਰੀ ਰਹੇਗੀ।

## ਗਡਕਰੀ ਨੇ ਆਮਦਨ ਕਰ ਵਾਲੇ ਡਰਾਏ!

**ਨਾਗਪੁਰ:** ਭਾਜਪਾ ਦੀ ਪ੍ਰਧਾਨਗੀ ਤੋਂ ਵਿਹਲਾ ਹੋਣ ਤੋਂ ਇਕ ਦਿਨ ਬਾਅਦ ਹੀ ਨਿਤਿਨ ਗਡਕਰੀ ਨੇ ਆਮਦਨ ਕਰ ਅਧਿਕਾਰੀਆਂ ਨੂੰ ਦਬਕਾ ਮਾਰਿਆ ਕਿ ਜਦੋਂ ਭਾਜਪਾ ਦੀ ਕੇਂਦਰ ਵਿਚ ਸਰਕਾਰ ਆਵੇਗੀ ਤਾਂ ਉਨ੍ਹਾਂ ਨੂੰ ਕੋਈ ਵੀ ਨਹੀਂ ਬਚਾ ਸਕੇਗਾ। ਆਮਦਨ ਕਰ ਵਿਭਾਗ ਪੂਰਤੀ ਗਰੁੱਪ ਦੇ ਫੰਡਾਂ ਸਬੰਧੀ ਜਾਂਚ-ਪੜਤਾਲ ਕਰ ਰਿਹਾ ਹੈ।

ਭਾਜਪਾ ਦੀ ਪ੍ਰਧਾਨਗੀ ਛੱਡਣ ਤੋਂ ਇਕ ਦਿਨ ਬਾਅਦ ਹੀ ਨਿਤਿਨ ਗਡਕਰੀ ਨੇ ਭਾਜਪਾ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਉਹ ਭਾਜਪਾ ਦਾ ਪ੍ਰਧਾਨ ਸੀ ਤਾਂ ਉਸ ਨੂੰ ਮਰਿਆਦਾ ਤੇ ਸੀਮਾ ਵਿਚ ਰਹਿ ਕੇ ਕੰਮ ਕਰਨਾ ਪੈ ਰਿਹਾ ਸੀ ਤੇ ਹੁਣ ਉਹ ਆਜ਼ਾਦ ਹਨ। ਕਾਂਗਰਸ ਦੀ ਬੇੜੀ ਡੁੱਬਣ ਜਾ ਰਹੀ ਹੈ ਤੇ ਜਦੋਂ ਭਾਜਪਾ ਸੱਤਾ ਵਿਚ ਆਈ, ਫਿਰ ਆਮਦਨ ਕਰ ਵਿਭਾਗ ਦੇ ਅਧਿਕਾਰੀ ਚਿਦੰਰਬਮ ਜਾਂ ਸੋਨੀਆ ਨਹੀਂ ਬਚਾਅ ਸਕਣਗੇ।

ਆਮਦਨ ਕਰ ਅਧਿਕਾਰੀਆਂ ਵੱਲੋਂ ਪੂਰਤੀ ਗਰੁੱਪ ਦੇ ਫੰਡਾਂ ਸਬੰਧੀ ਕੀਤੀ ਜਾ ਰਹੀ ਪੜਤਾਲ ਸਬੰਧੀ ਪਹਿਲੀ ਵਾਰ ਆਪਣੇ ਘਰੇਲੂ ਹਲਕੇ ਵਿਚ ਮੂੰਹ ਖੋਲ੍ਹਦਿਆਂ ਕਿਹਾ ਕਿ ਪਹਿਲਾ ਸੀਬੀਆਈ ਕਾਂਗਰਸ ਦੇ ਇਸ਼ਾਰਿਆਂ ਉਤੇ ਕੰਮ ਕਰ ਰਹੀ ਸੀ ਤੇ ਹੁਣ ਆਮਦਨ ਕਰ ਵਿਭਾਗ ਅਜਿਹਾ ਕਰ ਰਿਹਾ ਹੈ। ਗਡਕਰੀ ਨੇ ਆਮਦਨ ਕਰ ਅਧਿਕਰੀਆਂ ਨੂੰ ਧਮਕੀ ਦਿੰਦਿਆਂ ਕਿਹਾ ਕਿ ਉਹ ਜਾਣਦਾ ਹੈ ਕਿ ਉਹ ਦਿੱਲੀ, ਨਾਗਪੁਰ ਤੇ ਪੂਨੇ ਵਿਚ ਬੈਠ ਕੇ ਉਸ ਵਿਰੁੱਧ ਸਾਜ਼ਿਸ਼ਾਂ ਰਚਦੇ ਰਹੇ ਹਨ। ਉਹ ਉਨ੍ਹਾਂ ਦੇ ਨਾਂ ਵੀ ਜਾਣਦਾ ਹੈ।

## ਜਸਪਾਲ ਭੱਟੀ, ਰਾਜੇਸ਼ ਖੰਨਾ ਤੇ ਰਾਹੁਲ ਦ੍ਰਾਵਿੜ ਨੂੰ ਪਦਮ ਭੂਸ਼ਨ

**ਨਵੀਂ ਦਿੱਲੀ:** ਪ੍ਰੋ. ਯਸ਼ਪਾਲ, ਫਿਲਮ ਜਗਤ ਤੋਂ ਸ਼ਰਮੀਲਾ ਟੈਗੋਰ, ਰਾਜੇਸ਼ ਖੰਨਾ, ਸ੍ਰੀਦੇਵੀ ਤੇ ਨਾਨਾ ਪਾਟੇਕਰ, ਗੀਤਕਾਰ ਨਿਦਾ ਫਾਜ਼ਲੀ, ਪ੍ਰਸਿੱਧ ਕਮੇਡੀਅਨ ਰਹੇ ਜਸਪਾਲ ਭੱਟੀ, ਫੈਸ਼ਨ ਡਿਜ਼ਾਈਨਰ ਰਿਤੂ ਕੁਮਾਰ ਤੇ ਕ੍ਰਿਕਟ ਖਿਡਾਰੀ ਰਾਹੁਲ ਦ੍ਰਾਵਿੜ ਸਮੇਤ ਕੁੱਲ 108 ਲੋਕਾਂ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਤ ਕੀਤਾ ਜਾਵੇਗਾ।

ਰਾਸ਼ਟਰਪਤੀ ਪ੍ਰਣਾਬ ਮੁਖਰਜੀ ਵੱਲੋਂ ਜਿਨ੍ਹਾਂ 108 ਲੋਕਾਂ ਦੇ ਨਾਵਾਂ ਨੂੰ ਮਨਜ਼ੂਰੀ ਦਿੱਤੀ ਹੈ, ਉਨ੍ਹਾਂ ਵਿਚ ਚਾਰ ਪਦਮ ਵਿਭੂਸ਼ਨ, 24 ਨੂੰ ਪਦਮ ਭੂਸ਼ਣ ਤੇ 80 ਪਦਮਸ੍ਰੀ ਪੁਰਸਕਾਰ ਸ਼ਾਮਲ ਹਨ। ਰਾਸ਼ਟਰਪਤੀ ਮਾਰਚ ਜਾਂ ਅਪਰੈਲ ਵਿਚ ਇਨ੍ਹਾਂ ਪੁਰਸਕਾਰਾਂ ਨੂੰ ਦੇਣ ਦਾ ਐਲਾਨ ਕਰਨਗੇ। ਇਸ ਸਾਲ ਵੀ ਭਾਰਤ ਰਤਨ ਲਈ ਕਿਸੇ ਨਾਂ ਦਾ ਐਲਾਨ ਨਹੀਂ ਕੀਤਾ ਗਿਆ। ਪਦਮ ਵਿਭੂਸ਼ਣ ਪਾਉਣ ਵਾਲਿਆਂ ਵਿਚ ਕਲਾ ਖੇਤਰ ਤੋਂ ਰਘੂਨਾਥ ਮਹਾਪਾਤਰ ਤੇ ਐਸ. ਹੈਦਰ ਰਜ਼ਾ, ਵਿਗਿਆਨ ਤੇ ਇੰਜੀਨੀਅਰ ਖੇਤਰ ਵਿਚ ਪ੍ਰੋ. ਯਸ਼ਪਾਲ ਤੇ ਪ੍ਰੋਫੈਸਰ ਆਰ. ਨਰਸਿਮ੍ਹਾ ਹਨ।

ਪਦਮ ਭੂਸ਼ਣ ਪਾਉਣ ਵਾਲਿਆਂ ਵਿਚ ਕਲਾ ਖੇਤਰ ਤੋਂ ਰਾਮਾ ਨਾਇਡੂ ਡਗੂਬਾਤੀ, ਸ੍ਰੀਮਤੀ ਸ੍ਰੀਰਾਮ ਮੂਰਤੀ ਜਾਨਕੀ, ਕਨਕ ਰੇਲੇ, ਸ਼ਰਮੀਲਾ ਟੈਗੋਰ, ਸਰੋਜਾ ਵਿਦਿਆਨਾਥਨ, ਅਬਦੁੱਲ ਰਾਸ਼ਿਦ ਖਾਨ, ਰਾਜੇਸ਼ ਖੰਨਾ (ਮਰਨ ਉਪਰੰਤ), ਤੇ ਜਸਪਾਲ ਸਿੰਘ ਭੱਟੀ (ਮਰਨ ਉਪਰੰਤ) ਜਨਤਕ ਮਾਮਲਿਆਂ ਦੇ ਖੇਤਰ ਵਿਚ ਸ਼ਿਵਾਜੀ ਰਾਵ ਗਿਰਧਰ, ਸੁਸ਼ੀਲ ਕੁਮਾਰ ਹਨ। ਮਹਾਨ ਬੱਲੇਬਾਜ਼ ਰਾਹੁਲ ਦ੍ਰਾਵਿੜ, ਮੁਕੇਬਾਜ਼ ਐਮ. ਸੀ. ਮੈਰੀਕੋਮ ਨੂੰ ਵੀ ਪਦਮ ਭੂਸ਼ਣ ਪੁਰਸਕਾਰ ਲਈ ਚੁਣਿਆ ਗਿਆ ਹੈ ਜਦਕਿ ਛੇ ਹੋਰ ਖਿਡਾਰੀ ਪਦਮ ਭੂਸ਼ਣ ਪੁਰਸਕਾਰ ਦੀ ਸੂਚੀ ਵਿਚ ਸ਼ਾਮਲ ਹਨ।

ਪਦਮਸ੍ਰੀ ਪੁਰਸਕਾਰ ਪਾਉਣ ਵਾਲਿਆਂ ਵਿਚ ਸ੍ਰੀ ਦੇਵੀ, ਰਮੇਸ਼ ਸਿੱਪੀ, ਰਿਤੂ ਕੁਮਾਰ, ਕੈਲਾਸ਼ ਖੇਰ, ਵਿਜੈ ਕੁਮਾਰ, ਫੌਜਾ ਸਿੰਘ, ਯੋਗੇਸ਼ਵਰ ਦੱਤ, ਗੌਤਮ ਗੰਭੀਰ, ਚਡਿੰਗੋ ਸਿੰਘ ਤੇ ਅਲੋਕ ਕੁਮਾਰ ਸ਼ਾਮਿਲ ਹਨ ।

ਇਸੇ ਦੌਰਾਨ ਜੰਮੂ ਤੇ ਕਸ਼ਮੀਰ ਵਿਚ ਤਿੰਨ ਵਿਦੇਸ਼ੀ ਅਤਿਵਾਦੀਆਂ ਨੂੰ ਮਾਰਨ ਬਦਲੇ ਮੇਜਰ ਅਨੂਪ ਜੋਸਫ ਮੰਜਲੀ ਨੂੰ ਸ਼ਾਂਤੀ ਸਮੇਂ ਦਾ ਦੂਸਰਾ ਸਭ ਤੋਂ ਵੱਡਾ ਕੀਰਤੀ ਚੱਕਰ ਪੁਰਸਕਾਰ ਨਾਲ ਸਨਮਾਨਤ ਕਰਨ ਦਾ ਐਲਾਨ ਕੀਤਾ ਗਿਆ ਹੈ ਜਦਕਿ ਕੁਪਵਾੜਾ ਜ਼ਿਲ੍ਹੇ ਵਿਚ ਕੰਟਰੋਲ ਰੇਖਾ ਦੇ ਨਾਲ ਨਾਲ ਭਾਰਤੀ ਚੌਕੀ ‘ਤੇ ਹਮਲਾ ਪਛਾੜਨ ਲਈ ਦੋ ਸੈਨਿਕਾਂ ਨੂੰ ਮਰਨ ਉਪਰੰਤ ਸ਼ੌਰਿਆ ਚੱਕਰ ਨਾਲ ਸਨਮਾਨਤ ਕੀਤਾ ਜਾਵੇਗਾ।

## ਬਲਾਤਕਾਰੀਆਂ ਨੂੰ ਮੌਤ ਦੀ ਸਜ਼ਾ ਦੇ ਹੱਕ ‘ਚ ਨਹੀਂ ਜਸਟਿਸ ਵਰਮਾ ਕਮੇਟੀ

**ਨਵੀਂ ਦਿੱਲੀ:** ਬਲਾਤਕਾਰਾਂ ਨੂੰ ਰੋਕਣ ਲਈ ਸਰਕਾਰ ਨੂੰ ਆਪਣੇ ਮੌਜੂਦਾ ਕਾਨੂੰਨ ਹੀ ਪੂਰੀ ਤਰ੍ਹਾਂ ਅਮਲ ਵਿਚ ਲਿਆਉਣੇ ਚਾਹੀਦੇ ਹਨ ਤੇ ਦੇਸ਼ ਨੂੰ ਬਲਾਤਕਾਰ ਲਈ ਮੌਤ ਦੀ ਸਜ਼ਾ ਵਰਗੀਆਂ ਸਖ਼ਤ ਸਜ਼ਾਵਾਂ ਦੀ ਲੋੜ ਨਹੀਂ। ਇਹ ਰਾਏ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਜੇ.ਐਸ. ਵਰਮਾ ਦੀ ਅਗਵਾਈ ਹੇਠਲੀ ਕਮੇਟੀ

**ਕਮੇਟੀ ਨੇ 631 ਸਫਿਆਂ ਦੀ ਰਿਪੋਰਟ ਗ੍ਰਹਿ ਮੰਤਰਾਲੇ ਨੂੰ ਸੌਂਪੀ**

ਦੀ ਹੈ ਜਿਸ ਨੂੰ ਦਿੱਲੀ ਸਮੂਹਿਕ ਬਲਾਤਕਾਰ ਕਾਂਡ ਤੋਂ ਬਾਅਦ ਸਰਕਾਰ ਨੇ ਔਰਤਾਂ ਉਤੇ ਜਬਰ ਨਾਲ ਜੁੜੇ ਕਾਨੂੰਨਾਂ ਉਤੇ ਨਜ਼ਰਸਾਨੀ ਲਈ ਕਾਇਮ ਕੀਤਾ ਸੀ। ਕਮੇਟੀ ਨੇ ਬਾਲ ਅਪਰਾਧੀਆਂ ਦੀ ਉਮਰ ਘਟਾਏ ਜਾਣ ਦੀ ਮੰਗ ਵੀ ਰੱਦ ਕਰ ਦਿੱਤੀ ਹੈ ਪਰ ਜਿਨਸੀ ਸ਼ੋਸ਼ਣ ਨਾਲ ਜੁੜੇ ਮਾਮਲਿਆਂ ਬਾਰੇ ਫ਼ੌਜਦਾਰੀ ਕਾਨੂੰਨ ਵਿਚ ਵਿਆਪਕ ਸੋਧਾਂ ਦੀ ਸਿਫਾਰਸ਼ ਕੀਤੀ ਹੈ।

ਜਸਟਿਸ ਵਰਮਾ ਕਮੇਟੀ ਦੇ ਨਾਂ ਨਾਲ ਜਾਣੀ ਜਾਂਦੀ ਇਸ ਤਿੰਨ ਮੈਂਬਰੀ ਕਮੇਟੀ ਨੇ ਆਪਣੀ 631 ਸਫਿਆਂ ਦੀ ਰਿਪੋਰਟ ਭਾਰਤੀ ਗ੍ਰਹਿ ਮੰਤਰਾਲੇ ਨੂੰ ਸੌਂਪ ਦਿੱਤੀ। ਕਮੇਟੀ ਨੂੰ ਇਹ ਰਿਪੋਰਟ ਦੇਣ ਲਈ 30 ਦਿਨਾਂ ਦਾ ਸਮਾਂ ਦਿੱਤਾ ਗਿਆ ਸੀ ਪਰ ਇਸ ਨੇ ਇਹ ਕਾਰਜ 29 ਦਿਨਾਂ ਵਿਚ ਹੀ ਪੂਰਾ ਕਰ ਦਿੱਤਾ। ਰਿਪੋਰਟ ਸੌਂਪਣ ਤੋਂ ਬਾਅਦ ਇਕ ਮੀਡੀਆ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਸਟਿਸ ਵਰਮਾ ਨੇ ਬਲਾਤਕਾਰੀਆਂ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਮੂਲੋਂ ਹੀ ਰੱਦ ਕਰ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੀ ਸਜ਼ਾ ਦੀ ਮੰਗ ਦਾ ਬਹੁਗਿਣਤੀ ਲੋਕਾਂ, ਖਾਸ ਕਰਕੇ ਇਸਤਰੀਆਂ ਦੀਆਂ ਜਥੇਬੰਦੀਆਂ ਨੇ ਵੀ ਵਿਰੋਧ ਕੀਤਾ ਹੈ। ਮਨੁੱਖੀ ਅਧਿਕਾਰ ਜਥੇਬੰਦੀਆਂ ਵਾਰ-




ਵਾਰ ਇਸ ਗੱਲ ‘ਤੇ ਜ਼ੋਰ ਦਿੰਦੀਆਂ ਆਈਆਂ ਹਨ ਕਿ ਲੋੜੋਂ ਵੱਧ ਸਖਤ ਕਾਨੂੰਨ ਅਪਰਾਧਾਂ ਨੂੰ ਘਟਾਉਣ ਪੱਖੋਂ ਕਾਰਗਰ ਸਾਬਤ ਨਹੀਂ ਹੁੰਦੇ ਤੇ ਭਾਰਤ ਵਿਚ ਔਰਤਾਂ ਉਪਰ ਹੁੰਦੇ ਜਿਨਸੀ ਤਸ਼ੱਦਦ ਜਾਂ ਬਲਾਤਕਾਰਾਂ ਨੂੰ ਰੋਕਣ ਲਈ ਪਹਿਲਾਂ ਤੋਂ ਹੀ ਲਾਗੂ ਕਾਨੂੰਨੀ ਵਿਵਸਥਾਵਾਂ ਉਪਰ ਸਖਤੀ ਨਾਲ ਅਮਲ ਕਰਨ ਦੀ ਲੋੜ ਹੈ। ਜਸਟਿਸ ਵਰਮਾ ਨੇ ਅਪਰਾਧੀਆਂ ਨੂੰ ਬਾਲ ਜਾਂ ਨਾਬਾਲਗ ਮੰਨਣ ਦੀ ਉਮਰ ਹੱਦ ਘਟਾਉਣ ਦੀ ਮੰਗ ਰੱਦ ਕਰ ਦਿੱਤੀ। ਉਨ੍ਹਾਂ ਕਿਹਾ ਕਿ ਇਹ ਸਹੀ ਹੈ ਕਿ 16 ਸਾਲਾ ਮੁੰਡਾ ਘਿਨਾਉਣਾ ਅਪਰਾਧ ਕਰ ਸਕਦਾ ਹੈ ਪਰ ਅਜਿਹੇ ਅਪਰਾਧੀਆਂ ਨੂੰ ‘ਸੁਧਾਰਨ’ ਦੀ ਨੀਤੀ ਤਿਆਗੀ ਨਹੀਂ ਜਾਣੀ ਚਾਹੀਦੀ। ਕਮੇਟੀ ਨੇ ਇਸਤਰੀਆਂ ਨਾਲ ਛੇੜਛਾੜ ਜਾਂ ਉਨ੍ਹਾਂ ਨੂੰ ਜਿਨਸੀ ਤੌਰ ’ਤੇ ਤੰਗ-ਪ੍ਰੇਸ਼ਾਨ ਕਰਨ ਵਰਗੇ ਅਪਰਾਧਾਂ ਲਈ ਸਜ਼ਾਵਾਂ ਨੂੰ ਹੋਰ ਕਰੜਾ ਬਣਾਏ ਜਾਣ ਦੀਆਂ ਸਿਫਾਰਸ਼ਾਂ ਕੀਤੀਆਂ ਹਨ। ਉਨ੍ਹਾਂ ਕਿਹਾ ਕਮੇਟੀ ਨੂੰ 80 ਹਜ਼ਾਰ ਤੋਂ ਵੱਧ ਸੁਝਾਅ ਪ੍ਰਾਪਤ ਹੋਏ ਪਰ ਕਿਸੇ ਵੀ ਸੂਬਾਈ ਪੁਲਿਸ ਮੁਖੀ ਨੇ ਆਪਣੇ ਸੁਝਾਅ ਭੇਜਣੇ ਜਾਇਜ਼ ਨਹੀਂ ਸਮਝੇ। ਰਿਪੋਰਟ ਵਿਚ ਕਿਹਾ ਹੈ ਕਿ ਕਿਸੇ ਵਿਵਾਦਗ੍ਰਸਤ ਇਲਾਕੇ ਵਿਚ ਹਥਿਆਰਬੰਦ ਫੌਜਾਂ ਜਾਂ ਕਿਸੇ ਵਰਦੀਧਾਰੀ ਪੁਰਸ਼ ਵੱਲੋਂ ਜਦੋਂ ਕਿਸੇ ਔਰਤ ਜਾਂ ਲੜਕੀ ਦਾ ਜਿਨਸੀ ਸ਼ੋਸ਼ਣ ਕੀਤਾ ਜਾਂਦਾ ਹੈ ਉਸ ਮਾਮਲੇ ਨੂੰ ਆਮ ਫੌਜਦਾਰੀ ਕਾਨੂੰਨ ਦੇ ਘੇਰੇ ਵਿੱਚ ਲਿਆਂਦਾ ਜਾਵੇ। ਇਸ ਲਈ ਵਿਵਾਦਗ੍ਰਸਤ ਇਲਾਕਿਆਂ ਵਿਚ ਅਫਸਪਾ ‘ਤੇ ਤੁਰੰਤ ਨਜ਼ਰਸਾਨੀ ਕੀਤੀ ਜਾਵੇ।

### ਸਿਆਸੀ ਆਗੂਆਂ ਨੂੰ ਅਸਤੀਫੇ ਦੇਣ ਦੀ ਨਸੀਹਤ

ਜਸਟਿਸ ਜੇ.ਐਸ. ਵਰਮਾ ਕਮੇਟੀ ਨੇ ਉਨ੍ਹਾਂ ਸੰਸਦ ਮੈਂਬਰਾਂ ਤੇ ਵਿਧਾਇਕਾਂ ਜਿਨ੍ਹਾਂ ਖਿਲਾਫ਼ ਗੰਭੀਰ ਅਪਰਾਧਾਂ ਦੇ ਕੇਸ ਬਕਾਇਆ ਪਏ ਹਨ, ਨੂੰ ਸੁਝਾਅ ਦਿੱਤਾ ਹੈ ਕਿ ਉਹ ਸੰਸਦ, ਵਿਧਾਨ ਸਭਾਵਾਂ ਤੇ ਸੰਵਿਧਾਨ ਦਾ ਸਤਿਕਾਰ ਕਾਇਮ ਰੱਖਦੇ ਹੋਏ ਆਪਣੇ-ਆਪ ਆਪਣੀਆਂ ਸੀਟਾਂ ਤੋਂ ਅਸਤੀਫ਼ੇ ਦੇ ਦੇਣ। ਉਨ੍ਹਾਂ ਸਿਆਸਤ ਦੇ ਅਪਰਾਧੀਕਰਨ ਨੂੰ ਰੋਕਣ ਲਈ ਬਣੇ ਕਾਨੂੰਨ ਵਿਚ ਸੋਧ ਕਰਨ ਦਾ ਸੁਝਾਅ ਦਿੱਤਾ।

### ਵਰਦੀਧਾਰੀਆਂ ਨੂੰ ਕੋਈ ਮੁਆਫ਼ੀ ਨਾ ਮਿਲੇ

ਜਸਟਿਸ ਵਰਮਾ ਕਮੇਟੀ ਨੇ ਆਪਣੀ ਰਿਪੋਰਟ ਵਿਚ ਵਿਵਾਦਗ੍ਰਸਤ ਅਫਸਪਾ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਜਿਹੜੇ ਹਥਿਆਰਬੰਦ ਫੌਜਾਂ ਤੇ ਪੁਲਿਸ ਦੇ ਜਵਾਨ ਵਰਦੀ ਪਹਿਨ ਕੇ ਔਰਤਾਂ ਦਾ ਜਿਨਸੀ ਸੋਸ਼ਣ ਕਰਦੇ ਹਨ, ਉਨ੍ਹਾਂ ਦਾ ਇਸ ਕਾਨੂੰਨ ਤਹਿਤ ਬਚਾਅ ਨਹੀਂ ਹੋਣਾ ਚਾਹੀਦਾ। ਇਸ ਲਈ ਅਫਸਪਾ ਵਿਚ ਸੋਧ ਕੀਤੀ ਜਾਣੀ ਚਾਹੀਦੀ ਹੈ।

# ਕਸ਼ਮੀਰ ਮਸਲੇ ਵਿਚ ਦਖ਼ਲ ਤੋਂ ਇਨਕਾਰ

## ਕਸ਼ਮੀਰੀ ਲੋਕ ਆਪ ਹੀ ਹੱਲ ਕੱਢਣ: ਬਰਤਾਨੀਆ



**ਲੰਡਨ:** ਬਰਤਾਨੀਆ ਨੇ ਕਸ਼ਮੀਰ ਮਸਲੇ ਦੇ ਹੱਲ ਲਈ ਤੀਜੀ ਧਿਰ ਵਜੋਂ ਦਖ਼ਲ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਭਾਰਤ ਤੇ ਪਾਕਿਸਤਾਨ ਕਸ਼ਮੀਰੀ ਲੋਕਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਦੇ ਹੋਏ ਆਪ ਹੀ ਗੱਲਬਾਤ ਰਾਹੀਂ ਇਸ ਮਸਲੇ ਦਾ ਹੱਲ ਕੱਢਣ। ਮਕਬੂਜ਼ਾ ਕਸ਼ਮੀਰ ਦੇ ਜੰਮਪਲ ਲਾਰਡ ਨਜੀਰ ਅਹਿਮਦ ਨੇ ਹਾਊਸ ਆਫ ਲਾਰਡਜ਼ ਵਿਚ ਕਸ਼ਮੀਰ ਮਸਲੇ ਦੇ ਹੱਲ ਲਈ ਬਰਤਾਨੀਆ ਸਰਕਾਰ ਨੂੰ ਤੀਜੀ ਧਿਰ ਵਜੋਂ ਸਰਗਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਸੀ।

ਲਾਰਡ ਅਹਿਮਦ ਨੇ ਇਹ ਮੁੱਦਾ ਉਭਾਰਦਿਆਂ ਕਿਹਾ ਕਿ ਕਸ਼ਮੀਰੀ ਲੋਕਾਂ ਦੇ ਸਵੈ-ਨਿਰਣੇ ਦੇ ਹੱਕ ਦਾ ਖਿਆਲ ਰੱਖਦਿਆਂ ਸਾਰੇ ਮਸਲਿਆਂ ਦੇ ਹੱਲ ਨਾਲ ਹੀ ਭਾਰਤ ਤੇ ਪਾਕਿਸਤਾਨ ਵਿਚ ਸ਼ਾਂਤੀ ਦੀ ਬਹਾਲੀ ਹੋ ਸਕਦੀ ਹੈ। ਲਾਰਡ ਅਹਿਮਦ ਨੇ ਇਸ ਕਾਰਜ ਲਈ ਬਰਤਾਨੀਆ ਦੀ ਹਮਾਇਤ ਦੀ ਮੰਗ ਕਰਦਿਆਂ ਕਿਹਾ ਕਿ ਕੌਮਾਂਤਰੀ ਭਾਈਚਾਰੇ ਨੂੰ ਇਸ ਮੁੱਦੇ ਦੇ ਹੱਲ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਵਿਚ ਫੌਜਾਂ ਕੱਢਣ ਤੋਂ ਪਹਿਲਾਂ ਕਸ਼ਮੀਰ ਮਸਲੇ ਦਾ ਹੱਲ ਲੱਭਣਾ ਚਾਹੀਦਾ ਹੈ।

ਇਸ ਦਾ ਜਵਾਬ ਦਿੰਦਿਆ ਵਿਦੇਸ਼ ਤੇ ਕਾਮਨਵੈਲਥ ਦਫ਼ਤਰ ਦੇ ਮੰਤਰੀ ਬਰੋਨੈਸ ਵਾਰਸੀ ਨੇ ਕਿਹਾ ਕਿ ਬਰਤਾਨੀਆ ਦਾ ਕਸ਼ਮੀਰ ਮਸਲੇ 'ਤੇ ਹਮੇਸ਼ਾ ਰੁਖ਼ ਇਹ ਰਿਹਾ ਹੈ ਕਿ ਇਸ ਦਾ ਹੱਲ ਭਾਰਤ ਤੇ ਪਾਕਿਸਤਾਨ ਨੂੰ ਆਪਸੀ ਗੱਲਬਾਤ ਰਾਹੀਂ ਕੱਢਣਾ ਚਾਹੀਦਾ ਹੈ ਤੇ ਇਸ ਪ੍ਰਕਿਰਿਆ ਦੌਰਾਨ ਕਸ਼ਮੀਰੀਆਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਬਾਹਰੀ ਵਿਚੋਲਗੀ ਦੀ ਬਜਾਏ ਦੋਵਾਂ ਮੁਲਕਾਂ ਨੂੰ ਸਿੱਧੇ ਤੌਰ 'ਤੇ ਇਸ ਮਸਲੇ ਨੂੰ ਮੁਖ਼ਾਤਬ ਹੋਣਾ ਚਾਹੀਦਾ ਹੈ।


ਇਸ ਬਾਰੇ ਭਾਰਤੀ ਮੂਲ ਦੇ ਲਾਰਡ ਸਵਰਾਜ ਪਾਲ ਨੇ ਕਿਹਾ ਕਿ ਉਹ ਬਰਤਾਨੀਆ ਜਾਂ ਕਿਸੇ ਹੋਰ ਮੁਲਕ ਵੱਲੋਂ ਕਸ਼ਮੀਰ ਮਸਲੇ ਦੇ ਹੱਲ ਲਈ ਵਿਚੋਲਗੀ ਕਰਨ ਦੇ ਹੱਕ ਵਿਚ ਨਹੀਂ ਹਨ। ਉਨ੍ਹਾਂ ਕਿਹਾ ਕਿ ਇਸ ਮਸਲੇ ਦਾ ਹੱਲ ਭਾਰਤ ਤੇ ਪਾਕਿਸਤਾਨ ਨੂੰ ਹੀ ਕੱਢਣਾ ਚਾਹੀਦਾ ਹੈ। ਲਾਰਡ ਪਾਲ ਜੋ ਬਹਿਸ ਵਿਚ ਸ਼ਾਮਲ ਨਾ ਹੋ ਸਕੇ, ਨੇ ਵੱਖਰੇ ਬਿਆਨ ਵਿਚ ਕਿਹਾ ਕਿ ਕਸ਼ਮੀਰ ਦੇ ਲੋਕ ਭਾਰਤੀ ਸੰਸਦ ਚੋਣਾਂ, ਵਿਧਾਨ ਸਭਾ ਚੋਣਾਂ ਤੇ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਵਿਚ ਸ਼ਮੂਲੀਅਤ ਕਰਦੇ ਹਨ। ਪਿਛਲੇ ਸਾਲ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਵਿਚ ਸ਼ਮੂਲੀਅਤ ਕਰਦੇ ਹਨ। ਪਿਛਲੇ ਸਾਲ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਵਿਚ 80 ਫੀਸਦੀ ਵੋਟਿੰਗ ਹੋਈ ਸੀ।

ਇਸੇ ਦੌਰਾਨ ਕੰਟਰੋਲ ਰੇਖਾ 'ਤੇ ਸੰਯੁਕਤ ਰਾਸ਼ਟਰ ਦੇ ਨਿਗਰਾਨ ਗਰੁੱਪ ਦੀ ਵਾਜ਼ਬੀਅਤ ਬਾਰੇ ਸੁਰੱਖਿਅਤ ਕੌਂਸਲ ਵਿਚ ਭਾਰਤ ਤੇ ਪਾਕਿਸਤਾਨ ਵਿਚਾਲੇ ਹੋਈਆਂ ਝੜਪਾਂ ਤੋਂ ਬਾਅਦ ਸੰਯੁਕਤ ਰਾਸ਼ਟਰ ਦੇ ਮੁਖੀ ਬਾਨ ਕੀ ਮੂਨ ਦੇ ਬੁਲਾਰੇ ਨੇ ਕਿਹਾ ਕਿ ਨਿਗਰਾਨ ਗਰੁੱਪ ਨੂੰ 15 ਕੇਸਾਂ ਵਾਲੀ ਸੰਸਥਾ ਦੇ ਫੈਸਲੇ ਨਾਲ ਹੀ ਖ਼ਾਤਮਾ ਕੀਤਾ ਜਾ ਸਕਦਾ ਹੈ।

ਭਾਰਤ ਤੇ ਪਾਕਿਸਤਾਨ ਵਿਚ ਸੁਰੱਖਿਆ ਕੌਂਸਲ ਨੇ 1948 ਵਿਚ ਫੌਜੀ ਨਿਗਰਾਨ ਗਰੁੱਪ ਬਣਾਇਆ ਸੀ। ਬੁਲਾਰੇ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਦਾ ਜਨਰਲ ਸਕੱਤਰ ਇਸ ਨਿਗਰਾਨ ਗਰੁੱਪ ਨੂੰ ਸੁਰੱਖਿਆ ਕੌਂਸਲ ਦੇ ਫੈਸਲੇ ਨਾਲ ਹੀ ਖ਼ਤਮ ਕਰ ਸਕਦਾ ਹੈ। ਜ਼ਿਕਰਯੋਗ ਹੈ ਕਿ ਲੰਘੇ ਦਿਨ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਵਿਚ ਬਹਿਸ ਦੌਰਾਨ ਭਾਰਤ ਤੇ ਪਾਕਿਸਤਾਨ ਦੇ ਨੁਮਾਇੰਦਿਆਂ ਨੇ ਇਸ ਨਿਗਰਾਨ ਗਰੁੱਪ ਬਾਰੇ ਸਵਾਲ ਉਠਾਇਆ ਸੀ। ਭਾਰਤ ਦੇ ਸਥਾਈ ਨੁਮਾਇੰਦੇ ਹਰਦੀਪ ਸਿੰਘ ਪੁਰੀ ਨੇ ਕਿਹਾ ਸੀ ਕਿ ਭਾਰਤ ਤੇ ਪਾਕਿਸਤਾਨ ਵਿਚਾਲੇ 1972 ਵਿਚ ਹੋਏ ਸ਼ਿਮਲਾ ਸਮਝੌਤੇ ਤੋਂ ਬਾਅਦ ਨਿਗਰਾਨ ਗਰੁੱਪ ਵੇਲਾ ਵਿਹਾਅ ਚੁੱਕਾ ਹੈ।

# ਭਾਰਤ ਵੱਲੋਂ ਪਰਮਾਣੂ ਸ਼ਕਤੀ ਵੱਲ ਹੋਰ ਪੁਲਾਂਗ

## ਪਾਣੀਆਂ 'ਚੋਂ ਵੀ ਮਾਰ ਕਰਨ ਦੇ ਸਮਰੱਥ



**ਨਵੀਂ ਦਿੱਲੀ:** ਭਾਰਤ ਨੇ ਆਪਣੀ ਫੌਜੀ ਸ਼ਕਤੀ ਵਿਚ ਵਾਧਾ ਕਰਨ ਲਈ ਇਕ ਪੁਲਾਂਘ ਹੋਰ ਪੁੱਟਦਿਆਂ ਪਾਣੀ ਵਿਚੋਂ ਮਾਰ ਕਰਨ ਵਾਲੀ ਦਰਮਿਆਨੀ ਰੇਂਜ ਵਾਲੀ ਮਿਜ਼ਾਈਲ 'ਕੇ-5' ਦੀ ਸਫਲ ਅਜ਼ਮਾਇਸ਼ ਕੀਤੀ ਹੈ। ਫੌਜੀ ਖੋਜ ਤੇ ਵਿਕਾਸ ਸੰਸਥਾ (ਡੀਆਰਡੀਓ) ਦੇ ਮੁਖੀ ਵੀ.ਕੇ. ਸਾਰਸਵਤ ਨੇ ਦੱਸਿਆ ਕਿ ਦਰਮਿਆਨੀ ਦੂਰੀ ਵਾਲੀ 'ਕੇ-5' ਬਲਾਸਟਿਕ ਮਿਜ਼ਾਈਲ ਦੀ ਬੰਗਾਲ ਦੀ ਖਾੜੀ ਵਿਖੇ ਪਾਣੀ ਦੇ ਥੱਲੇ ਸਥਿਤ ਪਲੇਟ ਫਾਰਮ ਤੋਂ ਸਫਲ ਅਜ਼ਮਾਇਸ਼ ਕੀਤੀ ਗਈ। ਇਸ ਮਿਜ਼ਾਈਲ ਦੀ 1500 ਕਿਲੋਮੀਟਰ ਤੱਕ ਮਾਰ ਕਰਨ ਦੀ ਸਮਰੱਥਾ ਹੈ। ਇਹ ਮਿਜ਼ਾਈਲ ਪਰਮਾਣੂ ਹਥਿਆਰਾਂ ਨਾਲ ਲੈਸ ਹੈ ਤੇ ਇਸ ਨੂੰ ਜ਼ਮੀਨ, ਅਕਾਸ਼ ਤੇ ਸਮੁੰਦਰ 'ਤੇ ਛੱਡਿਆ ਜਾ ਸਕਦਾ ਹੈ।

ਸ੍ਰੀ ਸਾਰਸਵਤ ਨੇ ਕਿਹਾ ਕਿ 'ਕੇ-5' ਮਿਜ਼ਾਈਲ ਦੇ ਵਿਕਾਸ ਦਾ ਗੇੜ ਪੂਰਾ ਹੋ ਚੁੱਕਾ ਹੈ ਤੇ ਇਹ ਵੱਖ-ਵੱਖ ਪਲੇਟ ਫਾਰਮਾਂ 'ਤੇ ਤਾਇਨਾਤ ਕਰਨ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ 'ਕੇ-5' ਮਿਜ਼ਾਈਲ ਪਣਡੁੱਬੀ ਤੋਂ ਛੱਡੀ ਜਾਣ ਵਾਲੀ ਮਿਜ਼ਾਈਲ ਹੈ। ਇਸ ਲਈ ਸਵਦੇਸ਼ੀ ਪਰਮਾਣੂ ਪਣਡੁੱਬੀ ਆਈਐਨਐਸ ਅਰੀਹੰਤ ਦਾ ਨਿਰਮਾਣ ਜਾਰੀ ਹੈ। ਇਸ ਮਿਜ਼ਾਈਲ ਨਾਲ ਭਾਰਤ ਦੀ ਜਲ ਸੈਨਾ ਦੀ ਸ਼ਕਤੀ ਵਿਚ ਵਾਧਾ ਹੋ ਗਿਆ ਹੈ। ਇਸ ਮਿਜ਼ਾਈਲ ਨਾਲ ਭਾਰਤੀ ਫੌਜ ਸਮੁੰਦਰ ਵਿਚੋਂ ਵੀ ਪਰਮਾਣੂ ਹਮਲਾ ਕਰਨ ਦੇ ਸਮਰੱਥ ਹੋ ਗਈ ਹੈ।

ਭਾਰਤ ਨੇ ਪਾਣੀ ਵਿਚੋਂ ਛੱਡੀ ਜਾਣ ਵਾਲੀ ਇਹ ਪਹਿਲੀ ਮਿਜ਼ਾਈਲ ਤਿਆਰ ਕੀਤੀ ਹੈ। ਹੁਣ ਤੱਕ ਭਾਰਤ ਕੋਲ ਜ਼ਮੀਨੀ ਤੇ ਹਵਾਈ ਪਲੇਟ ਫਾਰਮਾਂ ਤੋਂ ਹੀ ਪਰਮਾਣੂ ਹਮਲਾ ਕਰਨ ਦੀ ਸਮਰੱਥਾ ਸੀ। ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਦੇ ਪਰਮਾਣੂ ਹਮਲੇ ਬਾਰੇ 'ਪਹਿਲਾਂ ਵਰਤੋਂ ਨਹੀਂ' ਦੀ ਨੀਤੀ ਦਾ ਹਾਮੀ ਹੈ। ਇਸ ਲਈ ਇਹ ਜਵਾਬੀ ਹਮਲੇ ਦੀ ਸਮਰੱਥਾ ਲਈ ਹੀ ਤਿਆਰ ਕੀਤੀ ਜਾ ਰਹੀ ਹੈ। ਭਾਰਤ ਦੋ ਹੋਰ ਪਾਣੀ ਵਿਚ ਚੱਲਣ ਵਾਲੀਆਂ ਮਿਜ਼ਾਈਲਾਂ 'ਕੇ-15' ਤੇ ਬ੍ਰਹਮੋਸ ਤਿਆਰ ਕਰ ਰਿਹਾ ਹੈ ਜਿਨ੍ਹਾਂ ਦੀ 750 ਤੇ 290 ਕਿਲੋਮੀਟਰ ਤੱਕ ਮਾਰ ਕਰਨ ਦੀ ਸਮਰੱਥਾ ਹੈ।

ਭਾਰਤ ਨੇ ਪਿਛਲੇ ਸਾਲ 19 ਅਪਰੈਲ ਨੂੰ 5000 ਕਿਲੋਮੀਟਰ ਤੱਕ ਮਾਰ ਕਰਨ ਵਾਲੀ ਪਰਮਾਣੂ ਸਮਰੱਥਾ ਨਾਲ ਲੈਸ ਅਗਨੀ-5 ਬਲਾਸਟਿਕ ਮਿਜ਼ਾਈਲ ਤਿਆਰ ਕੀਤੀ ਸੀ ਜਿਸ ਦੀ ਮਾਰ ਹੇਠ ਚੀਨ ਵੀ ਆ ਗਿਆ ਹੈ। ਭਾਰਤੀ ਮਿਜ਼ਾਈਲਾਂ ਪੂਰਬੀ ਯੂਰਪ, ਪੂਰਬੀ ਅਫਰੀਕਾ ਤੇ ਆਸਟਰੇਲੀਆਈ ਤੱਟ ਤੱਕ ਮਾਰ ਕਰ ਸਕਦੀਆਂ ਹਨ। ਸਰਕਾਰੀ ਸੂਤਰਾਂ ਨੇ ਕਿਹਾ ਕਿ 'ਕੇ-5' ਮਿਜ਼ਾਈਲ ਦੀ ਸਫਲ ਅਜ਼ਮਾਇਸ਼ ਹੋ ਗਈ ਹੈ। ਇਸ ਵੇਲੇ ਅਮਰੀਕਾ, ਫਰਾਂਸ, ਰੂਸ ਤੇ ਚੀਨ ਕੋਲ ਹੀ ਇਸ ਤਰ੍ਹਾਂ ਦੀਆਂ ਮਿਜ਼ਾਈਲਾਂ ਹਨ।

# ਪਾਕਿ ਫੌਜ ਨੇ ਹੀ ਲੜੀ ਸੀ ਕਾਰਗਿਲ ਜੰਗ

**ਇਸਲਾਮਾਬਾਦ:** ਕਾਰਗਿਲ ਬਾਰੇ ਪਾਕਿਸਤਾਨ ਦੇ ਦਾਅਵਿਆਂ ਦੇ ਪਾਜ ਉਘੇੜਦਿਆਂ ਉਸ ਵੇਲੇ ਆਈਐਸਆਈ ਦੇ ਵਿਸ਼ਲੇਸ਼ਣ ਵਿੰਗ ਦੇ ਮੁਖੀ ਰਹੇ ਲੈਫਟੀਨੈਂਟ ਜਨਰਲ (ਸੇਵਾਮੁਕਤ) ਸ਼ਾਹਿਦ ਅਜ਼ੀਜ਼ ਨੇ ਕਿਹਾ ਕਿ 1999 ਦੀ ਬੇਕਾਰ ਜੰਗ ਪਾਕਿਸਤਾਨ ਫੌਜ ਦੇ ਸੈਨਿਕਾਂ ਨੇ ਹੀ ਲੜੀ ਸੀ ਤੇ ਮੁਜ਼ਾਹਿਦੀਨਾਂ ਨੇ ਇਸ ਵਿਚ ਕੁਝ ਨਹੀਂ ਕੀਤਾ ਸੀ। ਇਸ ਜੰਗ ਦੀ ਅਸਲ ਸਚਾਈ ਅਜੇ ਵੀ ਪਤਾ ਨਹੀਂ ਹੈ। ਅਜ਼ੀਜ਼ ਨੇ ਇਹ ਵੀ ਪੱਖ ਉਭਾਰਿਆ ਹੈ ਕਿ ਪਹਿਲਾਂ ਭਾਰਤ ਨੇ ਹਮਲਾ ਨਹੀਂ ਕੀਤਾ ਸੀ। ਇਸੇ ਸਾਬਕਾ ਅਧਿਕਾਰੀ ਨੇ ਉਸ ਵੇਲੇ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਪਰਵੇਜ਼ ਮੁਸ਼ੱਰਫ਼ 'ਤੇ ਵੀ ਪਰਦਾਪੋਸ਼ੀ ਦੇ ਦੋਸ਼ ਲਾਏ ਹਨ।

ਲੈਫਟੀਨੈਂਟ ਜਨਰਲ ਅਜ਼ੀਜ਼ ਨੇ 'ਦਿ ਨੇਸ਼ਨ' ਵਿਚ ਇਸ ਮਹੀਨੇ ਦੇ ਸ਼ੁਰੂ ਵਿਚ ਲਿਖੇ ਲੇਖ ਵਿਚ ਕਿਹਾ ਹੈ ਕਿ ਜੰਗ ਵਿਚ ਮੁਜ਼ਾਹਦੀਨ ਕਿਤੇ ਵੀ ਸ਼ਾਮਲ ਨਹੀਂ ਸਨ, ਉਨ੍ਹਾਂ ਦੇ ਤਾਂ ਕੇਵਲ ਟੇਪ ਕੀਤੇ ਵਾਇਰਲੈਸ ਸੁਨੇਹੇ ਸਨ ਜਿਨ੍ਹਾਂ ਨੂੰ ਕਿਸੇ ਨੇ ਵੀ ਸੱਚ ਨਹੀਂ ਮੰਨਿਆ। ਉਨ੍ਹਾਂ ਲਿਖਿਆ ਹੈ ਕਿ ਸੈਨਿਕਾਂ ਨੂੰ ਹੱਥਾਂ ਵਿਚ ਹਥਿਆਰ ਤੇ ਅਸਲਾ ਦੇ ਕੇ ਨੰਗੀਆਂ ਚੋਟੀਆਂ 'ਤੇ ਕਬਜ਼ਾ ਕਰਨ ਲਈ ਕਹਿ ਦਿੱਤਾ ਗਿਆ। ਇਹ ਲੇਖ 'ਸਾਡੇ ਬੱਚਿਆਂ ਨੂੰ ਬਲਦੀ ਦੇ ਬੂਥੇ ਦਿੱਤਾ ਗਿਆ' ਸਿਰਲੇਖ ਹੇਠ ਛਪਿਆ ਹੈ ਤੇ 2005 ਵਿਚ ਲਾਹੌਰ ਦੇ ਕੋਰ ਕਮਾਂਡਰ ਵਜੋਂ ਸੇਵਾਮੁਕਤ ਸ਼ਾਹਿਦ ਨੇ ਲਿਖਿਆ ਹੈ ਕਿ ਕਾਰਗਿਲ ਬਾਰੇ ਸਾਰਾ ਸੱਚ ਹਾਲੇ ਵੀ ਛੁਪਿਆ ਹੋਇਆ ਹੈ। ਭੁੱਖੇ-ਭਾਣੇ ਤੇ ਠੰਢੀਆਂ ਸੁੰਨੀਆਂ ਚਟਾਨਾਂ ਓਹਲੇ ਖਾਲੀ ਬੰਦੂਕਾਂ ਚੁੱਕੀ ਬੈਠੇ ਭੁੱਲੇ-ਵਿਸਰੇ ਸੈਨਿਕਾਂ ਦੀਆਂ ਕਹਾਣੀਆਂ ਦੀ ਉਡੀਕ ਹੈ। ਇੰਨਾ ਕੀਮਤੀ ਖ਼ੂਨ ਬਿਨਾਂ ਕਿਸੇ ਕਾਰਨ ਦੇ ਡੋਲ੍ਹਿਆ ਗਿਆ।

**ਆਈਐਸਆਈ ਦੇ ਅਧਿਕਾਰੀ ਵੱਲੋਂ ਅਹਿਮ ਖੁਲਾਸੇ**

ਇਸ ਸਾਬਕਾ ਜਰਨੈਲ ਦਾ ਕਹਿਣਾ ਹੈ ਕਿ ਜਿੰਨਾ ਕੁਝ ਵੀ ਉਸ ਨੂੰ ਥੋੜ੍ਹਾ ਬਹੁਤਾ ਪਤਾ ਲੱਗਿਆ ਹੈ, ਇਸ ਨੂੰ ਸਮਾਂ ਲੱਗਿਆ ਕਿਉਂਕਿ ਜਨਰਲ ਮੁਸ਼ੱਰਫ਼ ਨੇ ਕਾਰਗਿਲ ਬਾਰੇ ਸੱਚ 'ਤੇ ਪੱਕਾ ਢੱਕਣ ਲਾ ਕੇ ਬੰਦ ਕਰ ਦਿੱਤਾ ਸੀ। ਤਿੰਨ ਸਾਲ ਮਗਰੋਂ ਕਮਾਨ ਵਿਚ ਹੇਠਲੇ ਪੱਧਰਾਂ 'ਤੇ ਫਿਕਰਮੰਦੀ ਵਾਲੇ ਮੁੱਦਿਆਂ 'ਤੇ ਜੀਐਸਕਿਊ ਵੱਲੋਂ ਸ਼ੁਰੂ ਕੀਤਾ ਅਧਿਐਨ ਮੁਸ਼ੱਰਫ਼ ਨੇ ਸਖ਼ਤੀ ਤੇ ਧੱਕੇ ਨਾਲ ਇਹ ਕਹਿ ਕੇ ਰੋਕ ਦਿੱਤਾ ਸੀ ਕਿ ਉਨ੍ਹਾਂ (ਅਧਿਐਨ ਕਰਤਾਵਾਂ) ਦਾ ਅਸਲ ਇਰਾਦਾ ਕੀ ਹੈ? ਅਜ਼ੀਜ਼ ਅਨੁਸਾਰ ਉਸ ਦੀ ਪਰਦਾਪੋਸ਼ੀ ਦਾ ਕਈ ਸਾਲਾਂ ਮਗਰੋਂ ਉਸ ਦੀ ਕਿਤਾਬ ਛਪਣ 'ਤੇ ਹੀ ਪਤਾ ਲੱਗ ਸਕਿਆ।

# ਅਮਰੀਕਨ ਮਾਂ ਦੇ ਚਾਰ ਬੱਚੇ ਅਸਾਲਟਾਂ ਦੀ ਭੇਟ ਚੜ੍ਹੇ

**ਸ਼ਿਕਾਗੋ:** ਸ਼ਿਕਾਗੋ ਵਿਚ ਇਕੋ ਦਿਨ ਵਿਚ ਪੰਜ ਵਿਅਕਤੀ ਗੋਲੀਆਂ ਮਾਰ ਕੇ ਮਾਰ ਦਿੱਤੇ ਗਏ। ਇਨ੍ਹਾਂ ਵਿਚ ਉਹ 34 ਸਾਲਾ ਵਿਅਕਤੀ ਵੀ ਸ਼ਾਮਲ ਹੈ ਜਿਸ ਦੀ ਮਾਂ ਪਹਿਲਾਂ ਹੀ ਆਪਣੇ ਤਿੰਨ ਹੋਰ ਬੱਚੇ ਅਜਿਹੀ ਹਿੰਸਾ ਵਿਚ ਗਵਾ ਚੁੱਕੀ ਹੈ। ਰੋਨੀ ਚੈਂਬਰਜ਼ ਆਪਣੀ ਮਾਂ ਸ਼ਰਲੇ ਚੈਂਬਰਜ਼ ਦਾ ਸਭ ਤੋਂ ਛੋਟਾ ਪੁੱਤਰ ਸੀ ਜਿਸ ਨੂੰ ਲੰਘੇ ਦਿਨੀਂ ਸ਼ਹਿਰ ਦੇ ਵੈਸਟ ਸਾਈਡ ਖੇਤਰ ਵਿਚ ਪਾਰਕ ਕੀਤੀ ਕਾਰ ਵਿਚ ਬੈਠੇ ਨੂੰ ਸਿਰ ਵਿਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ।

ਪੁਲਿਸ ਅਨੁਸਾਰ ਉਸ ਦੀ ਕਾਰ ਵਿਚ ਬੈਠਾ ਇਕ 21 ਸਾਲਾ ਨੌਜਵਾਨ ਜ਼ਖ਼ਮੀ ਹੋ ਗਿਆ। ਸ਼ਿਰਲੇ ਚੈਂਬਰਜ਼ ਦਹਾਕੇ ਤੋਂ ਵੱਧ ਸਮੇਂ ਵਿਚ ਆਪਣੇ ਚਾਰੇ ਬੱਚੇ ਇਸ 'ਬੰਦੂਕ ਸੱਭਿਆਚਾਰ' ਹੱਥੋਂ ਗੁਆ ਚੁੱਕੀ ਹੈ। ਦਹਾਕੇ ਤੋਂ ਥੋੜ੍ਹਾ ਵੱਧ ਸਮੇਂ ਦੌਰਾਨ ਉਸ ਨੇ ਆਪਣੇ ਦੋ ਪੁੱਤਰ ਤੇ ਧੀ ਅਲੱਗ-ਅਲੱਗ ਵਾਰਦਾਤਾਂ ਵਿਚ ਗਵਾਏ ਸਨ ਤੇ ਹੁਣ ਫਿਰ ਸਦਾ ਲਈ ਸੋਗ ਉਸ ਦੇ ਪੱਲੇ ਪੈ ਗਿਆ ਤੇ ਉਹ ਦੁਨੀਆਂ ਵਿਚ ਇਕੱਲੀ ਰਹਿ ਗਈ। ਡਬਲਿਊਐਲਐਸ ਟੀਵੀ ਦੀ ਰਿਪੋਰਟ ਅਨੁਸਾਰ ਚੈਂਬਰਜ਼ ਦਾ ਕਹਿਣਾ ਸੀ ਕਿ ਹੁਣ ਉਹ ਬਿਲਕੁਲ ਖਾਲੀ ਤੇ ਸੁੰਨੀ ਹੋ ਗਈ ਹੈ ਕਿਉਂਕਿ ਰੋਨੀ ਉਸ ਦਾ ਇਕੋ-ਇਕ ਪੁੱਤਰ ਬਾਕੀ ਬਚਿਆ ਸੀ। ਸ਼ਰਲੇ ਚੈਂਬਰਜ਼ ਦੇ ਪਹਿਲੇ ਪਲੇਠੇ ਪੁੱਤਰ ਕਾਰਲੋਸ ਨੂੰ 1995 ਵਿਚ ਉਸ ਦੇ ਹਾਈ ਸਕੂਲ ਦੇ ਜਮਾਤੀ ਨੇ ਮਾਮੂਲੀ ਜਿਹੀ ਬਹਿਸ ਮਗਰੋਂ ਗੋਲੀ ਮਾਰ ਕੇ ਮਾਰ ਦਿੱਤਾ ਸੀ। ਉਹ ਉਦੋਂ 18 ਸਾਲ ਦਾ ਸੀ। 2000 ਵਿਚ ਉਸ ਦੀ 15 ਸਾਲਾ ਧੀ ਲਾਤੋਇਆ ਤੇ ਇਕ ਹੋਰ ਪੁੱਤਰ ਜੈਰੋਮ ਮਹੀਨਿਆਂ ਕੁ ਦੇ ਫ਼ਰਕ ਨਾਲ ਗੋਲੀਆਂ ਮਾਰ ਕੇ ਮਾਰ ਦਿੱਤੇ ਗਏ ਸਨ।

ਰੋਨੀ ਚੈਂਬਰਜ਼ ਦੀ ਹੱਤਿਆ ਤੋਂ ਕੁਝ ਘੰਟਿਆਂ ਮਗਰੋਂ ਹੀ ਇਕ ਬੰਦੂਕਧਾਰੀ ਨੇ ਸਾਊਥ ਸਾਈਡ ਖੇਤਰ ਵਿਚ ਹੀ ਖਾਣ-ਪੀਣ ਵਾਲੀ ਇਕ ਥਾਂ ਨੇੜੇ ਤਿੰਨ ਵਿਅਕਤੀਆਂ 'ਤੇ ਗੋਲੀਆਂ ਚਲਾ ਕੇ ਦੋ ਨੂੰ ਮਾਰ ਦਿੱਤਾ ਤੇ ਇਕ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਸ਼ਿਕਾਗੋ ਵਿਚ ਪਿਛਲੇ ਸਾਲ ਅਜਿਹੀਆਂ ਹੱਤਿਆਵਾਂ ਦੀ ਗਿਣਤੀ 500 ਹੋ ਗਈ ਸੀ। 1990ਵਿਆਂ ਦੇ ਸ਼ੁਰੂ ਵਿਚ ਸ਼ਿਕਾਗੋ ਵਿਚ ਇਹ ਅੰਕੜਾ 900 ਦੇ ਆਸ-ਪਾਸ ਰਹਿੰਦਾ ਰਿਹਾ ਹੈ।

# ਦਹਿਸ਼ਤ ਦੇ ਸਾਏ ਹੇਠ ਜੀਅ ਰਹੇ ਨੇ ਪਿਸ਼ਾਵਰ ਦੇ ਸਿੱਖ

**ਇਸਲਾਮਾਬਾਦ:** ਪਾਕਿਸਤਾਨ ਦੇ ਉੱਤਰ-ਪੱਛਮੀ ਸ਼ਹਿਰ ਪਿਸ਼ਾਵਰ ਨੇੜਿਓਂ ਇਕ ਸਿੱਖ ਨੂੰ ਅਗਵਾ ਕਰ ਲੈਣ ਤੇ ਇਕ ਹੋਰ ਨੂੰ ਮਾਰ ਦਿੱਤੇ ਜਾਣ ਕਾਰਨ ਘੱਟ ਗਿਣਤੀ ਸਿੱਖ ਭਾਈਚਾਰੇ ਵਿਚ ਅਸੁਰੱਖਿਆ ਦੀ ਭਾਵਨਾ ਵਧਦੀ ਜਾ ਰਹੀ ਹੈ। ਪਿਛਲੇ ਸਾਲ ਨਵੰਬਰ ਵਿਚ ਖੈਬਰ ਕਬਾਇਲੀ ਖੇਤਰ ਵਿਚੋਂ ਦੇਸੀ ਦਵਾਈਆਂ ਵੇਚਣ ਵਾਲੇ ਮਹਿੰਦਰ ਸਿੰਘ ਨਾਮੀ ਵਿਅਕਤੀ ਨੂੰ ਅਗਵਾ ਕਰ ਲਿਆ ਗਿਆ ਸੀ। ਉਸ ਦੀ ਬੁਰੀ ਤਰ੍ਹਾਂ ਖਰਾਬ ਹੋਈ ਲਾਸ਼ ਲੰਘੇ ਮਹੀਨੇ ਕਬਾਇਲੀ ਖੇਤਰ ਦੇ ਇਕ ਸੁੰਨਸਾਨ ਇਲਾਕੇ ਵਿਚੋਂ ਬਰਾਮਦ ਹੋਈ ਸੀ।

ਪਿਛਲੇ ਹਫਤੇ ਪਿਸ਼ਾਵਰ ਨੇੜਲੇ ਕਾਇਦਾਬਾਦ ਤੋਂ ਰਘਬੀਰ ਸਿੰਘ (40 ਸਾਲ) ਨੂੰ ਉਸ ਦੇ ਘਰ ਨੇੜਿਓਂ ਹੀ ਅਗਵਾ ਕਰ ਲਿਆ ਗਿਆ। ਉਹ ਕੱਪੜੇ ਵੇਚਣ ਦਾ ਕੰਮ ਕਰਦਾ ਸੀ। ਸਥਾਨਕ ਵਾਸੀਆਂ ਅਨੁਸਾਰ ਚਾਰ ਬੱਚਿਆਂ ਦਾ ਪਿਤਾ ਰਘਬੀਰ ਸਿੰਘ ਜਦੋਂ ਗੁਰਦੁਆਰੇ ਮੱਥਾ ਟੇਕ ਕੇ ਆਪਣੇ ਘਰ ਜਾ ਰਿਹਾ ਸੀ ਤਾਂ ਹਥਿਆਰਬੰਦ ਅਗਵਾਕਾਰਾਂ ਨੇ ਉਸ ਨੂੰ ਚੁੱਕ ਕੇ ਆਪਣੀ ਕਾਰ ਵਿਚ ਸੁੱਟ ਲਿਆ ਤੇ ਕਿਸੇ ਅਣਦੱਸੀ ਥਾਂ 'ਤੇ ਲੈ ਗਏ। ਇਨ੍ਹਾਂ ਦੋਹਾਂ ਘਟਨਾਵਾਂ ਕਾਰਨ ਸਿੱਖ ਭਾਈਚਾਰਾ ਸਹਿਮਿਆ ਹੋਇਆ ਹੈ।

ਸਾਬਕਾ ਡਿਪਟੀ ਅਟਾਰਨੀ ਜਨਰਲ ਖੁਰਸ਼ੀਦ ਖਾਨ ਨੇ 'ਦਿ ਨਿਊਜ਼' ਨੂੰ ਦੱਸਿਆ ਕਿ ਉਨ੍ਹਾਂ ਰਘਬੀਰ ਸਿੰਘ ਨੂੰ ਲੱਭਣ ਲਈ ਕੁਝ ਸੀਨੀਅਰ ਸਰਕਾਰੀ ਅਧਿਕਾਰੀਆਂ ਤੋਂ ਵੀ ਮਦਦ ਮੰਗੀ ਸੀ ਪਰ ਹਾਲੇ ਉਨ੍ਹਾਂ ਦੇ ਕੁਝ ਵੀ ਪੱਲੇ ਨਹੀਂ ਪਿਆ। ਜਨਾਬ ਖਾਨ ਦੇ ਸਿੱਖ ਭਾਈਚਾਰੇ ਨਾਲ ਕਰੀਬੀ ਸਬੰਧ ਹਨ ਤੇ ਉਹ ਅਕਸਰ ਗੁਰਦੁਆਰਿਆਂ ਵਿਚ ਜਾ ਕੇ ਸੇਵਾ ਵੀ ਕਰਦੇ ਹਨ। ਹੁਣ ਵੀ ਉਨ੍ਹਾਂ ਪਿਸ਼ਾਵਰ ਦੇ ਗੁਰਦੁਆਰੇ ਵਿਚ ਸਿੱਖ ਭਾਈਚਾਰੇ ਦੇ ਬਜ਼ੁਰਗਾਂ ਨਾਲ ਰਘਬੀਰ ਸਿੰਘ ਨੂੰ ਅਗਵਾ ਕੀਤੇ ਜਾਣ ਤੇ ਮਹਿੰਦਰ ਸਿੰਘ ਦੇ ਮਾਰੇ ਜਾਣ 'ਤੇ ਦੁੱਖ ਸਾਂਝਾ ਕੀਤਾ।

ਉਨ੍ਹਾਂ ਦੱਸਿਆ ਕਿ ਸਿੱਖ ਭਾਈਚਾਰਾ ਅਮਨ ਨਾਲ ਰਹਿੰਦਾ ਹੈ ਤੇ ਕਦੇ ਵੀ ਕਿਸੇ ਤਰ੍ਹਾਂ ਦੀਆਂ ਅਪਰਾਧਕ ਸਰਗਰਮੀਆਂ ਵਿਚ ਸ਼ਾਮਲ ਨਹੀਂ ਹੁੰਦਾ ਪਰ ਤਾਂ ਵੀ ਪਿਛਲੇ ਕੁਝ ਸਾਲਾਂ ਤੋਂ ਭਾਈਚਾਰੇ ਦੇ ਮੈਂਬਰਾਂ ਨੂੰ ਅਗਵਾ ਜਿਹੀਆਂ ਘਟਨਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਸ਼ਾਵਰ ਵਿਚ ਕਰੀਬ ਤਿੰਨ ਹਜ਼ਾਰ ਸਿੱਖ ਰਹਿੰਦੇ ਹਨ। ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਰਘਬੀਰ ਸਿੰਘ ਨੂੰ ਅਗਵਾ ਕੀਤੇ ਜਾਣ ਬਾਰੇ ਭਾਨਮੜੀ ਪੁਲੀਸ ਸਟੇਸ਼ਨ ਵਿਚ ਐਫਆਈਆਰ ਦਰਜ ਕਰਵਾਈ ਹੈ ਪਰ ਹਾਲੇ ਤੱਕ ਉਸ ਦਾ ਕੁਝ ਪਤਾ ਨਹੀਂ ਲੱਗ ਸਕਿਆ।

# ਮਾਓਵਾਦੀ ਹਾਲੀਵੁੱਡ ਫਿਲਮਾਂ ਦੇ ਸ਼ੌਕੀਨ


**ਰਾਏਪੁਰ:** ਮਾਓਵਾਦੀਆਂ ਵੱਲੋਂ ਆਪਣੇ ਕੇਡਰ ਦੀ ਸਿਖਲਾਈ ਲਈ ਹਾਲੀਵੁੱਡ ਦੀਆਂ ਫਿਲਮਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਜੰਗ ਤੇ ਮਾਰਧਾੜ ਵਾਲੀਆਂ ਇਨ੍ਹਾਂ ਫਿਲਮਾਂ ਨੂੰ ਵਿਖਾ ਕੇ ਜਿਥੇ ਕੇਡਰ ਨੂੰ ਦਲੇਰ ਬਣਾਇਆ ਜਾਂਦਾ ਹੈ, ਉਥੇ ਹਮਲਾਵਰ ਦੇਸ਼ਾਂ ਦੀ ਅਸਲ ਤਸਵੀਰ ਵੀ ਪੇਸ਼ ਕੀਤੀ ਜਾਂਦੀ ਹੈ।

ਇਸ ਗੱਲ ਦੀ ਪੁਸ਼ਟੀ ਕਰਦਿਆਂ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਪਿੱਛੇ ਜਿਹੇ ਇਕ ਮ੍ਰਿਤਕ ਸੀਆਰਪੀਐਫ ਦੇ ਜਵਾਨ ਦੀ ਲਾਸ਼ ਅੰਦਰੋਂ ਵਿਸਫੋਟਕ ਪਦਾਰਥ ਬਰਾਮਦ ਹੋਇਆ ਸੀ। ਅਧਿਕਾਰੀਆਂ ਦਾ ਦਾਅਵਾ ਹੈ ਕਿ ਮਾਓਵਾਦੀਆਂ ਨੇ ਇਹ ਤਰਕੀਬ ਆਸਕਰ ਜੇਤੂ ਫਿਲਮ 'ਹਰਟ ਲੌਕਰ' (2008) ਵਿਚੋਂ ਲਈ ਸੀ। ਇਸ ਤੋਂ ਇਲਾਵਾ ਛੱਤੀਸਗੜ੍ਹ ਪੁਲਿਸ ਨੇ ਬੀਜਾਪੁਰ ਜ਼ਿਲ੍ਹੇ ਵਿਚ ਮਾਓਵਾਦੀਆਂ ਦੇ ਇਕ ਸਿਖਲਾਈ ਕੈਂਪ ਵਿਚ ਹਾਲੀਵੁੱਡ ਫਿਲਮਾਂ ਦੀਆਂ ਸੀਡੀਜ਼ ਤੇ ਸੀਡੀ ਪਲੇਅਰ ਵੀ ਬਰਾਮਦ ਕੀਤੇ ਸਨ। ਇਨ੍ਹਾਂ ਵਿਚ ਕਮਾਂਡੋ ਸਿਖਲਾਈ, ਬੰਬ ਬਣਾਉਣ ਬਾਰੇ ਪ੍ਰਕਿਰਿਆ ਤੇ ਯੁੱਧ ਨੀਤੀ ਬਾਰੇ ਫਿਲਮਾਂ ਸ਼ਾਮਲ ਸਨ।

ਵਧੀਕ ਡੀਜੀਪੀ ਆਰਕੇ ਵਿਜ ਨੇ ਕਿਹਾ ਕਿ ਮਾਓਵਾਦੀਆਂ ਦੇ ਕੈਂਪ ਵਿਚ ਅੱਠ ਹਾਲੀਵੁੱਡ ਫਿਲਮਾਂ ਦੀਆਂ ਸੀਡੀਜ਼ ਬਰਾਮਦ ਹੋਈਆਂ ਹਨ। ਇਨ੍ਹਾਂ ਵਿਚ 'ਬਿਹਾਈਂਡ ਐਨਮੀ ਲਾਈਨਜ਼', 'ਡੈਲਟਾ ਫੋਰਸ', 'ਡਾਈ ਹਰਡ', 'ਮੈਟਰਿਕਸ' ਤੇ 'ਗੁੱਡ ਮਸਟ ਬੀ ਕਰੇਜ਼ੀ' ਫਿਲਮਾਂ ਸ਼ਾਮਲ ਸਨ। ਇਨ੍ਹਾਂ ਫਿਲਮਾਂ ਨਾਲ ਜਿਥੇ ਕੇਡਰ ਨੂੰ ਦਲੇਰ ਬਣਾਇਆ ਜਾਂਦਾ ਹੈ, ਉਥੇ ਕੌਮਾਂਤਰੀ ਸਿਆਸਤ ਬਾਰੇ ਵੀ ਦੱਸਿਆ ਜਾਂਦਾ ਹੈ।

# ਇੱਕੋ ਹਫਤੇ ‘ਚ ਭਾਰਤੀ ਰਾਜਨੀਤੀ ਦਾ ਲੰਮਾ ਪੈਂਡਾ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਭਾਰਤ ਦੀ ਰਾਜਨੀਤੀ ਵਿਚ ਲੰਮਾ ਪੈਂਡਾ ਇੱਕ ਹਫਤੇ ਵਿਚ ਤੈਅ ਹੋ ਜਾਣ ਦਾ ਸਿਹਰਾ ਜਿਹੜੇ ਰਾਜਨਾਥ ਸਿੰਘ ਨੂੰ ਸਭ ਤੋਂ ਵੱਧ ਦਿੱਤਾ ਜਾ ਰਿਹਾ ਹੈ ਤੇ ਜਿਸ ਨੂੰ ਬਹੁਤ ਵੱਡਾ ਰੰਗ ਦਾ ਪੱਤਾ ਸਮਝਿਆ ਜਾ ਰਿਹਾ ਹੈ, ਉਸ ਦਾ ਪਿਛਲਾ ਰਿਕਾਰਡ ਓਨੀ ਕੁ ਕਾਮਯਾਬੀ ਵਾਲਾ ਹੈ, ਜਿਹੋ ਜਿਹਾ ਰਾਹੁਲ ਗਾਂਧੀ ਦਾ ਹੈ। ਰਾਹੁਲ ਗਾਂਧੀ ਨੂੰ ਯੂ ਪੀ ਵਿਚ ਭੇਜ ਕੇ ਕਾਂਗਰਸ ਪਾਰਟੀ ਨੇ ਆਸ ਰੱਖੀ ਸੀ ਕਿ ਭਾਰਤ ਦਾ ਇਹ ਸਭ ਤੋਂ ਵੱਡਾ ਰਾਜ ਜਿੱਤ ਕੇ ਉਸ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਦਾ ਹੱਕਦਾਰ ਪ੍ਰਚਾਰਿਆ ਜਾ ਸਕੇਗਾ, ਪਰ ਉਹ ਸਫਲ ਨਹੀਂ ਸੀ ਹੋ ਸਕਿਆ। ਰਾਜਨਾਥ ਸਿੰਘ ਦੇ ਮਾਮਲੇ ਦੀ ਕਮਜ਼ੋਰੀ ਵੀ ਉਸੇ ਰਾਜ ਉਤਰ ਪ੍ਰਦੇਸ਼ ਵਿਚ ਹੈ। ਜਦੋਂ ਰਾਜਨਾਥ ਸਿੰਘ ਨੂੰ ਉਸ ਰਾਜ ਵਿਚ ਮੁੱਖ ਮੰਤਰੀ ਬਣਾਇਆ ਗਿਆ ਤਾਂ ਭਾਰਤੀ ਜਨਤਾ ਪਾਰਟੀ ਦੇ ਵਿਧਾਨ ਸਭਾ ਵਿਚ 174 ਮੈਂਬਰ ਸਨ, ਪਰ ਸੋਲਾਂ ਮਹੀਨੇ ਬਾਅਦ ਹੋਈ ਅਗਲੀ ਚੋਣ ਵਿਚ, ਕੇਂਦਰ ਵਿਚ ਵਾਜਪਾਈ ਸਰਕਾਰ ਹੋਣ ਦੇ ਬਾਵਜੂਦ, ਓਥੇ ਭਾਜਪਾ ਦੇ ਸਿਰਫ 88 ਮੈਂਬਰ ਰਹਿ ਗਏ ਸਨ। ਕੁਝ ਚਿਰ ਬਾਅਦ ਰਾਜਨਾਥ ਸਿੰਘ ਨੂੰ ਕੇਂਦਰੀ ਲੀਡਰਸ਼ਿਪ ਵਿਚ ਲਿਜਾ ਕੇ ਕੌਮੀ ਪ੍ਰਧਾਨ ਬਣਾ ਦਿੱਤਾ ਗਿਆ।***


ਮਾਮਲਾ ਅਮਰੀਕਾ ਵਿਚ ਡੇਵਿਡ ਕੋਲਮੈਨ ਹੇਡਲੀ ਦੇ ਮੁਕੱਦਮੇ ਦਾ ਵੀ ਛੋਟਾ ਨਹੀਂ, ਪਰ ਉਸ ਵਿਚ ਅਮਰੀਕਾ ਦੀ ਹਕੂਮਤ ਦਾ ਦੋਗਲਾਪਣ ਜ਼ਾਹਰ ਹੋਣ ਉਤੇ ਅਦਾਲਤ ਦੀ ਮੋਹਰ ਲੱਗਣ ਤੋਂ ਵੱਧ ਕੁਝ ਵੀ ਨਵਾਂ ਨਹੀਂ। ਜਿਸ ਜੱਜ ਨੇ ਡੇਵਿਡ ਕੋਲਮੈਨ ਹੇਡਲੀ ਬਣੇ ਹੋਏ ਪਾਕਿਸਤਾਨੀ ਮੂਲ ਦੇ ਅਸਲੀ ਨਾਂ ਦਾਊਦ ਸਈਦ ਗਿਲਾਨੀ ਵਾਲੇ ਬਹੁਰੂਪੀਏ ਨੂੰ ਸਜ਼ਾ ਦਿੱਤੀ, ਉਸ ਜੱਜ ਨੇ ਅਮਰੀਕੀ ਸਰਕਾਰ ਵੱਲੋਂ ਹੇਡਲੀ ਨਾਲ ਲਿਹਾਜ਼ਦਾਰੀ ਉਤੇ ਵੀ ਸਖਤ ਨਾਖੁਸ਼ੀ ਜ਼ਾਹਰ ਕੀਤੀ ਹੈ। ਉਸ ਨੇ ਕਿਹਾ ਕਿ ਇਹ ਗੱਲ ਦੁਖਦਾਈ ਹੈ ਕਿ ਕੋਈ ਬੰਦਾ ਮਨੁੱਖਤਾ ਦੇ ਵਿਰੁਧ ਇੰਨੇ ਘਿਨਾਉਣੇ ਅਪਰਾਧ ਕਰੇ ਤੇ ਫਿਰ ਇਸ ਆਧਾਰ ਉਤੇ ਛੋਟ ਦਾ ਹੱਕਦਾਰ ਬਣ ਜਾਵੇ ਕਿ ਉਹ ਸਰਕਾਰੀ ਏਜੰਸੀਆਂ ਨਾਲ ਸਹਿਯੋਗ ਵੀ ਕਰਦਾ ਰਿਹਾ ਹੈ। ਯਕੀਨਨ ਇਸ ਟਿਪਣੀ ਤੋਂ ਅਮਰੀਕਾ ਦੀ ਹਕੂਮਤ ਚਲਾਉਣ ਵਾਲਿਆਂ ਨੂੰ ਸ਼ਰਮਿੰਦੇ ਹੋਣਾ ਚਾਹੀਦਾ ਹੈ, ਪਰ ਉਹ ਹੋਣਗੇ ਨਹੀਂ, ਕਿਉਂਕਿ ਉਹ ਇਹੋ ਜਿਹੀ ਇਖਲਾਕੀ ਜ਼ਿਮੇਵਾਰੀ ਦੀ ਲੋੜ ਹੀ ਕਦੇ ਨਹੀਂ ਸਮਝਦੇ। ਜੱਜ ਨੂੰ ਦੁੱਖ ਹੈ ਕਿ ਉਹ 166 ਲੋਕਾਂ ਦੀ ਮੌਤ ਦਾ ਕਾਰਨ ਬਣ ਚੁੱਕੇ ਇਸ ਅਪਰਾਧੀ ਨੂੰ ਸਰਕਾਰੀ ਵਕੀਲ ਵੱਲੋਂ ਮੰਗੀ ਗਈ 35 ਸਾਲ ਦੀ ਕੈਦ ਤੋਂ ਵੱਧ ਸਜ਼ਾ ਦੇ ਨਹੀਂ ਸੀ ਸਕਦਾ। ਉਸ ਜੱਜ ਨੂੰ ਸਲਾਮ ਕਰਨੀ ਬਣਦੀ ਹੈ।

ਜੇ ਸੰਸਾਰ ਪੱਧਰ ਦੇ ਇਸ ਮਾਮਲੇ ਨੂੰ ਛੱਡ ਦਿੱਤਾ ਜਾਵੇ ਤਾਂ ਸਾਡੇ ਭਾਰਤ ਦੇ ਵਿਚ ਪਿਛਲੇ ਇੱਕ ਹਫਤੇ ਵਿਚ ਰਾਜਨੀਤੀ ਏਨਾ ਪੈਂਡਾ ਤੈਅ ਕਰ ਗਈ ਹੈ, ਜਿੰਨਾ ਕਦੀ ਬਹੁਤ ਘੱਟ ਕਰਦੀ ਹੈ। ਵੱਡੀ ਉਥਲ-ਪੁੱਥਲ ਦੋ ਵੱਡੀਆਂ ਪਾਰਟੀਆਂ; ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਵਾਲੇ ਪਾਸੇ ਹੋਈ ਹੈ, ਪਰ ਜਸਟਿਸ ਵਰਮਾ ਕਮੇਟੀ ਦੀ ਰਿਪੋਰਟ ਨੇ ਵੀ ਇਸ ਵਿਚ ਕਾਫੀ ਵੱਡਾ ਹਿੱਸਾ ਪਾਇਆ ਅਤੇ ਅਗਲੀ ਲੰਮੀ ਬਹਿਸ ਦਾ ਮੁੱਢ ਬੰਨ੍ਹ ਦਿੱਤਾ ਹੈ।

ਜਿੱਥੋਂ ਤੱਕ ਜਸਟਿਸ ਵਰਮਾ ਕਮੇਟੀ ਦਾ ਸਬੰਧ ਹੈ, ਜਿਹੜੀ ਬੀਤੇ ਦਸੰਬਰ ਵਿਚ ਵਾਪਰੇ ਦਿੱਲੀ ਦੇ ਸਮੂਹਿਕ ਬਲਾਤਕਾਰ ਕਾਂਡ ਦੇ ਮਗਰੋਂ ਇਹੋ ਜਿਹੇ ਅਪਰਾਧਾਂ ਦੀ ਰੋਕ-ਥਾਮ ਦੇ ਕਦਮ ਸੁਝਾਉਣ ਲਈ ਬਣਾਈ ਗਈ ਸੀ, ਉਸ ਦੀ ਰਿਪੋਰਟ ਕਈਆਂ ਦੇ ਸੰਘੋਂ ਨਹੀਂ ਉਤਰ ਰਹੀ। ਜੇ ਉਨ੍ਹਾਂ ਦੇ ਸੰਘੋਂ ਨਹੀਂ ਉਤਰ ਰਹੀ ਤਾਂ ਜਸਟਿਸ ਵਰਮਾ ਵਾਲੀ ਕਮੇਟੀ ਵੀ ਕਈਆਂ ਦੇ ਵਤੀਰੇ ਨੂੰ ਵੇਖ ਕੇ ਹੈਰਾਨ ਹੋ ਗਈ ਹੈ। ਉਸ ਕਮੇਟੀ ਨੇ ਇਹੋ ਜਿਹੇ ਅਪਰਾਧਾਂ ਦੀ ਰੋਕ ਬਾਰੇ ਜਦੋਂ ਲੋਕਾਂ ਤੋਂ ਸੁਝਾਵਾਂ ਦੀ ਮੰਗ ਕੀਤੀ ਤਾਂ ਸੰਸਾਰ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਸੁਝਾਅ ਮਿਲਦੇ ਰਹੇ, ਪਰ ਹੈਰਾਨੀ ਦੀ ਗੱਲ ਹੈ ਕਿ ਭਾਰਤ ਵਿਚਲੇ ਅਠਾਈ ਰਾਜਾਂ ਤੇ 7 ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚੋਂ ਇੱਕ ਦੇ ਵੀ ਪੁਲਿਸ ਮੁਖੀ ਨੇ ਇਸ ਬਾਰੇ ਕੋਈ ਸੁਝਾਅ ਦੇਣ ਦੀ ਲੋੜ ਨਹੀਂ ਸਮਝੀ। ਇਸ ਤੋਂ ਪਤਾ ਲੱਗ ਜਾਂਦਾ ਹੈ ਕਿ ਦੇਸ਼ ਦੀ ਪੁਲਿਸ ਇਸ ਅਪਰਾਧਕ ਵਰਤਾਰੇ ਪ੍ਰਤੀ ਅਸਲੋਂ ਹੀ ਲਾਪਰਵਾਹ ਹੈ।

ਦੂਸਰੀ ਗੱਲ ਇਹ ਕਿ ਜਸਟਿਸ ਵਰਮਾ ਕਮੇਟੀ ਨੇ ਪਾਰਲੀਮੈਂਟ ਵਿਚਲੇ ਦਾਗੀ ਮੈਂਬਰਾਂ ਨੂੰ ਅਸਤੀਫੇ ਦੇ ਜਾਣ ਦੀ ਸਲਾਹ ਦੇਣ ਵਿਚ ਢਿੱਲ ਨਹੀਂ ਕੀਤੀ, ਕਿਉਂਕਿ ਇਸ ਕਮੇਟੀ ਦੀ ਰਿਪੋਰਟ ਉਸ ਪਾਰਲੀਮੈਂਟ ਵਿਚ ਜਾਣੀ ਹੈ, ਜਿਸ ਵਿਚ 17 ਫੀਸਦੀ ਅਪਰਾਧੀ ਕਿਰਦਾਰ ਦੇ ਦਾਗੀ ਮੈਂਬਰ ਬੈਠੇ ਹੋਏ ਹਨ। ਕਿਸੇ ਇੱਕ ਨੇ ਵੀ ਮੈਂਬਰੀ ਨਹੀਂ ਛੱਡੀ ਤੇ ਨਾ ਛੱਡਣੀ ਜਾਪਦੀ ਹੈ। ਹੋਰ ਤਾਂ ਹੋਰ, ਓਥੇ ਦੋ ਪਾਰਲੀਮੈਂਟ ਮੈਂਬਰ ਉਹ ਵੀ ਹਨ, ਜਿਨ੍ਹਾਂ ਨੇ ਚੋਣ ਲੜਨ ਵੇਲੇ ਆਪ ਹਲਫੀਆ ਬਿਆਨ ਦੇ ਕੇ ਮੰਨਿਆ ਸੀ ਕਿ ਔਰਤਾਂ ਨਾਲ ਜ਼ਿਆਦਤੀ ਦੇ ਮੁਕੱਦਮੇ ਉਨ੍ਹਾਂ ਦੇ ਖਿਲਾਫ ਦਰਜ ਹਨ। ਕਮਾਲ ਇਹ ਵੀ ਘੱਟ ਨਹੀਂ ਕਿ ਇਨ੍ਹਾਂ ਦੋਵਾਂ ਪਾਰਲੀਮੈਂਟ ਮੈਂਬਰਾਂ ਨੂੰ ਟਿਕਟਾਂ ਉਨ੍ਹਾਂ ਪਾਰਟੀਆਂ ਨੇ ਦਿੱਤੀਆਂ, ਜਿਨ੍ਹਾਂ ਵਿਚੋਂ ਇੱਕ ਦੀ ਮੁਖੀ ਬੀਬੀ ਜੈਲਲਿਤਾ ਤੇ ਦੂਸਰੀ ਦੀ ਮੁਖੀ ਮਮਤਾ ਬੈਨਰਜੀ, ਦੋਵੇਂ ਬੀਬੀਆਂ ਹਨ। ਜੇ ਔਰਤਾਂ ਦੇ ਵਿਰੁਧ ਅਪਰਾਧ ਕਰਨ ਵਾਲੇ ਮੈਂਬਰਾਂ ਨੂੰ ਟਿਕਟਾਂ ਦੇ ਕੇ ਓਥੋਂ ਤੱਕ ਪੁਚਾਉਣ ਦਾ ਗੁਨਾਹ ਦੋ ਔਰਤਾਂ ਨੇ ਕੀਤਾ ਹੋਇਆ ਹੈ ਤਾਂ ਦੇਸ਼ ਵਿਚ ਔਰਤਾਂ ਦੇ ਵਿਰੁਧ ਅਪਰਾਧਾਂ ਦਾ ਰਾਹ ਰੋਕਣ ਦਾ ਕੰਮ ਇਸ ਰਾਜਨੀਤਕ ਮਾਹੌਲ ਵਿਚ ਸਿਰੇ ਚੜ੍ਹ ਜਾਣ ਬਾਰੇ ਯਕੀਨ ਕਰਨਾ ਔਖਾ ਹੈ।

ਰਾਜਨੀਤੀ ਨੇ ਇਸ ਤੋਂ ਹਟ ਕੇ ਜਿਹੜਾ ਵੱਡਾ ਪੈਂਡਾ ਇੱਕ ਹਫਤੇ ਵਿਚ ਤੈਅ ਕੀਤਾ, ਉਸ ਦੀ ਸ਼ੁਰੂਆਤ ਇਸ ਹਫਤੇ ਦੇ ਪਹਿਲੇ ਦਿਨ ਕਾਂਗਰਸ ਪਾਰਟੀ ਦੇ ਨਵੇਂ ਬਣਾਏ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਤਕਰੀਰ ਨਾਲ ਹੋਈ ਸੀ। ਉਸ ਨੇ ਕਿਹਾ ਸੀ ਕਿ ਉਸ ਦੀ ਪਾਰਟੀ ਵਿਚ ਨਿਯਮ ਬਹੁਤ ਬਣਦੇ ਹਨ, ਪਰ ਕੰਮ ਨਿਯਮਾਂ ਨੂੰ ਅਣਡਿੱਠ ਕਰ ਕੇ ਹੀ ਚੱਲਦਾ ਹੈ। ਇਸ ਦਾ ਭਾਵ ਇਹ ਹੈ ਕਿ ਉਸ ਦੀ ਦਾਦੀ, ਪਿਤਾ ਤੇ ਮਾਤਾ ਨੇ ਪਾਰਟੀ ਚਲਾਉਣ ਵੇਲੇ ਨਿਯਮਾਂ ਦੀ ਪਰਵਾਹ ਨਹੀਂ ਸੀ ਕੀਤੀ। ਮਾਂ-ਬਾਪ ਨੂੰ ਨਿਯਮਾਂ ਦੀ ਪਰਵਾਹ ਨਾ ਕਰਨ ਵਾਲੇ ਕਹਿ ਕੇ ਰਾਹੁਲ ਗਾਂਧੀ ਨੇ ਅੱਗੇ



*ਰਾਜ ਨਾਥ ਸਿੰਘ*

ਇਹ ਵੀ ਕਹਿ ਦਿੱਤਾ ਕਿ ਹੁਣ ਕਾਂਗਰਸ ਪਾਰਟੀ ਵਿਚ ਕੇਂਦਰ ਤੋਂ ਉਮੀਦਵਾਰ ਤੈਅ ਕਰਨ ਦੀ ਥਾਂ ਜ਼ਿਲਿਆਂ ਤੋਂ ਉਮੀਦਵਾਰਾਂ ਦੇ ਨਾਂ ਮੰਗੇ ਜਾਣਗੇ। ਇਹ ਵੀ ਬਹੁਤੀ ਨਵੀਂ ਗੱਲ ਨਹੀਂ, ਅੱਗੇ ਕਈ ਵਾਰੀ ਇਸ ਤਰ੍ਹਾਂ ਕਿਹਾ ਗਿਆ ਤੇ ਫਿਰ ਜ਼ਿਲਿਆਂ ਤੋਂ ਭੇਜੇ ਗਏ ਨਾਂ ਪਾਸੇ ਰੱਖ ਕੇ ਕੇਂਦਰ ਵਿਚੋਂ ਪੈਰਾਸ਼ੂਟ ਨਾਲ ਉਮੀਦਵਾਰ ਉਤਾਰੇ ਜਾਂਦੇ ਰਹੇ ਹਨ। ਲੋਕ ਅਮਲ ਵਿਚ ਵੇਖਣਗੇ ਕਿ ਇਸ ਪੱਖੋਂ ਰਾਹੁਲ ਗਾਂਧੀ ਕਿੰਨਾ ਕੁ ਮੋੜਾ ਦੇ ਸਕੇਗਾ, ਪਰ ਜਿਹੜਾ ਪ੍ਰਭਾਵ ਉਸ ਦੀ ਤਕਰੀਰ ਦਾ ਪੈਣਾ ਚਾਹੀਦਾ ਸੀ, ਤੇ ਪਹਿਲੇ ਦਿਨ ਪੈਂਦਾ ਵੀ ਦਿਖਾਈ ਦੇ ਰਿਹਾ ਸੀ, ਉਸ ਦੀ ਹਵਾ ਉਸ ਦੀ ਪਾਰਟੀ ਦੇ ਆਗੂ ਤੇ ਦੇਸ਼ ਦੇ ਗ੍ਰਹਿ ਮੰਤਰੀ ਦੇ ਭਾਸ਼ਣ ਨਾਲ ਨਿਕਲ ਗਈ ਸੀ। ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ‘ਹਿੰਦੂ ਅਤਿਵਾਦ’ ਦੀ ਗੱਲ ਕਰ ਕੇ ਜਦੋਂ ਆਰ ਐਸ ਐਸ ਦੇ ਕੈਂਪਾਂ ਬਾਰੇ ਇੱਕ ਠੀਕ ਨੁਕਤਾ ਉਠਾਇਆ ਤਾਂ ਕਾਂਗਰਸ ਲੀਡਰਸ਼ਿਪ ਨੇ ਉਸ ਦਾ ਸਾਥ ਦੇਣ ਦੀ ਥਾਂ ਇਹ ਕਹਿ ਕੇ ਕਿਨਾਰਾ ਕਰ ਲਿਆ ਕਿ ਪਾਰਟੀ ਇਸ ਨਾਲ ਸਹਿਮਤ ਨਹੀਂ, ਉਸ ਦੇ ਨਿੱਜੀ ਵਿਚਾਰ ਹਨ। ਅਸਲ ਵਿਚ ਪਾਰਟੀ ਦਾ ਇੱਕ ਧੜਾ ਇਹ ਸਮਝਣ ਲੱਗ ਪਿਆ ਕਿ ਭਾਜਪਾ ਨੇ ਇਸ ਗੱਲ ਨੂੰ ਮੁੱਦਾ ਬਣਾ ਲੈਣਾ ਹੈ ਤੇ ਰਾਹੁਲ ਗਾਂਧੀ ਦੀ ਤਕਰੀਰ ਰੁਲ ਕੇ ਰਹਿ ਜਾਣੀ ਹੈ। ਗੱਲ ਵੀ ਇਹੋ ਹੀ ਹੋਈ ਹੈ।

ਦੂਸਰੇ ਪਾਸੇ ਕਾਂਗਰਸ ਪਾਰਟੀ ਦੇ ਇਸ ਸਮਾਗਮ ਤੋਂ ਬਾਅਦ ਅੱਜ ਦੀ ਘੜੀ ਵਿਰੋਧ ਦੀ ਮੁੱਖ ਪਾਰਟੀ ਭਾਜਪਾ ਨੇ ਹੀ ਨਹੀਂ, ਭਗਵਾ ਬ੍ਰਿਗੇਡ ਵਜੋਂ ਜਾਣੇ ਜਾਂਦੇ ਸਮੁੱਚੇ ਸੰਘ ਪਰਿਵਾਰ ਨੇ ਵੀ ਇੱਕ ਦਮ ਪੰਜਵੇਂ ਗੇਅਰ ਵਾਲੀ ਤੇਜ਼ੀ ਫੜ ਲਈ ਹੈ। ਇਸੇ ਤੇਜ਼ੀ ਦਾ ਸਬੂਤ ਹੈ ਕਿ ਇੱਕ ਹਫਤੇ ਦੇ ਅੰਦਰ-ਅੰਦਰ ਇੱਕ ਏਜੰਸੀ ਦਾ ਇਹ ਸਰਵੇਖਣ ਕਈ ਟੀ ਵੀ ਚੈਨਲਾਂ ਤੋਂ ਪੇਸ਼ ਕਰਵਾਇਆ ਗਿਆ ਕਿ ਭਾਰਤੀ ਜਨਤਾ ਪਾਰਟੀ ਦਾ ਗੱਠਜੋੜ ਉਨ੍ਹਾਂ ਪਾਰਲੀਮੈਂਟ ਚੋਣਾਂ ਵਿਚ ਜਿੱਤ ਜਾਣਾ ਹੈ, ਜਿਹੜੀਆਂ ਹਾਲੇ ਸੋਲਾਂ ਮਹੀਨੇ ਬਾਅਦ ਹੋਣੀਆਂ ਹਨ। ਇੱਕੋ ਹਫਤੇ ਦੇ ਵਿਚ ਸਰਵੇਖਣ ਵੀ ਬਣ ਗਿਆ ਤੇ ਚੋਣਾਂ ਵੀ ਜਿੱਤਣ ਦਾ ਨਤੀਜਾ ਇੰਜ ਕੱਢ ਦਿੱਤਾ, ਜਿਵੇਂ ‘ਕਣਕ ਖੇਤ, ਕੁੜੀ ਪੇਟ ਤੇ ਆ ਜਵਾਈਆ ਮੰਡੇ ਖਾਹ’ ਵਾਲਾ ਪੰਜਾਬੀ ਦਾ ਮੁਹਾਵਰਾ ਸੱਚਾ ਸਾਬਤ ਕਰਨ ਦੀ ਨੀਤ ਧਾਰ ਲਈ ਹੋਵੇ। ਬਹੁਤੇ ਲੋਕਾਂ ਨੂੰ ਇਹ ਭੇਦ ਨਹੀਂ ਪਤਾ ਕਿ ਸਰਵੇਖਣ ਦੇ ਸਾਂਗ ਰਚਣ ਵਾਲੀ ਇਸ ਏਜੰਸੀ ਦਾ ਮਾਲਕ ਆਰ ਐਸ ਐਸ ਦੇ ਇੱਕ ਮਰਹੂਮ ਨੇਤਾ ਦਾ ਪੋਤਰਾ ਹੈ।

ਇਸ ਦੇ ਬਰੋ-ਬਰਾਬਰ ਇੱਕ ਸਰਗਰਮੀ ਹੋਰ ਵੀ ਚੱਲਦੀ ਰਹੀ, ਜਿਸ ਵਿਚ ਜ਼ਾਹਰਾ ਤੌਰ ਉਤੇ ਆਰ ਐਸ ਐਸ ਦੀ ਹਾਰ ਹੋਈ ਅਤੇ ਇਸ ਦੇ ਜਨਮ ਤੋਂ ਲੈ ਕੇ ਹੁਣ ਤੱਕ ਦੇ 88 ਸਾਲਾਂ ਦੇ ਇਤਿਹਾਸ ਵਿਚ ਪਹਿਲੀ ਵਾਰੀ ਇਸ ਦੇ ਸੋਇਮ ਸੇਵਕਾਂ ਵਿਚੋਂ ਕਿਸੇ ਨੇ ਆਪਣੀ ਰਾਜਨੀਤਕ ਲੋੜ ਦੇ ਮੂਹਰੇ ਇਸ ਨੂੰ ਬੌਣਾ ਕਰ ਦਿੱਤਾ ਹੈ। ਆਰ ਐਸ ਐਸ ਦੀ ਨਾਗਪੁਰ ਬੈਠੀ ਹਾਈ ਕਮਾਨ ਇਸ ਗੱਲ ਲਈ ਜ਼ਿਦ ਕਰਦੀ ਸੀ ਕਿ ਇਸ ਦੇ ਹੈਡ ਕੁਆਰਟਰ ਦੀ ਇਮਾਰਤ ਦਾ ਹੁਲੀਆ ਸੁਧਾਰਨ ਲਈ ਕਰੋੜਾਂ ਰੁਪਏ ਖਰਚਣ ਵਾਲੇ ਨਿਤਿਨ ਗਡਕਰੀ ਨੂੰ ਹੀ ਭਾਜਪਾ ਦਾ ਪ੍ਰਧਾਨ ਮੁੜ ਕੇ ਬਣਾਉਣਾ ਹੈ ਅਤੇ ਉਸ ਦੇ ਵਿਰੁਧ ਲੱਗਦੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਕੋਈ ਵਜ਼ਨ ਨਹੀਂ ਦੇਣਾ। ਭਾਜਪਾ ਲੀਡਰਾਂ ਦੀ ਇੱਕ ਵੱਡੀ ਢਾਣੀ ਇਸ ਦੇ ਵਿਰੋਧ ਵਿਚ ਆ ਗਈ ਤੇ ਉਨ੍ਹਾਂ ਨੇ ਆਪਣਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੂੰ ਬਣਾ ਕੇ ਇਹ ਦਲੀਲ ਚੁੱਕ ਲਈ ਕਿ ਜੇ ਭ੍ਰਿਸ਼ਟਾਚਾਰ ਦਾ ਮਹਾਂ-ਦਾਗੀ ਗਡਕਰੀ ਅੱਗੇ ਲੱਗਾ ਤਾਂ ਪਾਰਟੀ ਵੱਲੋਂ ਕਾਂਗਰਸ ਦੇ ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾਇਆ ਜਾਣਾ ਹਾਸੋਹੀਣਾ ਬਣ ਜਾਵੇਗਾ। ਕਾਂਗਰਸ ਦਾ ਭ੍ਰਿਸ਼ਟਾਚਾਰ ਕਿਵੇਂ ਵੀ ਨਿਤਿਨ ਗਡਕਰੀ ਵਾਲੇ ਭ੍ਰਿਸ਼ਟਾਚਾਰੀ ਕਿੱਸੇ ਤੋਂ ਘੱਟ ਨਹੀਂ, ਪਰ ਜਿਹੜੀ ਭਾਜਪਾ ਲੀਡਰਸ਼ਿਪ ਨੇ ਇਸ ਮਾਮਲੇ ਵਿਚ ਗਡਕਰੀ ਨੂੰ ਪ੍ਰਧਾਨਗੀ ਤੋਂ ਪਾਸੇ ਹਟਾਉਣ ਦਾ ਨਿਸ਼ਾਨਾ ਮਿਥ ਲਿਆ, ਉਹ ਸਾਬਕਾ ਭਾਜਪਾ ਮੁੱਖ ਮੰਤਰੀ ਵਸੁੰਧਰਾ ਰਾਜੇ ਦੇ ਬਾਈ ਹਜ਼ਾਰ ਕਰੋੜ ਰੁਪਏ ਦੇ ਭ੍ਰਿਸ਼ਟਾਚਾਰ ਦੇ ਚਰਚਿਆਂ ਦੇ ਬਾਵਜੂਦ ਉਸ ਨੂੰ ਰਾਜਸਥਾਨ ਵਿਚ ਵਿਧਾਇਕ ਪਾਰਟੀ ਦੇ ਆਗੂ ਦੇ ਅਹੁਦੇ ਤੋਂ ਬਾਕਾਇਦਾ ਮਤਾ ਪਾਸ ਕਰਨ ਦੇ ਬਾਅਦ ਵੀ ਨਹੀਂ ਹਟਾ ਸਕੀ।

ਅਸਲੀ ਗੱਲ ਭ੍ਰਿਸ਼ਟਾਚਾਰ ਦੀ ਨਹੀਂ, ਸਗੋਂ ਇਹ ਸੀ ਕਿ ਭਾਜਪਾ ਲੀਡਰਾਂ ਨੂੰ ਗਡਕਰੀ ਦੇ ਹੁੰਦਿਆਂ ਗੱਠਜੋੜ ਵਿਚ ਕਾਫੀ ਮੁਸ਼ਕਲ ਆ ਰਹੀ ਸੀ। ਉਸ ਹਾਲਤ ਵਿਚ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਦੀ ਪਦਵੀ ਲਈ ਹੋਰ ਸਾਰਿਆਂ ਤੋਂ ਭਾਰੂ ਉਮੀਦਵਾਰ ਸਿਰਫ ਨਰਿੰਦਰ ਮੋਦੀ ਰਹਿ ਜਾਂਦਾ ਸੀ, ਜਿਸ ਨੂੰ ਮੰਨਣ ਲਈ ਜਨਤਾ ਦਲ ਯੁਨਾਈਟਿਡ ਅਤੇ ਕਈ ਹੋਰ ਧਿਰਾਂ ਦੇ ਆਗੂ ਤਿਆਰ ਨਹੀਂ ਸਨ। ਭਾਜਪਾ ਚਾਹੁੰਦੀ ਸੀ ਕਿ ਕੋਈ ਅਜਿਹਾ ਆਗੂ ਅੱਗੇ ਲਾ ਲਿਆ ਜਾਵੇ, ਜਿਸ ਨਾਲ ਉਨ੍ਹਾਂ ਧਿਰਾਂ ਨੂੰ ਨਾਲ ਲੈਣ ਵਿਚ ਅੜਿੱਕਾ ਨਾ ਪਵੇ। ਇਸ ਵਿਚ ਉਹ ਕਾਫੀ ਹੱਦ ਤੱਕ ਕਾਮਯਾਬ ਹੋ ਗਈ ਹੈ। ਯੁਨਾਈਟਿਡ ਜਨਤਾ ਦਲ ਦੇ ਸ਼ਰਦ ਯਾਦਵ ਅਤੇ ਨਿਤੀਸ਼ ਕੁਮਾਰ ਨੇ ਇੱਕ ਪਲ ਨਹੀਂ ਲਾਇਆ ਤੇ ਰਾਜਨਾਥ ਸਿੰਘ ਨੂੰ ਵਧਾਈ ਦੇਣ ਤੋਂ ਇਲਾਵਾ ਇਹ ਵੀ ਕਹਿ ਦਿੱਤਾ ਹੈ ਕਿ ਉਸ ਦੀ ਅਗਵਾਈ ਹੇਠ ਐਨ ਡੀ ਏ ਗੱਠਜੋੜ ਹੋਰ ਜ਼ਿਆਦਾ ਮਜ਼ਬੂਤ ਹੋਵੇਗਾ। ਇਹ ਗੱਲ ਉਹ ਨਿਤਿਨ ਗਡਕਰੀ ਦੇ ਵਕਤ ਨਹੀਂ ਸਨ ਕਹਿੰਦੇ। ਓਦੋਂ ਉਨ੍ਹਾਂ ਨੂੰ ਇਹ ਜਾਪਦਾ ਸੀ ਕਿ ਇਹ ਬੰਦਾ ਤਾਂ ਪੇਪਰ-ਵੇਟ ਤੋਂ ਵੱਧ ਕੁਝ ਨਹੀਂ ਤੇ ਅੰਤਮ ਨਿਰਣੇ ਦੀ ਘੜੀ ਭਾਜਪਾ ਲੀਡਰਸ਼ਿਪ ਨੇ ਨਰਿੰਦਰ ਮੋਦੀ ਨੂੰ ਅੱਗੇ ਲੈ ਆਉਣਾ ਹੈ, ਇਸ ਲਈ ਉਹ ਅਗੇਤਾ ਹੀ ਫਾਸਲਾ ਪਾਈ ਜਾ ਰਹੇ ਸਨ, ਪਰ ਹੁਣ ਉਨਾਂ ਦਾ ਪਹਿਲੀ ਤਨਖਾਹ ਉਤੇ ਭਾਜਪਾ ਦੇ ਭਾਂਡੇ ਮਾਂਜਦੇ ਰਹਿਣ ਦਾ ਮਨ ਬਣਦਾ ਜਾਪਣ ਲੱਗ ਪਿਆ ਹੈ। ਇਸ ਪੱਖ ਤੋਂ ਭਾਜਪਾ ਲੀਡਰਸ਼ਿਪ ਵਿਚਲਾ ਅਡਵਾਨੀ ਧੜਾ ਤੇਜ਼ ਨਿਕਲਿਆ ਹੈ। ਉੜੀਸਾ ਦਾ ਨਵੀਨ ਪਟਨਾਇਕ ਹੋਵੇ ਤਾਂ ਜੰਮੂ-ਕਸ਼ਮੀਰ ਦਾ ਉਮਰ ਅਬਦੁੱਲਾ, ਉਹ ਸਾਰੇ ਵੀ ਰਾਜਨਾਥ ਸਿੰਘ ਨਾਲ ਨਿਭਣ ਨੂੰ ਤਿਆਰ ਹੋਣਗੇ।

ਭਾਰਤ ਦੀ ਰਾਜਨੀਤੀ ਵਿਚ ਲੰਮਾ ਪੈਂਡਾ ਇੱਕ ਹਫਤੇ ਵਿਚ ਤੈਅ ਹੋ ਜਾਣ ਦਾ ਸਿਹਰਾ ਜਿਹੜੇ ਰਾਜਨਾਥ ਸਿੰਘ ਨੂੰ ਸਭ ਤੋਂ ਵੱਧ ਦਿੱਤਾ ਜਾ ਰਿਹਾ ਹੈ ਤੇ ਜਿਸ ਨੂੰ ਬਹੁਤ ਵੱਡਾ ਰੰਗ ਦਾ ਪੱਤਾ ਸਮਝਿਆ ਜਾ ਰਿਹਾ ਹੈ, ਉਸ ਦਾ ਪਿਛਲਾ ਰਿਕਾਰਡ ਓਨੀ ਕੁ ਕਾਮਯਾਬੀ ਵਾਲਾ ਹੈ, ਜਿਹੋ ਜਿਹਾ ਰਾਹੁਲ ਗਾਂਧੀ ਦਾ ਹੈ। ਰਾਹੁਲ ਗਾਂਧੀ ਨੂੰ ਯੂ ਪੀ ਵਿਚ ਭੇਜ ਕੇ ਕਾਂਗਰਸ ਪਾਰਟੀ ਨੇ ਆਸ ਰੱਖੀ ਸੀ ਕਿ ਭਾਰਤ ਦਾ ਇਹ ਸਭ ਤੋਂ ਵੱਡਾ ਰਾਜ ਜਿੱਤ ਕੇ ਉਸ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਦਾ ਹੱਕਦਾਰ ਪ੍ਰਚਾਰਿਆ ਜਾ ਸਕੇਗਾ, ਪਰ ਉਹ ਸਫਲ ਨਹੀਂ ਸੀ ਹੋ ਸਕਿਆ। ਰਾਜਨਾਥ ਸਿੰਘ ਦੇ ਮਾਮਲੇ ਦੀ ਕਮਜ਼ੋਰੀ ਵੀ ਉਸੇ ਰਾਜ ਉਤਰ ਪ੍ਰਦੇਸ਼ ਵਿਚ ਹੈ। ਜਦੋਂ ਰਾਜਨਾਥ ਸਿੰਘ ਨੂੰ ਉਸ ਰਾਜ ਵਿਚ ਮੁੱਖ ਮੰਤਰੀ ਬਣਾਇਆ ਗਿਆ ਤਾਂ ਭਾਰਤੀ ਜਨਤਾ ਪਾਰਟੀ ਦੇ ਵਿਧਾਨ ਸਭਾ ਵਿਚ 174 ਮੈਂਬਰ ਸਨ, ਪਰ ਸੋਲਾਂ ਮਹੀਨੇ ਬਾਅਦ ਹੋਈ ਅਗਲੀ ਚੋਣ ਵਿਚ, ਕੇਂਦਰ ਵਿਚ ਵਾਜਪਾਈ ਸਰਕਾਰ ਹੋਣ ਦੇ ਬਾਵਜੂਦ, ਓਥੇ ਭਾਜਪਾ ਦੇ ਸਿਰਫ 88 ਮੈਂਬਰ ਰਹਿ ਗਏ ਸਨ। ਕੁਝ ਚਿਰ ਬਾਅਦ ਰਾਜਨਾਥ ਸਿੰਘ ਨੂੰ ਕੇਂਦਰੀ ਲੀਡਰਸ਼ਿਪ ਵਿਚ ਲਿਜਾ ਕੇ ਕੌਮੀ ਪ੍ਰਧਾਨ ਬਣਾ ਦਿੱਤਾ ਗਿਆ। ਬੜੇ ਸਪੱਸ਼ਟ ਬੋਲੀ ਬੋਲਣ ਵਾਲੇ ਆਗੂ ਵਜੋਂ ਜਾਣੇ ਜਾਂਦੇ ਰਾਜਨਾਥ ਸਿੰਘ ਨੂੰ ਕੌਮੀ ਪ੍ਰਧਾਨ ਬਣਾਉਣ ਵੇਲੇ ਪਾਰਲੀਮੈਂਟ ਵਿਚ ਭਾਜਪਾ ਦੇ 144 ਮੈਂਬਰ ਸਨ ਤੇ ਅਗਲੀਆਂ ਚੋਣਾਂ ਜਦੋਂ 2009 ਵਿਚ ਹੋਈਆਂ ਤਾਂ ਪਾਰਟੀ ਨੇ ਏਨੀ ਤਰੱਕੀ ਕਰ ਲਈ ਕਿ ਉਸ ਦੇ ਮੈਂਬਰ 115 ਰਹਿ ਗਏ ਸਨ। ਉਸ ਚੋਣ ਦੀ ਹਾਰ ਦੀ ਜ਼ਿਮੇਵਾਰੀ ਜਿਸ ਦੇ ਸਿਰ ਪਾ ਕੇ ਉਸ ਨੂੰ ਅਗਲੀ ਚੋਣ ਮੌਕੇ ਪਾਸੇ ਕੀਤਾ ਗਿਆ ਸੀ, ਹੁਣ ਉਸੇ ਰਾਜਨਾਥ ਸਿੰਘ ਨੂੰ ਇੱਕ ਵਾਰ ਫਿਰ ਕਮਾਨ ਸੌਂਪ ਕੇ ਭਾਜਪਾ ਅਗਲੀ ਪਾਰਲੀਮੈਂਟ ਚੋਣ ਲੜਨ ਚੱਲੀ ਹੈ ਤਾਂ ਇਹ ਵੀ ਰਾਜਨੀਤੀ ਵੱਲੋਂ ਤੈਅ ਕੀਤਾ ‘ਲੰਮਾ ਪੈਂਡਾ’ ਹੀ ਕਿਹਾ ਜਾਵੇਗਾ, ਪਰ ਇਹ ‘ਲੰਮਾ ਪੈਂਡਾ’ ਏਦਾਂ ਦਾ ਲੰਮਾ ਚੱਕਰ ਵੀ ਹੋ ਸਕਦਾ ਹੈ ਕਿ ਇਹ ਪਾਰਟੀ ਫਿਰ ‘ਬੋਹੜ ਥੱਲੇ’ ਪਹੁੰਚੀ ਦਿਖਾਈ ਦੇ ਸਕਦੀ ਹੈ।

ਚੰਗੇ ਪਾਸੇ ਨੂੰ ਕਿਹਾ ਜਾਵੇ ਜਾਂ ਕੁਰਾਹੇ ਪੈ ਰਹੀ ਹੋਵੇ, ਭਾਰਤ ਦੀ ਰਾਜਨੀਤੀ ਨੇ ਇਸ ਇੱਕ ਹਫਤੇ ਵਿਚ ਮੋੜਾ ਤਾਂ ਵਾਹਵਾ ਕੱਟਿਆ ਹੈ, ਜਿਸ ਦਾ ਅਸਰ ਅਗਲੇ ਮਹੀਨਿਆਂ ਵਿਚ ਨਜ਼ਰ ਆ ਸਕਦਾ ਹੈ।

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

**ਰੇਡੀਓ ਚੜ੍ਹਦੀ ਕਲਾ**

**ਡਾਇਲ ਕਰੋ ਤੇ ਸੁਣੋ**

**832-551-5038 ਰੇਡੀਓ ਚੜ੍ਹਦੀ ਕਲਾ 24/7**
**www.radiock.com**
**702-489-0222 ਖਾਲਸਾ ਰੇਡੀਓ 24/7**
**(ਗੁਰਬਾਣੀ)**
**www.khalsaradio.org**
**702-489-0228 ਆਪਨਾ ਪੰਜਾਬ 24/7**
**(ਭੰਗੜਾ ਮਿਊਜ਼ਿਕ)**
**www.apnapunjabradio.com**
**702-489-0229 ਦੇਸੀ ਬਾਈਟ ਰੇਡੀਓ 24/7**
**(ਬਾਲੀਵੁਡ ਮਿਊਜ਼ਿਕ)**
**www.desibiteradio.com**

**ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ**

Wifi Radio **ਖਰੀਦਣ ਅਤੇ ਹੋਰ ਜਾਣਕਾਰੀ ਲਈ**

**ਫੋਨ: 510-900-3600**

***Radio CK, PO Box 296, Fremont, CA 94537***

# ਪੰਜਾਬ ਟਾਈਮਜ਼

*ਸਨਿਚਰਵਾਰ, 2 ਫਰਵਰੀ 2013*

## ਗਰੀਬ ਗਣਤੰਤਰ ਦੀ ਸ਼ਾਹੀ ਸਿਆਸਤ

ਭਾਰਤੀ ਗਣਤੰਤਰ ਦੇ ਜਸ਼ਨ ਇਕ ਵਾਰ ਫਿਰ ਵੱਡੇ ਪੱਧਰ 'ਤੇ ਮਨਾਏ ਗਏ। ਇਕ ਵਾਰ ਫਿਰ ਭਾਸ਼ਨਾਂ ਦੀ ਲੜੀ ਚੱਲੀ, ਤੇ ਮੁੜ ਉਹੀ ਦਾਅਵੇ, ਉਹੀ ਵਾਅਦੇ! ਪੰਜਾਬ ਐਤਕੀਂ ਫਿਰ ਪਰੇਡ ਵਾਲੀਆਂ ਝਾਕੀਆਂ ਵਿਚੋਂ ਗੈਰ-ਹਾਜ਼ਰ ਰਿਹਾ। ਪਿਛਲੀ ਵਾਰ ਵੀ ਪੰਜਾਬ ਸਰਕਾਰ ਇਸ ਪਰੇਡ ਲਈ ਬਹੁਤਾ ਉਤਸੁਕ ਨਹੀਂ ਸੀ, ਪਰ ਇਹ ਮਾਮਲਾ ਮੀਡੀਆ ਵਿਚ ਰਤਾ ਟੇਢੇ ਢੰਗ ਨਾਲ ਉਭਰਨ ਨਾਲ ਤੱਤ-ਭੜੱਥੇ 'ਚ ਝਾਕੀ ਤਿਆਰ ਕਰਵਾਈ ਗਈ। ਉਂਜ, ਇਹ ਹਾਜ਼ਰੀ ਜਾਂ ਗੈਰ-ਹਾਜ਼ਰੀ ਕੋਈ ਬਹੁਤਾ ਮਾਇਨਾ ਨਹੀਂ ਰੱਖਦੀ, ਕਿਉਂਕਿ ਹਰ ਸਾਲ ਇਹ ਸਾਰੇ ਸਮਾਗਮ ਬੱਧੇ-ਰੁੱਧੇ ਹੀ ਸਿਰੇ ਚੜ੍ਹਦੇ ਹਨ; ਨਿਰੀ ਰਸਮ, ਜਿਸ ਤੋਂ ਕਿਸੇ ਨੇ ਕੁਝ ਲੈਣਾ-ਦੇਣਾ ਨਾ ਹੋਵੇ। ਜਿਨ੍ਹਾਂ ਮਸਲਿਆਂ ਨਾਲ ਆਵਾਮ ਦਾ ਕੋਈ ਲੈਣਾ-ਦੇਣਾ ਹੈ, ਉਸ ਬਾਰੇ ਮਾੜੀ-ਮੋਟੀ ਗੱਲ ਕਰਨ ਦਾ ਵੀ ਸ਼ਾਇਦ ਕਿਸੇ ਕੋਲ ਸਮਾਂ ਨਹੀਂ। ਪੰਜ ਸਾਲ ਬਾਅਦ ਸਰਕਾਰ ਤਾਂ ਬਣ ਹੀ ਜਾਣੀ ਹੁੰਦੀ ਹੈ, ਲੋਕਾਂ ਨੇ ਵੋਟਾਂ ਵੀ ਪਾਉਣੀਆਂ ਹੀ ਪਾਉਣੀਆਂ ਹਨ, ਭਾਵੇਂ ਕਿਸੇ ਨੂੰ ਵੀ ਪਾਉਣ! ਇਕ ਗੱਲ ਤਾਂ ਜ਼ਰੂਰ ਹੈ ਕਿ ਪਿਛਲੇ ਛੇ ਦਹਾਕਿਆਂ ਦੌਰਾਨ ਭਾਰਤ, ਸੰਸਾਰ ਦੀ ਪਰ੍ਹਿਆ ਵਿਚ ਖੜ੍ਹ ਕੇ ਗੱਲ ਕਰਨ ਜੋਗਾ ਹੋ ਗਿਆ ਹੈ। ਸ਼ਕਤੀਸ਼ਾਲੀ ਕੇਂਦਰ ਵਜੋਂ ਉਭਰ ਰਹੇ ਭਾਰਤ ਦੀ ਕਹਾਣੀ ਹੁਣ ਸੰਸਾਰ ਦੇ ਕਈ ਖੇਤਰਾਂ ਵਿਚ ਪੈਣ ਲੱਗੀ ਹੈ। ਨਹੀਂ ਤਾਂ ਇਕ ਸਦੀ ਪਹਿਲਾਂ ਅਮਰੀਕਾ ਦੀ ਧਰਤੀ ਉਤੇ ਪੁੱਜੇ ਭਾਰਤੀਆਂ ਨੂੰ ਆਪਣੇ ਦੇਸ਼ ਦੀ ਗੁਲਾਮੀ ਬਾਰੇ ਸੋਚ ਕੇ ਜਿਹੜੀ ਆਰ ਚੁੱਭੀ ਸੀ, ਉਸ ਨੇ ਇਤਿਹਾਸ ਦਾ ਮੁਹਾਣ ਮੋੜਨ ਦਾ ਵੱਡਾ ਯਤਨ ਕੀਤਾ ਸੀ। ਉਸ ਵੇਲੇ ਗਦਰ ਦੀ ਸੁਲਘੀ ਚੰਗਿਆੜੀ ਅੱਜ ਤੱਕ ਮਘ ਰਹੀ ਹੈ ਅਤੇ ਮੈਦਾਨ-ਏ-ਜੰਗ ਵਿਚ ਜੂਝਣ ਵਾਲਿਆਂ ਲਈ ਚਾਨਣ ਮੁਨਾਰਾ ਬਣੀ ਹੋਈ ਹੈ। ਇਹ ਗੱਲ ਵੱਖਰੀ ਹੈ ਕਿ ਘਰ ਵਿਚ ਇਸ ਕਹਾਣੀ ਦੇ ਨਾਇਕਾਂ ਨੂੰ ਹੁਣ ਬਹੁਤ ਵਾਰ ਖਲਨਾਇਕ ਬਣਾ ਕੇ ਵੀ ਪੇਸ਼ ਕੀਤਾ ਜਾਂਦਾ ਹੈ।

ਨਾਇਕਾਂ ਦੇ ਖਲਨਾਇਕਾਂ ਵਿਚ ਵਟ ਜਾਣ ਦਾ ਆਖਰ ਰਾਜ਼ ਕੀ ਹੈ? ਇਸ ਦੀ ਪੁਣ-ਛਾਣ ਲਈ ਪਿਛਲੇ ਸਮੇਂ ਦੀ ਸਿਆਸਤ ਉਤੇ ਨਿਗ੍ਹਾ ਮਾਰਨੀ ਪਵੇਗੀ। ਭਾਰਤ ਦੀ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਸਿਆਸਤ ਵਿਚ ਬਹੁਤ ਸਾਰੀਆਂ ਸਿਫਤੀ ਤਬਦੀਲੀਆਂ ਹੋਈਆਂ ਹਨ। ਪਿਛਲੇ ਇਕ ਦਹਾਕੇ ਦੌਰਾਨ ਤਾਂ ਇਸ ਤਬਦੀਲੀ ਨੇ ਇੰਨੀ ਤੇਜ਼ੀ ਫੜੀ ਹੈ ਕਿ ਸਭ ਉਂਗਲਾਂ ਮੂੰਹ ਵਿਚ ਦੇਈ ਖੜ੍ਹੇ ਸੋਚ ਰਹੇ ਹਨ। ਪਹਿਲਾਂ ਨਹਿਰੂ-ਗਾਂਧੀ ਪਰਿਵਾਰ ਉਤੇ ਪਰਿਵਾਰਵਾਦ ਫੈਲਾਉਣ ਦੇ ਦੋਸ਼ ਲੱਗਦੇ ਸਨ ਅਤੇ ਇਹ ਮੁੱਦਾ ਕਈ ਵਾਰ ਚੋਣ ਮੁੱਦਾ ਵੀ ਬਣਿਆ ਪਰ ਪਰਿਵਾਰਵਾਦ ਦਾ ਵਿਰੋਧ ਕਰਨ ਵਾਲੇ ਵੱਖ ਵੱਖ ਸੂਬਿਆਂ ਦੇ ਲੀਡਰ ਅੱਜ ਆਪ ਉਸੇ ਰਾਹ ਪੈ ਚੁੱਕੇ ਹਨ। ਤਕਰੀਬਨ ਹਰ ਸੂਬੇ ਵਿਚ ਭਾਈ-ਭਤੀਜਾਵਾਦ ਹੁਣ ਸਿਆਸਤ ਉਤੇ ਭਾਰੀ ਪੈ ਗਿਆ ਹੈ। ਇਸ ਨੇ ਗਿਣਵੇਂ-ਚੁਣਵੇਂ ਪਰਿਵਾਰਾਂ ਦੀ ਧਾਂਕ ਜਮਾਈ ਹੈ ਅਤੇ ਇਨ੍ਹਾਂ ਨੂੰ ਪੈਸੇ ਪੱਖੋਂ ਵੀ ਮਾਲਾਮਾਲ ਕੀਤਾ ਹੈ। ਪਰਿਵਾਰਵਾਦ ਅਤੇ ਪੈਸੇ ਦੇ ਜ਼ੋਰ ਨੇ ਅਗਾਂਹ ਸਿਆਸਤ ਦੀ ਅਪਰਾਧ ਜਗਤ ਨਾਲ ਪੀਡੀ ਸਾਂਝ ਪੁਆ ਦਿੱਤੀ ਹੈ। ਰਹਿੰਦੀ ਕਸਰ ਨਵੇਂ ਅਮੀਰ ਹੋਏ ਅਤੇ ਤੇਜ਼-ਤਰਾਰ ਤਬਕੇ ਨੇ ਕੱਢ ਦਿੱਤੀ। ਇਕ ਸਰਵੇਖਣ ਦੱਸਦਾ ਹੈ ਕਿ ਇਕੱਲੇ ਪੰਜਾਬ ਵਿਚ ਹੀ ਨਹੀਂ, ਮੁਲਕ ਭਰ ਵਿਚ ਹੋਰ ਬਹੁਤ ਥਾਂਈਂ ਪ੍ਰਾਪਰਟੀ ਡੀਲਰ ਆਗੂ ਬਣ ਰਹੇ ਹਨ। ਸਿਆਸਤ ਵਿਚ ਪ੍ਰਾਪਰਟੀ ਡੀਲਰਾਂ ਦੀ ਇਸ ਘੁਸਪੈਠ ਨੇ ਉਨ੍ਹਾਂ ਦਾ ਕਾਰੋਬਾਰ ਤਾਂ ਵਧਾਇਆ ਹੀ ਹੈ, ਆਵਾਮ ਅਤੇ ਆਮ ਆਗੂਆਂ ਨੂੰ ਵੀ ਹਾਸ਼ੀਏ ਉਤੇ ਧੱਕ ਦਿੱਤਾ ਹੈ। ਪੰਜਾਬ ਵਿਚ ਇਨ੍ਹਾਂ ਨਵੇਂ ਉਠੇ ਲੀਡਰਾਂ ਦੀ 'ਸਿਆਸੀ ਸਰਗਰਮੀ' ਪਿਛਲੇ ਕੁਝ ਮਹੀਨਿਆਂ ਤੋਂ ਸਾਰਾ ਸੰਸਾਰ ਦੇਖ ਰਿਹਾ ਹੈ ਕਿ ਕਿਸ ਤਰ੍ਹਾਂ ਗੁੰਡਾਗਰਦੀ ਦਾ ਨੰਗਾ ਨਾਚ ਕੀਤਾ ਜਾ ਰਿਹਾ ਹੈ। ਇਸ ਤੋਂ ਵੀ ਵੱਡੀ ਗੱਲ, ਇਨ੍ਹਾਂ ਦੀ ਜਿਸ ਤਰ੍ਹਾਂ ਪੁਸ਼ਤ-ਪਨਾਹੀ ਕੀਤੀ ਜਾ ਰਹੀ ਹੈ, ਉਸ ਤੋਂ ਆਉਣ ਵਾਲੇ ਸਮੇਂ ਦੀ ਭਿਆਨਕਤਾ ਦੀ ਸੂਹ ਮਿਲ ਜਾਂਦੀ ਹੈ। ਇਹ ਅਸਲ ਵਿਚ ਹਨੇਰਗਰਦੀ ਵੱਲ ਜਾਂਦਾ ਰਾਹ ਹੀ ਤਾਂ ਹੈ।

ਇਸ ਹਨੇਰਗਰਦੀ ਦੀਆਂ ਜੜ੍ਹਾਂ ਜਮਹੂਰੀਅਤ ਦੀ ਅਣਹੋਂਦ ਵਿਚ ਹਨ। ਭਾਰਤ ਵਿਚ ਅਖੌਤੀ ਜਮਹੂਰੀਅਤ ਦੇ ਕਸੀਦੇ ਤਾਂ ਭਾਵੇਂ ਨਿੱਤ ਦਿਨ ਪੜ੍ਹੇ ਜਾਂਦੇ ਹਨ ਪਰ ਜਮਹੂਰੀਅਤ ਦੀ ਅਣਹੋਂਦ ਕਰ ਕੇ ਭਾਰਤੀ ਆਵਾਮ ਨੂੰ ਜਿਸ ਬਿਖੜੇ ਪੈਂਡੇ ਤੋਂ ਲੰਘਣਾ ਪੈ ਰਿਹਾ ਹੈ, ਉਸ ਬਾਰੇ ਗੱਲ ਕਰ ਕੇ ਕੋਈ ਰਾਜ਼ੀ ਨਹੀਂ। ਗੈਰਜਮਹੂਰੀ ਪ੍ਰਬੰਧ ਕਾਰਨ ਹੀ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਵੱਸਦੀਆਂ ਵੱਖ ਵੱਖ ਕੌਮੀਅਤਾਂ ਦਾ ਅੱਜ ਸਾਹ ਘੁੱਟਿਆ ਪਿਆ ਹੈ। ਮਜ਼ਦੂਰ ਤਬਕਾ ਉਂਜ ਹੀ ਹਾਲੋਂ-ਬੇਹਾਲ ਹੈ। ਕਰਜ਼ਾਈ ਹੋ ਰਹੇ ਕਿਸਾਨਾਂ ਦੀ ਖਬਰਸਾਰ ਕੋਈ ਨਹੀਂ ਲੈ ਰਿਹਾ। ਹਾਂ, ਸਨਅਤਕਾਰਾਂ ਦੀ ਅੱਜਕੱਲ੍ਹ ਚਾਂਦੀ ਹੈ। ਉਨ੍ਹਾਂ ਨੂੰ ਵੱਖ ਵੱਖ ਸਹੂਲਤਾਂ ਨਾਲ ਛੋਟਾਂ ਵੀ ਮਿਲ ਰਹੀਆਂ ਹਨ। ਹੁਣ ਤਾਂ ਸਿਆਸਤਦਾਨਾਂ ਅਤੇ ਸਨਅਤਕਾਰਾਂ ਦੀ ਆਪਸੀ ਸਕੀਰੀ ਇੰਨੀ ਪੀਡੀ ਪੈ ਚੁੱਕੀ ਹੈ ਕਿ ਹਰ ਦੂਜਾ ਲੀਡਰ ਕਿਸੇ ਨਾ ਕਿਸੇ ਨਾਮੀ ਕੰਪਨੀ ਨਾਲ, ਕਿਸੇ ਨਾ ਕਿਸੇ ਰੂਪ ਵਿਚ ਜੁੜਿਆ ਹੋਇਆ ਹੈ। ਸਿਤਮ ਵਾਲੀ ਗੱਲ ਇਹ ਕਿ ਜਮਹੂਰੀਅਤ ਦਾ ਖਾਜਾ ਬਣੇ ਆਮ ਲੋਕਾਂ ਨੂੰ ਇਸ ਤਾਲਮੇਲ ਬਾਰੇ ਕੋਈ ਖਬਰ ਨਹੀਂ ਹੈ। ਆਮ ਲੋਕਾਂ ਦੀ ਅਗਿਆਨਤਾ ਇਨ੍ਹਾਂ ਅਮੀਰਾਂ ਲਈ ਸੋਨੇ ਉਤੇ ਸੁਹਾਗਾ ਸਾਬਤ ਹੋਈ ਹੈ। ਭਾਰਤੀ ਜਮਹੂਰੀਅਤ ਅਤੇ ਗਣਤੰਤਰ ਅਸਲ ਵਿਚ ਇਨ੍ਹਾਂ ਸ਼ਾਹੀ ਲੋਕਾਂ ਦੇ ਹੀ ਰਾਸ ਆਇਆ ਹੈ। ਅੱਜ ਸਿਆਸੀ ਪਾਰਟੀਆਂ ਹੀ ਪ੍ਰਾਈਵੇਟ ਕੰਪਨੀਆਂ ਨਹੀਂ ਬਣੀਆਂ, ਮੁਲਕ ਵੀ ਉਸੇ ਰਾਹ ਵੱਲ ਵਧ ਰਿਹਾ ਜਾਪਦਾ ਹੈ। ਦੂਜੇ ਬੰਨੇ, ਸੰਸਾਰ ਪੱਧਰ ਉਤੇ ਭਾਰਤ ਦਾ ਡੰਕਾ ਵੱਜ ਰਿਹਾ ਹੈ; ਘਰੇ ਸਿਆਸੀ ਆਗੂਆਂ ਦਾ ਪ੍ਰਤਾਪ ਹੈ; ਹੁਣ ਜੇ ਕੋਈ ਆਮ ਬੰਦੇ ਦੀ ਗੁਰਬਤ ਦੀ ਗੱਲ ਕਰਦਾ ਹੈ ਤਾਂ ਉਸ ਨੂੰ ਗੌਲਣ ਵਾਲਾ ਕੋਈ ਨਹੀਂ ਹੈ। ਲੜਾਕੂ ਧਿਰਾਂ ਲੜ ਲੜ ਹੰਭ ਰਹੀਆਂ ਹਨ। ਇਨ੍ਹਾਂ ਦਾ ਕਿਸੇ ਪਾਸੇ ਪੈਰ ਨਹੀਂ ਅੜ ਰਿਹਾ। ਮੁੱਖ ਸਿਆਸੀ ਧਿਰਾਂ ਮੰਨ ਹੀ ਚੁੱਕੀਆਂ ਹਨ ਕਿ ਹੁਣ ਕਿਸੇ ਪਾਸਿਓਂ ਕੋਈ ਵੱਡੀ ਵੰਗਾਰ ਨਹੀਂ ਹੈ। ਇਹ ਉਸ ਗਣਤੰਤਰ ਦੀ ਕਹਾਣੀ ਹੈ ਜਿਸ ਦੀ ਉਮਰ ਅਜੇ ਛੇਆਂ ਦਹਾਕਿਆਂ ਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵੋਟਾਂ ਦਾ ਮੁੱਲ?*

ਗਾਥਾ ਵੋਟ ਦੇ ਹੱਕ ਦੀ ਕੌਣ ਪਾਵੇ, ਕੰਨੀਂ ਅਧਪੜ੍ਹਾਂ ਦੀਨਿਆਂ-ਭਾਨਿਆਂ ਦੇ।
ਮਰੀ ਹੋਈ ਜ਼ਮੀਰ ਨੇ ਜਾਗਣਾ ਕੀ, ਮਾਰੋ ਤੀਰ ਤਿੱਖੇ ਬੇਸ਼ਕ ਤਾਅਨਿਆਂ ਦੇ।
ਕੇਵਲ ਗਾਉਣ ਲਈ ਗੀਤ ਨੇ ਲਿਖੇ ਹੋਏ, ਬਲੀਦਾਨੀਆਂ ਬਾਰੇ ਅਫ਼ਸਾਨਿਆਂ ਦੇ।
ਅਰਥ ਬੁੱਝਣ ਦੀ ਲੋੜ ਨਹੀਂ ਕਿਸੇ ਨੂੰ ਵੀ, 'ਜਨ ਗਨ' ਜਿਹੇ ਕੌਮੀ ਤਰਾਨਿਆਂ ਦੇ।
ਰੰਗ ਭੁੱਲ ਗਏ ਭਾਰਤੀ ਭੁੱਲੜਾਂ ਨੂੰ, ਦੇਸ ਭਗਤਾਂ ਦਿਆਂ ਗੁੱਟਾਂ 'ਤੇ ਗਾਨਿਆਂ ਦੇ।
ਵੋਟਾਂ ਵਿਕਦੀਆਂ ਮੰਡੀ ਦੇ ਵਾਂਗ ਜਿੱਥੇ, ਕੀ ਕਰਨਗੇ ਫ਼ਲਸਫੇ ਦਾਨਿਆਂ ਦੇ?

# ਗੈਰ-ਕਾਨੂੰਨੀ ਪਰਵਾਸੀਆਂ ਦੇ ਮੁੱਦੇ 'ਤੇ ਅਮਰੀਕੀ ਕਾਂਗਰਸ ਇਕਜੁੱਟ

## ਗੈਰ-ਕਾਨੂੰਨੀ ਪਰਵਾਸੀਆਂ ਲਈ ਆਸ ਦੀ ਕਿਰਨ

*ਅਮਰੀਕਾ ਦੇ ਅੱਠ ਸੈਨੇਟਰਾਂ ਨੇ ਪਾਰਟੀ ਵਲਗਣਾਂ ਤੋਂ ਉਪਰ ਉਠ ਕੇ ਅਜਿਹੀ ਯੋਜਨਾ ਪੇਸ਼ ਕੀਤੀ ਹੈ ਤਾਂ ਕਿ ਦੇਸ਼ ਵਿਚ ਡਰ ਦੇ ਸਾਏ ਹੇਠ ਰਹਿ ਰਹੇ 1.10 ਕਰੋੜ ਤੋਂ ਵੱਧ ਗੈਰ-ਕਾਨੂੰਨੀ ਪਰਵਾਸੀ ਮੁਲਕ ਦੀ ਨਾਗਰਿਕਤਾ ਹਾਸਲ ਕਰ ਸਕਣ। ਡੈਮੋਕ੍ਰੇਟਿਕ ਪਾਰਟੀ ਅਤੇ ਰਿਪਬਲਿਕਨ ਪਾਰਟੀ ਦੇ ਮੈਂਬਰਾਂ ਮੁਤਾਬਕ ਅਮਰੀਕੀ ਇਮੀਗਰੇਸ਼ਨ ਢਾਂਚਾ ਹੁਣ ਠੱਪ ਹੋ ਕੇ ਰਹਿ ਗਿਆ ਹੈ, ਇਸ ਲਈ ਰਾਹ ਲੱਭਣਾ ਜ਼ਰੂਰੀ ਹੈ। ਇਸ ਨਾਲ ਅਮਰੀਕੀ ਅਰਥਚਾਰੇ ਨੂੰ ਵੀ ਹੁਲਾਰਾ ਮਿਲੇਗਾ। ਇਹ ਬਿੱਲ ਡੈਮੋਕ੍ਰੇਟਿਕ ਪਾਰਟੀ ਦੇ ਰੌਬਰਟ ਮੈਨਡੀਜ਼, ਚਾਰਲਸ ਐਲਿਸ ਸ਼ੂਮਰ, ਡਿਕ ਡਰਬਿਨ ਤੇ ਮਾਈਕਲ ਬੋਨੇਟ ਅਤੇ ਰਿਪਬਲਿਕਨ ਪਾਰਟੀ ਦੇ ਜੌਹਨ ਮੈਕੇਨ, ਮਾਰਕੋ ਰੂਬੀਓ, ਲਿੰਡਸੇ ਗ੍ਰਾਹਮ ਤੇ ਜੈਫ ਫਲੇਕ ਨੇ ਪੇਸ਼ ਕੀਤਾ। ਇਸ ਵੇਲੇ ਅਮਰੀਕਾ ਵਿੱਚ 40 ਫੀਸਦੀ ਪਰਵਾਸੀ ਕਾਨੂੰਨੀ ਤੌਰ 'ਤੇ ਪੁੱਜਦੇ ਹਨ ਪਰ ਆਪਣੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਉਹ ਵਾਪਸ ਨਹੀਂ ਜਾਂਦੇ। ਇਸ ਬਿੱਲ ਬਾਰੇ ਚਾਨਣਾ ਪਾ ਰਹੇ ਹਨ ਹਰਜਿੰਦਰ ਦੁਸਾਂਝ। -ਸੰਪਾਦਕ*

**ਹਰਜਿੰਦਰ ਦੁਸਾਂਝ**

ਅਮਰੀਕੀ ਰਾਸ਼ਟਰਪਤੀ ਦੀਆਂ ਪਿਛਲੀਆਂ ਚੋਣਾਂ ਤੋਂ ਪਹਿਲਾਂ ਅਮਰੀਕੀ ਸਮਾਜ ਵਿਚ ਕਈ ਤਰ੍ਹਾਂ ਦੀਆਂ ਤਰੇੜਾਂ ਪੈ ਗਈਆਂ ਸਨ। ਸਮਝਿਆ ਜਾਂਦਾ ਸੀ ਕਿ ਚੋਣਾਂ ਤੋਂ ਬਾਅਦ ਇਹ ਤਰੇੜਾਂ ਸਮੇਂ ਦੀ ਧੂੜ ਨੇ ਖੁਦ ਹੀ ਭਰ ਦੇਣੀਆਂ ਹਨ, ਪਰ ਪਿਛਲੀਆਂ ਸਭ ਚੋਣਾਂ ਦੇ ਉਲਟ ਇਸ ਵਾਰ ਇਹ ਤਰੇੜਾਂ ਹੋਰ ਡੂੰਘੀਆਂ ਹੁੰਦੀਆਂ ਜਾ ਰਹੀਆਂ ਹਨ। ਅਮਰੀਕਾ ਦੀ ਅਵਾਮ 'ਚ ਵੰਡੀਆਂ ਪੈਣ ਦਾ ਸਭ ਤੋਂ ਵੱਡਾ ਕਾਰਨ ਅਮਰੀਕੀ ਸਿਆਸਤ 'ਚ ਆਇਆ ਨਿਘਾਰ ਹੈ। ਵੱਖੋ-ਵੱਖਰੇ ਮੁੱਦਿਆਂ ਨੂੰ ਲੈ ਕੇ ਅਮਰੀਕੀ ਕਾਂਗਰਸ ਵਿਚ ਹੋ ਰਹੀ ਖਿੱਚੋਤਾਣ ਦਾ ਸਿੱਧਾ ਅਸਰ ਅਮਰੀਕੀ ਸਮਾਜ ਉਤੇ ਦੇਖਿਆ ਜਾ ਸਕਦਾ ਹੈ। ਕਾਂਗਰਸ ਅਤੇ ਰਾਸ਼ਟਰਪਤੀ ਵਿਚਾਲੇ ਹੋ ਰਹੀ ਸਿਆਸੀ ਰੱਸਾ-ਕਸ਼ੀ ਵੀ ਪਹਿਲਾਂ ਸਭ ਮੌਕਿਆਂ ਨਾਲੋਂ ਜ਼ਿਆਦਾ ਜ਼ੋਰ-ਅਜ਼ਮਾਈ ਕਰ ਰਹੀ ਹੈ। ਕਾਂਗਰਸ ਦਾ ਆਪਸ ਵਿਚ ਤੇ ਰਾਸ਼ਟਰਪਤੀ ਨਾਲ ਸਿਰੇ ਦੀ




ਖਿੱਚੋਤਾਣ ਦਾ ਪਹਿਲਾ ਮੌਕਾ ਉਦੋਂ ਆਇਆ ਜਦੋਂ ਸਾਬਕਾ ਰਾਸ਼ਟਰਪਤੀ ਜਾਰਜ ਬੁਸ਼ ਦੇ ਟੈਕਸ ਪਲੈਨ ਨੂੰ ਨਵਿਆਉਣ ਜਾਂ ਸੋਧਣ ਦਾ ਮੁੱਦਾ ਸਾਹਮਣੇ ਆਣ ਖਲੋਤਾ। ਬੁਸ਼ ਟੈਕਸ ਪਲੈਨ ਦੇ ਖ਼ਤਮ ਹੋਣ ਦਾ ਅੰਤਲਾ ਸਮਾਂ 31 ਦਸੰਬਰ ਦੀ ਅੱਧੀ ਰਾਤ ਸੀ, ਪਰ ਟੈਕਸ ਸਬੰਧੀ ਥੋੜ੍ਹੀ ਬਹੁਤੀ ਜਿਹੜੀ ਆਮ ਰਾਏ ਬਣੀ, ਉਹ ਵੀ ਸਮਾਂ ਲੰਘਣ ਪਿੱਛੋਂ ਬਣੀ। ਉਂਜ, ਟੈਕਸ ਸਬੰਧੀ ਲੰਬੇ ਸਮੇਂ ਦੇ ਪਲੈਨ ਅਜੇ ਵੀ ਕਈ ਰੇੜਕਿਆਂ 'ਚ ਘਿਰੇ ਹੋਏ ਹਨ।

ਦੂਜਾ ਮੁੱਦਾ ਆਇਆ ਨਿੱਜੀ ਤੌਰ 'ਤੇ ਬੰਦੂਕਾਂ ਅਤੇ ਹੋਰ ਹਥਿਆਰ ਰੱਖਣ ਲਈ ਕਾਨੂੰਨ ਸਖ਼ਤ ਕਰਨ ਦਾ। ਰਾਸ਼ਟਰਪਤੀ ਵੱਲੋਂ ਨਵੀਂ ਪਾਰੀ ਦੀ ਸਹੁੰ ਚੁੱਕਣ ਤੋਂ ਪਹਿਲਾਂ ਉਭਰਿਆ ਇਹ ਮੁੱਦਾ ਵੀ ਕਾਂਗਰਸ ਦੀ ਮਧਾਣੀ 'ਚ ਰਿੜਕ ਹੋ ਰਿਹਾ ਹੈ। ਇਸ ਵਿਚੋਂ ਕੀ ਨਿਕਲਦਾ ਹੈ, ਅਜੇ ਕੁਝ ਵੀ ਨਹੀਂ ਕਿਹਾ ਜਾ ਸਕਦਾ।

ਪਿਛਲੇ ਸਾਲ 'ਚ ਸਮੂਹਿਕ ਕਤਲਾਂ ਦੀਆਂ ਹੋਈਆਂ ਕੁੱਲ ਤੇਰਾਂ ਵਾਰਦਾਤਾਂ ਨੇ ਬੰਦੂਕਾਂ ਵਾਲਾ ਮੁੱਦਾ ਸਭ ਮੁੱਦਿਆਂ ਉਤੇ ਭਾਰੂ ਪਾ ਦਿੱਤਾ। ਇਸ ਸਬੰਧੀ ਕਾਂਗਰਸ ਵਿਚ ਆਮ ਰਾਏ ਬਣਨ ਦੀ ਆਸ ਦੀ ਨਵੀਂ ਕਿਰਨ ਭਾਵੇਂ ਦਿਖਾਈ ਦਿੱਤੀ ਹੈ ਪਰ ਸਿੱਟੇ ਵਿਚ ਦਾਣੇ ਕਿੰਨੇ ਕੁ ਹਨ, ਇਹ ਦੱਸਣਾ ਅਜੇ ਬਹੁਤ ਅਗੇਤ ਹੈ।

ਉਪਰ ਚਰਚਾ ਅਧੀਨ ਆਏ ਦੋ ਅਹਿਮ ਮੁੱਦਿਆਂ ਦੇ ਚੱਲਦਿਆਂ ਅੱਜਕੱਲ੍ਹ ਪਰਵਾਸ (ਇੰਮੀਗ੍ਰੇਸ਼ਨ) ਸਬੰਧੀ ਕਾਨੂੰਨਾਂ 'ਚ ਸੋਧ ਕਰਨ ਦਾ ਮੁੱਦਾ ਪੂਰਾ ਗਰਮਾਇਆ ਹੋਇਆ ਹੈ। ਕਾਂਗਰਸ ਵਿਚ ਸ਼ੁਰੂ ਹੋਈ ਬਹਿਸ ਨੂੰ ਦੇਖਦਿਆਂ ਲੱਗਦਾ ਹੈ ਕਿ ਅਮਰੀਕਾ ਵਿਚ ਲੱਖਾਂ ਦੀ ਗਿਣਤੀ ਵਿਚ ਰਹਿ ਰਹੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਪੱਕੀ ਨਾਗਰਿਕਤਾ, ਸਥਾਈ ਰਿਹਾਇਸ਼, ਆਰਜ਼ੀ ਰਿਹਾਇਸ਼ ਤੇ ਆਜ਼ਾਦੀ ਨਾਲ ਕਿੱਧਰੇ ਵੀ ਕੰਮ ਕਰਨ ਦੀ ਇਜਾਜ਼ਤ ਮਿਲਣ ਦਾ ਰਾਹ ਪੱਧਰਾ ਹੋ ਰਿਹਾ ਹੈ। ਕਾਂਗਰਸ ਨੇ ਨਵੇਂ ਪਰਵਾਸ ਕਾਨੂੰਨ ਬਣਾਉਣ ਲਈ ਬਾਕਾਇਦਾ ਖਰੜਾ ਤਿਆਰ ਕਰ ਲਿਆ ਹੈ। ਇਸ ਖਰੜੇ 'ਚ ਕਿਹਾ ਗਿਆ ਹੈ ਕਿ ਅਮਰੀਕੀ ਸਰਹੱਦਾਂ ਉਤੇ ਹੋਰ ਸਖ਼ਤੀ ਕਰਨ ਅਤੇ ਗੈਰ-ਕਾਨੂੰਨੀ ਪਰਵਾਸ ਨੂੰ ਅੱਗੇ ਤੋਂ ਰੋਕਣ ਲਈ ਸਰਹੱਦ ਉਤੇ ਕੈਮਰਿਆਂ ਸਮੇਤ ਕਈ ਤਰ੍ਹਾਂ ਦਾ ਹੋਰ ਸਾਜ਼ੋ-ਸਾਮਾਨ ਲਾਇਆ ਜਾਵੇਗਾ। ਸਰਹੱਦ ਦੀ ਸੁਰੱਖਿਆ ਲਈ ਹੋਰ ਫੈਡਰਲ ਏਜੰਟ ਤੇ ਹੋਰ ਅਧਿਕਾਰੀ ਭਰਤੀ ਕੀਤੇ ਜਾਣਗੇ। ਇਸ ਦੇ ਨਾਲ ਹੀ ਕੰਮ-ਕਾਜ ਨਾਲ ਸਬੰਧਿਤ ਕਾਨੂੰਨ ਹੋਰ ਸਖ਼ਤ ਕੀਤੇ ਜਾਣਗੇ ਤਾਂ ਕਿ ਕੰਮ-ਕਾਜ ਦੇਣ ਵਾਲੀਆਂ ਸੰਸਥਾਵਾਂ ਕੰਮ ਕਰਨ ਦਾ ਕਾਨੂੰਨੀ ਅਧਿਕਾਰ ਰੱਖਣ ਵਾਲੇ ਕਾਮਿਆਂ ਨੂੰ ਹੀ ਕੰਮਾਂ ਉਤੇ ਰੱਖ ਸਕਣ।

ਦਿਲਚਸਪ ਗੱਲ ਇਹ ਹੈ ਕਿ ਇਸ ਕਾਨੂੰਨ ਸਬੰਧੀ ਕਾਂਗਰਸ ਵਿਚ ਵੀ ਲਗਭਗ ਸੁਰ ਮਿਲਦੀ ਲਗਦੀ ਹੈ ਅਤੇ ਰਾਸ਼ਟਰਪਤੀ ਨਾਲ ਵੀ ਕਾਂਗਰਸ ਦਾ ਉਹ ਰੇੜਕਾ ਨਹੀਂ ਜਿਹੜਾ ਬੰਦੂਕਾਂ ਤੇ ਟੈਕਸ ਸਬੰਧੀ ਮਸਲਿਆਂ ਬਾਰੇ ਹੈ। ਇਸ ਸਬੰਧੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਪਿਛਲੇ ਦਿਨੀਂ ਆਪਣੇ ਲਾਸ ਵੇਗਸ (ਨੇਵਾਡਾ) ਦੌਰੇ ਦੌਰਾਨ ਕੀਤੇ ਭਾਸ਼ਣ ਵਿਚ ਵੀ ਇਸ਼ਾਰਾ ਕਰ ਦਿੱਤਾ ਸੀ। ਉਂਜ, ਸਭ ਤੋਂ ਪਹਿਲੀ ਗੱਲ ਇਹ ਵੀ ਹੈ ਕਿ ਕੰਮ ਕਰਨ ਦੀ ਮਾਨਤਾ ਹਾਸਲ ਕਰਨ ਲਈ ਸ਼ਰਤਾਂ ਪੂਰੀਆਂ ਕਰਨੀਆਂ ਪੈ ਸਕਦੀਆਂ ਹਨ। ਖਰੜੇ 'ਚ ਜ਼ਿਕਰ ਕੀਤਾ ਗਿਆ ਹੈ ਕਿ ਜਿਹੜੇ ਗੈਰ-ਕਾਨੂੰਨੀ ਪਰਵਾਸੀ ਪਿਛਲੇ ਲੰਬੇ ਸਮੇਂ ਤੋਂ ਰਹਿ ਰਹੇ ਹਨ, ਤੇ ਉਨ੍ਹਾਂ ਦਾ ਪਿਛੋਕੜ ਸਾਫ਼ ਸੁਥਰਾ ਹੈ, ਤੇ ਪਿਛਲੇ ਸਮੇਂ ਤੋਂ ਟੈਕਸ ਦੇ ਰਹੇ ਹਨ, ਉਨ੍ਹਾਂ ਨੂੰ ਨਾਗਰਿਕਤਾ ਜਾਂ ਸਥਾਈ ਰਿਹਾਇਸ਼ ਫੌਰੀ ਤੌਰ 'ਤੇ ਦਿੱਤੀ ਜਾ ਸਕਦੀ ਹੈ; ਪਰ ਜਿਨ੍ਹਾਂ ਦਾ ਚਾਲ-ਚੱਲਣ ਸਾਫ਼-ਸੁਥਰਾ ਹੋਣ ਅਤੇ ਟੈਕਸ ਦੇਣ ਦੇ ਕੋਈ ਸਬੂਤ ਨਹੀਂ, ਉਨ੍ਹਾਂ ਨੂੰ ਅਜੇ ਲੰਬੀ ਉਡੀਕ ਕਰਨੀ ਪੈ ਸਕਦੀ ਹੈ। ਇਸ ਤੋਂ ਬਿਨਾਂ ਜਿਹੜੇ ਪੜ੍ਹੇ-ਲਿਖੇ ਲੋਕ ਪਿਛਲੇ ਸਮੇਂ ਤੋਂ ਗਰੀਨ ਕਾਰਡ ਜਾਂ ਨਾਗਰਿਕਤਾ ਲੈਣ ਲਈ ਉਡੀਕ ਵਿਚ ਹਨ, ਉਨ੍ਹਾਂ ਨੂੰ ਵੀ ਪਹਿਲ ਦੇ ਆਧਾਰ 'ਤੇ ਰਾਹਤ ਮਿਲੇਗੀ। ਖਰੜੇ ਵਿਚ ਇਹ ਵੀ ਸਾਫ ਕੀਤਾ ਗਿਆ ਹੈ ਕਿ ਇਨ੍ਹਾਂ ਵਿਚੋਂ ਪਹਿਲ ਉਨ੍ਹਾਂ ਨੂੰ ਮਿਲੇਗੀ ਜਿਹੜੇ ਲੋਕਾਂ ਨੇ ਅਮਰੀਕੀ ਯੂਨੀਵਰਸਿਟੀਆਂ ਤੋਂ ਸਾਇੰਸ ਟੈਕਨਾਲੋਜੀ, ਇੰਜਨੀਅਰਿੰਗ ਜਾਂ ਗਣਿਤ ਦੇ ਵਿਸ਼ਿਆਂ 'ਤੇ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ ਹੋਵੇ। ਨਾਲ ਹੀ ਇਨ੍ਹਾਂ ਨੂੰ ਚੰਗੇ ਆਚਰਨ ਦਾ ਸਬੂਤ ਵੀ ਦੇਣਾ ਪਵੇਗਾ। ਨਵੇਂ ਖਰੜੇ ਵਿਚ ਕਿਹਾ ਗਿਆ ਹੈ ਕਿ ਜਿਹੜੇ ਉਦਯੋਗ, ਵਪਾਰ ਜਾਂ ਨਿੱਜੀ ਉਦਮੀ ਆਪਣੇ ਕਾਮਿਆਂ ਨੂੰ ਪਰਵਾਸ ਸਬੰਧੀ ਛਾਣਬੀਣ ਕੀਤੇ ਵਗੈਰ ਕੰਮ ਦੇਣਗੇ, ਉਨ੍ਹਾਂ ਨਾਲ ਹੋਰ ਸਖ਼ਤੀ ਹੋਵੇਗੀ। ਕੁਝ ਖੇਤਰਾਂ ਵਿਚ ਜੇਕਰ ਉਹ ਘੱਟ ਯੋਗਤਾ ਵਾਲੇ ਬੰਦੇ ਰੱਖਣਗੇ ਜਾਂ ਜਿਹੜੇ ਕੰਮ ਅਮਰੀਕੀ ਲੋਕ ਕਰ ਸਕਦੇ ਹਨ, ਉਨ੍ਹਾਂ ਦੀ ਥਾਂ ਅਸਥਾਈ ਪਰਵਾਸੀਆਂ ਜਾਂ ਵਰਕ-ਪਰਮਿਟ ਵਾਲੇ ਕਾਮਿਆਂ ਨੂੰ ਪਹਿਲ ਦੇਣਗੇ, ਉਨ੍ਹਾਂ ਨਾਲ ਵੀ ਸਖ਼ਤੀ ਹੋ ਸਕਦੀ ਹੈ।

ਇਸ ਖਰੜੇ ਦੇ ਜਿਹੜੇ ਅਧਿਆਇਆਂ ਉਤੇ ਸਭ ਤੋਂ ਵੱਧ ਚਰਚਾ ਹੋ ਰਹੀ ਹੈ, ਉਨ੍ਹਾਂ 'ਚ ਸਭ ਤੋਂ ਉਪਰ ਹੈ; ਕਿ ਜਿਹੜੇ ਲੋਕ ਦੂਜੇ ਦੇਸ਼ਾਂ ਵਿਚ ਕਾਨੂੰਨੀ ਤੌਰ 'ਤੇ ਵੀਜ਼ਾ ਲੈਣ ਦੀ ਉਡੀਕ 'ਚ ਹਨ, ਉਨ੍ਹਾਂ ਨਾਲ ਕਿਵੇਂ ਨਜਿੱਠਣਾ ਹੈ? ਜਦੋਂ ਤੱਕ ਪੱਕਾ ਪਰਵਾਸੀ ਵੀਜ਼ਾ ਨਹੀਂ ਮਿਲਦਾ, ਉਦੋਂ ਤੱਕ ਕੀ ਉਹ ਆਰਜ਼ੀ ਵੀਜ਼ਾ ਜਾਂ ਵਰਕ-ਪਰਮਿਟ ਲੈ ਸਕਦੇ ਹਨ? ਦੂਜਾ, ਕੀ ਅਮਰੀਕਾ ਦੇ ਸਮਲਿੰਗੀ ਨਾਗਰਿਕ ਨਵੇਂ ਕਾਨੂੰਨ ਤਹਿਤ ਲਿਆਂਦੇ ਜਾ ਸਕਣਗੇ ਜਾਂ ਨਹੀਂ, ਇਸ ਬਾਰੇ ਸਥਿਤੀ ਅਜੇ ਕੁਝ ਸਪੱਸ਼ਟ ਨਹੀਂ। ਤੀਜਾ, ਜਿਹੜੇ ਅਸਥਾਈ ਪਰਵਾਸੀ ਜਾਂ ਵਰਕ-ਪਰਮਿਟ ਵਾਲੇ ਪਰਵਾਸੀ ਸਿਹਤ ਸੇਵਾਵਾਂ ਸਬੰਧੀ ਬਣੇ ਨਵੇਂ ਕਾਨੂੰਨ '2010 ਹੈਲਥ ਓਵਰਹਾਲ ਲਾਅ' (ਓਬਾਮਾ ਹੈਲਥ ਪਲੈਨ) ਵਿਚ ਕੋਈ ਸਬਸਿਡੀ ਲੈ ਸਕਦੇ ਹਨ ਜਾਂ ਨਹੀਂ? ਇਸ 'ਤੇ ਸਭ ਤੋਂ ਵੱਧ ਭਖਵੀਂ ਬਹਿਸ ਚੱਲ ਰਹੀ ਹੈ। ਕੁਝ ਸੈਨੇਟਰਾਂ ਦਾ ਕਹਿਣਾ ਹੈ ਕਿ ਅਮਰੀਕਾ ਦੀ ਚੱਲ ਰਹੀ ਮਾੜੀ ਆਰਥਿਕਤਾ ਕਾਰਨ ਗੈਰ-ਕਾਨੂੰਨੀ ਪਰਵਾਸੀਆਂ ਦੀ ਆਮਦ ਕਾਫ਼ੀ ਘੱਟ ਚੁੱਕੀ ਹੈ, ਪਰ ਨਵਾਂ ਬਿੱਲ ਪਾਸ ਹੋਣ 'ਤੇ ਗੈਰ-ਕਾਨੂੰਨ ਪਰਵਾਸੀਆਂ ਦੀ ਆਮਦ ਵਧ ਵੀ ਸਕਦੀ ਹੈ।

ਖ਼ੈਰ! ਕੁਝ ਵੀ ਹੋਵੇ, ਪਰ ਪਰਵਾਸ ਸਬੰਧੀ ਖਰੜੇ ਨੇ ਕਾਂਗਰਸ ਦੀਆਂ ਦੂਰੀਆਂ ਘਟਾ ਦਿੱਤੀਆਂ ਹਨ। ਪਿਛਲੇ ਲੰਬੇ ਸਮੇਂ ਦੌਰਾਨ ਸਾਹਮਣੇ ਆਇਆ ਇਹ ਪਹਿਲਾ ਖਰੜਾ ਹੈ ਜਿਸ 'ਤੇ ਕਾਂਗਰਸ ਦੀ ਸਾਂਝੀ ਖਿਚੜੀ ਬਣਦੀ ਨਜ਼ਰ ਆ ਰਹੀ ਹੈ। ਸਮਝਿਆ ਜਾਂਦਾ ਕਿ ਰਿਪਬਲਿਕਨ ਪਾਰਟੀ ਵਾਲੇ ਇਸ ਬਿੱਲ ਦੀ ਹਮਾਇਤ ਕਰ ਕੇ ਡੈਮੋਕ੍ਰੇਟਾਂ ਦੇ ਮੰਨੇ ਜਾਂਦੇ ਵੋਟ ਬੈਂਕ ਮੈਕਸੀਕਨ ਤੇ ਲਾਤੀਨੀ ਭਾਈਚਾਰੇ ਨੂੰ ਖੋਰਾ ਲਾਉਣਾ ਚਾਹੁੰਦੇ ਹਨ ਅਤੇ ਨਾਲ ਹੀ ਦੂਜੇ ਗੈਰ-ਗੋਰੇ ਭਾਈਚਾਰਿਆਂ ਵਿਚ ਵੀ ਆਪਣਾ ਅਸਰ-ਰਸੂਖ ਵਧਾਉਣਾ ਚਾਹੁੰਦੇ ਹਨ।

# ਭਾਰਤੀ ਸਟੇਟ ਬਾਰੇ ਮਿੱਥਾਂ ਤੋੜਦੀ ਕਿਤਾਬ 'ਭਾਰਤੀ ਵਿਚਾਰਧਾਰਾ'

ਬ੍ਰਿਟਿਸ਼ ਸ਼ਇਤਿਹਾਸਕਾਰ ਪੇਰੀ ਐਂਡਰਸਨ ਦੀ ਪਿੱਛੇ ਜਿਹੇ ਛਪੀ ਕਿਤਾਬ 'ਦਿ ਇੰਡੀਅਨ ਆਇਡੀਓਲੋਜੀ' 1947 ਦੀ ਰਸਮੀ ਆਜ਼ਾਦੀ ਨਾਲ ਹੋਂਦ 'ਚ ਆਏ ਭਾਰਤੀ ਰਾਜ ਦੀ ਬੁਨਿਆਦੀ ਵਿਚਾਰਧਾਰਾ ਜਿਸ ਨੂੰ 'ਭਾਰਤ ਦਾ ਵਿਚਾਰ' ਕਿਹਾ ਜਾਂਦਾ ਹੈ, ਦਾ ਇਕ ਅਲੱਗ ਤਰ੍ਹਾਂ ਦਾ ਮੁਲੰਕਣ ਕਰਦੀ ਹੈ ਅਤੇ ਇਸ ਦੀਆਂ ਜੜ੍ਹਾਂ ਕਾਂਗਰਸ ਦੀ ਮੁੱਖ ਲੀਡਰਸ਼ਿਪ ਦੇ ਖ਼ਾਸ ਕੌਮਵਾਦੀ ਅਤੇ ਹਿੰਦੂਵਾਦੀ ਨਜ਼ਰੀਏ 'ਚ ਤਲਾਸ਼ਦੀ ਹੈ। ਇਸ

**ਬੂਟਾ ਸਿੰਘ**
ਫੋਨ: 91-94634-74342

ਲਿਖਤ ਦੀ ਖ਼ੂਬੀ ਇਹ ਹੈ ਕਿ ਇਸ ਵਿਚ ਭਾਰਤੀ ਰਾਜ ਦੇ ਦਾਅਵਿਆਂ ਅਤੇ ਹਕੀਕਤ ਦਰਮਿਆਨ ਡੂੰਘੇ ਪਾੜੇ ਨਾਲ ਸਬੰਧਤ ਕੁਝ ਮੁੱਖ ਸਵਾਲਾਂ ਨੂੰ ਮੁਖ਼ਾਤਿਬ ਹੁੰਦਿਆਂ ਚਰਚਾ ਕੀਤੀ ਗਈ ਹੈ ਜਿਨ੍ਹਾਂ ਬਾਰੇ ਰਾਜਨੀਤਕ ਚਿੰਤਕ ਸ਼ਾਇਦ ਹੀ ਕਦੇ ਚਰਚਾ ਕਰਦੇ ਹਨ। ਭਾਰਤ ਨੂੰ ਇਕਹਿਰੀ ਦ੍ਰਿਸ਼ਟੀ ਨਾਲ ਹਿੰਦੂ ਰਾਸ਼ਟਰ ਬਣਾਉਣ ਲਈ ਯਤਨਸ਼ੀਲ ਤਾਕਤਾਂ ਬਾਰੇ ਡੂੰਘੀ ਚਿੰਤਾ ਅਤੇ ਆਲੋਚਨਾ ਤਾਂ ਅਕਸਰ ਦੇਖਣ ਨੂੰ ਮਿਲਦੀ ਹੈ, ਪਰ ਧਰਮ-ਨਿਰਪੇਖਤਾ, ਜਮਹੂਰੀਅਤ ਅਤੇ ਸੱਭਿਆਚਾਰਕ ਵੰਨ-ਸੁਵੰਨਤਾ 'ਚ ਵਿਲੱਖਣ ਏਕਤਾ ਦੇ ਦਾਅਵਿਆਂ, ਖ਼ਾਸ ਕਰ ਕੇ ਇਨ੍ਹਾਂ ਪੱਖਾਂ ਤੋਂ ਭਾਰਤੀ ਰਾਜ ਦੀ ਅਮਲਦਾਰੀ ਦੀ ਬੇਬਾਕ ਆਲੋਚਨਾ ਕਿਤੇ ਵਿਰਲੀ ਹੀ ਨਜ਼ਰ ਆਉਂਦੀ ਹੈ। ਹੱਥਲੀ ਕਿਤਾਬ ਦਾ ਖ਼ਾਸ ਹਾਸਲ ਇਹ ਹੈ ਕਿ ਲੇਖਕ ਬਸਤੀਵਾਦੀ ਦੌਰ ਦੇ ਰਾਜਨੀਤਕ ਸੰਘਰਸ਼ ਦੇ ਇਤਿਹਾਸਕ ਪਿਛੋਕੜ 'ਚ ਇਹ ਸਵਾਲ ਉਠਾਉਂਦਿਆਂ ਰਾਜ ਦੇ ਮੌਜੂਦਾ ਸਰੂਪ ਨਾਲ ਇਨ੍ਹਾਂ ਦੀਆਂ ਕੜੀਆਂ ਜੋੜਦਾ ਹੈ। ਉਹ ਭਾਰਤੀ ਰਾਜ ਦੀ ਜ਼ਾਹਿਰਾ ਹਕੀਕਤ ਨੂੰ ਨਸ਼ਤਰੀ ਨਜ਼ਰ ਨਾਲ ਘੋਖਣ ਤੱਕ ਮਹਿਦੂਦ ਨਹੀਂ ਰਹਿੰਦਾ, ਸਗੋਂ ਇਸ ਬਾਰੇ ਸਥਾਪਤ 'ਸਚਾਈਆਂ' ਉੱਪਰ ਸਵਾਲੀਆ ਚਿੰਨ੍ਹ ਲਾਉਂਦਾ ਹੋਇਆ ਇਨ੍ਹਾਂ ਨੂੰ ਰਾਜ ਵਲੋਂ ਆਪੇ ਦੀ ਤਾਰੀਫ਼ ਲਈ ਘੜੀਆਂ ਮਿੱਥਾਂ ਕਰਾਰ ਦਿੰਦਾ ਹੈ।

ਲੇਖਕ ਅਨੁਸਾਰ ਕਿਤਾਬ ਦਾ ਨਾਂ 'ਭਾਰਤੀ ਵਿਚਾਰਧਾਰਾ' ਰੱਖੇ ਜਾਣ ਪਿੱਛੇ ਉਸ ਦਾ ਮਕਸਦ ਉਸ ਪ੍ਰਚਲਤ ਆਮ ਧਾਰਨਾ ਨੂੰ ਚਰਚਾ ਦਾ ਕੇਂਦਰ ਬਣਾਉਣਾ ਹੈ ਜੋ ਭਾਰਤੀ ਰਾਜ ਦੀ ਜਮਹੂਰੀਅਤ ਦੀ ਸਥਿਰਤਾ, ਬਹੁ-ਸੱਭਿਆਚਾਰਾਂ ਦੀ ਏਕਤਾ ਅਤੇ ਪੱਖਪਾਤ ਰਹਿਤ ਧਰਮ-ਨਿਰਪੇਖਤਾ ਨੂੰ ਬਹੁਤ ਵਡਿਆਉਂਦੀ ਤੇ ਉਚਿਆਉਂਦੀ ਹੈ। ਇਹ ਭਾਰਤੀ ਰਾਜ, ਮੀਡੀਆ ਅਤੇ ਬੁੱਧੀਮਾਨ ਤਬਕੇ ਦਾ ਮੁੱਖਧਾਰਾਈ ਪ੍ਰਵਚਨ ਵੀ ਹੈ। ਲੇਖਕ ਦਾ ਮੰਨਣਾ ਹੈ ਕਿ "ਇਸ ਵਿਚਾਰਧਾਰਾ ਦੀ ਮੁੱਖ ਵਾਹਕ ਭਾਰਤੀ ਬੌਧਿਕ ਜੀਵਨ ਦੀ ਉਦਾਰਵਾਦੀ ਮੁੱਖਧਾਰਾ ਹੈ"। (ਸਫ਼ਾ 3)

ਕਿਤਾਬ ਦੇ ਪਹਿਲੇ ਕਾਂਡ 'ਆਜ਼ਾਦੀ' ਦਾ ਆਗਾਜ਼ ਜਵਾਹਰ ਲਾਲ ਨਹਿਰੂ ਦੀ ਮਸ਼ਹੂਰ ਕਿਤਾਬ 'ਭਾਰਤ ਦੀ ਖੋਜ' ਦੇ ਹਵਾਲੇ ਨਾਲ ਹੁੰਦਾ ਹੈ ਜੋ ਇਸ ਉੱਪ-ਮਹਾਂਦੀਪ ਦੀ ਨਿਆਰੀ ਪ੍ਰਾਚੀਨਤਾ ਦਾ ਗੁਣਗਾਣ ਕਰਦੀ ਹੋਈ 'ਸੱਭਿਅਤਾ ਦੇ ਪਹੁਫੁਟਾਲੇ ਦੇ ਸਮਿਆਂ ਤੋਂ ਹੀ ਭਾਰਤ ਦੇ ਮਨ-ਮਸਤਕ ਉੱਪਰ ਏਕਤਾ ਦਾ ਖ਼ਵਾਬ ਉੱਕਰਿਆ ਹੋਣ' ਨੂੰ ਇਤਿਹਾਸਕ ਹਕੀਕਤ ਬਣਾ ਕੇ ਪੇਸ਼ ਕਰਦੀ ਹੈ। ਨਹਿਰੂ ਦੇ ਮੌਜੂਦਾ ਵਾਰਿਸ ਡਾ. ਮਨਮੋਹਨ ਸਿੰਘ ਦਾ ਵੀ ਇਹੀ ਦਾਅਵਾ ਹੈ ਕਿ ਭਾਰਤ ਦੇ ਆਜ਼ਾਦੀ ਸੰਗਰਾਮ ਦਾ 'ਲਾਸਾਨੀ ਇਤਿਹਾਸ' ਰਿਹਾ ਹੈ ਜਿਸ ਵਿਚੋਂ ਭਾਰਤ ਦਾ ਸੰਵਿਧਾਨ ਬਣਿਆ ਜੋ 'ਸਮਾਜੀ ਜਮਹੂਰੀਅਤ ਦਾ ਸਭ ਤੋਂ ਦਲੇਰ ਬਿਆਨ' ਹੈ। ਇਹ ਕਿਤਾਬ ਰਾਜ ਕਰਦੀ ਜਮਾਤ ਦੇ ਨਾਲ-ਨਾਲ ਭਾਰਤੀ ਵਿਦਵਾਨਾਂ ਦੀ ਵੀ ਤਿੱਖੀ ਆਲੋਚਨਾ ਕਰਦੀ ਹੈ। ਲੇਖਕ ਦਾ ਮੰਨਣਾ ਹੈ ਕਿ ਪ੍ਰਤਾਪ ਭਾਨੂ ਮਹਿਤਾ, ਅੰਮ੍ਰਿਤਯ ਸੇਨ, ਮੇਘਨਾਦ ਦੇਸਾਈ, ਸੁਨੀਲ ਖਿਲਨਾਨੀ, ਰਾਮ ਚੰਦਰ ਗੁਹਾ ਵਰਗੇ ਚੋਟੀ ਦੇ ਭਾਰਤੀ ਵਿਦਵਾਨਾਂ ਦੇ ਅਧਿਐਨ, ਇਤਿਹਾਸ ਨੂੰ ਸਮਝਣ ਲਈ ਜ਼ਰੂਰੀ ਗੰਭੀਰ ਰਚਨਾਵਾਂ ਹੁੰਦੇ ਹੋਏ ਵੀ ਨਹਿਰੂ ਤੋਂ ਲੈ ਕੇ ਮਨਮੋਹਨ ਸਿੰਘ ਦੇ ਭਾਰਤੀ ਰਾਜ ਬਾਰੇ ਸ਼ਬਦ-ਆਡੰਬਰ ਦੀ ਸੁਰ 'ਚ ਸੁਰ ਮਿਲਾਉਂਦੇ ਹਨ।


ਉਨ੍ਹਾਂ ਤੋਂ ਉਲਟ, ਐਂਡਰਸਨ ਜ਼ੋਰ ਦਿੰਦਾ ਹੈ ਕਿ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਇਸ ਖਿੱਤੇ ਦੇ ਇਤਿਹਾਸ ਵਿਚ ਜੋ ਤਿੰਨ ਵੱਡੀਆਂ ਸਲਤਨਤਾਂ-ਮੌਰੀਆ, ਗੁਪਤ ਅਤੇ ਮੁਗਲ-ਉੱਭਰੀਆਂ ਇਨ੍ਹਾਂ ਵਿਚੋਂ ਕੋਈ ਵੀ ਉਸ ਸਮੁੱਚੇ ਭੂਗੋਲਿਕ-ਰਾਜਸੀ ਖਿੱਤੇ ਨੂੰ ਆਪਣੇ ਕਲਾਵੇ ਵਿਚ ਨਹੀਂ ਸੀ ਲੈਂਦੀ ਜਿਸ ਨੂੰ ਅੰਗਰੇਜ਼ਾਂ ਨੇ 'ਤਲਵਾਰ ਦੇ ਜ਼ੋਰ' ਆਪਣੀ ਬਸਤੀ (ਇਕ ਸੰਯੁਕਤ ਰਾਜਨੀਤਕ) ਇਕਾਈ ਬਣਾਇਆ; ਜਿਸ 'ਭਾਰਤ ਦੇ ਵਿਚਾਰ' ਦੇ ਦਾਅਵੇ ਨਹਿਰੂ ਦੀ 'ਭਾਰਤ ਦੀ ਖੋਜ' ਵਿਚ ਕੀਤੇ ਗਏ, ਉਹ ਤੱਤ ਪੱਖੋਂ ਯੂਰਪੀ ਵਿਚਾਰ ਸੀ ਨਾ ਕਿ ਭਾਰਤੀ। ਅੰਗਰੇਜ਼ਾਂ ਦੀ ਆਮਦ ਤੋਂ ਪਿੱਛੋਂ ਹੀ 'ਭਾਰਤ' ਪ੍ਰਸ਼ਾਸਕੀ ਤੇ ਵਿਚਾਰਧਾਰਾਈ ਹਕੀਕਤ ਬਣਿਆ ਸੀ।

ਕਿਤਾਬ ਦਾ ਵਿਸ਼ਾਵਸਤੂ ਭਾਰਤ ਵਿਚ ਖ਼ਾਸ ਤਰ੍ਹਾਂ ਦੇ ਭਾਰੂ ਵਿਚਾਰਾਂ, ਅਤੇ ਇਨ੍ਹਾਂ ਨੂੰ ਜਨਮ ਦੇਣ ਵਾਲੇ ਹਾਲਾਤ ਅਤੇ ਘਟਨਾਵਾਂ ਦੇ ਜਮ੍ਹਾ-ਜੋੜ ਦਾ ਵਿਸ਼ਲੇਸ਼ਣ ਹੈ। ਲੇਖਕ ਇਨ੍ਹਾਂ ਨੁਕਤਿਆਂ ਰਾਹੀਂ ਭਾਰਤੀ ਵਿਚਾਰਧਾਰਾ ਦੇ ਨਕਸ਼ ਉਭਾਰਦਾ ਹੈ। ਪਹਿਲਾ, ਆਜ਼ਾਦੀ ਸੰਘਰਸ਼ ਦੀ ਕੇਂਦਰੀ ਸ਼ਖਸੀਅਤ ਵਜੋਂ ਮਹਾਤਮਾ ਗਾਂਧੀ ਦੇ ਵਿਸ਼ਵਾਸ ਅਤੇ ਸਰਗਰਮੀਆਂ। ਦੂਜਾ, 1945 ਤੋਂ ਪਿੱਛੋਂ 'ਹਿੰਦੋਸਤਾਨ' ਦੀ ਵੰਡ ਦੇ ਮਹਾਂਨਾਸ਼ ਦਰਮਿਆਨ ਅੰਗਰੇਜ਼ੀ ਰਾਜ ਵਲੋਂ ਕਾਂਗਰਸ ਦੇ ਹੱਥ ਸੱਤਾ ਦਾ ਤਬਾਦਲਾ। ਤੀਜਾ, ਆਖ਼ਰੀ ਨਹਿਰੂ ਦੀ ਅਗਵਾਈ ਹੇਠ ਉੱਭਰਿਆ ਭਾਰਤ ਰਾਜ ਦਾ ਢਾਂਚਾ ਜੋ ਅੱਜ ਦੇ ਸਮਿਆਂ ਦੀ ਭਾਰਤੀ ਵਿਚਾਰਧਾਰਾ ਦਾ ਅਹਿਮ ਕੇਂਦਰ ਬਣਿਆ। ਲੇਖਕ ਅਨੁਸਾਰ ਇਸ ਕਿਤਾਬ ਵਿਚ ਮੁੱਖ ਤੌਰ 'ਤੇ ਪੰਜ ਦਲੀਲਾਂ ਹਨ ਜੋ ਅਜੋਕੇ ਭਾਰਤ ਦੀ ਰਵਾਇਤੀ ਸਮਝਦਾਰੀ ਨਾਲ ਟਕਰਾਉਂਦੀਆਂ ਹਨ। ਪਹਿਲੀ, ਇਹ ਦਾਅਵਾ ਨਿਰੋਲ ਮਿੱਥ ਹੈ ਕਿ ਉੱਪ-ਮਹਾਂਦੀਪ ਦੀ ਏਕਤਾ ਦਾ ਵਿਚਾਰ ਛੇ ਹਜ਼ਾਰ ਵਰ੍ਹੇ ਪੁਰਾਣਾ ਹੈ। ਦੂਜੀ, ਗਾਂਧੀ ਵਲੋਂ ਕੌਮੀ ਲਹਿਰ ਵਿਚ ਧਰਮ ਦਾ ਪ੍ਰਵੇਸ਼ ਓੜਕ ਇਸ ਲਈ ਤਬਾਹੀ ਸਿੱਧ ਹੋਇਆ। ਤੀਜਾ, ਮੁਲਕ ਦੀ ਵੰਡ ਲਈ ਮੁੱਖ ਜ਼ਿੰਮੇਵਾਰ ਕਾਂਗਰਸ ਹੈ ਨਾ ਕਿ ਅੰਗਰੇਜ਼ੀ ਰਾਜ; ਅੰਗਰੇਜ਼ੀ ਰਾਜ ਤੇ ਮੁਸਲਿਮ ਲੀਗ ਇਸ ਲਈ ਦੋਇਮ ਜ਼ਿੰਮੇਵਾਰ ਹਨ। ਚੌਥੀ, ਭਾਰਤੀ ਰਾਜ ਲਈ ਨਹਿਰੂ ਦੀ ਵਿਰਾਸਤ ਉਸ ਤੋਂ ਕਿਤੇ ਵੱਧ ਸੰਦੇਹਪੂਰਣ ਹੈ ਜਿੰਨੇ ਉਸ ਦੇ ਪ੍ਰਸ਼ੰਸਕ ਮੰਨਦੇ ਹਨ। ਪੰਜਵੀਂ, ਭਾਰਤ ਦੀ ਸੰਸਦੀ ਜਮਹੂਰੀਅਤ ਜਾਤਪਾਤੀ ਨਾਬਰਾਬਰੀ ਨੂੰ ਖਾਰਜ ਨਹੀਂ ਕਰਦੀ ਸਗੋਂ ਇਹ ਇਸ ਨੂੰ ਸੰਭਵ ਬਣਾਉਂਦੀ।

ਲੇਖਕ ਅਨੁਸਾਰ ਨਹਿਰੂ ਦਾ ਵਿਅਕਤੀਗਤ ਤੌਰ 'ਤੇ 'ਧਰਮ ਨਿਰਪੇਖ' ਹੋਣਾ ਕੋਈ ਮਾਅਨੇ ਨਹੀਂ ਰੱਖਦਾ ਕਿਉਂਕਿ ਜਿਸ ਕਾਂਗਰਸ ਪਾਰਟੀ ਦੀ ਉਹ ਅਗਵਾਈ ਕਰਦਾ ਸੀ, ਉਸ ਦਾ ਵਤੀਰਾ ਹਮੇਸ਼ਾ ਹਿੰਦੂ ਰਿਹਾ। ਨਹਿਰੂ, ਪਾਰਟੀ ਦੀਆਂ ਭਾਵਨਾਵਾਂ ਨਾਲ ਸਮਝੌਤਾ ਕਰ ਕੇ ਚਲਦਾ ਰਿਹਾ। ਮਸਲਨ, ਉਹ ਪੂਨਾ ਸਮਝੌਤੇ ਸਮੇਂ ਗਾਂਧੀ ਵਲੋਂ ਡਾ. ਅੰਬੇਡਕਰ ਨੂੰ ਦਲਿਤਾਂ ਲਈ ਵੱਖਰੇ ਚੋਣ ਹਲਕਿਆਂ ਦੀ ਮੰਗ ਵਾਪਸ ਲੈਣ ਲਈ ਬਲੈਕਮੇਲ ਕੀਤੇ ਜਾਣ ਸਮੇਂ ਖ਼ਾਮੋਸ਼ ਰਿਹਾ। ਫਿਰ 1950ਵਿਆਂ ਦੇ ਸ਼ੁਰੂ 'ਚ ਉਸ ਨੇ ਕਾਂਗਰਸ ਦੀ ਨਾਰਾਜ਼ਗੀ ਮੁੱਲ ਲੈਣ ਵਾਲੇ ਡਾ. ਅੰਬੇਡਕਰ ਨੂੰ ਪਾਸੇ ਕਰ ਦੇਣ 'ਚ ਕੋਈ ਝਿਜਕ ਨਹੀਂ ਦਿਖਾਈ। ਨਹਿਰੂ ਨੂੰ ਸਹੀ ਰੂਪ 'ਚ ਸਮਝਣ ਲਈ ਉਸ ਦੇ ਵਿਚਾਰਾਂ ਦੇ ਨਾਲ-ਨਾਲ ਉਸ ਦੇ ਅਮਲੀ ਵਿਹਾਰ ਨੂੰ ਵੀ ਧਿਆਨ 'ਚ ਰੱਖਣਾ ਹੋਵੇਗਾ। ਇਸ ਸਬੰਧ 'ਚ ਲੇਖਕ 1947 'ਚ ਸਾਂਝੇ ਬੰਗਾਲ ਦੇ ਸਵਾਲ 'ਤੇ ਨਹਿਰੂ ਵਲੋਂ ਮੁਖਰਜੀ ਅਤੇ ਮਹਾਂ ਸਭਾ ਨਾਲ ਮਿਲ ਕੇ ਹਿੰਦੂ ਹੰਕਾਰਵਾਦ ਭੜਕਾਉਣ ਦੀ ਮਿਸਾਲ ਦਿੰਦਾ ਹੈ। ਲੇਖਕ ਦੀ ਸਮਝ ਹੈ ਕਿ ਨਹਿਰੂ ਦੇ ਉਲਟ ਸੁਭਾਸ਼ ਚੰਦਰ ਬੋਸ ਨੇ ਕਾਂਗਰਸ ਪਾਰਟੀ 'ਚ ਹੋਣ ਸਮੇਂ ਹਿੰਦੂ-ਮੁਸਲਿਮ ਏਕਤਾ ਉਸਾਰਨ ਦੀ ਦਿਸ਼ਾ 'ਚ ਵਿਲੱਖਣ ਪਹਿਲਕਦਮੀ ਕੀਤੀ ਸੀ; ਜਦਕਿ ਗਾਂਧੀ ਨੇ ਕਾਂਗਰਸ ਨੂੰ ਲੱਖਾਂ ਰੁਪਏ ਫੰਡ ਦੇਣ ਵਾਲੇ ਮਾਰਵਾੜੀ ਕਾਰੋਬਾਰੀ ਜੀ.ਐੱਮ. ਬਿਰਲਾ ਦੀ ਸਲਾਹ 'ਤੇ ਦੋ ਮੁੱਖ ਫਿਰਕਿਆਂ ਦੀ ਇਸ ਏਕਤਾ ਦੀ ਉਸਾਰੀ 'ਚ ਅੜਿੱਕਾ ਡਾਹਿਆ ਸੀ।

ਲੇਖਕ ਅਨੁਸਾਰ ਪਬਲਿਕ ਸੈਕਟਰ ਦੀ ਉਸਾਰੀ ਦਾ ਵਰਤਾਰਾ ਉੱਤਰ-ਬਸਤੀਵਾਦੀ ਰਾਜਾਂ ਦੀ ਆਮ ਵਿਸ਼ੇਸ਼ਤਾ ਹੈ ਤੇ ਇਸ ਨੂੰ ਨਹਿਰੂ ਦੀ ਖ਼ਾਸ ਵਿਲੱਖਣ ਪ੍ਰਾਪਤੀ ਨਹੀਂ ਸਮਝਿਆ ਜਾ ਸਕਦਾ। ਨਹਿਰੂ ਦਾ ਪਬਲਿਕ ਸੈਕਟਰ ਨਿੱਜੀ ਸਰਮਾਏ ਜਾਂ ਵੱਡੇ ਸਰਮਾਏਦਾਰੀ ਲਈ ਕੋਈ ਚੁਣੌਤੀ ਨਹੀਂ ਸੀ, ਉਨ੍ਹਾਂ ਨੇ ਤਾਂ ਸਗੋਂ ਇਸ ਦਾ ਪੁਰਜ਼ੋਰ ਸਵਾਗਤ ਕੀਤਾ ਸੀ।

ਲੇਖਕ ਕਹਿੰਦਾ ਹੈ ਕਿ ਭਾਵੇਂ ਨਹਿਰੂ ਉਦਾਰ ਜਮਹੂਰੀਅਤ ਦਾ ਹਮਾਇਤੀ ਹੋਣ ਦਾ ਦਾਅਵਾ ਕਰਦਾ ਸੀ ਪਰ ਉਸ ਦੀ ਰਾਜਨੀਤਕ ਵਿਰਾਸਤ ਦੇ ਦੋ ਨਾਂਹਪੱਖੀ ਪਹਿਲੂ ਇਸ ਦਾਅਵੇ ਤੋਂ ਪੂਰੀ ਤਰ੍ਹਾਂ ਉਲਟ ਵਿਹਾਰ ਨੂੰ ਦਰਸਾਉਂਦੇ ਹਨ: ਨਹਿਰੂ ਹਕੂਮਤ ਵਲੋਂ ਕਸ਼ਮੀਰ ਉੱਪਰ ਕਬਜ਼ੇ ਬਾਰੇ ਇਮਾਨਦਾਰੀ ਨਾਲ ਸੰਵਾਦ ਦੀਆਂ ਸੰਭਾਵਨਾਵਾਂ ਖ਼ਤਮ ਕਰ ਦਿੱਤੇ ਜਾਣ ਨਾਲ ਮੁਲਕ ਦੀ ਬੌਧਿਕ ਜ਼ਿੰਦਗੀ ਹਮੇਸ਼ਾ ਲਈ ਡੰਗੀ ਗਈ। ਲੇਖਕ ਇਸ ਤੱਥ ਵੱਲ ਧਿਆਨ ਦਿਵਾਉਂਦਾ ਕਿ ਭਾਵੇਂ ਉਸ ਸਮੇਂ ਬਣੇ ਹਾਲਾਤ 'ਚ ਕਸ਼ਮੀਰ ਦੇ ਰਾਜਾ ਹਰੀ ਸਿੰਘ ਸਾਹਮਣੇ ਭਾਰਤ ਨਾਲ ਇਲਹਾਕ ਦੇ ਇਕਰਾਰਨਾਮੇ ਉੱਪਰ ਦਸਤਖ਼ਤ ਕਰਨ ਤੋਂ ਬਿਨਾਂ ਹੋਰ ਕੋਈ ਬਦਲ ਨਹੀਂ ਸੀ, ਪਰ ਨਹਿਰੂ ਵਜ਼ਾਰਤ ਵਲੋਂ ਉਸ ਦੇ ਦਸਤਖ਼ਤਾਂ ਦੀ ਉਡੀਕ ਕੀਤੇ ਬਗ਼ੈਰ




ਹੀ ਫਟਾਫਟ ਉਸ ਦੇ ਨਾਂ 'ਤੇ ਫਰਜ਼ੀ ਦਸਤਾਵੇਜ਼ ਕਸ਼ਮੀਰ ਦੇ ਭਾਰਤ ਨਾਲ ਇਲਹਾਕ ਦਾ ਸਬੂਤ ਬਣਾ ਕੇ ਪੇਸ਼ ਕਰ ਦਿੱਤਾ ਗਿਆ। ਇਹੀ ਉਹ ਫਰਜ਼ੀ ਦਸਤਾਵੇਜ਼ ਹੈ ਜਿਸ ਦੇ ਆਧਾਰ 'ਤੇ ਭਾਰਤੀ ਰਾਜ ਕਸ਼ਮੀਰ ਉੱਪਰ ਆਪਣੇ ਕਬਜ਼ੇ ਨੂੰ ਛੇ ਦਹਾਕਿਆਂ ਤੋਂ ਜਾਇਜ਼ ਠਹਿਰਾਉਂਦਾ ਆ ਰਿਹਾ ਹੈ; ਜਦਕਿ ਕਸ਼ਮੀਰੀ ਅਵਾਮ ਨਾਲ ਵਾਅਦਾ ਕਰ ਕੇ ਵੀ ਕਦੇ ਰਾਏ-ਸ਼ੁਮਾਰੀ ਨਹੀਂ ਕਰਾਈ ਗਈ। ਦੂਜਾ, ਉਸ ਨੇ ਆਪਣੇ ਖ਼ਾਨਦਾਨ ਲਈ ਸੱਤਾਧਾਰੀ ਬਣਨ ਦਾ ਰਾਜਨੀਤਕ ਮਾਹੌਲ ਸਿਰਜਿਆ ਜੋ ਕਿਵੇਂ ਵੀ ਜਮਹੂਰੀਅਤ ਦੀ ਭਾਵਨਾ ਦੀ ਤਰਜਮਾਨੀ ਨਹੀਂ ਕਰਦਾ।

ਲੇਖਕ ਕਹਿੰਦਾ ਹੈ ਕਿ ਬੌਧਿਕ ਕਾਬਲੀਅਤ ਪੱਖੋਂ ਡਾ. ਅੰਬੇਡਕਰ ਨਹਿਰੂ ਅਤੇ ਕਾਂਗਰਸ ਦੇ ਸਾਰੇ ਆਗੂਆਂ ਤੋਂ ਬਹੁਤ ਅੱਗੇ ਸੀ। ਡਾ. ਅੰਬੇਡਕਰ ਦੀ ਸਮਾਜ ਨੂੰ ਸਮਝਣ ਦੀ ਰਚਨਾਤਮਕ ਸਮਰੱਥਾ ਦੇ ਉਲਟ ਨਹਿਰੂ ਰਸਮੀ ਵਿਦਵਾਨਤਾ ਦੀ ਘਾਟ, ਰੋਮਾਂਟਿਕ ਮਿੱਥਾਂ ਪ੍ਰਤੀ ਲਗਾਓ, ਸਮਾਜ ਵਿਗਿਆਨਕ ਨਜ਼ਰੀਏ ਦੀ ਘਾਟ ਅਤੇ ਖ਼ੁਦ ਨੂੰ ਧੋਖਾ ਦੇਣ ਦੀ ਸਮਰੱਥਾ ਦਾ ਮੁਜੱਸਮਾ ਸੀ।

ਕਿਤਾਬ ਦਾ ਤੀਜਾ ਕਾਂਡ 'ਗਣਰਾਜ' ਭਾਰਤੀ ਰਾਜ ਦੀ ਸਿਰਜਣ ਪ੍ਰਕਿਰਿਆ ਤੇ ਵਿਕਾਸ ਦੇ ਸਫ਼ਰ ਦੀ ਚਰਚਾ ਕਰਦਾ ਹੈ। ਐਂਡਰਸਨ ਲਿਖਦਾ ਹੈ ਕਿ ਭਾਰਤੀ ਗਣਰਾਜ ਦੀ ਤਾਮੀਰ ਜਿਸ ਹਾਲਾਤ ਉੱਪਰ ਹੋਈ ਹੈ, ਉਸ ਨੂੰ ਸਮਝਣਾ ਜ਼ਰੂਰੀ ਹੈ। ਅੰਗਰੇਜ਼ ਰਾਜ ਨੂੰ ਉਲਟਾਏ ਬਗ਼ੈਰ ਸੱਤਾ ਕਾਂਗਰਸ ਨੂੰ ਸੌਂਪੀ ਗਈ। ਰਾਜ ਦੀ ਵਿਰਾਸਤ ਵਿਚ ਨਾ ਸਿਰਫ਼ ਬਸਤੀਵਾਦੀ ਤੰਤਰ ਤੇ ਫ਼ੌਜ ਨੂੰ ਬਰਕਰਾਰ ਰੱਖਿਆ ਗਿਆ, ਸਗੋਂ ਪ੍ਰਸ਼ਾਸਨ ਤੇ ਦਮਨ ਦੇ ਤੰਤਰ ਦੇ ਨਾਲ ਨਾਲ ਕਾਂਗਰਸ ਨੇ ਨੁਮਾਇੰਦਗੀ ਦੀ ਬਸਤੀਵਾਦੀ ਵਿਰਾਸਤ ਨੂੰ ਵੀ ਅੱਗੇ ਵਧਾਇਆ। ਸੰਵਿਧਾਨ ਸਭਾ ਅੰਗਰੇਜ਼ਾਂ ਦੀ ਬਣਾਈ ਹੋਈ ਖ਼ਾਸ ਨੁਮਾਇੰਦਗੀ ਆਧਾਰਤ ਇਕਾਈ ਸੀ ਜਿਸ ਵਿਚ ਬਰਤਾਨੀਆ ਦੀ ਉਸ ਸਮੇਂ ਦੀ 'ਪਰਜਾ' ਦੇ ਸੱਤਾਂ ਵਿਚੋਂ ਸਿਰਫ਼ ਇਕ ਬੰਦੇ ਨੂੰ ਵੋਟ ਦਾ ਹੱਕ ਹਾਸਲ ਸੀ। 'ਇਸ ਤਰ੍ਹਾਂ ਜਿਸ ਅਦਾਰੇ ਵਿਚੋਂ ਭਾਰਤੀ ਜਮਹੂਰੀਅਤ ਨੇ ਜਨਮ ਲਿਆ, ਇਹ ਉਸ ਅਦਾਰੇ ਦਾ ਇਜ਼ਹਾਰ ਨਹੀਂ ਸੀ ਸਗੋਂ ਥੋਪੀਆਂ ਬਸਤੀਵਾਦੀ ਬੰਦਸ਼ਾਂ ਦਾ ਪ੍ਰਤੀਕ ਸੀ।' (ਸਫ਼ਾ 106) ਭਾਰਤੀ ਸੰਵਿਧਾਨ ਦੀਆਂ 395 ਵਿਚੋਂ 250 ਧਾਰਾਵਾਂ ਸਿੱਧੀਆਂ 1935 ਦੇ (ਬਾਲਡਵਿਨ ਕੈਬਨਿਟ ਦੇ ਬਣਾਏ) ਭਾਰਤ ਸਰਕਾਰ ਐਕਟ ਵਿਚੋਂ ਅੱਖਰ-ਅੱਖਰ ਲਈਆਂ ਗਈਆਂ ਸਨ। ਵਿਦਵਾਨ ਸੁਨੀਲ ਖਿਲਨਾਨੀ ਅਨੁਸਾਰ ਸਮਾਜੀ ਸੰਰਚਨਾ ਦੇ ਮਾਮਲੇ 'ਚ ਸੰਵਿਧਾਨ ਸਭਾ ਬਹੁਤ ਸੰਕੀਰਨ ਇਕਾਈ ਸੀ ਜਿਸ ਉੱਪਰ ਕਾਂਗਰਸ ਦੇ ਉੱਚ ਤੇ ਬ੍ਰਾਹਮਣਵਾਦੀ ਕੁਲੀਨ ਵਰਗ ਦਾ ਦਬਦਬਾ ਸੀ। ਇਸ ਵਲੋਂ ਬਣਾਇਆ ਸੰਵਿਧਾਨ ਆਮ ਜ਼ਿੰਦਗੀ ਨੂੰ ਸੰਗਠਿਤ ਕਰਨ ਵਾਲਾ ਨਹੀਂ ਸਗੋਂ ਕਿਸੇ ਕਲੱਬ ਹਾਊਸ ਦੇ ਨੇਮਾਂ ਦੀ ਤਰਜ਼ 'ਤੇ ਬਣਾਇਆ ਗਿਆ ਸੀ। ਭਾਰਤੀ ਜਮਹੂਰੀਅਤ ਦੇ ਚੋਣ ਵਿਗਾੜਾਂ ਦੀ ਚਰਚਾ ਕਰਦਿਆਂ ਲੇਖਕ ਕਹਿੰਦਾ ਹੈ ਕਿ ਅਨੁਪਾਤ ਅਨੁਸਾਰ ਨੁਮਾਇੰਦਗੀ ਦੀ ਬਜਾਏ 'ਜੋ ਜਿੱਤਿਆ ਉਹੀ ਸਿਕੰਦਰ' ਦੀ ਨੁਮਾਇੰਦਗੀ ਹੈ।

'ਵੰਨ-ਸੁਵੰਨਤਾ ਵਿਚ ਏਕਤਾ' ਦੇ ਦਾਅਵੇ ਤਹਿਤ ਕੇਂਦਰੀ ਹਕੂਮਤ ਹੇਠ ਖੇਤਰੀ ਹਕੂਮਤਾਂ ਨੂੰ ਭਾਰਤੀ ਸੰਵਿਧਾਨ ਦੀ 'ਨਿਵੇਕਲੀ ਪ੍ਰਾਪਤੀ' ਅਤੇ ਭਾਰਤੀ ਰਾਜ ਵਲੋਂ ਇਸ 'ਏਕਤਾ' ਦੀ ਰਾਖੀ ਨੂੰ ਕ੍ਰਿਸ਼ਮਾ ਕਹਿ ਕੇ ਵਡਿਆਇਆ ਜਾਂਦਾ ਹੈ। ਇਹ ਸਮਝਦਾਰੀ 'ਭਾਰਤੀ ਵਿਚਾਰਧਾਰਾ' ਦਾ ਅਹਿਮ ਅੰਗ ਬਣੀ ਹੋਈ ਹੈ। ਲੇਖਕ ਕਹਿੰਦਾ ਹੈ ਕਿ 'ਨਿਸ਼ਚਿਤ ਤੌਰ 'ਤੇ ਇਸ ਤਰ੍ਹਾਂ ਦੇ ਸ਼ਬਦ-ਆਡੰਬਰ ਦਾ ਕੋਈ ਆਧਾਰ ਨਹੀਂ ਹੈ।' (ਸਫ਼ਾ 114) 'ਅਖੰਡਤਾ' ਦੀ ਰਾਖੀ ਦੇ ਕ੍ਰਿਸ਼ਮੇ ਨੂੰ ਨੰਗਾ ਕਰਨ ਲਈ ਲੇਖਕ ਭਾਰਤੀ ਰਾਜ ਵਲੋਂ ਕਸ਼ਮੀਰ ਅਤੇ ਉੱਤਰ-ਪੂਰਬ ਦੇ ਅਵਾਮ ਉੱਪਰ ਦਹਾਕਿਆਂ ਤੋਂ ਵਰਤਾਏ ਜਾ ਰਹੇ ਭਿਆਨਕ ਕਹਿਰ ਦੀਆਂ ਮਿਸਾਲਾਂ ਦਿੰਦਾ ਹੈ ਜੋ ਭਾਰਤ ਤੋਂ ਸਵੈ-ਨਿਰਣੇ ਦਾ ਜਾਇਜ਼ ਹੱਕ ਮੰਗ ਰਹੇ ਹਨ। ਲੇਖਕ ਆਜ਼ਾਦੀ ਤੋਂ ਇਕ ਮਹੀਨਾ ਪਹਿਲਾਂ ਨਾਗਾ ਵਫ਼ਦ ਨੂੰ ਗਾਂਧੀ ਵਲੋਂ ਦਿੱਤੀ ਯਕੀਨ-ਦਹਾਨੀ ਦਾ ਜ਼ਿਕਰ ਕਰਦਾ ਹੈ ਜਿਸ ਨੂੰ ਉਸ ਦੇ ਵਾਰਿਸਾਂ ਨੇ ਪੂਰੀ ਤਰ੍ਹਾਂ ਮਨੋ ਵਿਸਾਰ ਛੱਡਿਆ ਹੈ: 'ਵਿਅਕਤੀਗਤ ਤੌਰ 'ਤੇ ਤੁਸੀਂ ਸਾਰੇ ਮੇਰਾ ਜਾਂ ਭਾਰਤ ਦਾ ਹਿੱਸਾ ਹੋ, ਪਰ ਜੇ ਤੁਸੀਂ ਇਸ ਤੋਂ ਨਾਂਹ ਕਰਦੇ ਹੋ ਤਾਂ ਕੋਈ ਵੀ ਤੁਹਾਡੇ ਉੱਪਰ ਦਬਾਅ ਨਹੀਂ ਪਾ ਸਕਦਾ।' (ਸਫ਼ਾ 121)

ਨਹਿਰੂ ਸਮੇਤ ਭਾਰਤੀ ਹਾਕਮਾਂ ਨੂੰ ਇਸ ਆਧਾਰ 'ਤੇ ਬਹੁਤ ਵਡਿਆਇਆ ਜਾਂਦਾ ਹੈ ਕਿ ਉਹ ਤਾਨਾਸ਼ਾਹਾਂ ਵਾਲੇ ਗ਼ੈਰ-ਪੱਛਮੀ ਜਗਤ ਅੰਦਰ ਚੁਣੇ ਹੋਏ ਜਮਹੂਰੀ ਹੁਕਮਰਾਨ ਹਨ, ਪਰ ਲੇਖਕ ਨਹਿਰੂ ਦਾ ਦੂਜਾ ਪਹਿਲੂ ਸਾਹਮਣੇ ਲਿਆਉਂਦਾ ਹੈ: 'ਨਹਿਰੂ ਸਭ ਤੋਂ ਪਹਿਲਾਂ ਭਾਰਤੀ ਕੌਮਵਾਦੀ ਸੀ ਅਤੇ ਜਿੱਥੇ ਆਮ-ਰਜ਼ਾ ਕੌਮ ਦੇ ਉਸ (ਨਹਿਰੂ) ਦੇ ਤਸੱਵੁਰ ਨਾਲ ਬੇਮੇਲ ਦਿਖਾਈ ਦਿੱਤੀ, ਉਸ ਨੇ ਬਿਨਾਂ ਕਿਸੇ ਪਛਤਾਵੇ ਦੇ ਉਸ ਨੂੰ ਕੁਚਲ ਦਿੱਤਾ। ਜਿਵੇਂ ਉਸ ਨੇ ਖ਼ੁਦ ਕਿਹਾ ਸੀ, ਇੱਥੇ ਸਰਕਾਰ ਦੀ ਪ੍ਰਣਾਲੀ ਵੋਟ ਨਹੀਂ, ਸਗੋਂ ਸੰਗੀਨਾਂ ਸਨ।' (ਸਫ਼ਾ 133) ਉਸ ਵਲੋਂ ਭਾਰਤ ਦੀ ਏਕਤਾ ਬਾਰੇ ਕਿਸੇ ਵੀ ਸ਼ਕਲ 'ਚ ਸਵਾਲ ਉਠਾਉਣ ਨੂੰ ਜੁਰਮ ਐਲਾਨ ਕੇ ਤਿੰਨ ਸਾਲ ਦੀ ਸਜ਼ਾ ਦੀ ਕਾਨੂੰਨੀ ਪੇਸ਼ਬੰਦੀ ਕਰ ਦਿੱਤੀ। (ਇਹ ਪੇਸ਼ਬੰਦੀ ਨੂੰ ਉਸ ਨਾਲੋਂ ਕਿਤੇ ਵੱਧ ਜ਼ਾਲਮ ਬਣਾਏ ਜਾਣ ਨੂੰ ਦੇਖਦਿਆਂ ਨਹਿਰੂ ਆਪਣੇ ਵਾਰਿਸਾਂ ਅੱਗੇ ਬਹੁਤ ਬੌਣਾ ਦਿਖਾਈ ਦਿੰਦਾ ਹੈ।) ਉਸ ਨੇ ਬੰਗਾਲ ਰੈਗੂਲੇਸ਼ਨ ਐਕਟ 1818 ਦੀ ਇਹਤਿਹਾਤੀ ਨਜ਼ਰਬੰਦੀ ਦੇ ਜ਼ਾਲਮ ਕਾਨੂੰਨ ਨੂੰ ਤੁਰੰਤ ਅਪਣਾਉਂਦਿਆਂ ਤੇ ਲਾਗੂ ਕਰਦਿਆਂ ਕੋਈ ਝਿਜਕ ਨਹੀਂ ਦਿਖਾਈ।

ਲੇਖਕ 'ਭਾਰਤੀ ਵਿਚਾਰਧਾਰਾ' ਦੇ ਤੀਜੇ ਅਹਿਮ ਅੰਗ, ਧਰਮ ਨਿਰਪੇਖਤਾ, ਬਾਰੇ ਲਿਖਦਾ ਹੈ ਕਿ ਭਾਰਤ ਨੂੰ ਧਰਮ ਨਿਰਪੇਖ ਕਹਿਣ ਤੋਂ ਸੁਚੇਤ ਰੂਪ 'ਚ ਗੁਰੇਜ਼ ਕੀਤਾ ਗਿਆ। ਡਾ. ਅੰਬੇਡਕਰ ਦੀ ਹਿੰਦੂ ਕੋਡ ਬਿੱਲ ਰਾਹੀਂ ਵਿਆਹ ਪ੍ਰਥਾ 'ਚ ਨਾਬਰਾਬਰੀ ਨੂੰ ਦੂਰ ਕਰਨ ਦੀ ਤਜਵੀਜ਼ ਠੁਕਰਾ ਦਿੱਤੀ ਗਈ। ਛੂਆਛਾਤ ਉੱਪਰ ਪਾਬੰਦੀ ਲਾਈ ਗਈ, ਪਰ ਜਾਤਪਾਤ ਨੂੰ ਆਂਚ ਨਹੀਂ ਆਉਣ ਦਿੱਤੀ। ਇਸੇ ਲਈ ਡਾ. ਅੰਬੇਡਕਰ ਇਹ ਕਹਿਣ ਲਈ ਮਜਬੂਰ ਹੋਇਆ ਸੀ: 'ਉਹੀ ਤਾਨਾਸ਼ਾਹੀ, ਉਹੀ ਪੁਰਾਣੇ ਦਾਬੇ ਦੀ ਹੋਂਦ ਅੱਜ ਵੀ ਬਰਕਰਾਰ ਹੈ, ਪਹਿਲਾਂ ਤੋਂ ਚਲਿਆ ਆ ਰਿਹਾ ਭੇਦਭਾਵ ਅੱਜ ਵੀ ਜਾਰੀ ਹੈ, ਅਤੇ ਅੱਜ ਸ਼ਾਇਦ ਵੱਧ ਭੈੜੇ ਰੂਪ ਵਿਚ।'

ਕਿਤਾਬ ਦੇ ਆਖ਼ਰੀ ਹਿੱਸੇ ਭਾਰਤੀ ਵਿਚਾਰਧਾਰਾ ਦੀ ਬੁਨਿਆਦ 'ਤਿੱਕੜੀ' (ਜਮਹੂਰੀਅਤ, ਧਰਮਨਿਰਪੇਖਤਾ ਤੇ ਏਕਤਾ) ਬਾਰੇ ਮੋਹਰੀ ਵਿਚਾਰਵਾਨਾਂ ਦੀ ਸਮਝਦਾਰੀ ਬਾਰੇ ਚਰਚਾ ਕਰਦਿਆਂ ਲੇਖਕ ਕਹਿੰਦਾ ਹੈ ਕਿ ਸਮਾਜੀ ਆਲੋਚਨਾ ਦਾ ਪੱਖ ਤਾਂ ਇਨ੍ਹਾਂ ਵਿਦਵਾਨਾਂ ਦੀਆਂ ਲਿਖਤਾਂ 'ਚ ਅਹਿਮ ਦਿਖਾਈ ਦਿੰਦਾ ਹੈ, ਪਰ ਇਹੀ ਤੇਵਰ ਸਿਆਸੀ ਆਲੋਚਨਾ 'ਚ ਨਜ਼ਰ ਨਹੀਂ ਆਉਂਦਾ। ਲੇਖਕ ਨੇ ਆਕਸਫੋਰਡ ਕੰਪੈਨੀਅਨ ਟੂ ਪਾਲਿਟਿਕਸ ਨਾਂ ਦੇ ਗ੍ਰੰਥ ਦੀ ਮਿਸਾਲ ਦਿੱਤੀ ਹੈ ਜੋ ਅੱਜ ਦੇ ਭਾਰਤ ਦੇ ਸੋਹਲੇ ਤਾਂ ਗਾਉਂਦਾ ਪਰ ਰਾਜ ਦੀਆਂ ਜਾਬਰ ਨੀਤੀਆਂ ਬਾਰੇ ਪੂਰੀ ਤਰ੍ਹਾਂ ਖ਼ਾਮੋਸ਼ ਹੈ।

ਕਿਤਾਬ ਦੀ ਵੱਡੀ ਕਮੀ ਇਹ ਹੈ ਕਿ ਇਸ ਵਿਚ ਭਾਰਤ ਦੀ ਖੱਬੀ ਧਿਰ ਦੀ ਭੂਮਿਕਾ ਨੂੰ ਪੜਚੋਲ ਹੇਠ ਨਹੀਂ ਲਿਆਂਦਾ ਗਿਆ, ਪਰ ਆਦਿਕਾ 'ਚ ਲੇਖਕ ਇਹ ਜ਼ਰੂਰ ਕਹਿੰਦਾ ਹੈ ਕਿ ਇਕ ਤਾਕਤ ਵਜੋਂ ਖੱਬੀ ਧਿਰ ਦੀ 'ਸਿਆਸੀ ਕਮਜ਼ੋਰੀ' ਨੇ ਭਾਰਤੀ ਵਿਚਾਰਧਾਰਾ ਦੀ ਪਕੜ ਨੂੰ ਮਜ਼ਬੂਤ ਬਣਾਇਆ ਹੈ। ਨਾਲ ਹੀ ਆਦਿਕਾ ਦੇ ਅੰਤ ਵਿਚ ਐਂਡਰਸਨ ਇਹ ਸਲਾਹ ਜ਼ਰੂਰ ਦਿੰਦਾ ਹੈ ਕਿ ਜੇ ਖੱਬੀ ਧਿਰ ਨੇ ਬੌਧਿਕ ਦ੍ਰਿਸ਼ ਉੱਪਰ ਮਜ਼ਬੂਤ ਜਗ੍ਹਾ ਬਣਾਉਣੀ ਹੈ ਤਾਂ ਇਸ ਨੂੰ ਆਪਣੇ ਦੌਰ ਨੂੰ ਸ਼ਰਧਾ ਨਾਲ ਦੇਖਣ ਦੀ ਬਜਾਏ ਅੰਬੇਡਕਰ ਤੇ ਪੇਰੀਅਰ ਵਾਂਗ ਵੱਧ ਪੜਚੋਲੀਆ ਨਜ਼ਰੀਏ ਨਾਲ ਦੇਖਣਾ ਪਵੇਗਾ।

ਲੇਖਕ ਸੁਚੇਤ ਕਰਦਾ ਹੈ ਕਿ ਕੁਲ ਮਿਲਾ ਕੇ ਭਾਰਤੀ ਯੂਨੀਅਨ ਦੀਆਂ ਹਕੀਕਤਾਂ ਬਹੁਤ ਪੇਚੀਦਾ ਹਨ, ਇਨ੍ਹਾਂ ਵਿਚੋਂ ਕਈ ਤਾਂ ਬਹੁਤ ਹੀ ਮਨਹੂਸ ਹਨ। 'ਇਕ ਵਾਰ ਜਦੋਂ ਬਸਤੀਵਾਦ ਵਿਰੋਧੀ ਸੰਘਰਸ਼ ਰਾਹੀਂ ਕਿਸੇ ਨਵੇਂ ਆਜ਼ਾਦ ਰਾਸ਼ਟਰ ਦੀ ਉਸਾਰੀ ਹੋ ਜਾਂਦੀ ਹੈ ਤਾਂ ਉਸ ਦੀ ਜਾਗ੍ਰਿਤੀ ਲਈ ਜ਼ਰੂਰੀ ਪ੍ਰਵਚਨ ਉਸ ਲਈ ਨਸ਼ਾ ਵੀ ਹੋ ਨਿੱਬੜਦਾ ਹੈ। ਭਾਰਤ ਵਿਚ ਇਹ ਖ਼ਤਰਾ ਵੱਧ ਦਿਖਾਈ ਦੇ ਰਿਹਾ ਹੈ।...ਅੱਜ ਲੋੜ ਇਸ ਗੱਲ ਦੀ ਹੈ ਕਿ ਰੋਮਾਂਟਿਕ ਬਣਾਏ ਅਤੀਤ ਦੇ ਮੋਹ ਅਤੇ ਵਰਤਮਾਨ 'ਚ ਮੌਜੂਦ ਇਸ ਦੀ ਰਹਿੰਦ-ਖੂੰਹਦ ਤੋਂ ਅਸੀਂ ਮੁਕਤ ਹੋਈਏ।' 'ਜਿਨ੍ਹਾਂ ਰਾਜਨੀਤਕ ਬੁਰਾਈਆਂ ਦੀ ਦਿਆਨਤਦਾਰ ਦੇਸ਼ ਭਗਤ ਅੱਜ ਨਿੰਦਾ ਕਰਦੇ ਹਨ, ਉਹ ਐਸੇ ਪ੍ਰਬੰਧ ਦੀ ਅਚਾਨਕ ਉੱਭਰੀ ਅਜੋਕੀ ਮਰਜ਼ ਨਹੀਂ ਹਨ। ਇਹ ਕਦੇ ਵੀ ਤੰਦਰੁਸਤ ਨਹੀਂ ਰਿਹਾ।...ਇਨ੍ਹਾਂ ਦੀ ਜੜ੍ਹਾਂ ਇਸ ਦੀ ਮੂਲ ਬਣਤਰ ਵਿਚ ਹਨ।' ਜ਼ਰੂਰੀ ਨਹੀਂ ਕਿ ਪਾਠਕ ਲੇਖਕ ਦੇ ਸਾਰੇ ਸਿੱਟਿਆਂ ਨਾਲ ਸਹਿਮਤ ਹੋਣ, ਪਰ ਭਾਰਤੀ ਰਾਜ ਵਲੋਂ ਆਪੇ ਦੀ ਤਾਰੀਫ਼ ਲਈ ਘੜੀਆਂ ਗਈਆਂ ਤਮਾਮ ਮਿੱਥਾਂ ਜੋ ਸਹਿਜ ਬੋਧ ਦਾ ਹਿੱਸਾ ਬਣੀਆਂ ਹੋਈਆਂ ਹਨ, ਤੋਂ ਮੁਕਤ ਹੋਣ ਲਈ ਇਹ ਕਿਤਾਬ ਯਕੀਨਨ ਹੀ ਸ਼ੀਸ਼ਾ ਮੁਹੱਈਆ ਕਰਦੀ ਹੈ। ਭਾਰਤੀ ਅਵਾਮ ਦੀ ਬਿਹਤਰੀ ਦੀ ਸੋਚ ਰੱਖਣ ਵਾਲੇ ਹਰ ਬੰਦੇ ਨੂੰ ਇਹ ਕਿਤਾਬ ਪੜ੍ਹਨੀ ਚਾਹੀਦੀ ਹੈ।

*ਪੇਰੀ ਐਂਡਰਸਨ ਦੀਆਂ ਦਲੀਲਾਂ ਵਿਦਵਾਨਾਂ ਤੇ ਵਿਚਾਰਕਾਂ ਨੂੰ ਪ੍ਰੇਸ਼ਾਨ ਕਰਨਗੀਆਂ ਜਿਨ੍ਹਾਂ ਨੇ ਭਾਰਤੀ ਗਣਰਾਜ ਬਾਰੇ ਜਸ਼ਨਾਂ ਵਰਗੀ, ਕੱਟੜ ਆਮ ਰਾਏ ਸਿਰਜੀ ਹੋਈ ਹੈ। ਸਾਡੇ ਸਮਾਜ ਦੀ ਅਕਹਿ ਹਿੰਸਾ ਅਤੇ ਘੋਰ ਅਨਿਆਂ ਬਿਆਨ ਕਰਨ ਦੀ ਥਾਂ, ਐਂਡਰਸਨ ਆਜ਼ਾਦੀ ਦੇ ਸਮੇਂ ਤੋਂ ਭਾਰਤੀ ਰਾਜ ਦੇ ਕਰਤਾ-ਧਰਤਾ ਲੋਕਾਂ ਦੇ ਗੰਭੀਰ ਢਾਂਚਾਗਤ ਵਿਗਾੜਾਂ ਅਤੇ ਡੂੰਘੇ ਸਮਾਜੀ ਤੁਅੱਸਬਾਂ ਵੱਲ ਇਸ਼ਾਰਾ ਕਰਦਾ ਹੈ। ਇਸ ਕਿਤਾਬ ਤੋਂ ਕੰਨੀ ਕਤਰਾਉਣ ਦੀ ਬਜਾਏ ਇਸ ਨੂੰ ਗੰਭੀਰਤਾ ਨਾਲ, ਸ਼ਾਂਤ ਚਿੱਤ ਹੋ ਕੇ ਅਤੇ ਖੁੱਲ੍ਹੇ ਮਨ ਨਾਲ ਪੜ੍ਹਨਾ ਜ਼ਰੂਰੀ ਹੈ।*
*-ਅਰੁੰਧਤੀ ਰਾਏ*



# ਚੋਣਾਂ ਕਿ ਜੰਗ

## ਦਿੱਲੀ ਗੁਰਦੁਆਰਾ ਚੋਣ ਬਣੀ ਸਿਆਸੀ ਜੰਗ




## ਐਤਕੀਂ ਕਾਂਗਰਸ ਤੇ ਭਾਜਪਾ ਵੀ ਪਿੱਛੇ ਨਾ ਰਹੀਆਂ

**ਚੰਡੀਗੜ੍ਹ (ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ੇ ਤੋਂ ਬਾਅਦ ਪੂਰੇ ਸਿੱਖ ਜਗਤ 'ਤੇ ਆਪਣੇ ਝੰਡਾ ਝਲਾਉਣ ਲਈ ਸ਼੍ਰੋਮਣੀ ਅਕਾਲੀ ਦਲ (ਬ) ਨੇ ਇਸ ਵਾਰ ਪੂਰੀ ਤਾਕਤ ਨਾਲ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮਟੀ ਦੀ ਚੋਣ ਲੜੀ। ਦੂਜੇ ਪਾਸੇ ਸਰਨਾ ਧੜੇ ਨੇ ਪੰਜਾਬ ਦੇ ਅਕਾਲੀਆਂ ਨੂੰ ਦਿੱਲੀ ਤੋਂ ਲਾਂਭੇ ਰੱਖਣ ਲਈ ਪੂਰਾ ਤਾਣ ਲਾਇਆ। ਇਸ ਤਰ੍ਹਾਂ ਦਿੱਲੀ ਗੁਰਦੁਆਰਾ ਚੋਣਾਂ ਕਾਂਗਰਸ ਬਨਾਮ ਭਾਜਪਾ ਦੀ ਟੱਕਰ ਹੋ ਨਿਬੜੀਆਂ।

ਇਸ ਚੋਣ ਵਿਚ ਪੈਸੇ, ਸਰਕਾਰੀ ਤਾਕਤ, ਰਿਸ਼ਤੇਦਾਰੀਆਂ ਦੇ ਪ੍ਰਭਾਵ ਤੇ ਲੋਕ ਲਭਾਊ ਸਕੀਮਾਂ ਦਾ ਖੁੱਲ੍ਹ ਕੇ ਸਹਾਰਾ ਲਿਆ ਗਿਆ। ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਵਾਰ ਚੋਣ ਵੱਕਾਰ ਦਾ ਸਵਾਲ ਬਣਾ ਕੇ ਲੜੀ ਤੇ ਜਿੱਤ ਲਈ ਹਰ ਹਰਬਾ ਵਰਤਿਆ। ਉਧਰ, ਦਿੱਲੀ ਦੇ ਕਾਂਗਰਸੀਆਂ ਨੂੰ ਸਰਨਾ ਧੜੇ ਨਾਲ ਤੋਰਨ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਖੁਦ ਜਾ ਕੇ ਚੋਣ ਪ੍ਰਚਾਰ ਕੀਤਾ ਜਿਸ ਬਾਰੇ ਅਕਾਲੀਆਂ ਨੇ ਕਾਫੀ ਰੌਲਾ ਵੀ ਪਾਇਆ। ਇਸ ਤਰ੍ਹਾਂ ਇਹ ਚੋਣਾਂ ਸਿਆਸੀ ਜੰਗ ਵਾਂਗ ਲੜੀਆਂ ਗਈਆਂ।

ਚੋਣ ਦੌਰਾਨ ਹਿੰਸਾ ਵੀ ਹੋਈ ਤੇ ਖਿੱਚ-ਧੂਹ ਦੀਆਂ ਘਟਨਾਵਾਂ ਦੌਰਾਨ ਇਕ ਵਿਅਕਤੀ ਦੀ ਮੌਤ ਵੀ ਹੋ ਗਈ। ਇਸ ਚੋਣ ਲਈ ਅਕਾਲੀ ਦਲ ਦੇ ਸਾਰੇ ਆਗੂਆਂ ਨੇ ਆਪਣੇ ਲਾਮ ਲਸ਼ਕਰ ਨਾਲ ਮਹੀਨਾ ਭਰ ਦਿੱਲੀ ਡੇਰੇ ਲਾਈ ਰੱਖੇ। ਪੈਸਿਆਂ ਨਾਲ ਇਕ-ਦੂਜੀ ਧਿਰ ਦੇ ਆਗੂਆਂ ਨੂੰ ਖਰੀਦਿਆ ਗਿਆ ਤੇ ਰਿਸ਼ਤੇਦਾਰੀਆਂ ਦਾ ਪ੍ਰਭਾਵ ਵਰਤ ਲੋਕਾਂ ਨੂੰ ਵੋਟ ਪਾਉਣ ਲਈ ਮਜਬੂਰ ਵੀ ਕੀਤੀ ਗਿਆ। ਅਸਲ ਵਿਚ ਇਹ ਗੁਰਦੁਆਰਾ ਪ੍ਰਬੰਧਾਂ ਲਈ ਨਹੀਂ ਬਲਕਿ ਸਿਆਸੀ ਪੈਂਠ ਬਣਾਉਣ ਦੀ ਲੜਾਈ ਹੋ ਨਿਬੜੀ।

ਇਸ ਚੋਣ ਵਿਚ 275 ਉਮੀਦਵਾਰ ਮੈਦਾਨ ਵਿਚ ਨਿਤਰੇ। ਇਨ੍ਹਾਂ ਚੋਣਾਂ ਵਿਚ ਦਿੱਲੀ ਦੇ ਪ੍ਰਮੁੱਖ ਸਿੱਖ ਆਗੂਆਂ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਦਿੱਲੀ ਪ੍ਰਦੇਸ਼ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਹਿੱਤ, ਅਕਾਲੀ ਦਲ



(ਦਿੱਲੀ ਯੂ.ਕੇ.) ਦੇ ਪ੍ਰਧਾਨ ਜਸਜੀਤ ਸਿੰਘ, ਕੇਂਦਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਤਰਵਿੰਦਰ ਸਿੰਘ ਮਰਵਾਹ, ਦਸਮੇਸ਼ ਸੇਵਾ ਸੁਸਾਇਟੀ ਦੇ ਪ੍ਰਧਾਨ ਰਜਿੰਦਰ ਸਿੰਘ ਟੈਕਨੋ ਦਾ ਵੱਕਾਰ ਦਾਅ 'ਤੇ ਲੱਗਾ ਤੇ ਉਨ੍ਹਾਂ ਜਿੱਤ ਲਈ ਖੁੱਲ੍ਹ ਕੇ ਖਰਚਾ ਕੀਤਾ।

ਹੈਰਾਨੀ ਦੀ ਗੱਲ ਹੈ ਕਿ ਗੁਰਦੁਆਰਾ ਪ੍ਰਬੰਧਾਂ ਲਈ ਹੋਈਆਂ ਚੋਣਾਂ ਲਈ ਪੂਰੀ ਦਿੱਲੀ ਵਿਚ ਬਣਾਏ 449 ਪੋਲਿੰਗ ਬੂਥਾਂ ਵਿਚੋਂ 53 ਬੂਥਾਂ ਨੂੰ ਅਤਿਅੰਤ ਸੰਵੇਦਨਸ਼ੀਲ ਤੇ 128 ਪੋਲਿੰਗ ਬੂਥਾਂ ਨੂੰ ਸੰਵੇਦਨਸ਼ੀਲ ਦੀ ਸੂਚੀ ਵਿਚ ਰੱਖਿਆ ਗਿਆ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ 45, ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ 42 ਅਧਿਕਾਰਤ ਤੇ ਦੋ ਆਜ਼ਾਦ ਉਮੀਦਵਾਰ, ਕੇਂਦਰੀ ਗੁਰੂ ਸਿੰਘ ਸਭਾ ਦੇ 16, ਦਸ਼ਮੇਸ਼ ਸੇਵਾ ਸੁਸਾਇਟੀ ਤੇ ਸ਼੍ਰੋਮਣੀ ਅਕਾਲੀ ਦਲ (ਦਿੱਲੀ-ਯੂ.ਕੇ.) ਦੇ ਸਾਂਝੇ ਮੋਰਚੇ ਦੇ 18 ਤੇ ਤਕਰੀਬਨ 150 ਆਜ਼ਾਦ ਉਮੀਦਵਾਰ ਚੋਣ ਮੈਦਾਨ ਵਿਚ ਸਨ ਪਰ ਕੁਲ ਵੋਟਿੰਗ 40 ਫੀਸਦੀ ਦੇ ਆਸ-ਪਾਸ ਹੀ ਰਹੀ।

## ਗੁਰਦੁਆਰਾ ਚੋਣਾਂ ਵਿਚ ਵੀ ਦਲ ਬਦਲੀ ਦਾ ਰੁਝਾਨ

**ਚੰਡੀਗੜ੍ਹ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਪੰਜਾਬ ਤੇ ਸਿੱਖ ਸਿਆਸਤ 'ਤੇ ਵੀ ਵੱਡਾ ਅਸਰ ਪਾਵੇਗੀ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ਵਿਚ ਦਲ ਬਦਲੀ ਨੂੰ ਰੋਕਣ ਦੀ ਕੋਈ ਵਿਵਸਥਾ ਨਾ ਹੋਣ ਕਾਰਨ ਮੈਂਬਰਾਂ ਦੀ ਖਰੀਦੋ-ਫਰੋਖਤ ਤੇ ਵਫਾਦਾਰੀਆਂ ਬਦਲਣ ਦਾ ਰੁਝਾਨ ਸਚਾਈ ਹੈ ਜੋ ਕਮੇਟੀ ਲਈ ਨਤੀਜੇ ਆਉਂਦਿਆਂ ਸਾਰ ਛਿੜ ਪੈਂਦਾ ਹੈ ਕਿਉਂਕਿ ਦਿੱਲੀ ਗੁਰਦੁਆਰਾ ਕਮੇਟੀ ਪੈਸੇ ਪੱਖੋਂ ਭਰਪੂਰ ਹੈ ਤੇ ਇਹ ਦਿੱਲੀ ਵਿਚ ਸਿੱਖ ਵਿਰਾਸਤੀ ਗੁਰਦੁਆਰਿਆਂ ਦਾ ਕੰਮਕਾਜ ਚਲਾਉਂਦੀ ਹੈ।

ਪਹਿਲਾਂ ਹੀ ਇਹ ਦੋਸ਼ ਲੱਗਣੇ ਸ਼ੁਰੂ ਹੋ ਗਏ ਹਨ ਕਿ ਕਿਨ੍ਹਾਂ ਕਿਨ੍ਹਾਂ ਨੂੰ ਪਹੁੰਚ ਕਰਕੇ ਵਫਾਦਾਰੀਆਂ ਬਦਲਣ ਲਈ ਕਿਹਾ ਜਾ ਰਿਹਾ ਹੈ। 1984 ਦੇ ਸਿੱਖ ਦੰਗਿਆਂ ਦੇ ਪੀੜਤਾਂ ਦੇ ਕੇਸ ਲੜਦੇ ਰਹੇ ਵਕੀਲ ਐਚ.ਐਸ. ਫੂਲਕਾ ਦਾ ਕਹਿਣਾ ਹੈ ਕਿ ਵਫਾਦਾਰੀਆਂ ਬਦਲਣ ਦਾ ਸਿਲਸਿਲਾ ਬੀਤੇ ਵਿਚ ਚੱਲਦਾ ਰਿਹਾ ਹੈ ਤੇ ਐਤਕੀਂ ਵੀ ਅਜਿਹਾ ਵਾਪਰਨ ਦੀ ਸੰਭਾਵਨਾ ਹੈ ਕਿਉਂਕਿ ਕਿਸੇ ਇਕ ਧਿਰ ਨਾਲ ਜੁੜ ਕੇ ਚੋਣਾਂ ਲੜਨ ਵਾਲੇ ਮੈਂਬਰਾਂ ਨੂੰ ਉਸੇ ਗਰੁੱਪ ਨਾਲ ਜੁੜੇ ਰੱਖਣ ਲਈ ਕੋਈ ਕਾਨੂੰਨ ਨਹੀਂ ਹੈ। ਉਹ ਕਿਸੇ ਵੀ ਧਿਰ ਨਾਲ ਰਲ ਸਕਦੇ ਹਨ।

2007 ਵਿਚ ਦਿੱਲੀ ਗੁਰਦੁਆਰਾ ਚੋਣਾਂ ਦੌਰਾਨ ਮਨਜੀਤ ਸਿੰਘ ਜੀਕੇ ਜੋ ਹੁਣ ਬਾਦਲ ਧੜੇ ਨਾਲ ਹਨ, ਨੇ ਆਪਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਪੰਥਕ ਕਾਇਮ ਕੀਤੀ ਸੀ। ਇਸ ਦੇ ਛੇ ਮੈਂਬਰ ਸੀਟਾਂ ਜਿੱਤੇ ਸਨ ਜਿਨ੍ਹਾਂ ਵਿਚੋਂ ਦੋ ਸਰਨਾ ਗਰੁੱਪ ਨਾਲ ਜਾ ਰਲੇ ਸਨ। ਪੁਸਤਕ "ਆਈ ਅਕਿਊਜ਼ੜ ਦਿ ਐਂਟੀ ਸਿੱਖ ਵਾਇਲੈਂਸ ਆਫ 1984" ਦੇ ਲੇਖਕ ਜਰਨੈਲ ਸਿੰਘ ਵੱਲੋਂ ਪ੍ਰਮੋਟ ਕੀਤੀ ਬਾਡੀ ਸਿੱਖ ਚੇਤਨਾ ਲਹਿਰ ਜਿੱਤੇ ਉਮੀਦਵਾਰਾਂ ਨੂੰ ਦਲ ਬਦਲਣ ਤੋਂ ਰੋਕਣ ਨੂੰ ਆਪਣੇ ਏਜੰਡੇ ਦਾ ਹਿੱਸਾ ਮੰਨਦੀ ਹੈ।

ਜਰਨੈਲ ਸਿੰਘ ਦਾ ਕਹਿਣਾ ਹੈ ਕਿ ਦਲਬਦਲੀ ਵਿਰੋਧੀ ਕਾਨੂੰਨ ਦੀ ਲੋੜ ਹੈ, ਨਹੀਂ ਤਾਂ ਗੁਰਦੁਆਰਾ ਚੋਣਾਂ ਵਿਚ ਵੀ ਨਿਰਲੱਜਤਾ ਨਾਲ ਦਲ ਬਦਲਦੇ ਮੈਂਬਰ ਵੇਖੇ ਜਾਣਗੇ। ਉਸ ਦਾ ਕਹਿਣਾ ਹੈ ਕਿ ਜਦੋਂ ਵਿਧਾਇਕਾਂ ਤੇ ਸੰਸਦ ਮੈਂਬਰਾਂ ਲਈ ਅਜਿਹਾ ਕਾਨੂੰਨ ਹੈ ਤਾਂ ਇਥੇ ਕਿਉਂ ਨਹੀਂ। ਐਤਕੀਂ ਸਥਿਤੀ ਵੱਖਰੀ ਹੋ ਸਕਦੀ ਹੈ। ਪਿਛਲੇ ਸਮਿਆਂ ਵਿਚ ਕੀ ਹੁੰਦਾ ਰਿਹਾ ਹੈ ਕਿ ਜਿਹੜਾ ਵੀ ਗਰੁੱਪ ਘੱਟ ਗਿਣਤੀ ਵਿਚ ਰਹਿ ਜਾਂਦਾ ਸੀ, ਉਹ ਸੱਤਾਧਾਰੀ ਧੜੇ ਵੱਲ ਖਿਸਕਣਾ ਸ਼ੁਰੂ ਹੋ ਜਾਂਦਾ ਸੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪੀ.ਐਸ. ਸਰਨਾ ਦੇ ਭਰਾ ਹਰਵਿੰਦਰ ਸਿੰਘ ਸਰਨਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਆਸ ਹੈ ਕਿ ਉਨ੍ਹਾਂ ਦਾ ਕੋਈ ਵੀ ਮੈਂਬਰ ਟੁੱਟੇਗਾ ਨਹੀਂ। ਬਾਦਲ ਦਲ ਦੇ ਉਮੀਦਵਾਰ ਮਨਜੀਤ ਸਿੰਘ ਜੀ.ਕੇ. ਦਾ ਵੀ ਕਹਿਣਾ ਹੈ ਕਿ ਨੈਤਿਕ ਤੌਰ 'ਤੇ ਤਾਂ ਅਜਿਹਾ ਨਹੀਂ ਹੋਣਾ ਚਾਹੀਦਾ ਪਰ ਬੀਤੇ ਸਮੇਂ ਵਿਚ ਅਜਿਹਾ ਕੁਝ ਵਾਪਰਦਾ ਰਿਹਾ ਹੈ।

## ਖਿੱਚ-ਧੂਹ ਦੌਰਾਨ ਪੋਲਿੰਗ ਏਜੰਟ ਦੀ ਮੌਤ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਚੋਣਾਂ ਦੇ ਵਾਰਡ 25 (ਹਲਕਾ ਪੰਜਾਬੀ ਬਾਗ) ਅਧੀਨ ਆਉਂਦੇ ਇਲਾਕੇ ਪੱਛਮਪੁਰੀ ਵਿਖੇ ਬਾਦਲ ਧੜੇ ਦੇ ਪੋਲਿੰਗ ਏਜੰਟ ਹਰਜੀਤ ਸਿੰਘ ਦੀ ਮੌਤ ਹੋ ਗਈ। ਮ੍ਰਿਤਕ ਦੇ ਪੁੱਤਰ ਜਸਪ੍ਰੀਤ ਸਿੰਘ ਅਮਨ ਨੇ ਦਾਅਵਾ ਕੀਤਾ ਕਿ ਉਹ ਆਪਣੇ ਪਿਤਾ ਦੇ ਨਾਲ ਖੁਦ ਵੀ ਪੋਲਿੰਗ ਏਜੰਟ ਵਜੋਂ ਡਿਊਟੀ ਕਰ ਰਿਹਾ ਸੀ। ਜਦੋਂ ਦੂਜੇ ਪੋਲਿੰਗ ਏਜੰਟਾਂ ਵੱਲੋਂ ਇਕ ਵੋਟਰ ਦੀ ਵੋਟ ਨੂੰ ਜਾਅਲੀ ਕਰਾਰ ਦਿੰਦਿਆਂ ਇਤਰਾਜ਼ ਉਠਾਇਆ ਗਿਆ ਤਾਂ ਉਹ ਵੋਟਰ ਬਿਨਾਂ ਵੋਟ ਪਾਏ ਪੋਲਿੰਗ ਬੂਥ ਤੋਂ ਵਾਪਸ ਚਲਾ ਗਿਆ ਪਰ ਕੁਝ ਦੇਰ ਬਾਅਦ ਪਰਮਜੀਤ ਸਿੰਘ ਸਰਨਾ ਦੇ ਪੁੱਤਰ ਹਰਪਾਲ ਸਿੰਘ ਤੇ ਸਥਾਨਕ ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਪਰਮਜੀਤ ਸਿੰਘ ਅਨੰਦ ਵੱਲੋਂ ਕੁਝ ਹੋਰਾਂ ਵਿਅਕਤੀਆਂ ਸਮੇਤ ਅੰਦਰ ਆ ਕੇ ਬਹਿਸ ਕਰਦਿਆਂ ਉਸ ਦੇ ਪਿਤਾ ਨੂੰ ਧਮਕੀਆਂ ਦਿੱਤੀਆਂ ਗਈਆਂ ਤੇ ਖਿਚ-ਧੂਹ ਵੀ ਕੀਤੀ ਗਈ।



ਇਸ ਮਾਮਲੇ ਸਬੰਧੀ ਹਸਪਤਾਲ ਪੁੱਜੇ ਸ਼੍ਰੋਮਣੀ ਅਕਾਲੀ ਦਲ (ਯੂਥ ਵਿੰਗ) ਦੇ ਕੌਮੀ ਪ੍ਰਧਾਨ ਬਿਕਰਮ ਸਿੰਘ ਮਜੀਠੀਆ ਨੇ ਦੋਸ਼ ਲਾਇਆ ਕਿ ਹਰਜੀਤ ਸਿੰਘ ਨੂੰ ਅਕਾਲੀ ਦਲ ਬਾਦਲ ਦਾ ਸਾਥ ਨਾ ਦੇਣ ਲਈ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਦਬਾਅ ਪਾਇਆ ਜਾ ਰਿਹਾ ਸੀ। ਜਦੋਂ ਉਹ ਨਹੀਂ ਮੰਨੇ ਤਾਂ ਪੋਲਿੰਗ ਬੂਥ ਵਿਖੇ ਉਨ੍ਹਾਂ ਨੂੰ ਧਮਕਾਇਆ ਗਿਆ ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਦੂਜੇ ਪਾਸੇ ਪਰਮਜੀਤ ਸਿੰਘ ਸਰਨਾ ਨੇ ਇਨ੍ਹਾਂ ਦੋਸ਼ਾਂ ਨੂੰ ਸਿਆਸਤ ਤੋਂ ਪ੍ਰੇਰਿਤ ਕਰਾਰ ਦਿੰਦਿਆਂ ਕਿਹਾ ਕਿ ਮੈਡੀਕਲ ਜਾਂਚ ਮੁਤਾਬਕ ਉਸ ਵਿਅਕਤੀ ਦੀ ਮੌਤ ਹਾਰਟ ਅਟੈਕ ਨਾਲ ਹੋਈ ਸੀ ਤੇ ਵਿਵਾਦ ਵੇਲੇ ਉਨ੍ਹਾਂ (ਸਰਨਾ) ਦਾ ਪੁੱਤਰ ਪੋਲਿੰਗ ਬੂਥ ਵਿਚ ਮੌਜੂਦ ਹੀ ਨਹੀਂ ਸੀ।

## ਵੋਟਾਂ ਬਟੋਰਨ ਖਾਤਰ ਸਿੱਖ ਭਾਈਚਾਰੇ ਅੰਦਰ ਧੜੇਬੰਦੀ ਉਭਾਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਗੁਰਦੁਆਰਾ ਚੋਣਾਂ ਲਈ ਚੋਣ ਪ੍ਰਚਾਰ ਦੌਰਾਨ ਕੀਤੇ ਗਏ ਵੱਡੇ-ਵੱਡੇ ਵਾਅਦੇ ਤੇ ਧਾਰਮਿਕ ਮਾਮਲਿਆਂ ਦੇ ਪ੍ਰਬੰਧ ਲਈ ਪੈਦਾ ਕੁੜੱਤਣ ਨੇ ਕਈ ਸਵਾਲ ਉਠਾਏ ਹਨ। ਜਿੱਤ ਲਈ ਜਜ਼ਬਾਤੀ ਰਣਨੀਤੀ ਨੇ ਸਿੱਖਾਂ ਅੰਦਰ ਧੜੇਬੰਦੀ ਪੈਦਾ ਕਰ ਦਿੱਤੀ ਹੈ ਜਿਸ ਦੇ ਦੂਰ ਭਵਿੱਖ ਭਿਆਨਕ ਸਿੱਟੇ ਨਿਕਲ ਸਕਦੇ ਹਨ। ਦੋਵਾਂ ਧਿਰਾਂ ਨੇ ਸਿੱਖਾਂ ਨੂੰ ਸ਼ਹਿਰੀ ਤੇ ਪੇਂਡੂ, ਪੰਜਾਬੀ ਤੇ ਪਕਿਸਤਾਨੀ, ਵਪਾਰੀ ਤੇ ਕਿਸਾਨ ਵਰਗਾਂ ਵਿਚ ਵੰਡ ਕੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਇਕ ਦੂਜੇ ਖ਼ਿਲਾਫ਼ ਖੁੱਲ੍ਹ ਕੇ ਭੜਕਾਇਆ। ਇਸ ਤੋਂ ਇਲਾਵਾ ਕੁਝ ਅਜਿਹੇ ਮੁੱਦੇ ਵੀ ਸਾਹਮਣੇ ਆਏ ਜੋ ਜੇਤੂ ਧਿਰ ਲਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰਨਗੇ। ਪ੍ਰਮੁੱਖ ਮੁੱਦਾ ਸ੍ਰੀ ਅਕਾਲ ਤਖ਼ਤ ਦੀ ਸਰਬਉੱਚਤਾ ਤੇ ਇਸ ਦਾ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦਾ ਫੈਸਲਾ ਹਨ ਜਿਸ ਤਹਿਤ ਸਾਰੇ ਧਾਰਮਿਕ ਸਮਾਗਮ ਤੇ ਗੁਰਪੁਰਬ ਮਨਾਏ ਜਾਂਦੇ ਹਨ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਕਾਲ ਤਖ਼ਤ ਵੱਲੋਂ ਕੈਲੰਡਰ ਐਲਾਨੇ ਜਾਣ ਦੇ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਮੁਤਾਬਕ ਹੋਰ ਤਖ਼ਤਾਂ ਦੇ ਜਥੇਦਾਰਾਂ ਨਾਲ ਵਿਚਾਰ-ਚਰਚਾ ਕੀਤੇ ਬਿਨਾਂ ਆਪਣੇ-ਆਪ ਇਹ ਐਲਾਨ ਕਰਨਾ ਸਹੀ ਫੈਸਲਾ ਨਹੀਂ ਹੈ। ਸੁਖਬੀਰ ਬਾਦਲ ਇਹ ਪੈਂਤੜਾ ਲੈ ਕੇ ਚੱਲੇ ਹਨ ਕਿ ਸ੍ਰੀ ਅਕਾਲ ਤਖ਼ਤ ਸਿੱਖਾਂ ਦੀ ਸਰਬਉੱਚ ਅਥਾਰਟੀ ਹੈ।

ਸਰਨਾ ਵੱਲੋਂ ਦੋਸ਼ ਲਾਇਆ ਗਿਆ ਕਿ ਬਾਦਲ ਰਲ ਕੇ ਸੱਜੇ-ਪੱਖੀ ਬਾਡੀ ਆਰਐਸਐਸ ਦਾ ਏਜੰਡਾ ਪੰਜਾਬ ਵਿਚ ਲਾਗੂ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਸਿੱਖ ਭਾਈਚਾਰੇ ਨੂੰ ਬਚਾਉਣਾ ਹੈ ਤਾਂ ਬਾਦਲਾਂ ਨੂੰ ਨਾ ਜਿਤਾਇਆ ਜਾਵੇ ਜਿਨ੍ਹਾਂ ਦੀ ਅੱਖ ਕੇਵਲ ਗੁਰੂ ਕੀ ਗੋਲਕ (ਗੁਰਦੁਆਰਿਆਂ ਦੀ 50 ਕਰੋੜ ਰੁਪਏ ਸਾਲਾਨਾ ਆਮਦਨ) 'ਤੇ ਹੈ।

### ਐਤਕੀਂ ਜੱਟ ਸਿੱਖ ਅਤੇ ਗੈਰ ਜੱਟ ਸਿੱਖ ਦਾ ਟਕਰਾਅ ਵੀ ਉਭਰਿਆ





ਇਸ ਤੋਂ ਇਲਾਵਾ 'ਪੰਜਾਬ ਬਨਾਮ ਦਿੱਲੀ' ਵਾਲਾ ਮੰਤਰ ਵੀ ਭਾਰੂ ਰਿਹਾ। ਸਰਨਾ ਦਾ ਕਹਿਣਾ ਹੈ ਕਿ ਦਿੱਲੀ ਦੇ ਸਿੱਖਾਂ ਦਾ ਪੰਜਾਬ ਦੇ ਸਿੱਖਾਂ ਨਾਲ ਕੁਝ ਵੀ ਸਾਂਝਾ ਨਹੀਂ ਹੈ। ਦਿੱਲੀ ਦੇ ਸਿੱਖ 1947 ਦੀ ਵੰਡ ਮੌਕੇ ਪੱਛਮੀ ਪੰਜਾਬ ਤੋਂ ਆ ਕੇ ਰਾਜਧਾਨੀ ਵਿਚ ਵਸੇ ਹਨ ਤੇ ਉਨ੍ਹਾਂ ਵਿਚੋਂ ਬਹੁਤੇ ਵਪਾਰੀ ਤੇ ਕਾਰੋਬਾਰੀ ਹਨ। ਪੰਜਾਬ ਦਾ ਸਿੱਖ ਮੁੱਖ ਰੂਪ ਵਿਚ ਕਿਸਾਨ ਹੈ। ਬਾਦਲ ਧੜੇ ਦਾ ਕਹਿਣਾ ਹੈ ਕਿ ਕਾਂਗਰਸ ਦੀ ਸ਼ਹਿ 'ਤੇ ਸਰਨਾ, ਭੂਗੋਲਿਕ ਆਧਾਰ 'ਤੇ ਸਿੱਖਾਂ ਨੂੰ ਵੰਡ ਰਹੇ ਹਨ।

ਇਕ ਹੋਰ ਕਾਰਨ ਜੱਟ-ਸਿੱਖ ਬਨਾਮ, ਗੈਰ-ਜੱਟ ਟਕਰਾਅ ਵੀ ਹੈ। ਦਿੱਲੀ ਦਾ ਆਮ ਸਿੱਖ, ਪੰਜਾਬੀ ਸਿੱਖਾਂ ਤੋਂ ਡਰਦਾ ਹੈ। ਪੰਜਾਬੀ ਸਿੱਖ ਦਾ ਅਕਸ ਗੁੱਸੇਖੋਰ ਵਾਲਾ ਹੈ ਜਦਕਿ ਨਵੀਂ ਦਿੱਲੀ ਦੇ ਸਿੱਖ ਵਪਾਰੀ ਕਾਰੋਬਾਰੀ ਤੇ ਬੌਧਿਕਤਾ ਨਾਲ ਸਬੰਧ ਰੱਖਦੇ ਹਨ ਤੇ ਸੁਭਾਅ ਪੱਖੋਂ ਗੱਲਬਾਤ ਵਾਲੇ ਰਾਹ ਦੇ ਹਾਮੀ ਹੈ। ਸਰਨਾ ਦੇ ਸਮਰਥਕ ਗੈਰ-ਜੱਟ ਸਿੱਖ ਹਨ। ਬਾਦਲ ਦਲ ਦਾ ਪ੍ਰਧਾਨਗੀ ਦੇ ਅਹੁਦੇ ਵਾਲਾ ਉਮੀਦਵਾਰ ਮਨਜੀਤ ਸਿੰਘ ਜੀ.ਕੇ. ਵੀ ਗੈਰ-ਜੱਟ ਹੈ।

ਜਿਸ ਤਰ੍ਹਾਂ ਕੁਝ ਉਮੀਦਵਾਰ ਮੁਕਾਬਲੇ ਵਿਚੋਂ ਬਾਹਰ ਹੋਏ ਜਾਂ ਵਿਰੋਧੀਆਂ ਦੇ ਹੱਕ ਵਿਚ ਬੈਠੇ, ਇਸ ਤੋਂ ਇਹ ਖਦਸ਼ੇ ਉਠੇ ਕਿ ਇਹ ਕਿਤੇ ਕਿਸੇ ਦਬਾਅ ਜਾਂ ਪੈਸੇ ਦੀ ਸ਼ਕਤੀ ਅਧੀਨ ਤਾਂ ਨਹੀਂ ਹੋਇਆ। ਸਰਨਾ ਦਾ ਕਹਿਣਾ ਸੀ ਕਿ ਇਹ ਬਾਦਲਾਂ ਦੇ ਧਨ ਦਾ ਕ੍ਰਿਸ਼ਮਾ ਹੈ। ਸੁਖਬੀਰ ਬਾਦਲ ਦਾ ਕਹਿਣਾ ਸੀ ਕਿ ਲੋਕ ਸਰਨੇ ਤੋਂ ਅੱਕੇ ਪਏ ਹਨ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚਲਦੇ ਸਕੂਲਾਂ-ਕਾਲਜਾਂ ਬਾਰੇ ਵੀ ਦੋਵੇਂ ਧਿਰਾਂ ਨੇ ਆਪੋ ਆਪਣੀ ਤਰ੍ਹਾਂ ਦੇ ਦਾਅਵੇ ਕੀਤੇ। ਬਾਲਾ ਸਾਹਿਬ ਗੁਰਦੁਆਰਾ ਨੇੜੇ ਬਣੇ ਹਸਪਤਾਲ ਬਾਰੇ ਵੀ ਸਰਨਾ ਨੂੰ ਬਹੁਤ ਸਾਰੇ ਸੁਆਲਾਂ ਦਾ ਸਾਹਮਣਾ ਕਰਨਾ ਪਿਆ ਸੀ। ਸਿੱਖਾਂ ਦਾ ਵੱਡਾ ਹਿੱਸਾ ਵਧੇਰੇ ਪਾਰਦਰਸ਼ਤਾ ਹੋਣ ਬਾਰੇ ਮਹਿਸੂਸ ਕਰਨ ਲੱਗਿਆ ਹੈ।

# ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਪਲੇਠੀ ਮੀਟਿੰਗ ਨੇ ਰੰਗ ਬੰਨ੍ਹੇ

**ਨਿਊ ਯਾਰਕ (ਬਿਊਰੋ):** ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਸਾਲ 2013 ਦੀ ਪਲੇਠੀ ਮੀਟਿੰਗ 19 ਜਨਵਰੀ ਨੂੰ ਕਾਰਟਰੇਟ ਨਿਊ ਜਰਸੀ ਵਿਚ ਅਵਤਾਰ ਸ਼ੇਰਪੁਰੀ ਅਤੇ ਜਗਮੋਹਨ ਸਿੰਘ ਦੇ ਘਰ ਹੋਈ। ਜੋ ਨਾ ਸਿਰਫ ਸਾਹਿਤਕ ਕ੍ਰਿਤਾਂ ਅਤੇ ਗੀਤ ਸੰਗੀਤ ਦਾ ਇਕ ਮੇਲਾ ਹੀ ਹੋ ਨਿਬੜੀ ਸਗੋਂ ਧੀਆਂ ਦੀ ਲੋਹੜੀ ਮਨਾਏ ਜਾਣ ਦਾ ਸੁਨੇਹਾ ਦੇਣ ਦਾ ਵੀ ਇਕ ਸਬੱਬ ਬਣ ਗਈ।

ਮੀਟਿੰਗ ਦੇ ਸ਼ੁਰੂ ਵਿਚ ਸਭਾ ਦੀ ਤਰਫੋਂ ਪ੍ਰੇਮ ਮਾਨ ਨੇ ਸਭ ਦੋਸਤਾਂ ਅਤੇ ਖਾਸ ਕਰ ਜਗਮੋਹਨ ਸਿੰਘ ਅਤੇ ਉਨ੍ਹਾਂ ਦੇ ਸਾਰੇ ਪਰਿਵਾਰ ਨੂੰ ਬੇਟੀ ਦੇ ਜਨਮ ਮੌਕੇ ਲੋਹੜੀ ਦੀਆਂ ਵਧਾਈਆਂ



ਮੇਸ਼ੀ ਬੰਗੜ, ਰੇਸ਼ਮ ਸਿੰਘ ਰੇਸ਼ਮ ਅਤੇ ਅਜਾਇਬ ਸਿੰਘ

ਦਿੱਤੀਆਂ। ਰਚਨਾਵਾਂ ਦੇ ਦੌਰ ਵਿਚ ਕੁਲਦੀਪ ਸੇਠੀ ਨੇ ਆਪਣੀਆਂ ਦੋ ਕਵਿਤਾਵਾਂ-ਇਕ ਪੰਜਾਬੀ ਤੇ ਇਕ ਉਰਦੂ ਵਿਚ ਤਰੰਨਮ ਵਿਚ ਪੜ੍ਹ ਕੇ ਸੁਣਾਈਆਂ, ਜਿਨ੍ਹਾਂ ਦੇ ਬੋਲ ਸਨ, ਆਓ ਨਵੀਂ ਇਕ ਰਾਹ ਬਣਾਈਏ, ਅਤੇ ਮੁਝੇ ਮੇਰੇ ਇਸ਼ਕ ਪੇ ਇਤਨਾ ਤੋ ਨਾਜ਼ ਹੈ। ਗਾਇਕ ਮੇਸ਼ੀ ਬੰਗੜ ਨੇ ਇਕ ਗੀਤ 'ਭੁੱਲ ਗਈ ਏਂ ਸਾਨੂੰ ਹੁਣ ਯਾਦ ਵੀ ਨਾ ਕਰਦੀ' ਅਤੇ ਕਮਲ ਪਾਲ ਦੀ ਲਿਖੀ ਇਕ ਗ਼ਜ਼ਲ 'ਆਪ ਦੀ ਇਸ ਸ਼ਹਿਰ ਅੰਦਰ ਪਾਰਸਾਈ ਹੈ ਬੜੀ, ਆਪ ਨੂੰ ਆਬੋ ਹਵਾ ਰਾਸ ਆਈ ਹੈ ਬੜੀ' ਆਪਣੀ ਸੁਰੀਲੀ ਅਵਾਜ਼ ਵਿਚ ਸੁਣਾਈ।

ਗਾਇਕ ਰੇਸ਼ਮ ਸਿੰਘ ਰੇਸ਼ਮ ਨੇ ਆਪਣੇ ਪਿਆਰੇ ਅੰਦਾਜ਼ ਵਿਚ ਦੋ ਪੰਜਾਬੀ ਗੀਤ 'ਚੰਨ ਭਾਵੇਂ ਨਿੱਤ ਚੜ੍ਹਦਾ ਸਾਨੂੰ ਸੱਜਣਾਂ ਬਾਝ ਹਨੇਰਾ ਅਤੇ ਨੀ ਤੇਰੀਆਂ ਬੇਰੰਗ ਚਿੱਠੀਆਂ ਘੁੱਟ ਘੁੱਟ ਕੇ ਕਲੇਜੇ ਨਾਲ ਲਾਵਾਂ' ਸੁਣਾਏ ਅਤੇ ਉਸ ਦੇ ਅੰਦਾਜ਼ ਨੇ ਦੀਦਾਰ ਸੰਧੂ ਅਤੇ ਕਰਨੈਲ ਸਿੰਘ ਵਰਗੇ ਗਾਇਕਾਂ ਦੇ ਪੁਰਾਣੇ ਦੌਰ ਦੀ ਯਾਦ ਤਾਜ਼ਾ ਕਰਵਾ ਦਿੱਤੀ। ਰਾਜਿੰਦਰ ਕੌਰ ਨੇ ਆਪਣੀ ਸ਼ਰਮੀਲੀ ਅਤੇ ਪਿਆਰੀ ਆਵਾਜ਼ ਵਿਚ 'ਇਨ੍ਹਾਂ ਅੱਖੀਆਂ 'ਚ ਪਾਵਾਂ ਕਿਵੇਂ ਕਜਲਾ ਵੇ ਅੱਖੀਆਂ 'ਚ ਤੂੰ ਵੱਸਦਾ' ਗਾ ਕੇ ਸੁਰਿੰਦਰ ਕੌਰ ਦੀ ਯਾਦ ਤਾਜ਼ਾ ਕਰਾ ਦਿੱਤੀ। ਰੀਤਾ ਕੋਹਲੀ ਨੇ ਨੁਸਰਤ ਦਾ ਗਾਇਆ ਗੀਤ 'ਸਾਨੂੰ ਇਕ ਪਲ ਚੈਨ ਨਾ ਆਵੇ ਸੱਜਣਾਂ ਤੇਰੇ ਬਿਨਾਂ' ਗਾ ਕੇ ਸਰੋਤਿਆਂ ਤੋਂ ਵਾਹ ਵਾਹ ਖੱਟੀ। ਅਵਤਾਰ ਸ਼ੇਰਪੁਰੀ ਨੇ ਸੁਖਵਿੰਦਰ ਅੰਮ੍ਰਿਤ ਦੀ ਗ਼ਜ਼ਲ 'ਤੁਸੀਂ ਸਭ ਫ਼ੁਲ ਚੁੱਕ ਲੈਣੇ, ਅਸੀਂ ਅੰਗਿਆਰ ਚੁੱਕਾਂਗੇ' ਅਤੇ ਹਰੀ ਸਿੰਘ ਮੋਹੀ ਦੀ ਗ਼ਜ਼ਲ 'ਕਿਸ ਸਾਦਗੀ ਦੇ ਨਾਲ ਦੇਖੋ ਉਹ ਛੱਲ ਰਹੇ ਨੇ' ਸੁਣਾਈਆਂ। ਅਜਾਇਬ ਸਿੰਘ ਨੇ ਪੰਜਾਬੀ ਗੀਤ 'ਮੂੰਹ ਵਟਿਆ ਕਸੈਲੀ ਅੱਖ ਰੱਖਦਾ' ਗਾ ਕੇ ਹਾਸੇ ਦਾ ਰੰਗ ਬਿਖੇਰ ਦਿੱਤਾ। ਭਗਵਾਨ ਸਿੰਘ ਘਨੌਰ ਨੇ ਆਪਣੀਆਂ ਦੋ ਗ਼ਜ਼ਲਾਂ 'ਰਹਿ ਲਿਆ ਦਿਨ ਚਾਰ ਤੇਰੇ ਸ਼ਹਿਰ ਵਿਚ। ਹੁਣ ਪ੍ਰਾਹੁਣੇ ਯਾਰ ਤੇਰੇ ਸ਼ਹਿਰ ਵਿਚ' ਅਤੇ 'ਬਾਝ ਤੇਰੇ ਯਾਰ ਕਾਹਦੀ ਜ਼ਿੰਦਗੀ, ਦੇ ਸਕੇ ਨਾ ਪਿਆਰ ਕਾਹਦੀ ਜ਼ਿੰਦਗੀ' ਤੋਂ ਬਿਨਾਂ ਮਰਹੂਮ ਪ੍ਰਿੰ. ਤਖ਼ਤ ਸਿੰਘ ਬਾਰੇ ਵੀ ਕੁਝ ਗੱਲਾਂ ਕੀਤੀਆਂ। ਚੇਤਨ ਸੋਢੀ ਨੇ ਹਿੰਦੀ ਵਿਚ ਲਿਖੀਆਂ ਆਪਣੀਆਂ 3 ਕਵਿਤਾਵਾਂ ਸੁਣਾਈਆਂ।

ਇਸ ਸਾਹਿਤਕ ਮਹਿਫਿਲ ਨੂੰ ਗਲਪ ਦਾ ਰੰਗ ਦਿੰਦਿਆਂ ਮੁਮਤਾਜ਼ ਹੁਸੈਨ ਨੇ ਆਪਣੀ ਕਹਾਣੀ 'ਨਿਸ਼ਾਨ' ਪੜ੍ਹੀ ਜਿਸ ਵਿਚ ਉਸ ਨੇ ਧਾਰਮਿਕ ਵਿਚਾਰਾਂ ਦੇ ਆਧਾਰ 'ਤੇ ਲੋਕਾਂ ਵਲੋਂ ਇਕ ਦੂਜੇ ਨੂੰ ਕੀਤੀ ਜਾਂਦੀ ਨਫ਼ਰਤ 'ਤੇ ਚੋਟ ਕੀਤੀ। ਮੀਟਿੰਗ ਵਿਚ ਜਸਬੀਰ ਸਿੰਘ, ਜਗਮੋਹਨ ਸਿੰਘ, ਪਰਵਿੰਦਰ ਕੌਰ, ਗਗਨਦੀਪ ਸਿੰਘ, ਬੇਅੰਤ ਸਿੰਘ, ਅਵਤਾਰ ਦੇ ਮਾਤਾ ਕਮਲਜੀਤ ਕੌਰ, ਸਿਮਰਨ ਕੌਰ, ਸਿਮਰਨ ਦੇ ਮਾਤਾ ਜਰਨੈਲ ਕੌਰ, ਹਰਨੂਰ ਕੌਰ, ਹਰਲੀਨ ਕੌਰ, ਗੁਰਮਾਨ ਸਿੰਘ, ਸਿਕੰਦਰ ਸਿੰਘ ਤੇ ਇਕਮਜੋਤ ਕੌਰ ਹਾਜ਼ਰ ਸਨ।

## ਕਾਦਰੀ ਚੋਣ ਨਹੀਂ ਲੜਨਗੇ

**ਲਾਹੌਰ:** ਪਾਕਿਸਤਾਨ 'ਚ ਵਿਆਪਕ ਸੰਘਰਸ਼ ਵਿੱਢ ਕੇ ਸਰਕਾਰ ਨੂੰ ਵਖਤ ਪਾਉਣ ਵਾਲੇ ਤਾਹੀਰ-ਉਲ-ਕਾਦਰੀ ਨੇ ਐਲਾਨ ਕੀਤਾ ਹੈ ਕਿ ਉਹ, ਉਨ੍ਹਾਂ ਦੀ ਪਤਨੀ, ਦੋ ਪੁੱਤਰ, ਧੀਆਂ, ਨੂੰਹਾਂ ਤੇ ਜਵਾਈ ਲੋਕ ਸਭਾ ਚੋਣ ਨਹੀਂ ਲੜਨਗੇ।

ਸ੍ਰੀ ਕਾਦਰੀ ਨੇ ਕਿਹਾ ਕਿ ਇਹ ਫੈਸਲਾ ਸਿਆਸਤ ਵਿਚ ਪਰਿਵਾਰਵਾਦ ਨੂੰ ਠੱਲ੍ਹ ਪਾਉਣ ਲਈ ਲਿਆ ਗਿਆ ਹੈ।



# ਨਿਊ ਯਾਰਕ 'ਚ ਪ੍ਰੋ. ਧੂੰਦਾ ਦਾ ਗੋਲਡ ਮੈਡਲ ਨਾਲ ਸਨਮਾਨ

**ਨਿਊ ਯਾਰਕ (ਬਿਊਰੋ):** ਉੱਘੇ ਕਥਾਵਾਚਕ ਪ੍ਰੋ. ਸਰਬਜੀਤ ਸਿੰਘ ਧੂੰਦਾ ਦਾ ਨਿਊ ਯਾਰਕ ਅਤੇ ਈਸਟ ਕੋਸਟ ਦੇ ਵੱਖ ਵੱਖ ਸ਼ਹਿਰਾਂ ਵਿਚ ਪਹੁੰਚਣ ਉਤੇ ਭਰਵਾਂ ਸਵਾਗਤ ਕੀਤਾ ਗਿਆ ਅਤੇ ਕਈ ਥਾਂਈਂ ਉਨ੍ਹਾਂ ਦਾ ਗੋਲਡ ਮੈਡਲ ਦੇ ਕੇ ਮਾਣ ਸਨਮਾਨ ਕੀਤਾ ਗਿਆ। ਪ੍ਰੋ. ਧੂੰਦਾ ਵਾਸ਼ਿੰਗਟਨ ਸਟੇਟ ਅਤੇ ਕੈਲੀਫੋਰਨੀਆ ਦੇ ਆਪਣੇ ਦੌਰੇ ਉਪਰੰਤ 21 ਜਨਵਰੀ ਨੂੰ ਨਿਊ ਯਾਰਕ ਪਹੁੰਚੇ ਸਨ। ਏਅਰਪੋਰਟ ਉਤੇ ਉਨ੍ਹਾਂ ਦਾ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦੇ ਪ੍ਰਧਾਨ ਭਾਈ ਗੁਰਮੇਜ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਸਵਾਗਤ ਕੀਤਾ ਗਿਆ।

ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦੀਆਂ ਸੰਗਤਾਂ ਵਲੋਂ ਦਿੱਤਾ ਗਿਆ ਗੋਲਡ ਮੈਡਲ ਗੁਰੂ ਘਰ ਦੇ ਪ੍ਰਧਾਨ ਸ. ਗੁਰਮੇਜ ਸਿੰਘ ਨੇ ਪ੍ਰੋ. ਧੂੰਦਾ ਦੇ ਗਲ ਪਾ ਕੇ ਉਨ੍ਹਾਂ ਦਾ ਸਨਮਾਨ ਕੀਤਾ। ਇਥੇ ਗੁਰਦੁਆਰਾ ਸ੍ਰੀ ਗੁਰੂ ਰਵੀਦਾਸ ਸਭਾ ਵਿਖੇ ਗੁਰੂ ਘਰ ਦੇ ਪ੍ਰਧਾਨ ਭਾਈ ਨਿਰਮਲ ਸਿੰਘ, ਚੇਅਰਮੈਨ ਸ੍ਰੀ ਨੰਦ ਲਾਲ ਅਤੇ ਸਕੱਤਰ ਚਰਨਜੀਤ ਸਿੰਘ ਝੱਲੀ ਅਤੇ ਸ੍ਰੀ ਗੁਰੂ ਰਵੀਦਾਸ ਵੈਲਫੇਅਰ ਸੋਸਾਇਟੀ ਵਲੋਂ ਪ੍ਰੋ. ਧੂੰਦਾ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਪ੍ਰੋ. ਧੂੰਦਾ ਨੇ ਆਪਣੇ ਕਥਾ ਪ੍ਰਵਾਹ ਰਾਹੀਂ ਸੰਗਤਾਂ ਨੂੰ ਭਰਮ-ਭੁਲੇਖਿਆਂ, ਧਾਗੇ-ਤਵੀਤਾਂ ਅਤੇ ਪਖੰਡੀ ਬਾਬਿਆਂ ਦੇ ਚੁੰਗਲ 'ਚੋਂ ਬਚਣ ਲਈ ਪ੍ਰੇਰਨਾ ਕੀਤੀ।

ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ ਵਲੋਂ ਪ੍ਰੋ. ਧੂੰਦਾ ਦਾ ਸਨਮਾਨ ਕੀਤਾ ਗਿਆ। ਪ੍ਰੋ. ਧੂੰਦਾ ਨੂੰ ਸੁਸਾਇਟੀ ਦੇ ਮੈਂਬਰਾਂ-ਸ਼ਮਸ਼ੇਰ ਸਿੰਘ ਢਿੱਲੋਂ, ਗੁਰਰਤਨ ਸਿੰਘ ਤੇ ਪਰਵਿੰਦਰ ਸਿੰਘ ਢਿੱਲੋਂ ਨੇ ਸੁਸਾਇਟੀ ਦੀ ਤਰਫੋਂ ਸਿਰੋਪਾਓ ਦੇ ਕੇ ਸਨਮਾਨ ਕੀਤਾ।

ਜ਼ਿਕਰਯੋਗ ਹੈ ਕਿ ਪ੍ਰੋ. ਧੂੰਦਾ ਨੇ ਨਿਊ ਯਾਰਕ ਤੋਂ ਇਲਾਵਾ ਹੋਰਨਾਂ ਸ਼ਹਿਰਾਂ ਵਿਚ ਵੀ ਪਿਛਲੇ ਹਫਤੇ ਕਥਾ-ਵਿਚਾਰ ਕੀਤੀ। ਪ੍ਰੋ. ਧੂੰਦਾ ਸਭ ਤੋਂ ਪਹਿਲਾਂ 21 ਜਨਵਰੀ ਨੂੰ ਗੁਰੂ ਤੇਗ ਬਹਾਦਰ ਫਾਉਂਡੇਸ਼ਨ ਸਿੱਖ ਸੈਂਟਰ ਨੌਰਵਾਕ ਕਨੈਕਟੀਕਟ ਪਹੁੰਚੇ, 22 ਜਨਵਰੀ ਸ਼ਾਮ ਨੂੰ ਉਨ੍ਹਾਂ ਨੇ ਗੁਰਦੁਆਰਾ ਮਿੱਡ ਹਡਸਨ ਸਿੱਖ ਕਲਚਰਲ ਸੋਸਾਇਟੀ, ਫਿਸ਼ਕਿਲ ਗੁਰਦੁਆਰਾ ਸਾਹਿਬ, ਨਿਊ ਯਾਰਕ ਅਤੇ 23 ਜਨਵਰੀ ਨੂੰ ਉਨ੍ਹਾਂ ਨੇ ਬਾਲਟੀਮੋਰ (ਮੇਰੀਲੈਂਡ) ਵਿਖੇ ਕਥਾ ਕੀਤੀ। 24 ਜਨਵਰੀ ਉਨ੍ਹਾਂ ਨੇ ਪੰਜਾਬੀਆਂ ਦੀ ਵੱਡੀ ਗਿਣਤੀ ਵਾਲੇ ਨਿਊ ਜਰਸੀ ਦੇ ਸ਼ਹਿਰ ਕਾਰਟਰੈਟ ਵਿਖੇ ਇੱਕ ਸੈਮੀਨਾਰ 'ਚ ਸਿੱਖ ਸੰਗਤਾਂ ਨਾਲ ਗੁਰਮਤਿ ਦੀ ਰੋਸ਼ਨੀ ਅਨੁਸਾਰ ਵਿਚਾਰਾਂ ਦੀ ਸਾਂਝ ਪਾਈ।

26 ਜਨਵਰੀ ਸ਼ਾਮ ਨੂੰ ਫਿਲਾਡੈਲਫੀਆ ਦੇ ਗੁਰੂਘਰ ਵਿਖੇ ਪ੍ਰੋ. ਧੂੰਦਾ ਨੇ ਕਥਾ ਕੀਤੀ ਜਿੱਥੇ ਸੰਗਤਾਂ ਭਾਰੀ ਗਿਣਤੀ 'ਚ ਪਹੁੰਚੀਆਂ। 27 ਜਨਵਰੀ ਐਤਵਾਰ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਸਵੇਰੇ ਅਖੰਡ ਪਾਠ ਦੇ ਭੋਗ ਪੈਣ ਉਪਰੰਤ ਪ੍ਰੋ. ਧੂੰਦਾ ਨੇ ਕਥਾ ਕੀਤੀ। ਐਤਵਾਰ ਸ਼ਾਮ ਦੇ ਸਮੇਂ ਪ੍ਰੋ. ਧੂੰਦਾ ਨੇ ਮਿਡਲ ਟਾਊਨ ਨਿਊ ਯਾਰਕ ਵਿਖੇ ਕਥਾ ਕੀਤੀ ਅਤੇ ਇਹ ਪ੍ਰਚਾਰ ਲੜੀ ਪੂਰੀ ਹੋਣ 'ਤੇ ਉਹ ਕੈਨੇਡਾ ਦੇ ਪ੍ਰਚਾਰ ਦੌਰੇ 'ਤੇ ਚਲੇ ਗਏ। ਜ਼ਿਕਰਯੋਗ ਹੈ ਕਿ ਪ੍ਰੋ. ਧੂੰਦਾ ਇਸ ਪ੍ਰਚਾਰ ਦੌਰੇ 'ਤੇ 'ਸਿੱਖ ਵਰਲਡ ਫੈਡਰੇਸ਼ਨ' ਦੇ ਸੱਦੇ 'ਤੇ ਆਏ ਸਨ। ਪ੍ਰੋ. ਸਰਬਜੀਤ ਸਿੰਘ ਧੂੰਦਾ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਨਾਲ ਸਬੰਧਤ ਹਨ ਅਤੇ ਗੁਰਬਾਣੀ ਦੀ ਬੜੀ ਸਰਲ ਵਿਆਖਿਆ ਕਰਦੇ ਹਨ। ਪਿਛਲੇ ਕਾਫੀ ਸਮੇਂ ਤੋਂ ਉਹ ਦਿੱਲੀ ਦੇ ਬੰਗਲਾ ਸਾਹਿਬ ਗੁਰਦੁਆਰਾ ਸਾਹਿਬ ਤੋਂ ਕਥਾ ਕਰਦੇ ਹਨ ਜੋ ਚੜ੍ਹਦੀ ਕਲਾ ਟੀ.ਵੀ. ਰਾਹੀਂ ਇੰਡੀਆ ਤੋਂ ਸਿੱਧੀ ਪ੍ਰਸਾਰਤ ਹੁੰਦੀ ਹੈ ਅਤੇ ਜ਼ੀ ਟੀ ਵੀ ਰਾਹੀਂ ਵੀ ਪ੍ਰਸਾਰਤ ਹੁੰਦੀ ਹੈ।

ਨਿਊ ਯਾਰਕ ਅਤੇ ਗਵਾਂਢੀ ਹੋਰ 4 ਸਟੇਟਾਂ 'ਚ ਉਨ੍ਹਾਂ ਨੂੰ ਇਥੇ ਲਿਆਉਣ ਲਈ ਮੁੱਖ ਭੂਮਿਕਾ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦੇ ਪ੍ਰਧਾਨ ਸ. ਗੁਰਮੇਜ ਸਿੰਘ ਅਤੇ ਉਨ੍ਹਾਂ ਦੀ ਸਮੁੱਚੀ ਕਮੇਟੀ ਨੇ ਨਿਭਾਈ। ਇਸ ਦੌਰੇ ਦੇ ਪ੍ਰਬੰਧ 'ਚ ਪਰਮਜੀਤ ਸਿੰਘ ਬੇਗੋਵਾਲ, ਰਾਜਿੰਦਰ ਸਿੰਘ, ਜਸਮਿੱਤਰ ਸਿੰਘ ਮੁਜੱਫਰਪੁਰ, ਧਰਮ ਸਿੰਘ ਫਿਲਾਡੈਲਫੀਆ, ਦਵਿੰਦਰ ਸਿੰਘ ਨੌਰਵਾਕ, ਨਿਰਮਲ ਸਿੰਘ ਨਿਊ ਯਾਰਕ, ਕਸ਼ਮੀਰ ਸਿੰਘ ਫਿਲਾਡੈਲਫੀਆ, ਕਾਰਜ਼ ਸਿੰਘ ਸੰਧੂ ਫਿਲਾਡੈਲਫੀਆ, ਇੰਦਰਜੀਤ ਸਿੰਘ ਧਾਲੀਵਾਲ ਮਿੱਡ ਹਡਸਨ ਨਿਊ ਯਾਰਕ ਵੀ ਸਹਿਯੋਗੀ ਸਨ।

ਬੇਗੋਵਾਲ ਇੰਟਰਨੈਸ਼ਨਲ ਵੈਲਫੇਅਰ ਸੋਸਾਇਟੀ, ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸੋਸਾਇਟੀ, ਭਾਈ ਲਾਲੋ ਸਿੱਖ ਸੋਸਾਇਟੀ, ਸਾਕਾ ਜਥੇਬੰਦੀ ਨਿਊ ਜਰਸੀ, ਕਾਰਟਰੈਟ ਅਮੈਰੀਕਨ ਸਿੱਖ ਅਵੇਅਰਨੈਸ ਐਸੋਸੀਏਸ਼ਨ ਅਤੇ ਦਲ ਖਾਲਸਾ, ਪੰਥਕ ਸਿੱਖ ਸੋਸਾਇਟੀ, ਸ਼ਹੀਦ ਕਰਤਾਰ ਸਿੰਘ ਸਰਾਭਾ ਸੋਸਾਇਟੀ ਅਤੇ ਟਾਹਲੀ ਵੱਲਾ ਵੈਲਫੇਅਰ ਸੋਸਾਇਟੀ ਨੇ ਵੀ ਸਹਿਯੋਗ ਦਿੱਤਾ।


ਕੀ ਤੁਸੀਂ ਭਾਰ ਵਧਣ, ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕੇ ਰਹਿਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।

> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।



**Safe & Easy Weight Loss**

**Ph:317-886-4858**

*334 S Emerson Ave, Greenwood IN 46143*

*(Inside Indian Bazaar)*


www.punjabiweightloss.blogspot.com www.goherbalife.com/skaur






# ਸਿੱਖੀ ਦੇ ਸੁਨਹਿਰੇ ਭਵਿੱਖ ਦੇ ਸੁਭਾਗੇ ਸਮਾਚਾਰ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਪਤਝੜ ਦੀ ਰੁੱਤੇ ਬਾਗਾਂ ਵਿਚ ਸੁੱਕੇ ਖਿੰਘਰ ਹੋਏ ਦਰਖਤ-ਬੂਟੇ, ਚੌਗਿਰਦੇ ਵਿਚ ਉਦਾਸੀ ਭਰ ਦਿੰਦੇ ਹਨ। ਹਰਿਆਲੀ ਤੇ ਰੰਗਬਰੰਗੇ ਫੁੱਲਾਂ ਦੀ ਥਾਂ ਸੁੱਕੇ ਬਾਲਣ ਵਰਗੀਆਂ ਟਾਹਣੀਆਂ ਦੇਖ ਕੇ ਦਿਲ ਵਿਚ ਖੇੜਾ ਨਹੀਂ ਉਪਜਦਾ ਪਰ ਡੂੰਘੀ ਨੀਝ ਨਾਲ ਤੱਕਿਆਂ ਟਾਹਣੀਆਂ ਦੀਆਂ ਗੱਠਾਂ ਉਤੇ ਫੁੱਟਦੇ ਨਵੇਂ ਸੂਏ, ਸੂਚਨਾ ਦੇ ਰਹੇ ਪ੍ਰਤੀਤ ਹੁੰਦੇ ਹਨ ਕਿ ਧਰਵਾਸ ਰੱਖੋ, ਘਬਰਾਉ ਨਾ! ਬਸੰਤ ਆਉਣ ਹੀ ਵਾਲੀ ਹੈ। ਪੱਤਝੜਾਂ ਆਉਂਦੀਆਂ ਨੇ, ਚਲੀਆਂ ਜਾਂਦੀਆਂ ਨੇ। ਕਰੂੰਬਲਾਂ ਮੌਲਦੀਆਂ ਨੇ, ਹਰੇ ਕਚੂਚ ਲਿਸ਼ਕਵੇਂ ਪੱਤੇ ਬਨਸਪਤੀ ਦੀ ਸੋਭਾ ਵਧਾਉਂਦੇ ਨੇ। ਫੁੱਲ ਫਲ ਖਿੜ ਉਠਦੇ ਨੇ ਤੇ ਬਾਗ ਬਗੀਚਿਆਂ ਵਿਚ ਖੁਸ਼ੀਆਂ ਕਿੱਕਲੀ ਪਾਉਣ ਲੱਗ ਪੈਂਦੀਆਂ ਨੇ। ਦੇਖਣ ਵਾਲਿਆਂ ਦੀਆਂ ਰੂਹਾਂ ਨਸ਼ਿਆ ਉਠਦੀਆਂ ਨੇ। ਪਤਝੜ ਦੀਆਂ ਉਦਾਸੀਆਂ ਖੰਭ ਲਾ ਕੇ ਉਡ-ਪੁਡ ਜਾਂਦੀਆਂ ਹਨ।

ਇਸੇ ਤਰਜ਼ 'ਤੇ ਗੁਰੂ ਸਾਹਿਬ ਦੇ ਲਾਏ ਸਿੱਖੀ ਦੇ ਬਾਗ ਦੀ ਗੱਲ ਕਰ ਰਿਹਾ ਹਾਂ, ਜਿਸ ਬਾਗ 'ਤੇ ਛਾਈ ਹੋਈ ਪਤਝੜ ਦੀਆਂ ਮਨਹੂਸ ਖ਼ਬਰਾਂ ਸੁਣ ਸੁਣ ਕੇ ਨਿੰਮੋਝੂਣੀ ਛਾਈ ਰਹਿੰਦੀ ਹੈ। ਸਿਆਸਤ ਦੀ ਸਿਉਂਕ ਨੇ ਇਸ ਬਾਗ ਦੀ ਹਰਿਆਲੀ ਇਸ ਕਦਰ ਚੱਟਣੀ ਸ਼ੁਰੂ ਕੀਤੀ ਹੋਈ ਹੈ ਕਿ ਸਿੱਖ ਬੁੱਧੀਜੀਵੀਆਂ ਨੂੰ ਸੁੱਝਦਾ ਕੁਝ ਨਹੀਂ ਕਿ ਇਹਦਾ ਇਲਾਜ ਕੀ ਕੀਤਾ ਜਾਵੇ? ਗੁਰੂ ਦੇ ਸਾਜੇ ਇਸ ਨਿਰਮਲ ਬਾਗ ਦੀ ਬਦਹਾਲੀ ਦੇਖ ਕੇ ਝੂਰਦਿਆਂ ਨੂੰ ਕਦੇ ਕਦਾਈਂ ਐਸੀਆਂ ਖੁਸ਼ਨਸੀਬ ਜਾਣਕਾਰੀਆਂ ਮਿਲ ਜਾਂਦੀਆਂ ਹਨ, ਜੋ ਬਸੰਤ ਆਉਣ ਦੀ ਆਸ ਟੁੱਟਣ ਨਹੀਂ ਦਿੰਦੀਆਂ। ਕੁਝ



ਕੁਲਦੀਪ ਸਿੰਘ ਢੀਂਡਸਾ

ਕੁ ਵੇਰਵੇ ਇਥੇ ਵਰਣਨ ਕਰ ਰਿਹਾਂ, ਜਿਨ੍ਹਾਂ ਨੂੰ ਪੜ੍ਹ ਕੇ ਸਿੱਖ ਫਲਸਫੇ ਦੇ ਸ਼ੁਭਚਿੰਤਕਾਂ ਦੇ ਹਿਰਦੇ ਠੰਢਕ ਮਹਿਸੂਸ ਕਰਨਗੇ।

ਕਥਿਤ 'ਪੂਰਨ ਗੁਰ-ਮਰਯਾਦਾ' ਅਨੁਸਾਰ ਹੁੰਦੇ ਸਿੱਖ ਪਰਿਵਾਰਾਂ ਦੇ ਵਿਆਹਾਂ ਵਿਚ ਇਹ ਰਿਵਾਜ ਹੁਣ ਆਮ ਹੀ ਹੋ ਗਿਆ ਹੈ ਕਿ ਵਿਆਹੁੰਦੜ ਮੁੰਡੇ ਦੇ ਸਿਰ 'ਤੇ ਬੱਝੀ ਪੱਗ, ਅਨੰਦ ਕਾਰਜ ਦੀ ਸਮਾਪਤੀ ਵਾਲੀ ਅਰਦਾਸ ਦੇ ਜੈਕਾਰੇ ਤੱਕ ਹੀ ਦਿਖਾਈ ਦਿੰਦੀ ਹੈ। ਉਸ ਤੋਂ ਫੌਰਨ ਬਾਅਦ ਮੁੰਡੇ ਦੇ ਮੂੰਹ 'ਤੇ ਦਿਸਦੀ ਨਿੱਕੀ ਨਿੱਕੀ 'ਆਰਜ਼ੀ ਦਾੜ੍ਹੀ' ਅਤੇ ਪੱਗ, ਦੋਵੇਂ ਅਲੋਪ ਹੋ ਜਾਂਦੀਆਂ



ਮਨਸੁਖਪ੍ਰੀਤ ਕੌਰ

ਹਨ। ਲੱਗਦਾ ਹੈ ਕਿ ਅਜਿਹੇ ਨੌਜਵਾਨ- 'ਜਿਨ੍ਹਾਂ ਸਿੱਖੀ ਕੇਸਾਂ ਸੰਗ ਨਿਬਾਹੀ...' ਵਾਲੀ ਅਰਦਾਸ ਸੁਣਨ ਤੋਂ ਬਾਅਦ, ਸਿੱਧੇ ਨਾਈ ਦੀ ਦੁਕਾਨ 'ਤੇ ਜਾ ਪਹੁੰਚਦੇ ਹੋਣਗੇ। ਸਿੱਖੀ ਸਰੂਪ ਲਈ ਇਹ ਅਤਿ-ਘਾਤਕ ਵਰਤਾਰਾ ਹੁਣ ਵਿਦੇਸ਼ਾਂ ਤੇ ਕੀ, ਪੰਜਾਬ ਵਿਚ ਵੀ ਬੁਰੀ ਤਰ੍ਹਾਂ ਫੈਲ ਚੁੱਕਾ ਹੈ। ਸੁਣਿਆ ਹੈ ਕਿ ਹੁਣ ਸਿੱਖ ਪਾਰਲੀਮੈਂਟ, ਭਾਵ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੇ ਬੱਚੇ ਵੀ ਇਸ ਮਾਰੂ ਫੈਸ਼ਨ ਦੀ ਲਪੇਟ ਵਿਚ ਆਉਣ ਲੱਗ ਪਏ ਹਨ।

ਲੇਕਿਨ ਬੀਤੇ ਵਰ੍ਹੇ 2012 ਦੇ ਨਵੰਬਰ ਮਹੀਨੇ ਮੈਨੂੰ ਇਕ ਅਜਿਹੇ ਵਿਆਹ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ, ਜਿਸ ਦੀ ਨਿਰਾਲੀ ਛਬਿ ਦੇਖ ਕੇ ਬੁੱਲ੍ਹਾਂ 'ਚੋਂ ਆਪ ਮੁਹਾਰੇ ਨਿਕਲ ਗਿਆ, 'ਇਹਨੂੰ ਕਹਿੰਦੇ ਨੇ ਪੂਰਨ ਗੁਰ-ਮਰਯਾਦਾ।'

ਫਰਿਜ਼ਨੋ ਸ਼ਹਿਰ 'ਚ ਰਹਿੰਦੇ ਮੇਰੇ ਪਾਠਕ ਦੋਸਤ ਗੁਰਮੁਖ ਪਿਆਰੇ ਸ. ਬਲਵਿੰਦਰ ਸਿੰਘ ਨੇ ਤਿੰਨ ਮਹੀਨੇ ਪਹਿਲੋਂ ਹੀ ਮੈਨੂੰ ਆਪਣੀ ਬੇਟੀ ਦੇ ਵਿਆਹ ਦੀ ਸੂਚਨਾ ਦੇ ਦਿੱਤੀ ਤਾਂ ਕਿ ਮੈਂ ਕੰਮ ਤੋਂ ਛੁੱਟੀ ਦਾ ਇੰਤਜ਼ਾਮ ਕਰ ਸਕਾਂ। ਵਿਆਹ ਤੋਂ ਦੋ ਹਫ਼ਤੇ ਪਹਿਲਾਂ ਉਨ੍ਹਾਂ ਸਾਡੇ ਘਰੇ ਇਕ ਕਲੀਨਸ਼ੇਵ ਨੌਜਵਾਨ ਹੱਥ ਲੱਡੂਆਂ ਨਾਲ ਕਾਰਡ ਵੀ ਭੇਜ ਦਿੱਤਾ। ਨਾਲ ਹੀ ਮੈਨੂੰ ਇਹ ਹਦਾਇਤ ਵੀ ਭੇਜ ਦਿੱਤੀ ਕਿ ਤੁਹਾਨੂੰ ਇਹੀ ਮੁੰਡਾ ਫਰਿਜ਼ਨੋ ਲੈ ਕੇ ਆਵੇਗਾ; ਇਹਦੇ ਨਾਲ ਹੀ ਵਿਆਹ 'ਤੇ ਪਹੁੰਚਣ ਦਾ ਪ੍ਰੋਗਰਾਮ ਤੈਅ ਕਰ ਲੈਣਾ।

ਵਿਆਹ ਤੋਂ ਇਕ ਦਿਨ ਪਹਿਲਾਂ ਸ਼ਾਮ ਨੂੰ ਮੈਨੂੰ ਵੀਰ ਬਲਵਿੰਦਰ ਸਿੰਘ ਦਾ ਫਿਰ ਫੋਨ ਆ ਗਿਆ ਕਿ ਕੱਲ੍ਹ ਨੂੰ ਤੁਸੀਂ ਜਿਸ ਕਲੀਨਸ਼ੇਵ ਮੁੰਡੇ ਨਾਲ ਫਰਿਜ਼ਨੋ ਆ ਰਹੇ ਹੋ, ਰਾਹ ਵਿਚ ਉਸ ਨੇ ਤੁਹਾਡੇ ਨਾਲ 'ਕੁਝ ਜ਼ਰੂਰੀ' ਗੱਲਾਂ ਕਰਨੀਆਂ ਹਨ। ਉਹਨੂੰ ਸੁਣ ਲਿਉ, ਟਾਲਾ ਨਾ ਵੱਟਿਉ। ਖ਼ੈਰ, ਦੂਜੇ ਦਿਨ ਸੁਵਖਤੇ ਜਦੋਂ ਉਹ ਮੁੰਡਾ ਮੈਨੂੰ ਲੈਣ ਆਇਆ, ਤਾਂ ਮੈਂ ਉਸ ਨੂੰ ਦੇਖ ਕੇ ਹੈਰਾਨ ਹੀ ਰਹਿ ਗਿਆ। ਦੋ ਹਫ਼ਤੇ ਪਹਿਲਾਂ ਸਫਾਚੱਟ ਦਿਖਾਈ ਦਿੰਦੇ ਮੁੰਡੇ ਨੇ ਹੁਣ ਸਿਰ ਉਤੇ ਪਟਿਆਲਾਸ਼ਾਹੀ ਦਸਤਾਰ ਵੀ ਸਜਾਈ ਹੋਈ ਸੀ ਤੇ ਉਸ ਦੀ ਦਾੜ੍ਹੀ ਵੀ ਵਧੀ ਹੋਈ ਸੀ। ਰਾਹ ਵਿਚ ਜਾਂਦਿਆਂ ਉਹਦੀਆਂ 'ਜ਼ਰੂਰੀ ਗੱਲਾਂ' ਸੁਣ ਕੇ ਮੇਰੀਆਂ ਹੋਰ ਵਾਛਾਂ ਖਿੜ ਗਈਆਂ! ਉਹ ਅਸਲ ਵਿਚ ਅੰਮ੍ਰਿਤਪਾਨ ਕਰਨ ਲਈ ਤਿਆਰ ਹੋ ਚੁੱਕਾ ਸੀ ਅਤੇ ਮੈਥੋਂ ਰਹਿਤਾਂ-ਕੁਰਹਿਤਾਂ ਜਾਂ ਗੁਰਮਤਿ ਬਾਰੇ ਕੁਝ ਹੋਰ ਜਾਣਕਾਰੀ ਲੈਣੀ ਚਾਹੁੰਦਾ ਸੀ। ਸੋ, ਅਸੀਂ ਸੈਨ ਹੋਜ਼ੇ ਤੋਂ ਫਰਿਜ਼ਨੋ ਤੱਕ ਢਾਈ ਘੰਟੇ ਸਿੱਖ ਜੀਵਨ-ਜਾਚ ਦੀ ਚਰਚਾ ਕਰਦਿਆਂ ਬਿਤਾਏ।

ਫਰਿਜ਼ਨੋ ਦਾ ਗੁਰਦੁਆਰਾ ਜਿਥੇ ਅਨੰਦ ਕਾਰਜ ਹੋਣਾ ਸੀ, 'ਲੱਖੀ ਜੰਗਲ ਖਾਲਸਾ, ਆਇ ਦੀਦਾਰ ਦਿਤੋ ਨੇ' ਦਾ ਅਲੌਕਿਕ ਨਜ਼ਾਰਾ ਪੇਸ਼ ਕਰ ਰਿਹਾ ਸੀ। 'ਚਮਕੇ ਸਿੰਘ ਭੁਜੰਗੀਏ ਨੀਲ ਅੰਮ੍ਰਿਤਧਾਰੇ' ਤੱਕ ਤੱਕ ਰੂਹਾਂ ਵਿਸਮਾਦਿਤ ਹੋ ਰਹੀਆਂ ਸਨ। ਬਿਨਾਂ ਕਿਸੇ ਕੰਨ ਪਾੜਵੇਂ ਬੈਂਡ-ਵਾਜੇ ਜਾਂ ਉਰਲੀਆਂ-ਪਰਲੀਆਂ ਰਸਮਾਂ ਤੋਂ, ਸਹਿਜ ਸਾਦਗੀ ਨਾਲ ਵਿਆਹ ਹੋਇਆ। ਗੁਰੂ ਮਹਾਰਾਜ ਅੱਗੇ, ਕਿਸੇ ਉਚੇਚੇ ਛੰਗਣ-ਮੰਗਣ ਤੋਂ ਨਿਰਲੇਪ ਬੈਠੀ ਸੁਭਾਗੀ ਜੋੜੀ ਦੇਖਦਿਆਂ, ਪੁਰਾਤਨ ਸਿੱਖਾਂ ਦੇ ਵਿਆਹਾਂ ਦੀ ਯਾਦ ਤਾਜ਼ਾ ਹੋ ਗਈ। ਕੋਈ ਭੜਕੀਲਾ ਫੈਸ਼ਨ ਨਹੀਂ, ਕੋਈ ਚੰਚਲਪੁਣਾ ਨਹੀਂ ਅਤੇ ਨਾ ਹੀ ਅਮੀਰੀ ਦੀ ਕੋਈ ਸ਼ੋਸ਼ੇਬਾਜ਼ੀ। ਆਮ ਪੰਜਾਬਣਾਂ ਵਾਲੇ ਸਾਧਾਰਨ, ਪਰ ਫੱਬਵੇਂ ਪਹਿਰਾਵੇ ਵਿਚ ਬੇਟੀ ਅਤੇ ਪੁਰਾਤਨ ਸਿੰਘਾਂ ਵਾਲੇ ਪਹਿਰਾਵੇ ਵਾਲੇ ਸਜੀਲੇ ਗੱਭਰੂ ਨੇ ਗੁਰੂ ਦੀ ਭੈਅ-ਭਾਵਨੀ 'ਚ ਅਨੰਦ ਕਾਰਜ ਸੰਪੂਰਨ ਕਰਵਾਏ।

ਮੈਨੂੰ ਦੱਸਿਆ ਗਿਆ ਕਿ ਵਿਆਹੁੰਦੜ ਲੜਕਾ ਇਕ ਅਮਰੀਕਨ ਯੂਨੀਵਰਸਿਟੀ ਤੋਂ ਡਿਗਰੀ ਲੈ ਕੇ ਫਰਿਜ਼ਨੋ ਕਾਊਂਟੀ ਦੇ ਫਾਇਨੈਂਸ਼ਲ ਅਡਵਾਈਜ਼ਰ ਦੀ ਜੌਬ ਕਰ ਰਿਹਾ ਹੈ ਅਤੇ ਬੀ.ਐਸਸੀ. ਡਿਗਰੀ ਹੋਲਡਰ ਬੇਟੀ ਵੀ ਬਹੁਤ ਵਧੀਆ ਜੌਬ ਕਰ ਰਹੀ ਹੈ। ਅੱਖੀਂ ਦੇਖਣ ਵਾਲਿਆਂ ਲਈ ਇਹ ਵਿਆਹ, ਮੇਰੇ ਵਾਂਗ ਹੀ ਯਾਦਗਾਰੀ ਤੇ ਮਿਸਾਲੀ ਸਮਾਗਮ ਹੋ ਨਿਬੜਿਆ ਹੋਵੇਗਾ।

ਨਿਰਾਸ਼ਾ ਮਿਟਾ ਕੇ ਕੁਝ ਕੁਝ ਧੀਰਜ ਬੰਨ੍ਹਾਉਣ ਵਾਲਾ ਦੂਜਾ ਕਿੱਸਾ ਵੀ ਮੇਰੀ ਹੱਡਬੀਤੀ ਹੀ ਹੈ। 'ਲਾਈਟ ਐਂਡ ਸਾਊਂਡ' ਰਾਹੀਂ ਸਿੱਖ ਇਤਿਹਾਸ ਦੇ ਵੱਖ-ਵੱਖ ਪ੍ਰਸੰਗ ਦੁਨੀਆਂ ਭਰ ਵਿਚ ਪ੍ਰਦਰਸ਼ਿਤ ਕਰਨ ਵਾਲੇ ਪ੍ਰਸਿੱਧ ਨਾਟਕਕਾਰ ਸ. ਚਰਨ ਸਿੰਘ 'ਸਿੰਧਰਾ' ਪਿਛਲੇ ਸਾਲ (2012) ਦੇ ਅਕਤੂਬਰ ਮਹੀਨੇ ਅਮਰੀਕਾ ਰਹਿੰਦੇ ਆਪਣੇ ਬੇਟੇ ਕੋਲ ਪਧਾਰੇ। ਉਨ੍ਹਾਂ ਫੋਨ 'ਤੇ ਮੈਨੂੰ ਦੱਸਿਆ ਕਿ ਉਹ ਇਥੋਂ ਦੇ ਪੰਜਾਬੀ ਸਾਹਿਤਕਾਰਾਂ ਨਾਲ ਇਕ ਮਿਲਣੀ ਕਰਨਾ ਚਾਹੁੰਦੇ ਨੇ। ਸ. ਸਿੰਧਰਾ ਦੀ ਅਮਰੀਕਾ ਆਮਦ ਬਾਰੇ ਮੈਂ ਖ਼ਬਰ ਵੀ ਛਪਵਾ ਦਿੱਤੀ ਅਤੇ ਨਾਲੇ ਉਨ੍ਹਾਂ ਦੀ ਇੱਛਾ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਕਰਤਿਆਂ-ਧਰਤਿਆਂ ਤੱਕ ਵੀ ਪਹੁੰਚਾ ਦਿੱਤੀ। ਸਿਰੇ ਦੀ ਫੁਰਤੀ ਦਿਖਾਉਂਦਿਆਂ ਸਾਹਿਤ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਅਤੇ ਡਾ. ਗੁਰਮੀਤ ਸਿੰਘ ਬਰਸਾਲ ਨੇ ਉਨ੍ਹਾਂ ਨੂੰ ਮਿਲ ਕੇ ਸ. ਸਿੰਧਰਾ ਦਾ ਸਨਮਾਨ ਸਮਾਰੋਹ ਵੀ ਉਲੀਕ ਲਿਆ।

ਇਨ੍ਹਾਂ ਦੋਹਾਂ ਸੱਜਣਾਂ ਨੇ ਸ. ਸਿੰਧਰਾ ਦੀ ਮਨਸ਼ਾ ਅਨੁਸਾਰ ਦਸੰਬਰ ਮਹੀਨੇ ਦੇ ਸ਼ਹੀਦੀ ਹਫ਼ਤੇ ਦੌਰਾਨ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਇਤਿਹਾਸ ਦਰਸਾਉਂਦੇ ਨਾਟਕ 'ਨਿੱਕੀਆਂ ਜਿੰਦਾਂ ਵੱਡੇ ਸਾਕੇ' ਦੀ ਤਿਆਰੀ ਅਰੰਭ ਦਿੱਤੀ। ਅਮਰੀਕਾ ਵਿਚ ਹੀ ਜਨਮੇ ਸੈਨ ਹੋਜ਼ੇ ਸ਼ਹਿਰ ਦੇ ਵਾਸੀ ਸਿੱਖ ਪਰਿਵਾਰਾਂ ਦੇ ਤੀਹ-ਚਾਲੀ ਬੱਚਿਆਂ ਨੂੰ ਦਿਨ-ਰਾਤ ਮਿਹਨਤ ਕਰ ਕੇ ਲਾਈਟ ਐਂਡ ਸਾਊਂਡ ਦਾ ਸਿਸਟਮ ਸਮਝਾਇਆ ਗਿਆ ਤੇ ਉਨ੍ਹਾਂ ਨੂੰ ਬਾਲੜੀ ਉਮਰ ਦੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੇ ਵੇਰਵੇ ਕੰਠ ਕਰਵਾਏ ਗਏ। ਸੈਨ ਹੋਜ਼ੇ ਗੁਰਦੁਆਰੇ ਵਿਚ ਪਹਿਲੀ ਵਾਰ ਹੀ ਖੇਡੇ ਗਏ ਖ਼ੂਨੀ ਦਾਸਤਾਨ ਵਾਲੇ ਇਸ ਨਾਟਕ ਨੂੰ ਦੇਖਣ ਵਾਲਿਆਂ ਦੀਆਂ ਅੱਖਾਂ 'ਚੋਂ ਤ੍ਰਿੱਪ ਤ੍ਰਿੱਪ ਹੰਝੂ ਕਿਰਦੇ ਮੈਂ ਖੁਦ ਦੇਖੇ। ਕਿਸੇ 'ਸਾਹਿਤ ਸਭਾ' ਦਾ ਸ਼ਾਇਦ ਇਹ ਪਹਿਲਾ ਪ੍ਰੋਗਰਾਮ ਹੋਵੇਗਾ ਜੋ



ਨਵੀਂ ਵਿਆਹੀ ਜੋੜੀ ਬੀਬੀ ਉਪਕਾਰ ਕੌਰ ਅਤੇ ਸ. ਰਾਜ ਸਿੰਘ

ਸ਼ਤ-ਪ੍ਰਤੀਸ਼ਤ ਸਿੱਖੀ ਪ੍ਰਚਾਰ ਨੂੰ ਸਮਰਪਿਤ ਸੀ। ਸੱਸੀਆਂ-ਸੋਹਣੀਆਂ ਜਾਂ ਹੀਰ-ਰਾਂਝਿਆਂ ਦੇ ਪ੍ਰੀਤ ਕਿੱਸੇ ਤਾਂ ਸਾਹਿਤ ਸਭਾਵਾਂ ਵਾਲੇ ਬਥੇਰੇ ਗਾਉਂਦੇ ਰਹਿੰਦੇ ਨੇ ਪਰ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦਾ ਇਹ ਵਿਲੱਖਣ ਪ੍ਰੋਗਰਾਮ ਸੀ। ਜਿਸ ਕਰ ਕੇ ਕੁਝ ਲੋਕਾਂ ਦੇ ਮੂੰਹੋਂ ਇਹ ਚੁਰ-ਚੁਰ ਵੀ ਸੁਣਨ ਨੂੰ ਮਿਲੀ ਕਿ 'ਲਉ ਜੀ, ਹੁਣ ਸਾਹਿਤ ਸਭਾ ਵਾਲੇ ਗੁਰਦੁਆਰਿਆਂ 'ਚ ਜਾ ਵੜੇ!' ਪਰ ਸ. ਸਿੰਧਰਾ ਤੇ ਉਨ੍ਹਾਂ ਦੀ ਟੀਮ ਦੇ ਇਸ ਨਿਵੇਕਲੇ ਉਦਮ ਸਦਕਾ ਤੀਹ-ਚਾਲੀ ਸਿੱਖ ਬੱਚਿਆਂ ਦੇ ਦਿਲਾਂ ਵਿਚੋਂ ਹੁਣ ਸਰਹੰਦ ਦੀ ਦਾਸਤਾਂ ਨਹੀਂ ਨਿਕਲ ਸਕੇਗੀ ਸਾਰੀ ਉਮਰ!

ਲਹੂ ਭਿੱਜੇ ਇਸ ਪ੍ਰਸੰਗ ਦਾ ਅਸਰ ਨਿੱਕੇ ਬੱਚਿਆਂ ਦੇ ਨਾਲ-ਨਾਲ ਵੱਡਿਆਂ 'ਤੇ ਵੀ ਹੋਇਆ। ਸਾਰੇ ਰੁਝੇਵੇਂ ਛੱਡ ਕੇ ਇਸ ਨਾਟਕ ਨੂੰ ਸਫ਼ਲ ਬਣਾਉਣ ਲਈ ਸਿਰਤੋੜ ਯਤਨ ਕਰਨ ਵਾਲੇ ਕੁਲਦੀਪ ਸਿੰਘ ਢੀਂਡਸਾ ਮਹੀਨੇ ਕੁ ਬਾਅਦ ਮੈਨੂੰ ਹੇਵਰਡ ਦੇ ਗੁਰਦੁਆਰੇ ਮਿਲੇ, ਪਰ ਮੈਂ ਉਨ੍ਹਾਂ ਨੂੰ ਪਛਾਣਿਆ ਹੀ ਨਾ। ਆਪਣੇ ਪੋਤਰੇ ਦੇ 'ਬਾਬਾ ਜੀ' ਬਣ ਚੁੱਕੇ ਸ. ਢੀਂਡਸਾ ਹੁਣ 'ਸ਼ੇਵ' ਦੇ ਸਮਾਨ ਨੂੰ ਤਿਲਾਂਜਲੀ ਦੇ ਕੇ ਸਿਰ 'ਤੇ ਦਸਤਾਰ ਸਜਾ 'ਸਰਦਾਰ ਜੀ' ਬਣੇ ਹੋਏ ਸਨ।

ਸਿੱਖੀ ਦੇ ਸੁਨਹਿਰੇ ਭਵਿੱਖ ਦੀ ਸੂਹ ਦੇਣ ਵਾਲਾ ਤੀਜਾ ਕਿੱਸਾ ਮੈਨੂੰ ਭੇਜਿਆ ਹੈ ਇਤਿਹਾਸਕ ਪਿੰਡ ਮੌ ਸਾਹਿਬ ਦੇ ਵਸਨੀਕ ਨਾਮੀ ਪੱਤਰਕਾਰ ਸ. ਹਰਮਿੰਦਰ ਸਿੰਘ ਢਿੱਲੋਂ ਨੇ। ਗੁਰੂ ਅਰਜਨ ਦੇਵ ਕਬੱਡੀ ਕਲੱਬ ਡਰਬੀ (ਯੂ.ਕੇ.) ਦੇ ਚੇਅਰਮੈਨ ਸੁਖਦੇਵ ਸਿੰਘ ਅਟਵਾਲ ਅਤੇ ਬੀਬੀ ਸੁਖਰਾਜ ਕੌਰ ਅਟਵਾਲ ਦੀ ਨੰਨ੍ਹੀ-ਮੁੰਨੀ ਬੇਟੀ ਹੈ- ਮਨਸੁਖਪ੍ਰੀਤ ਕੌਰ ਅਟਵਾਲ ਜੋ ਇਸ ਸਾਲ (2013) ਸੱਤ ਸਾਲਾਂ ਦੀ ਹੋਈ ਹੈ। ਇੰਗਲੈਂਡ ਦੀ ਜੰਮਪਲ ਇਸ ਰੱਬੀ ਰੰਗ-ਰੱਤੜੀ ਧੀ ਨੇ ਆਪਣੀ ਮਾਂ ਦੀ ਪ੍ਰੇਰਨਾ ਨਾਲ ਤਿੰਨ ਸਾਲ ਦੀ ਉਮਰ ਵਿਚ ਹੀ ਅੰਮ੍ਰਿਤਪਾਨ ਕਰ ਲਿਆ ਸੀ। ਤੰਤੀ ਸਾਜ਼ਾਂ 'ਤੇ ਕੀਰਤਨ ਦੀ ਸਿਖਲਾਈ ਲੈ ਰਹੀ ਇਸ ਬੇਟੀ ਨੂੰ ਪੰਜ ਬਾਣੀਆਂ ਜ਼ੁਬਾਨੀ ਕੰਠ ਹਨ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਸੰਥਿਆ ਲੈ ਕੇ ਪੂਰਾ ਸਹਿਜ ਪਾਠ ਕਰ ਚੁੱਕੀ ਹੈ। 'ਸੁਕ੍ਰਿਤ ਮਲਟੀਵਰਸਿਟੀ' ਵਾਲੇ ਭਾਈ ਜਸਵੀਰ ਸਿੰਘ ਖਾਲਸਾ ਵੱਲੋਂ 2 ਅਕਤੂਬਰ 2012 ਨੂੰ ਸ੍ਰੀ ਅੰਮ੍ਰਿਤਸਰ ਵਿਖੇ 'ਸਹਿਜ ਸੁਮੇਲ ਸਮਾਗਮ' ਕਰਵਾਇਆ ਗਿਆ। ਦੇਸ਼-ਵਿਦੇਸ਼ ਵਿਚੋਂ ਹਜ਼ਾਰਾਂ ਬੱਚਿਆਂ ਨੇ ਇਸ ਵਿਚ ਸ਼ਮੂਲੀਅਤ ਕੀਤੀ। ਸਹਿਜ ਪਾਠ ਦਾ ਭੋਗ ਪਾਉਣ ਵਾਲੇ ਬੱਚਿਆਂ ਵਿਚੋਂ ਸਭ ਤੋਂ ਘੱਟ ਉਮਰ ਦੀ ਮਨਸੁਖਪ੍ਰੀਤ ਕੌਰ ਐਲਾਨੀ ਗਈ। ਗੁਰਬਾਣੀ ਉਚਾਰਨ ਸਬੰਧੀ ਕਿਤਾਬਾਂ ਅਤੇ ਸੀਡੀਆਂ ਦਾ ਕਾਫੀ ਵੱਡਾ ਖ਼ਜ਼ਾਨਾ ਸਾਂਭੀ ਬੈਠੀ ਮਨਸੁਖ, ਗੱਤਕੇ ਦੀ ਟ੍ਰੇਨਿੰਗ ਵੀ ਲੈ ਰਹੀ ਹੈ। ਗੋਰਿਆਂ ਦੇ ਸਕੂਲ ਵਿਚ ਪੰਜਾਬੀ ਸਿੱਖਾਂ ਦੀ ਇਹ ਇਕੋ ਇਕ ਵਿਦਿਆਰਥਣ ਹੈ, ਜੋ ਹਰ ਇਮਤਿਹਾਨ ਅੱਵਲ ਦਰਜੇ ਵਿਚ ਪਾਸ ਕਰਦੀ ਹੈ। ਗੁਰਮਤਿ ਪ੍ਰਚਾਰਕ ਬਣਨਾ ਲੋਚਦੀ ਇਸ ਬੱਚੀ ਦੇ ਸਿਰ 'ਤੇ ਅਕਾਲ ਪੁਰਖ ਮਿਹਰਾਂ ਵਰਸਾਵੇ।

ਇਹ ਸੁਭਾਗੇ ਸਮਾਚਾਰ, ਨਿੱਜੀ ਜਾਂ ਗਿਣਤੀ 'ਚ ਥੋੜ੍ਹੇ ਈ ਸਹੀ, ਪਰ ਸਿੱਖੀ ਦੇ ਸੁਨਹਿਰੇ ਭਵਿੱਖ ਦੀ ਜ਼ਾਮਨੀ ਤਾਂ ਭਰਦੇ ਹੀ ਹਨ!




ਸ. ਚਰਨ ਸਿੰਘ ਸਿੰਧਰਾ ਦਾ ਲਿਖਿਆ ਰੂਪਕ 'ਨਿੱਕੀਆਂ ਜਿੰਦਾਂ ਵੱਡਾ ਸਾਕਾ' ਗੁਰਦੁਆਰਾ ਸੈਨ ਹੋਜ਼ੇ ਵਿਖੇ ਖੇਡਣ ਵਾਲੀ ਟੀਮ



ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## WE CAN SELL HUD HOMES ANY WHERE IN CALIFORNIA

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Selling Homes from Gilroy to Sacramento, CA

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**
CA DRE Lic.#01180969,
NMLS# 352095

## JUST SOLD

1. 4205 Lunar Way, Union City, CA 94587
2. 5329 Calabria Way, Sacramento CA 95835
3. 3167 San Bernardino Way, Union City, CA 94587
4. 34782 Klondike Dr., Union City, CA 94587
5. 32467 Woodland Dr., Union City, CA 94587
6. 1969 Catalpa Way, Hayward, CA 94545
7. 2952 Remington Way, San Jose, CA 95148
8. 32452 Springwood Dr., Union City, CA 94587
9. 648 Cayuga Dr., San Jose, CA 95123

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# ਅਮਰੀਕਨ ਡਾਕਟਰਾਂ ਨੇ ਲਾਇਆ ਟਾਂਡਾ 'ਚ ਮੈਡੀਕਲ ਕੈਂਪ

**ਟਾਂਡਾ (ਬਿਊਰੋ):** ਪਰਦੇਸਾਂ ਵਿਚ ਕਬੱਡੀਆਂ ਅਤੇ ਸੱਭਿਆਚਾਰਕ ਮੇਲਿਆਂ 'ਤੇ ਬਥੇਰੀਆਂ ਸੰਸਥਾਵਾਂ ਪੈਸਾ ਲੁਟਾਉਂਦੀਆਂ ਰਹਿੰਦੀਆਂ ਹਨ ਪਰ ਕੋਈ ਵਿਰਲੀ ਟਾਂਵੀਂ ਸੰਸਥਾ ਹੀ ਪੰਜਾਬ ਵਿਚ ਆ ਕੇ ਇਲਾਜ ਖੁਣੋਂ ਦੁੱਖ ਭੋਗ ਰਹੇ ਲੋਕਾਂ ਦੀ ਸਾਰ ਲੈਂਦੀ ਹੈ।

ਪਿਛਲੇ ਦਿਨੀਂ ਅਮਰੀਕਾ ਦੀ ਫਲੋਰਿਡਾ ਸਟੇਟ ਵਿਚ ਕੰਮ ਕਰਦੀ ਮਹੇਸ਼ਵਰ ਫਾਊਂਡੇਸ਼ਨ ਦੇ ਉਦਮ ਨਾਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬੇ ਟਾਂਡਾ ਉੜਮੁੜ ਵਿਚ ਅਮਰੀਕਾ ਤੇ ਕੈਨੇਡਾ ਤੋਂ ਆਈ ਇਕ ਮੈਡੀਕਲ ਟੀਮ ਵਲੋਂ ਹਫਤੇ ਭਰ ਲਈ ਮੈਡੀਕਲ ਕੈਂਪ ਲਾਇਆ ਗਿਆ ਜਿਸ ਵਿਚ ਹੱਡੀਆਂ ਦਾ ਮੁਆਇਨਾ ਅਤੇ ਇਲਾਜ ਮੁਫਤ ਕੀਤਾ ਗਿਆ। ਕੈਂਪ ਵਿਚ ਅਮਰੀਕਾ ਤੋਂ ਡਾ. ਰਿਚਰਡ ਗੋਸਲਿਨ (ਜੋ ਰਿਟਾਇਰਡ ਪ੍ਰੋਫੈਸਰ ਹਨ) ਆਪਣੀ ਟੀਮ ਨਾਲ ਪੁੱਜੇ। ਉਨ੍ਹਾਂ ਨਾਲ ਦੋ ਰਜਿਸਟਰਡ ਨਰਸਾਂ ਤੇ ਇਕ ਅਪਰੇਸ਼ਨ ਥਿਏਟਰ ਟੈਕਨਾਲੋਜਿਸਟ ਵੀ ਸੀ। ਇਸ ਤੋਂ ਇਲਾਵਾ ਵੈਨਕੂਵਰ (ਕੈਨੇਡਾ) ਤੋਂ ਦੋ ਰਜਿਸਟਰਡ ਨਰਸਾਂ ਵੀ ਕੈਂਪ ਵਿਚ ਸ਼ਾਮਿਲ ਹੋਈਆਂ। ਇਹ ਕੈਂਪ ਮਹੇਸ਼ਵਰ ਫਾਊਂਡੇਸ਼ਨ ਨੇ ਸਪਾਂਸਰ ਕੀਤਾ ਜਿਸ ਦੀ ਜ਼ਿੰਮੇਵਾਰੀ ਸ਼ਿਕਾਗੋ ਤੋਂ ਠਾਕਰ ਸਿੰਘ ਬਸਾਤੀ ਨੇ ਨਿਭਾਈ। ਕੈਂਪ ਬਾਬਾ ਬਲਵੰਤ ਸਿੰਘ ਮੈਮੋਰੀਅਲ ਚੈਰੀਟੇਬਲ ਹਸਪਤਾਲ ਵਿਚ ਲੱਗਿਆ ਜਿਸ ਦੀ ਸਰਪ੍ਰਸਤੀ ਬਾਬਾ ਗੁਰਦਿਆਲ ਸਿੰਘ ਟਾਂਡੇ ਵਾਲਿਆਂ ਨੇ ਕੀਤੀ।

ਕੈਂਪ ਵਿਚ ਗੋਡਿਆਂ ਅਤੇ ਚੂਲੇ ਦੇ 13 ਮੁਕੰਮਲ ਅਪਰੇਸ਼ਨ ਕੀਤੇ ਗਏ। ਇੰਨੇ ਘੱਟ ਸਮੇਂ ਵਿਚ ਬਿਲਕੁਲ ਮੁਫ਼ਤ ਅਪਰੇਸ਼ਨਾਂ ਦਾ ਇਹ ਆਪਣੇ ਆਪ ਵਿਚ ਇਕ ਰਿਕਾਰਡ ਹੈ। ਦੋ ਦਰਜਨ ਦੇ ਕਰੀਬ ਲੋਕਾਂ ਦੇ ਪੈਰਾਂ ਦਾ ਦਰਦ ਠੀਕ ਕਰਨ ਲਈ ਟੀਕੇ ਲਾ ਕੇ ਇਲਾਜ ਕੀਤਾ ਗਿਆ। ਕੈਂਪ ਵਿਚ ਕੋਈ 600 ਦੇ ਕਰੀਬ ਮਰੀਜ਼ ਪੁੱਜੇ। ਡੇਢ ਮਹੀਨੇ ਦਾ ਇਕ ਬੱਚਾ ਵੀ ਲਿਆਂਦਾ ਗਿਆ ਜਿਸ ਦਾ ਪੈਰ ਜੰਮਣ ਸਮੇਂ ਤੋਂ ਹੀ ਮੁੜਿਆ ਹੋਇਆ ਸੀ। ਡਾਕਟਰਾਂ ਨੇ ਪੈਰ ਥੋੜ੍ਹਾ ਸਿੱਧਾ ਕਰ ਕੇ ਪਲਸਤਰ ਲਾ ਦਿੱਤਾ ਤੇ ਹਸਪਤਾਲ ਦੇ ਹੱਡੀਆਂ ਦੇ ਡਾਕਟਰ ਨੂੰ ਹਦਾਇਤ ਕੀਤੀ ਕਿ 6 ਹਫ਼ਤੇ ਲਗਾਤਾਰ ਪੈਰ ਥੋੜ੍ਹਾ ਸਿੱਧਾ ਕਰ ਕੇ ਪਲਸਤਰ ਲਾਉਣਾ ਹੈ, ਛੇ ਹਫ਼ਤੇ ਬਾਅਦ ਪੈਰ ਬਿਲਕੁਲ ਸਿੱਧਾ ਹੋ ਜਾਵੇਗਾ। ਇਹ ਇਕ ਛੋਟੇ ਜਿਹੇ ਬੱਚੇ



ਲਈ ਨਵਾਂ ਜੀਵਨ ਹਾਸਲ ਕਰਨ ਵਾਲੀ ਗੱਲ ਸੀ। ਬਹੁਤ ਸਾਰੇ ਅਜਿਹੇ ਮਰੀਜ਼ ਵੀ ਆਏ ਜਿਨ੍ਹਾਂ ਨੂੰ ਅਪਰੇਸ਼ਨ ਦੀ ਲੋੜ ਨਹੀਂ ਸੀ। ਉਨ੍ਹਾਂ ਨੂੰ ਫਿਜੀਓਥਰੈਪੀ ਦੀ ਸਿਖਲਾਈ ਦਿੱਤੀ ਗਈ। ਲੋੜੀਂਦੀ ਦਵਾਈ ਵੀ ਮੁਫ਼ਤ ਦਿੱਤੀ ਗਈ। ਕੈਂਪ ਵਿਚ ਸਿਰਫ਼ ਪਰਚੀ ਕਟਾਉਣ ਦੀ ਹੀ 10 ਰੁਪਏ ਫੀਸ ਰੱਖੀ ਗਈ ਸੀ।





ਮਹੇਸ਼ਵਰ ਫਾਊਂਡੇਸ਼ਨ ਵਲੋਂ ਲਾਏ ਜਾਂਦੇ ਇਨ੍ਹਾਂ ਕੈਂਪਾਂ ਦੀ ਵੱਡੀ ਖਾਸੀਅਤ ਇਹ ਹੈ ਕਿ ਬਾਹਰਲੇ ਮੁਲਕਾਂ ਤੋਂ ਸਾਰੇ ਵਾਲੰਟੀਅਰ ਆਪਣਾ ਖਰਚ ਕਰ ਕੇ ਜਾਂਦੇ ਹਨ। ਲੋਕਲ ਘੁੰਮਣ ਫਿਰਨ ਤੇ ਖਾਣ-ਪੀਣ ਦਾ ਪ੍ਰਬੰਧ ਬਾਬਾ ਗੁਰਦਿਆਲ ਸਿੰਘ ਟਾਂਡੇ ਵਾਲੇ ਅਤੇ ਮਹੇਸ਼ਵਰ ਫਾਊਂਡੇਸ਼ਨ ਕਰਦੀ ਹੈ। ਟਾਂਡੇ ਠਹਿਰਨ ਲਈ ਬਾਬਾ ਗੁਰਦਿਆਲ ਸਿੰਘ ਨੇ 8-9 ਕਮਰੇ ਬਾਹਰਲੇ ਮੁਲਕਾਂ ਦੇ ਸਟੈਂਡਰਡ ਮੁਤਾਬਕ ਬਣਾਏ ਹੋਏ ਹਨ। ਉਨ੍ਹਾਂ ਦੇ ਡੇਰੇ ਦੇ ਨੌਜਵਾਨ ਵਲੰਟੀਅਰਾਂ ਦਾ ਕੰਮ ਸ਼ਲਾਘਾਯੋਗ ਸੀ। ਕੈਂਪਾਂ ਦਾ ਇਕ ਇਹ ਵੀ ਫਾਇਦਾ ਹੈ ਕਿ ਹਸਪਤਾਲ ਦੇ ਮੁਲਾਜ਼ਮਾਂ ਨੂੰ ਬਾਹਰਲੇ ਮੁਲਕਾਂ ਵਾਂਗ ਕੰਮ ਕਰਨ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਡੇਰੇ ਵਾਲਿਆਂ ਨੇ ਮਹਿਮਾਨ ਔਰਤਾਂ ਨੂੰ ਪੰਜਾਬੀ ਸਲਵਾਰ-ਕਮੀਜ਼ ਅਤੇ ਡਾ. ਗੋਸਲਿਨ ਵਾਸਤੇ ਕੁੜਤਾ, ਭੀੜੀ ਪਜਾਮੀ ਤੇ ਪੱਗ ਦਿੱਤੀ। ਇਹ ਵਸਤਰ ਹਾਸਲ ਕਰ ਕੇ ਉਹ ਬਹੁਤ ਖੁਸ਼ ਹੋਏ। ਉਂਜ, ਸੈਲਾਨੀ ਵਕਤ ਦੀ ਪਾਬੰਦੀ ਤੋਂ ਬਹੁਤ ਨਾਖੁਸ਼ ਸਨ; ਇੱਥੋਂ ਤੱਕ ਕਿ ਲੋਕਲ ਡਾਕਟਰ ਵੀ 8 ਵਜੇ ਕਹਿ ਕੇ 9 ਵਜੇ ਆਉਂਦਾ ਸੀ, ਜਦੋਂ ਕਿ ਅਮਰੀਕਨਾਂ ਵਾਸਤੇ 8 ਵਜੇ ਦਾ ਮਤਲਬ 8 ਵਜੇ ਸੀ। ਦੂਜੀ ਵੱਡੀ ਹੈਰਾਨੀ ਬਾਹਰੋਂ ਆਏ ਡਾਕਟਰਾਂ ਨੂੰ ਪੰਜਾਬੀਆਂ ਦੇ ਮੋਟਾਪੇ 'ਤੇ ਸੀ। ਉਹ ਪੰਜਾਬੀਆਂ ਨੂੰ ਸੁਡੌਲ ਸੋਚੀ ਬੈਠੇ ਸਨ; ਜਦੋਂ ਕਿ ਆਮ ਤੌਰ 'ਤੇ ਪੰਜਾਬੀ ਵੀ ਮੋਟਾਪੇ ਅਤੇ ਮੋਟਾਪੇ ਨਾਲ ਸਬੰਧਤ ਬਿਮਾਰੀਆਂ ਦੀ ਮਾਰ ਹੇਠ ਹਨ।

ਕੈਂਪ ਦੀ ਸਮਾਪਤੀ ਤੋਂ ਬਾਅਦ ਟੀਮ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਮੱਥਾ ਟੇਕਣ ਗਈ। ਇਸ ਟੀਮ ਨੂੰ ਭਾਵੇਂ ਸ਼੍ਰੋਮਣੀ ਕਮੇਟੀ ਵਲੋਂ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਵਿਸ਼ੇਸ਼ ਲਾਂਘੇ ਰਾਹੀਂ ਜਾਣ ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਉਨ੍ਹਾਂ ਨੇ ਆਮ ਸ਼ਰਧਾਲੂਆਂ ਵਾਂਗ ਨਤਮਸਤਕ ਹੋਣਾ ਪਸੰਦ ਕੀਤਾ। ਅਗਲੇ ਦਿਨ ਉਹ ਆਗਰੇ ਗਏ ਅਤੇ ਉਥੇ ਤਾਜ ਮਹੱਲ ਤੋਂ ਇਲਾਵਾ ਹੋਰ ਥਾਂਵਾਂ ਦੇਖੀਆਂ। ਇਸ ਸਭ ਦਾ ਇੰਤਜ਼ਾਮ ਫਲੋਰਿਡਾ ਤੋਂ ਸ. ਕੁਲਦੀਪ ਸਿੰਘ ਸੈਣੀ ਨੇ ਕੀਤਾ। ਵਾਪਸ ਆਉਣ 'ਤੇ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੋਈ ਸ਼ਿਕਾਇਤ ਤਾਂ ਨਹੀਂ, ਤਾਂ ਉਨ੍ਹਾਂ ਕਿਹਾ, "ਅਸੀਂ ਪੂਰੀ ਤਾਕ ਵਿਚ ਸਾਂ ਕਿ ਖਾਣੇ ਦੀ ਇਕ ਵਾਰ ਤਾਂ ਸ਼ਿਕਾਇਤ ਜ਼ਰੂਰ ਕਰਾਂਗੇ, ਪਰ ਕੋਈ ਮੌਕਾ ਨਹੀਂ ਮਿਲਿਆ। ਖਾਣੇ ਇਕ ਤੋਂ ਵੱਧ ਇਕ, ਸਵਾਦੀ ਸਨ।" ਹਰੀ ਮਿਰਚ ਤੇ ਅਚਾਰ ਤੋਂ ਬਿਨਾਂ ਉਨ੍ਹਾਂ ਇਕ ਵਾਰ ਵੀ ਰੋਟੀ ਨਹੀਂ ਖਾਧੀ।

ਇਸ ਕੈਂਪ ਬਾਰੇ ਹੋਰ ਜਾਣਕਾਰੀ ਲਈ ਸ. ਠਾਕਰ ਸਿੰਘ ਬਸਾਤੀ ਨਾਲ ਫੋਨ 847-736-6092 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਸਾਲਟ ਹਥਿਆਰਾਂ ਖਿਲਾਫ ਵਾਸ਼ਿੰਗਟਨ ਵਿਚ ਮਾਰਚ

**ਵਾਸ਼ਿੰਗਟਨ ਡੀ ਸੀ (ਬਿਊਰੋ):** ਗੰਨ ਕੰਟਰੋਲ ਦੀ ਮੰਗ ਨੂੰ ਲੈ ਕੇ ਹਜ਼ਾਰਾਂ ਲੋਕਾਂ ਨੇ ਦੇਸ਼ ਦੀ ਰਾਜਧਾਨੀ ਵਿਚ ਵਾਸ਼ਿੰਗਟਨ ਸਮਾਰਕ ਤੱਕ ਮਾਰਚ ਕੀਤਾ। ਲੋਕਾਂ ਨੇ ਹੱਥਾਂ ਵਿਚ 'ਅਸਾਲਟ ਹਥਿਆਰਾਂ ਉਤੇ ਪਾਬੰਦੀ ਲਾਉ' ਵਾਲੀਆਂ ਤਖਤੀਆਂ ਫੜੀਆਂ ਹੋਈਆਂ ਸਨ। ਵਾਸ਼ਿੰਗਟਨ ਦੇ ਮੇਅਰ ਵਿੰਸੈਂਟ ਗਰੇਅ ਅਤੇ ਸ਼ਹਿਰ ਦੇ ਹੋਰ ਮੋਹਤਬਰਾਂ ਨੇ ਇਸ ਮਾਰਚ ਦੀ ਅਗਵਾਈ ਕੀਤੀ। ਇਸ ਮਾਰਚ ਨੇ ਦਸੰਬਰ 2012 'ਚ ਨਿਊ ਟਾਊਨ (ਕੁਨੈਕਟੀਕਟ) ਦੇ ਸੈਂਡੀ ਹੁੱਕ ਸਕੂਲ ਵਿਖੇ ਵਾਪਰੇ ਹੌਲਨਾਕ ਕਾਂਡ ਦੀ ਯਾਦ ਤਾਜ਼ਾ ਕਰਵਾ ਦਿੱਤੀ ਜਿਸ ਵਿਚ ਇਕ ਸਿਰਫਿਰੇ ਨੇ ਹੱਥ ਵਿਚ ਅਸਾਲਟ ਫੜ ਕੇ 20 ਮਾਸੂਮ ਬੱਚਿਆਂ ਅਤੇ 6 ਅਧਿਆਪਕਾਂ ਨੂੰ ਕੋਹ ਸੁੱਟਿਆ ਸੀ। ਮਾਰਚ ਕਰਨ ਵਾਲਿਆਂ ਨੇ ਇਨ੍ਹਾਂ ਬੱਚਿਆਂ ਦੀ ਯਾਦ ਵਿਚ 'ਅਸੀਂ ਹੀ ਸੈਂਡੀ ਹੁੱਕ ਹਾਂ' ਦੇ ਮਾਟੋ ਚੁੱਕੇ ਹੋਏ ਸਨ। ਇਸ ਤੋਂ ਇਲਾਵਾ ਲੋਕਾਂ ਨੇ 'ਗੰਨ ਕੰਟਰੋਲ ਨਾਉ', 'ਸਟੌਪ ਐਨ.ਆਰ.ਏ.' ਅਤੇ ਹੋਰ ਬੋਰਡ ਵੀ ਫੜੇ ਹੋਏ ਸਨ। ਕੁਝ ਬੋਰਡਾਂ ਉਤੇ ਅਜਿਹੇ ਹਮਲਿਆਂ ਵਿਚ ਮਾਰੇ ਗਏ ਲੋਕਾਂ ਦੇ ਨਾਂ ਲਿਖੇ ਹੋਏ ਸਨ। ਮਾਰਚ ਵਿਚ ਹਿੱਸਾ ਲੈਣ ਲਈ ਨਿਊ ਟਾਊਨ ਤੋਂ ਵੀ ਕਾਫੀ ਲੋਕ ਆਏ ਹੋਏ ਸਨ।

ਮਾਰਚ ਵਿਚ ਹਿੱਸਾ ਲੈ ਰਹੀ ਇਕ ਔਰਤ ਕਾਰਾ ਬਾਕੇ ਨੇ ਦੱਸਿਆ ਕਿ ਜਦੋਂ ਉਸ ਨੂੰ ਨਿਊ ਟਾਊਨ ਘਟਨਾ ਬਾਰੇ ਖਬਰ ਮਿਲੀ ਤਾਂ ਸਭ ਤੋਂ ਪਹਿਲਾਂ ਉਸ ਨੂੰ ਆਪਣੇ ਦੋ ਬੱਚਿਆਂ ਦੀ ਫਿਕਰ ਹੋਈ। ਉਦੋਂ ਹੀ ਉਸ ਨੇ ਫੈਸਲਾ ਕਰ ਲਿਆ ਸੀ ਕਿ ਉਹ ਇਸ ਮਾਮਲੇ ਵਿਚ ਆਪਣੇ ਵਿਤ ਮੁਤਾਬਕ ਕੁਝ ਨਾ ਕੁਝ ਜ਼ਰੂਰ ਕਰੇਗੀ। ਇਸੇ ਲਈ ਹੁਣ ਉਹ ਉਚੇਚੇ ਤੌਰ 'ਤੇ ਇਸ ਮਾਰਚ ਵਿਚ ਹਿੱਸਾ ਲੈਣ ਆਈ ਸੀ। ਬੇਮੁਹਾਰੇ ਘਾਤਕ ਹਥਿਆਰ ਹੁਣ ਤੱਕ ਬਹੁਤ ਲੋਕਾਂ ਦੀਆਂ ਜਾਨਾਂ ਲੈ ਚੁਕੇ ਹਨ ਅਤੇ ਹੁਣ ਇਨ੍ਹਾਂ ਉਤੇ ਪਾਬੰਦੀ ਲਾਉਣੀ ਲਾਜ਼ਮੀ ਹੈ। ਉਸ ਨੇ ਅੱਖਾਂ ਪੂੰਝਦਿਆਂ ਕਿਹਾ, "ਮੈਂ ਚਾਹੁੰਦੀ ਹਾਂ ਕਿ ਕਿਸੇ ਵੀ ਸਕੂਲ ਵਿਚ ਅਜਿਹਾ ਮੁੜ ਨਾ ਵਾਪਰੇ। ਅਜਿਹੇ ਕਾਂਡ ਮੁੜ ਬਿਲਕੁਲ ਨਹੀਂ ਵਾਪਰਨੇ ਚਾਹੀਦੇ।"

ਸਮਾਰਕ 'ਤੇ ਪੁੱਜ ਕੇ ਬੁਲਾਰਿਆਂ ਨੇ ਮਿਲਟਰੀ-ਸਟਾਈਲ ਅਸਾਲਟ ਹਥਿਆਰਾਂ ਅਤੇ ਅਸਲੇ ਉਤੇ ਤੁਰੰਤ ਪਾਬੰਦੀ ਦੀ ਮੰਗ ਕੀਤੀ। ਇਸ ਮੌਕੇ ਸਿੱਖਿਆ ਮੰਤਰੀ ਅਰਨੀ ਡੰਕਨ ਨੇ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੀਮਤੀ ਜਿੰਦੜੀਆਂ ਦੀ ਸੁਰੱਖਿਆ ਲਈ ਹਰ ਹੀਲਾ ਕੀਤਾ ਜਾਵੇਗਾ। ਉਹ ਅਤੇ ਰਾਸ਼ਟਰਪਤੀ ਬਰਾਕ ਓਬਾਮਾ ਗੰਨ ਕੰਟਰੋਲ ਨੀਤੀਆਂ ਲਾਗੂ ਕਰਨ ਲਈ ਹਰ ਸੰਭਵ ਕਾਰਵਾਈ ਕਰਨਗੇ। ਉਨ੍ਹਾਂ ਕਿਹਾ, "ਹੁਣ ਅਜਿਹਾ ਮਾਹੌਲ ਬਣਾਉਣ ਦੀ ਲੋੜ ਹੈ ਜਿਸ ਵਿਚ ਸਾਡੇ ਬੱਚੇ ਪੂਰੀ ਸੁਰੱਖਿਆ ਨਾਲ ਰਹਿ ਸਕਣ।" ਕਾਂਗਰਸ ਵਿਚ ਡੀ.ਸੀ. ਤੋਂ ਨੌਨ-ਵੋਟਿੰਗ ਨੁਮਾਇੰਦੇ ਏਲੀਨਰ ਹੋਮਜ਼ ਨੌਰਟਨ ਨੇ ਕਿਹਾ, "ਗੰਨ ਲੌਬੀ ਨੂੰ ਹੁਣ ਡੱਕਣਾ ਪਵੇਗਾ।"

ਇਹ ਮਾਰਚ ਵਾਸ਼ਿੰਗਟਨ ਦੀ 'ਐਰੀਨਾ ਸਟੇਜ' ਦੇ ਆਰਟ ਡਾਇਰੈਕਟਰ ਮੌਲੀ ਸਮਿਥ ਤੇ ਉਨ੍ਹਾਂ ਦੀ ਸਾਥਣ ਨੇ ਜਥੇਬੰਦ ਕੀਤਾ। ਉਨ੍ਹਾਂ ਨੇ ਸਭ ਤੋਂ ਪਹਿਲਾਂ ਇਸ ਸਬੰਧੀ ਫੇਸਬੁੱਕ 'ਤੇ ਸਰਗਰਮੀ ਅਰੰਭੀ ਤੇ ਔਨਲਾਈਨ ਰਾਹੀਂ ਹੀ ਇਸ ਪ੍ਰਬੰਧ ਲਈ 50 ਹਜ਼ਾਰ ਡਾਲਰ ਜੁਟਾ ਲਏ। ਮਾਰਚ ਵਿਚ ਵਰਜੀਨੀਆ ਗੋਲੀਕਾਂਡ ਵਿਚ ਬਚੇ ਕੋਲਿਨ ਗੱਡਾਰਡ ਅਤੇ ਚਿਲਡਰਨ'ਜ਼ ਡਿਫੈਂਸ ਫੰਡ ਵੱਲੋਂ ਮੇਰੀਅਨ ਰਾਈਟ ਐਡਲਮੈਨ ਨੇ ਸ਼ਿਰਕਤ ਕੀਤੀ। ਮਾਰਚ ਵਿਚ ਹਿੱਸਾ ਲੈਣ ਲਈ ਲੋਕ ਨਿਊ ਯਾਰਕ, ਪੈਨਸਿਲਵੇਨੀਆ, ਮੈਰੀਲੈਂਡ, ਟੈਕਸਸ ਅਤੇ ਹੋਰ ਕਈ ਸਟੇਟਾਂ ਤੋਂ ਵੀ ਪਹੁੰਚੇ ਹੋਏ ਸਨ।




*ਮਾਰਚ ਵਿਚ ਹਿੱਸਾ ਲੈ ਰਹੇ ਲੋਕ*

# ਆਖ ਤਸਵੀਰਾਂ ਬੋਲਦੀਆਂ

**'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 9 ਫਰਵਰੀ ਹੈ। -ਸੰਪਾਦਕ**

## ਕੈਪਸ਼ਨ ਮੁਕਾਬਲਾ-50



*ਤਸਵੀਰ: ਗੁਰਚਰਨ ਪੱਖੋਕਲਾਂ*

***ਠੰਢਾ ਠਾਰ ਤੇ ਚਾਂਦੀ ਰੰਗਾ ਦੋਂਹ ਬੰਬੀਆਂ ਦਾ ਪਾਣੀ।***
***ਇਹ ਅਲਬੇਲੀ ਮੌਜ ਨਾ ਲੱਭਣੀ, ਜੋ ਬਚਪਨ ਵਿਚ ਮਾਣੀ।***

## ਕੈਪਸ਼ਨ ਮੁਕਾਬਲਾ-48



ਪਿੰਡਾਂ ਦੇ ਵਿਚ ਰੱਬ ਹੈ ਵੱਸਦਾ
ਜਾਣੇ ਦੁਨੀਆਂ ਸਾਰੀ।
ਟਰੈਕਟਰ ਨਾਲ ਮਸ਼ੀਨ ਚਲਾ ਕੇ
ਜੁਗਤ ਬਣਾਈ ਭਾਰੀ।
ਕਾਰ 'ਤੇ ਚੜ੍ਹ ਕੇ ਸ਼ਹਿਰ ਨੂੰ ਜਾਂਦਾ
ਘਰ ਦਾ ਲੈਣ ਸਮਾਨ।
ਢਿੱਡ ਭਰਦੈ 'ਸੁਰਜੀਤ' ਜੋ ਜੱਗ ਦਾ
ਧੰਨ ਹੈ ਇਹ ਕਿਸਾਨ।
***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

ਲੰਗੇ-ਡੰਗ ਹੈ ਆਉਂਦੀ ਬਿਜਲੀ,
ਆਪਣਾ ਕੋਈ ਜੁਗਾੜ ਬਣਾਈਏ।
ਟਰੈਕਟਰ ਨਾਲ ਘੁਮਾ ਕੇ ਸ਼ਾਫਟ,
ਫੂਕ ਕੇ ਡੀਜ਼ਲ ਕੰਮ ਚਲਾਈਏ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਦੇਸੀ ਬਣਿਆ ਖੇਤੀ ਕਰਦਾ,
ਮੈਂ ਲੱਗਦਾ ਸਭ ਨੂੰ ਅਨਾੜੀ।
ਬਿਨਾਂ ਅਕਲੋਂ ਖੇਤੀ ਨਾ ਹੁੰਦੀ,
ਮੈਂ ਤਾਹੀਂਓਂ ਬੜਾ ਜੁਗਾੜੀ।
ਧੁੱਪਾਂ, ਪਾਲੇ ਸਭ ਸਹਿ ਕੇ,
ਬੀਜਾਂ ਸੌਣੀ, ਬੀਜਾਂ ਹਾੜ੍ਹੀ।
***-ਪਰਸ਼ੋਤਮ ਸਿੰਘ, ਯੂਬਾ ਸਿਟੀ।***

---

ਜੀ ਜਾਨ ਨਾਲ ਮਿਹਨਤ ਕਰਕੇ
ਲੈ ਲਏ ਕਾਰ-ਟਰੈਕਟਰ।
ਭੁੱਖਾ ਹੀ ਮਰਨਾ ਸੀ ਜੇ ਮੈਂ,
ਫਿਰਦਾ ਬਣ ਕੇ ਐਕਟਰ!
***-ਫਕੀਰ ਚੰਦ ਸੈਂਪਲਾ, ਐਲ ਏ।***

---

ਅਸਲ ਪੰਜਾਬੀ ਪੁੱਤਰ ਹੈ ਇਹ,
ਕੰਮ ਦੇ ਫੱਟੇ ਚੱਕੇ।
ਮੂਰਖ ਹੀ ਅਖਵਾਉਣਾ ਸੀ,
ਜੇ 'ਬਾਹਰ' ਖਾਂਦਾ ਧੱਕੇ?
***-ਬੱਲੀ ਸਿੰਘ, ਸੈਨ ਹੋਜ਼ੇ।***

# ਕਮਲ ਨਾਥ ਦੇ ਖਿਲਾਫ ਸਵਿਟਜ਼ਰਲੈਂਡ ਵਿਚ ਕੇਸ ਦਰਜ

**ਨਿਊ ਯਾਰਕ:** ਸਿੱਖਾਂ ਦੇ ਹੱਕਾਂ ਲਈ ਲੜਨ ਵਾਲੇ ਸੰਗਠਨ 'ਸਿੱਖ ਫਾਰ ਜਸਟਿਸ' ਨੇ ਭਾਰਤ ਦੇ ਸ਼ਹਿਰੀ ਵਿਕਾਸ ਮੰਤਰੀ ਤੇ ਕਾਂਗਰਸੀ ਨੇਤਾ ਕਮਲ ਨਾਥ ਖ਼ਿਲਾਫ਼ ਸਵਿੱਟਜ਼ਰਲੈਂਡ ਦੇ ਅਟਾਰਨੀ ਜਨਰਲ ਕੋਲ ਫੌਜਦਾਰੀ ਸ਼ਿਕਾਇਤ ਦਾਇਰ ਕੀਤੀ ਹੈ ਜਿਸ ਵਿਚ ਭਾਰਤੀ ਮੰਤਰੀ ਦੀ ਸਵਿੱਟਜ਼ਰਲੈਂਡ ਫੇਰੀ ਸਮੇਂ ਉਸ ਨੂੰ ਗ੍ਰਿਫਤਾਰ ਕਰਨ ਤੇ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਗਈ ਹੈ।

ਸ਼ਿਕਾਇਤ ਵਿਚ ਕਮਲ ਨਾਥ 'ਤੇ ਨਵੰਬਰ 1984 ਵਿਚ ਸਿੱਖਾਂ ਦੀ ਨਸਲਕੁਸ਼ੀ ਦੀ ਸਾਜ਼ਿਸ਼ ਰਚਣ ਤੇ ਇਸ ਨੂੰ ਅਮਲੀ ਰੂਪ ਦੇਣ ਦੇ ਦੋਸ਼ ਲਾਏ ਗਏ ਸਨ। ਕਮਲ ਨਾਥ ਦਾਵੋਸ ਵਿਚ ਵਿਸ਼ਵ ਆਰਥਿਕ ਮੰਚ ਦੇ ਸੰਮੇਲਨ ਵਿਚ ਭਾਰਤੀ ਵਫ਼ਦ ਦੇ ਮੁਖੀ ਸਨ। ਅਟਾਰਨੀ ਜਨਰਲ ਨੇ ਇਹ ਸ਼ਿਕਾਇਤ ਅਗਲੀ ਕਾਰਵਾਈ ਲਈ ਗ੍ਰੀਸਨ ਰਾਜ ਦੇ ਸਰਕਾਰੀ ਵਕੀਲ ਦੇ ਹਵਾਲੇ ਕਰ ਦਿੱਤੀ ਹੈ।

# ਦਿੱਲੀ ਤੋਂ ਬਾਅਦ ਹੁਣ ਮੋਗਾ ਵਿਚ ਆਇਆ ਸਿਆਸੀ ਉਬਾਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਵਿਚ ਗੁਰਦੁਆਰਾ ਪ੍ਰਬੰਧ ਕਮੇਟੀ ਦੀਆਂ ਚੋਣਾਂ ਦਾ ਕੰਮ ਨਿਬੜਨ ਤੋਂ ਬਾਅਦ ਸਿਆਸੀ ਆਗੂਆਂ ਨੇ ਮੋਗਾ ਡੇਰੇ ਲਾ ਰਹੇ ਹਨ। ਸਿਆਸੀ ਸਰਗਰਮੀਆਂ ਤੇਜ਼ ਹੋਣ ਨਾਲ ਦਿੱਲੀ ਤੋਂ ਬਾਅਦ ਹੁਣ ਮੋਗਾ ਦੇ ਮਾਹੌਲ ਵਿਚ ਉਬਾਲਾ ਆਇਆ ਹੈ। ਇਸ ਚੋਣ ਦਾ ਅਗਲੇ ਸਾਲ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ 'ਤੇ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵ ਪੈਣਾ ਹੈ। ਇਸ ਲਈ ਸਾਰੀਆਂ ਧਿਰਾਂ ਸਿਰ ਧੜ ਦੀ ਬਾਜ਼ੀ ਲਾ ਰਹੀਆਂ ਹਨ।



ਪੰਜਾਬ ਦੀ ਸਿਆਸਤ ਵਿਚ ਜ਼ਿਮਨੀ ਚੋਣਾਂ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਇਨ੍ਹਾਂ ਚੋਣਾਂ ਦੇ ਨਤੀਜਿਆਂ ਨੇ ਸਿਆਸਤ 'ਤੇ ਹੀ ਡੂੰਘਾ ਅਸਰ ਨਹੀਂ ਛੱਡਿਆ ਸਗੋਂ ਸਰਕਾਰਾਂ ਵੀ ਪ੍ਰਭਾਵਿਤ ਹੋਈਆਂ ਹਨ। ਲੰਮਾ ਸਮਾਂ ਪਹਿਲਾਂ ਵਿਧਾਨ ਸਭਾ ਹਲਕਿਆਂ ਅਜਨਾਲਾ, ਗਿੱਦੜਬਾਹਾ ਤੇ ਆਦਮਪੁਰ ਵਿਚ ਹੋਈਆਂ ਜ਼ਿਮਨੀ ਚੋਣਾਂ ਦੇ ਨਤੀਜਿਆਂ ਨੇ ਕਿਸ ਤਰ੍ਹਾਂ ਸੂਬੇ ਦੀ ਸਿਆਸਤ 'ਤੇ ਅਸਰ ਛੱਡਿਆ, ਉਸ ਦੀ ਚਰਚਾ ਅੱਜ ਵੀ ਲੋਕਾਂ ਵਿਚ ਹੁੰਦੀ ਹੈ।

ਰਾਜ ਦੀ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਦੂਜੀ ਵਾਰੀ ਕਿਸੇ ਵਿਧਾਨ ਸਭਾ ਹਲਕੇ ਦੀ ਉਪ ਚੋਣ ਹੋਣ ਜਾ ਰਹੀ ਹੈ। ਪਿਛਲੇ ਸਾਲ ਹੁਸ਼ਿਆਰਪੁਰ ਦੇ ਦਸੂਹਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਭਾਜਪਾ ਵਿਧਾਇਕ ਅਮਰਜੀਤ ਸਿੰਘ ਸਾਹੀ ਦੀ ਮੌਤ ਹੋਣ ਕਾਰਨ ਖਾਲੀ ਹੋਈ ਸੀਟ ਲਈ ਹੋਈ ਸੀ। ਹਲਕੇ ਤੋਂ ਭਾਜਪਾ ਉਮੀਦਵਾਰ ਸੁਖਜੀਤ ਕੌਰ ਸਾਹੀ ਨੇ ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਦਰਜ ਕੀਤੀ ਸੀ। ਇਸ ਨਤੀਜੇ ਨੇ ਵਿਰੋਧੀ ਧਿਰ ਕਾਂਗਰਸ ਨੂੰ ਨਿਰਾਸ਼ਾ ਵਿਚ ਧੱਕ ਦਿੱਤਾ ਸੀ।

ਹੁਣ 23 ਫਰਵਰੀ ਨੂੰ ਹੋਣ ਵਾਲੀ ਮੋਗਾ ਵਿਧਾਨ ਸਭਾ ਹਲਕੇ ਦੀ ਉਪ ਚੋਣ 'ਤੇ ਸਾਰੀਆਂ ਸਿਆਸੀ ਧਿਰਾਂ ਨੇ ਨਜ਼ਰਾਂ ਟਿਕਾਈਆਂ ਹੋਈਆਂ ਹਨ। ਇਸ ਨੂੰ ਜ਼ਿਮਨੀ ਚੋਣ ਦਾ ਵੱਕਾਰ ਹੀ ਮੰਨਿਆ ਜਾ ਸਕਦਾ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਐਲਾਨ ਕਰਨਾ ਪਿਆ ਕਿ ਉਹ ਜ਼ਿਮਨੀ ਚੋਣ ਦੇ ਪ੍ਰਚਾਰ ਲਈ ਮੋਗਾ ਹਲਕੇ ਵਿਚ ਡੇਰੇ ਲਾਉਣਗੇ। ਅਕਸਰ ਮੰਨਿਆ ਜਾਂਦਾ ਹੈ ਕਿ ਕੈਪਟਨ ਸੱਤਾਹੀਣ ਹੋ ਕੇ ਲੋਕਾਂ ਵਿਚ ਘੱਟ ਵਿਚਰਦੇ ਹਨ ਪਰ ਜ਼ਿਮਨੀ ਚੋਣ ਨੇ ਉਨ੍ਹਾਂ ਨੂੰ ਜਨਤਾ ਵਿਚ ਲੈ ਆਂਦਾ ਹੈ।

ਉਂਝ, ਪੰਜਾਬ ਵਿਚ ਪਿਛਲੇ ਦਹਾਕੇ ਤੋਂ ਇਹ ਰੁਝਾਨ ਹੀ ਬਣ ਗਿਆ ਹੈ ਕਿ ਉਪ ਚੋਣ ਹਾਕਮ ਧਿਰ ਨੇ ਹੀ ਜਿੱਤਣੀ ਹੁੰਦੀ ਹੈ। ਫਿਰ ਵੀ ਵੋਟਰਾਂ ਵਿਚ ਆਪਣੀ ਹੋਂਦ ਕਾਇਮ ਰੱਖਣ ਲਈ ਸਿਆਸੀ ਜ਼ੋਰ ਅਜ਼ਮਾਈ ਸਾਰੀਆਂ ਧਿਰਾਂ ਹੀ ਕਰਦੀਆਂ ਹਨ। ਇਸੇ ਲਈ ਸਰਕਾਰ ਵੱਲੋਂ ਜ਼ਿਮਨੀ ਚੋਣ ਜਿੱਤਣ ਲਈ ਸਮੁੱਚੀ ਸਰਕਾਰੀ ਮਸ਼ੀਨੀਰੀ ਨੂੰ ਹੀ ਚੋਣ ਪ੍ਰਚਾਰ ਵਿਚ ਝੋਕ ਦਿੱਤਾ ਜਾਂਦਾ ਹੈ ਤੇ ਵੋਟਰਾਂ ਨੂੰ ਹਰ ਤਰ੍ਹਾਂ ਦਾ ਲਾਲਚ ਦਿੱਤਾ ਜਾਂਦਾ ਹੈ। ਮੋਗਾ ਹਲਕੇ ਵਿਚ ਵੀ ਸਰਕਾਰੀ ਪ੍ਰਭਾਵ ਦਿਖਾਈ ਦੇਣ ਲੱਗਿਆ ਹੈ।

## ਜ਼ਿਮਨੀ ਚੋਣਾਂ ਦਾ ਦਿਲਚਸਪ ਇਤਿਹਾਸ

**ਚੰਡੀਗੜ੍ਹ:** ਦੋ ਦਹਾਕਿਆਂ ਦੇ ਜ਼ਿਮਨੀ ਚੋਣਾਂ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਅਜਨਾਲਾ ਜ਼ਿਮਨੀ ਚੋਣ ਮਰਹੂਮ ਬੇਅੰਤ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਹੋਈ ਤਾਂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਰਤਨ ਸਿੰਘ ਅਜਨਾਲਾ ਨੇ ਚੋਣ ਜਿੱਤ ਲਈ। ਹਾਲਾਂਕਿ ਬਾਕੀ ਅਕਾਲੀ ਦਲਾਂ ਨੇ ਵੀ ਆਪਣਾ ਉਮੀਦਵਾਰ ਖੜ੍ਹਾ ਕੀਤਾ ਸੀ ਪਰ ਸ. ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਦਾ ਉਮੀਦਵਾਰ ਜਿੱਤਣ ਕਾਰਨ ਸਰਕਾਰ ਦੇ ਵੱਕਾਰ ਨੂੰ ਹੀ ਢਾਅ ਨਹੀਂ ਲੱਗੀ ਸਗੋਂ ਪੰਥਕ ਧਿਰਾਂ ਵਿਚ ਵੀ ਸ. ਬਾਦਲ ਦਾ ਕੱਦ ਉਚਾ ਹੋ ਗਿਆ ਸੀ।

ਇਹ ਉਹ ਸਮਾਂ ਸੀ ਜਦੋਂ ਖਾੜਕੂਵਾਦ ਦੇ ਲੰਮੇ ਦੌਰ ਤੋਂ ਬਾਅਦ ਅਕਾਲੀ ਦਲ ਚੋਣ ਪ੍ਰਕਿਰਿਆ ਵਿਚ ਹਿੱਸਾ ਲੈਣ ਲੱਗਿਆ ਸੀ। ਉਸ ਤੋਂ ਬਾਅਦ ਗਿੱਦੜਬਾਹਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਹੋਈ ਤਾਂ ਉਦੋਂ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਨੇ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਹਲਕੇ ਵਿਚ ਜਾ ਕੇ ਚੁਣੌਤੀ ਦਿੱਤੀ ਤੇ ਸਾਰੇ ਮੰਤਰੀਆਂ ਨੂੰ ਪਿੰਡਾਂ ਵਿਚ ਤਾਇਨਾਤ ਕੀਤਾ। ਅਖੀਰ ਜਿੱਤ ਵਿਰੋਧੀ ਧਿਰ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਦੀ ਹੋਈ। ਇਹ ਜ਼ਿਮਨੀ ਚੋਣ ਇਸ ਕਰਕੇ ਵੀ ਲੋਕਾਂ ਵਿਚ ਚਰਚਿਤ ਰਹਿੰਦੀ ਹੈ ਕਿਉਂਕਿ ਵੋਟਾਂ ਦੀ ਖਰੀਦੋ ਫਰੋਖ਼ਤ ਖੁੱਲ੍ਹਮ ਖੁੱਲ੍ਹੀ ਹੋਈ ਸੀ। ਜਲੰਧਰ ਜ਼ਿਲ੍ਹੇ ਦੇ ਆਦਮਪੁਰ ਹਲਕੇ ਦੀ ਜ਼ਿਮਨੀ ਚੋਣ ਦੇ ਨਤੀਜੇ ਨੂੰ ਤਾਂ ਕਿਸੇ ਹਾਲਤ ਵਿਚ ਭੁੱਲਿਆ ਨਹੀਂ ਜਾ ਸਕਦਾ। ਇਸ ਚੋਣ ਵਿਚ ਉਸ ਵੇਲੇ ਦੀ ਹਾਕਮ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦੀ ਹਾਰ ਹੋ ਗਈ ਸੀ। ਕਾਂਗਰਸ ਦੇ ਕਮਲਜੀਤ ਸਿੰਘ ਲਾਲੀ ਗਿਣਤੀ ਦੀਆਂ ਵੋਟਾਂ 'ਤੇ ਹੀ ਜਿੱਤੇ ਸਨ। ਇਸ ਹਾਰ ਤੋਂ ਬਾਅਦ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਕੀਤੀ ਰਾਜਸੀ ਟਿੱਪਣੀ ਏਨੀ ਮਹਿੰਗੀ ਪਈ ਕਿ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੋਹਾਂ ਵਿਚੋਂ ਹੀ ਕੱਢ ਦਿੱਤਾ ਗਿਆ।ਇਥੋਂ ਤੱਕ ਕਿ ਅਕਾਲ ਤਖ਼ਤ ਦੇ ਜਥੇਦਾਰ ਤੱਕ ਬਦਲ ਗਏ। ਆਦਮਪੁਰ ਦੇ ਨਤੀਜੇ ਤੋਂ ਬਾਅਦ ਹਾਕਮ ਪਾਰਟੀ ਹਰ ਜ਼ਿਮਨੀ ਚੋਣ ਵਿਚ ਹੀ ਜੇਤੂ ਹੋ ਕੇ ਨਿਕਲੀ ਹੈ। ਕੈਪਟਨ ਅਮਰਿੰਦਰ ਸਿੰਘ ਦੇ ਸਮੇਂ ਕਪੂਰਥਲਾ, ਗੜ੍ਹਸ਼ੰਕਰ, ਅਜਨਾਲਾ ਵਿਧਾਨ ਸਭਾ ਹਲਕਿਆਂ ਦੀਆਂ ਚੋਣਾਂ ਕਾਂਗਰਸ ਨੇ ਜਿੱਤੀਆਂ ਤੇ ਅਕਾਲੀ ਭਾਜਪਾ ਗਠਜੋੜ ਦੇ ਪਿਛਲੇ ਸ਼ਾਸਨ ਦੌਰਾਨ ਕਾਹਨੂੰਵਾਨ, ਨੂਰਮਹਿਲ, ਬਨੂੜ, ਜਲਾਲਾਬਾਦ ਦੀਆਂ ਚੋਣਾਂ ਸ਼੍ਰੋਮਣੀ ਅਕਾਲੀ ਦਲ ਦੀ ਝੋਲੀ ਵਿਚ ਪਈਆਂ ਸਨ।

## ਅਮਰਿੰਦਰ ਨੇ ਬਦਲੀ ਰਣਨੀਤੀ



**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਚੋਣਾਂ ਵਿਚ ਮਿਲੀ ਹਾਰ ਤੋਂ ਬਾਅਦ ਆਪਣੀ ਰਣਨੀਤੀ ਬਦਲਦਿਆਂ ਕਿਹਾ ਕਿ ਉਹ ਜ਼ਿਮਨੀ ਚੋਣ ਵਿਚ ਸਹਿਯੋਗ ਲਈ ਜਿਥੇ ਪੀਪਲਜ਼ ਪਾਰਟੀ ਆਫ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਨਾਲ ਸੰਪਰਕ ਕਰਨਗੇ, ਉਥੇ ਜਲਦੀ ਸਾਂਝੇ ਮੋਰਚੇ ਦੇ ਸਰਪ੍ਰਸਤ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਵੀ ਮਿਲਣਗੇ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਉਹ ਸੀਪੀਆਈ ਦੇ ਆਗੂ ਡਾ. ਜੋਗਿੰਦਰ ਦਿਆਲ ਕੋਲ ਵੀ ਪਹੁੰਚ ਕਰਨਗੇ। ਕੈਪਟਨ ਨੇ ਕਿਹਾ ਕਿ ਉਹ ਮਨਪ੍ਰੀਤ ਬਾਦਲ ਨੂੰ ਮਿਲ ਕੇ ਉਨ੍ਹਾਂ ਵੱਲੋਂ ਖੜ੍ਹੇ ਕੀਤੇ ਉਮੀਦਵਾਰ ਨੂੰ ਕਾਂਗਰਸ ਦੇ ਹੱਕ ਵਿਚ ਬਿਠਾਉਣ ਲਈ ਕਹਿਣਗੇ ਕਿਉਂਕਿ ਪੀਪੀਪੀ ਨੇ ਵਿਧਾਨ ਸਭਾ ਚੋਣਾਂ ਵਿਚ ਪੰਜ ਫੀਸਦ ਵੋਟਾਂ ਹਾਸਲ ਕੀਤੀਆਂ ਹਨ ਤੇ ਕਾਂਗਰਸ ਇਕ ਫੀਸਦ ਦੇ ਕਰੀਬ ਵੋਟਾਂ ਨਾਲ ਹੀ ਪਛੜੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਹੁਣ ਮੋਗੇ ਵਿਚ ਹੀ ਆਪਣਾ ਘਰ ਲੈ ਲਿਆ ਹੈ ਤੇ ਚੋਣਾਂ ਤੱਕ ਉਹ ਸਮੁੱਚੀ ਪਾਰਟੀ ਸਮੇਤ ਉਥੇ ਹੀ ਡੇਰੇ ਲਾ ਕੇ ਅਕਾਲੀਆਂ ਨੂੰ ਮਾਂਜਾ ਫੇਰਨਗੇ। ਕੈਪਟਨ ਉਪਰ ਪਿਛਲੀਆਂ ਚੋਣਾਂ ਦੌਰਾਨ ਦੋਸ਼ ਲੱਗਦੇ ਰਹੇ ਹਨ ਕਿ ਉਹ ਚੋਣ ਪ੍ਰਚਾਰ ਵਿਚ ਬਹੁਤ ਘੱਟ ਸਮਾਂ ਦਿੰਦੇ ਹਨ। ਇਸ ਮੌਕੇ ਪੰਜਾਬ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨੇ ਦੱਸਿਆ ਕਿ ਜੈਪੁਰ ਵਿਖੇ ਕਾਂਗਰਸ ਦੇ ਹੋਏ 'ਚਿੰਤਨ ਸ਼ਿਵਿਰ' ਦੌਰਾਨ ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਕੋਲ ਸ. ਮਜੀਠੀਆ ਦੇ ਵਿਧਾਨ ਸਭਾ ਵਿਚਲੇ ਵਤੀਰੇ ਸਮੇਤ ਪੰਜਾਬ ਦੀ ਬਦਤਰ ਹੋਈ ਅਮਨ ਤੇ ਕਾਨੂੰਨ ਦੀ ਸਥਿਤੀ ਤੋਂ ਜਾਣੂ ਕਰਵਾਇਆ ਹੈ ਤੇ ਗ੍ਰਹਿ ਮੰਤਰੀ ਨੇ ਇਸ ਉਪਰ ਫਿਕਰ ਜ਼ਾਹਿਰ ਕਰਦਿਆਂ ਪੰਜਾਬ ਦੇ ਹਾਲਾਤ 'ਤੇ ਨਜ਼ਰ ਰੱਖਣ ਦਾ ਭਰੋਸਾ ਦਿੱਤਾ ਹੈ।

## ਸਾਂਝੇ ਮੋਰਚੇ ਵੱਲੋਂ ਡਟੇ ਰਹਿਣ ਦਾ ਐਲਾਨ

**ਚੰਡੀਗੜ੍ਹ:** ਸਾਂਝੇ ਮੋਰਚੇ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਪੇਸ਼ਕਸ਼ ਨੂੰ ਠੁਕਰਾਉਂਦਿਆਂ ਮੋਗਾ ਜ਼ਿਮਨੀ ਚੋਣ ਵਿਚ ਖ਼ੁਦ ਹੀ ਡਟੇ ਰਹਿਣ ਦਾ ਐਲਾਨ ਕੀਤਾ ਹੈ ਤੇ ਕਾਂਗਰਸ ਤੋਂ ਪੀਪਲਜ਼ ਪਾਰਟੀ ਆਫ ਪੰਜਾਬ ਦੇ ਉਮੀਦਵਾਰ ਦੀ ਹਮਾਇਤ ਮੰਗੀ ਹੈ। ਸਾਂਝੇ ਮੋਰਚੇ ਦਾ ਕਹਿਣਾ ਹੈ ਕਿ ਕਾਂਗਰਸ ਪਾਰਟੀ ਮੋਗਾ ਜ਼ਿਮਨੀ ਚੋਣ ਲਈ ਉਮੀਦਵਾਰ ਬਾਰੇ ਫੈਸਲਾ ਲੈਣ ਵਿਚ ਪਛੜੀ ਹੈ ਤੇ ਇਸ ਕਰਕੇ ਸਾਂਝੇ ਮੋਰਚੇ ਦੇ ਉਮੀਦਵਾਰ ਨੂੰ ਹਮਾਇਤ ਦੇ ਦੇਣੀ ਚਾਹੀਦੀ ਹੈ। ਚੋਣਾਂ ਦੇ ਐਲਾਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਦਾ ਹਮਾਇਤ ਦੇਣ ਬਾਰੇ ਸੁਝਾਅ ਬੇਤੁਕਾ ਹੈ। ਪੀਪੀਪੀ ਦੇ ਸੀਨੀਅਰ ਮੀਤ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਹੈ ਕਿ ਉਨ੍ਹਾਂ ਦੀ ਸ. ਮਨਪ੍ਰੀਤ ਸਿੰਘ ਬਾਦਲ ਨਾਲ ਗੱਲ ਹੋਈ ਸੀ ਤੇ ਉਨ੍ਹਾਂ ਨੇ ਕਾਂਗਰਸ ਨੂੰ ਹਮਾਇਤ ਦੇਣ ਤੋਂ ਸਾਫ ਨਾਂਹ ਕਰ ਦਿੱਤੀ। ਉਨ੍ਹਾਂ ਨੇ ਕਿਹਾ ਕਿ ਸਾਂਝਾ ਮੋਰਚਾ ਆਪਣਾ ਉਮੀਦਵਾਰ ਖੜ੍ਹਾ ਕਰ ਚੁੱਕਾ ਹੈ ਤੇ ਹੁਣ ਬਿਠਾਉਣ ਬਾਰੇ ਸੋਚਿਆ ਨਹੀਂ ਜਾ ਸਕਦਾ।

## ਅਕਾਲੀਆਂ ਤੇ ਭਾਜਪਾ 'ਚ ਖਿੱਚੋਤਾਣ ਜਾਰੀ

**ਚੰਡੀਗੜ੍ਹ:** ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵਿਚਾਲੇ ਖਿੱਚੋਤਾਣ ਜਾਰੀ ਹੈ। ਭਾਜਪਾ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਨੇ ਮੰਨਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਆਗੂਆਂ ਵਿਚਕਾਰ ਪੈਦਾ ਹੁੰਦੇ ਵਾਦ-ਵਿਵਾਦ ਦਾ ਕਾਰਨ ਗੱਠਜੋੜ ਪਾਰਟੀਆਂ ਵਿਚ ਤਾਲਮੇਲ ਦੀ ਘਾਟ ਹੈ। ਉਨ੍ਹਾਂ ਕਿਹਾ ਕਿ ਦੋਹਾਂ ਪਾਰਟੀਆਂ ਦੇ ਆਗੂਆਂ 'ਤੇ ਅਧਾਰਤ ਪੱਕੀ ਤਾਲਮੇਲ ਕਮੇਟੀ ਬਣਾਏ ਜਾਣ ਦੀ ਲੋੜ ਹੈ।

ਸ੍ਰੀ ਸ਼ਰਮਾ ਨੇ ਕਿਹਾ ਕਿ ਦੋਹਾਂ ਪਾਰਟੀਆਂ ਨੇ ਬੇਸ਼ੱਕ ਇਸ ਸਮੇਂ ਵੀ ਤਾਲਮੇਲ ਕਮੇਟੀ ਬਣਾਈ ਹੋਈ ਹੈ ਪਰ ਇਸ ਦਾ ਕੰਮ ਡੰਗ ਟਪਾਊ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਜਦੋਂ ਵੀ ਕੋਈ ਵੱਡਾ ਵਾਦ ਵਿਵਾਦ ਪੈਦਾ ਹੁੰਦਾ ਹੈ ਤਾਂ ਦੋਵੇਂ ਪਾਰਟੀਆਂ ਦੇ ਆਗੂਆਂ ਉਦੋਂ ਹੀ ਇਕੱਠੇ ਹੁੰਦੇ ਹਨ। ਭਾਜਪਾ ਸੂਬਾ ਪ੍ਰਧਾਨ ਨੇ ਮੰਨਿਆ ਕਿ ਪਾਰਟੀ ਨਾਲ ਸਬੰਧਤ ਮੰਤਰੀਆਂ ਦੇ ਵਿਭਾਗਾਂ ਵਿਚ ਬੇਲੋੜੀ ਦਖ਼ਲਅੰਦਾਜ਼ੀ ਦੇ ਕੁਝ ਅਜਿਹੇ ਗਿਲੇ ਸ਼ਿਕਵੇ ਸਨ ਜਿਨ੍ਹਾਂ ਸਬੰਧੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਗੱਲ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਬਿਨਾਂ ਸ਼ੱਕ ਮੁੱਖ ਮੰਤਰੀ ਨੂੰ ਕਈ ਖੇਤਰਾਂ ਵਿਚ ਫੈਸਲੇ ਲੈਣ ਦਾ ਅਧਿਕਾਰ ਹੁੰਦਾ ਹੈ ਪਰ ਕਈ ਮਾਮਲਿਆਂ ਵਿਚ ਭਾਜਪਾ ਮੰਤਰੀਆਂ ਦੇ ਗਿਲੇ ਬਿਲਕੁਲ ਜਾਇਜ਼ ਹਨ।

ਉਨ੍ਹਾਂ ਇਹ ਵੀ ਮੰਨਿਆ ਕਿ ਮੋਗਾ ਵਿਧਾਨ ਸਭਾ ਹਲਕੇ ਵਿਚ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੂੰ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਕਈ ਸ਼ਿਕਾਇਤਾਂ ਹਨ। ਉਨ੍ਹਾਂ ਕਿਹਾ ਕਿ ਮੋਗਾ ਦੇ ਭਾਜਪਾ ਆਗੂਆਂ ਨਾਲ ਅਕਾਲੀਆਂ ਦਾ ਵਿਵਹਾਰ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਮੋਗਾ ਦੇ ਪਾਰਟੀ ਆਗੂਆਂ ਨੂੰ ਚੰਡੀਗੜ੍ਹ ਬੁਲਾ ਕੇ ਸਾਰੀ ਗੱਲਬਾਤ ਸੁਣੀ ਗਈ ਹੈ ਤੇ ਇਸ ਬਾਰੇ ਜਲਦੀ ਹੀ ਅਕਾਲੀ ਆਗੂਆਂ ਨਾਲ ਗੱਲ ਕਰਕੇ ਭਾਜਪਾ ਆਗੂਆਂ ਦੀਆਂ ਸ਼ਿਕਾਇਤਾਂ ਦੂਰ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਮੋਗਾ ਤੋਂ ਕਿਸ ਉਮੀਦਵਾਰ ਨੂੰ ਟਿਕਟ ਦੇਣੀ ਹੈ, ਇਹ ਐਲਾਨ ਸ਼੍ਰੋਮਣੀ ਅਕਾਲੀ ਦਲ ਨੇ ਹੀ ਕਰਨਾ ਹੈ ਪਰ ਭਾਈਵਾਲਾਂ ਨਾਲ ਵਿਵਹਾਰ ਠੀਕ ਹੋਣਾ ਚਾਹੀਦਾ ਹੈ।

# ਸਿਆਸੀ ਆਗੂਆਂ ਦੀ ਮੌਕਾਪ੍ਰਸਤੀ ਨੇ ਖਾ ਲਿਆ ਪੰਜਾਬ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੀ ਰਾਜਨੀਤੀ ਵਿਚ ਦਲ ਬਦਲੀ ਤੇ ਮੌਕਾਪ੍ਰਸਤ ਦਾ ਬੋਲਬਾਲਾ ਹੈ। ਹੁਕਮਰਾਨ ਪਾਰਟੀਆਂ ਵੱਲੋਂ ਦਲ ਬਦਲੀ ਨੂੰ ਏਨਾ ਜ਼ਿਆਦਾ ਉਤਸ਼ਾਹਤ ਕੀਤਾ ਜਾਣ ਲੱਗਾ ਹੈ ਕਿ ਸਿਆਸੀ ਬੰਦੇ ਰਾਤੋ ਰਾਤ ਆਪਣਾ ਸਿਆਸੀ ਚੋਲਾ ਬਦਲਣ ਲੱਗੇ ਹਨ। ਪਿਛਲੇ ਸਮੇਂ ਦੌਰਾਨ ਵਿਚਾਰਧਾਰਾ ਵਿਚ ਪੱਕੇ ਮੰਨੇ ਜਾਣ ਵਾਲੇ ਆਗੂਆਂ ਨੇ ਵੀ ਦਲ ਬਦਲੀ ਕੀਤੀ ਹੈ।

ਸਰਕਾਰ ਵੱਲੋਂ ਹਾਲ ਹੀ ਦੌਰਾਨ ਦਲ ਬਦਲੀ ਕਰਕੇ ਜਥੇਦਾਰ ਬਣਨ ਵਾਲੇ ਕਈ ਆਗੂਆਂ ਨੂੰ ਅਹੁਦਿਆਂ ਨਾਲ ਨਿਵਾਜਿਆ ਹੈ। ਇਨ੍ਹਾਂ ਵਿਚ ਮੋਗਾ ਦੇ ਕਾਂਗਰਸੀ ਵਿਧਾਇਕ ਜੋਗਿੰਦਰ ਪਾਲ ਜੈਨ ਨੂੰ ਪਹਿਲਾਂ ਵੇਅਰਹਾਊਸਿੰਗ ਕਾਰਪੋਰੇਸ਼ਨ ਦਾ ਚੇਅਰਮੈਨ ਤੇ ਫਿਰ ਟਿਕਟ, ਦੀਪਇੰਦਰ ਸਿੰਘ ਢਿੱਲੋਂ, ਮੰਗਤ ਰਾਮ ਬਾਂਸਲ ਨੂੰ ਜ਼ਿਲ੍ਹਾ ਯੋਜਨਾ ਕਮੇਟੀਆਂ ਦੀਆਂ ਚੇਅਰਮੈਨੀਆਂ ਦਿੱਤੀਆਂ ਗਈਆਂ। ਹਾਕਮ ਪਾਰਟੀ ਦੇ ਇਸ ਰੁਝਾਨ ਨਾਲ ਪਾਰਟੀ ਕਾਡਰ ਵਿਚ ਨਿਰਾਸ਼ਾ ਵੀ ਆਈ ਹੈ। ਇਸ ਦਾ ਸਬੂਤ ਮੋਗਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦੌਰਾਨ ਦੇਖਿਆ ਜਾ ਸਕਦਾ ਹੈ ਜਿੱਥੇ ਪਾਰਟੀ ਦੇ ਸੀਨੀਅਰ ਆਗੂ ਲੁਕਵੇਂ



ਜੋਗਿੰਦਰ ਪਾਲ ਜੈਨ



ਦੀਪਿੰਦਰ ਸਿੰਘ ਢਿੱਲੋਂ



ਹਰਬੰਸ ਲਾਲ



ਜਗਬੀਰ ਬਰਾੜ

ਰੂਪ ਵਿਚ ਸ੍ਰੀ ਜੈਨ ਦੀ ਉਮੀਦਵਾਰੀ ਦਾ ਵਿਰੋਧ ਕਰ ਰਹੇ ਹਨ।

ਪੰਜਾਬ ਵਿਚ ਜਿਵੇਂ ਹੀ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਸਰਕਾਰ ਹੋਂਦ ਵਿਚ ਆਈ ਤਾਂ ਦਲ ਬਦਲੀਆਂ ਦਾ ਦੌਰ ਤੇਜ਼ੀ ਨਾਲ ਚੱਲਿਆ। ਕਾਂਗਰਸ ਦੇ ਕਈ ਸਾਬਕਾ ਵਿਧਾਇਕ ਜਿਨ੍ਹਾਂ ਵਿਚ ਮੰਗਤ ਰਾਮ ਬਾਂਸਲ, ਨਰੇਸ਼ ਕਟਾਰੀਆ, ਸਾਬਕਾ ਮੰਤਰੀ ਹਰਬੰਸ ਲਾਲ, ਦੀਪਿੰਦਰ ਸਿੰਘ ਢਿੱਲੋਂ ਨੇ ਕਾਂਗਰਸ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਤਾਂ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਾਲੀ ਪਾਰਟੀ ਨੂੰ ਵੀ ਕਈ ਪਾਸਿਆਂ ਤੋਂ ਖੋਰਾ ਲੱਗਿਆ। ਸਾਬਕਾ ਵਿਧਾਇਕ ਦੀਦਾਰ ਸਿੰਘ ਭੱਟੀ, ਦਲਜੀਤ ਸਿੰਘ ਸਦਰਪੁਰਾ ਮਨਪ੍ਰੀਤ ਦਾ ਸਾਥ ਛੱਡ ਕੇ ਹਾਕਮ ਪਾਰਟੀ ਵਿਚ ਚਲੇ ਗਏ।

ਸਿਮਰਨਜੀਤ ਸਿੰਘ ਮਾਨ ਦੇ ਸਾਥੀ ਰਹੇ ਚਰਨ ਸਿੰਘ ਲੁਹਾਰਾ ਨੇ ਵੀ ਹਾਕਮ ਪਾਰਟੀ ਵਿਚ ਸ਼ਮੂਲੀਅਤ ਕਰ ਲਈ। ਪੰਜਾਬ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਤਾਂ ਦਲ ਬਦਲੀ ਆਮ ਜਿਹੀ ਗੱਲ ਸੀ। ਮਨਪ੍ਰੀਤ ਦੀ ਸੱਜੀ ਖੱਬੀ ਬਾਂਹ ਮੰਨੇ ਜਾਂਦੇ ਜਗਬੀਰ ਬਰਾੜ ਤੇ ਕੁਸ਼ਲਦੀਪ ਸਿੰਘ ਢਿੱਲੋਂ ਵੀ ਝੱਟਪਟ ਕਾਂਗਰਸੀ ਬਣ ਗਏ। ਜਗਦੀਸ਼ ਸਾਹਨੀ ਵਰਗੇ ਆਗੂ ਜੋ ਲਗਾਤਾਰ ਭਾਜਪਾ ਦੀ ਟਿਕਟ 'ਤੇ ਵਿਧਾਇਕ ਬਣਦੇ ਆਏ ਨੇ ਕਾਡਰ ਆਧਾਰਤ ਮੰਨੀ ਜਾਂਦੀ ਭਾਜਪਾ ਨੂੰ ਛੱਡਣ ਵਿਚ ਦੇਰ ਨਹੀਂ ਲਾਈ।

ਸ਼੍ਰੋਮਣੀ ਅਕਾਲੀ ਦਲ ਵਿਚ ਕੈਪਟਨ ਕੰਵਲਜੀਤ ਸਿੰਘ ਦਾ ਵਿਸ਼ੇਸ਼ ਰੁਤਬਾ ਸੀ। ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਪੂਰੀ ਤਰ੍ਹਾਂ ਖਿੰਡ ਗਿਆ ਹੈ। ਉਨ੍ਹਾਂ ਦੀ ਧੀ ਮਨਪ੍ਰੀਤ ਕੌਰ ਡੌਲੀ ਨੇ ਕਾਂਗਰਸ ਦਾ ਹੱਥ ਫੜ੍ਹ ਲਿਆ ਹੈ ਤਾਂ ਪੁੱਤਰ ਜਸਜੀਤ ਸਿੰਘ ਬਨੀ ਇਕ ਵਾਰੀ ਵਿਧਾਇਕ ਬਣਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵਿਚ ਬਿਲਕੁਲ ਹਾਸ਼ੀਏ 'ਤੇ ਚਲਾ ਗਿਆ ਹੈ। ਕਾਂਗਰਸ ਹਕੂਮਤ ਸਮੇਂ ਸੀਪੀਆਈ ਦੇ ਦੋ ਵਿਧਾਇਕ ਨੱਥੂ ਰਾਮ ਤੇ ਗੁਰਜੰਟ ਸਿੰਘ ਕੁੱਤੀਵਾਲ ਕਾਮਰੇਡਾਂ ਨੂੰ ਛੱਡ ਕਾਂਗਰਸੀ ਬਣ ਗਏ ਸਨ।

ਇਥੋਂ ਤੱਕ ਕਿ ਗਰਮ ਖਿਆਲੀ ਸਿੱਖ ਜਥੇਬੰਦੀਆਂ ਵਿਚ ਸਰਗਰਮ ਰਹੇ ਕਈ ਆਗੂਆਂ ਨੇ ਵੀ ਕਾਂਗਰਸ ਵਿਚ ਸ਼ਮੂਲੀਅਤ ਕਰ ਲਈ ਸੀ। ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਮਨਜੀਤ ਸਿੰਘ ਕਲਕੱਤਾ ਵਰਗੇ ਆਗੂਆਂ ਨੇ ਵੀ ਕਾਂਗਰਸ ਦੇ ਉਮੀਦਵਾਰਾਂ ਦੀ ਹਮਾਇਤ ਦਾ ਐਲਾਨ ਕਰ ਦਿੱਤਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੇ ਇਕ ਸੰਸਦ ਮੈਂਬਰ ਕ੍ਰਿਪਾਲ ਸਿੰਘ ਲਿਬੜਾ ਨੂੰ ਕਾਂਗਰਸ ਨੂੰ ਪਾਰਟੀ ਦਾ ਵਿੱਪ ਤੋੜ ਕੇ ਸਰਕਾਰ ਦਾ ਸਾਥ ਦੇਣ ਬਦਲੇ ਟਿਕਟ ਦੇ ਕੇ ਇਨਾਮ ਦਿੱਤਾ ਸੀ।

ਹਰਿਆਣਾ ਵਿਚ ਜਦੋਂ ਮਰਹੂਮ ਚੌਧਰੀ ਭਜਨ ਲਾਲ ਆਪਣੇ ਪੂਰੇ ਮੰਤਰੀ ਮੰਡਲ ਸਮੇਤ ਹੀ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ ਸਨ ਤਾਂ ਉਸ ਸਮੇਂ ਤੋਂ ਇਸ ਗੁਆਂਢੀ ਰਾਜ ਵਿਚ 'ਆਇਆ ਰਾਮ ਤੇ ਗਿਆ ਰਾਮ' ਵਾਲਾ ਜੁਮਲਾ ਕਾਫ਼ੀ ਮਸ਼ਹੂਰ ਰਿਹਾ ਹੈ। ਇਹ ਗੱਲ ਹੁਣ ਪੰਜਾਬ ਦੇ ਸਿਆਸਤਦਾਨਾਂ 'ਤੇ ਵੀ ਢੁਕਣ ਲੱਗੀ ਹੈ।

# ਕੌਣ ਹੈ ਅਸਲ ਵਾਰਿਸ ਕੈਨੇਡਾ ਵਿਚ ਕਬੱਡੀ ਦਾ!

ਲੇਖਾ-ਜੋਖਾ

**ਕਬੱਡੀ ਨੂੰ ਪੰਜਾਬੀਆਂ ਦੀ ਮਾਂ ਖੇਡ ਕਰਕੇ ਵਡਿਆਇਆ ਜਾਂਦਾ ਹੈ। ਪਰ ਕੀ ਕਬੱਡੀ ਨੂੰ ਸੱਚਮੁੱਚ ਉਹ ਮਾਣ ਪ੍ਰਬੰਧਕਾਂ ਅਤੇ ਪ੍ਰੋਮੋਟਰਾਂ ਵਲੋਂ ਦਿੱਤਾ ਜਾਂਦਾ ਹੈ? ਇਹ ਇਕ ਵੱਡਾ ਸਵਾਲ ਹੈ। ਉਘੇ ਕਬੱਡੀ ਖਿਡਾਰੀ ਹਰਦੀਪ ਸਿੰਘ ਸਰਾਂ ਨੇ ਇਸ ਲੇਖ ਵਿਚ ਇਹੋ ਸਵਾਲ ਉਠਾਇਆ ਹੈ। -ਸੰਪਾਦਕ**

ਬੜੀ ਖੁਸ਼ੀ ਹੁੰਦੀ ਹੈ ਜਦੋਂ ਖੇਡ ਪ੍ਰੇਮੀਆਂ ਨੂੰ ਮੈਦਾਨ ਵਿਚ ਖਿਡਾਰੀਆਂ ਦਾ ਹੌਸਲਾ ਵਧਾਉਂਦੇ ਦੇਖਦੇ ਹਾਂ-ਚੱਕ ਦੇ, ਭੱਜ ਜਾ, ਫੜ ਲੈ ਓਏ! ਪਰ ਇਸ ਸ਼ੋਰ-ਸ਼ਰਾਬੇ ਵਿਚ ਕਿੰਨਾ ਕੁਝ ਗੁੰਮ ਹੋ ਕੇ ਰਹਿ ਜਾਂਦਾ ਹੈ। ਕਦੀ ਸੋਚਣ ਦਾ ਵਕਤ ਹੀ ਨਹੀਂ ਮਿਲਦਾ ਕਿ ਇਸ ਸਭ ਤੋਂ ਇਲਾਵਾ ਸਾਡੀ ਮਾਂ

**ਹਰਦੀਪ ਸਿੰਘ ਸਰਾਂ (ਤਾਊ ਤੋਗਾਂਵਾਲਾ)**
e-mail:hardeeptauo@hotmail.com

ਖੇਡ ਕਬੱਡੀ ਦਾ ਸਿਸਟਮ ਕੀ ਹੈ? ਅਸੀਂ ਕਿਉਂ ਨਹੀਂ ਸੋਚਦੇ ਕਿ ਸਾਡੀ ਟੀਮ ਕਿਹੜੇ ਕਾਰਨਾਂ ਕਰਕੇ ਵਿਸ਼ਵ ਕਬੱਡੀ ਕੱਪ ਨਹੀਂ ਜਿੱਤਦੀ? ਆਉ ਇਸ ਕਿਉਂ 'ਤੇ ਅੱਖੀਂ ਝਾਤ ਮਾਰੀਏ।

ਕੈਨੇਡਾ ਵਿਚ ਕਬੱਡੀ ਦੀਆਂ 6 ਫੈਡਰੇਸ਼ਨਾਂ ਹਨ, 2 ਓਂਟਾਰੀਓ, 2 ਬ੍ਰਿਟਿਸ਼ ਕੋਲੰਬੀਆ ਅਤੇ 2 ਅਲਬਰਟਾ ਦੀਆਂ। ਪਰ ਕਿਉਂ? ਫੈਡਰੇਸ਼ਨਾਂ ਦੇ ਨਿਯਮਾਂ ਦੀ ਕੋਈ ਲਿਖਤੀ ਕਿਤਾਬ ਨਹੀਂ ਹੈ। ਕਿਉਂ? ਜੇ ਕੋਈ ਕਿਤਾਬ ਹੈ ਵੀ ਤਾਂ ਉਸ ਦੇ ਨਿਯਮ ਕਿਸੇ ਵੈਬ ਸਾਈਟ 'ਤੇ ਕਿਉਂ ਨਹੀਂ ਪਾਏ ਗਏ? ਖੇਡ ਪ੍ਰੇਮੀਆਂ ਵਿਚ ਜਨਤਕ ਕਿਉਂ ਨਹੀਂ ਕੀਤੇ ਗਏ?

ਕਬੱਡੀ ਜਗਤ ਦਾ ਇੱਕ ਬੜਾ ਪੁਰਾਣਾ ਅਤੇ ਸ਼ਕਤੀਸ਼ਾਲੀ ਨਿਯਮ ਹੈ ਅਤੇ ਸਮਾਂ ਆਉਣ 'ਤੇ ਇਸ ਬ੍ਰਹਮਅਸਤਰ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਹੈ, ਜਦ ਕੋਈ ਖਿਡਾਰੀ ਕੋਈ ਨਿਯਮ ਤੋੜਦਾ ਹੈ ਤਾਂ ਫੈਡਰੇਸ਼ਨਾਂ ਦੀ ਸੋਚ ਦੇ ਮੁਤਾਬਕ ਸਾਰੀ ਦੁਨੀਆਂ ਦਾ ਕਬੱਡੀ ਜਗਤ ਅਤੇ ਇਸ ਦੇ ਮੁਖੀ ਮਿਲ ਕੇ ਉਸ ਖਿਡਾਰੀ ਦੇ ਖੇਡਣ 'ਤੇ ਬੈਨ ਲਾ ਦਿੰਦੇ ਹਨ। ਇਸ ਦੇ ਉਲਟ ਜੇ ਇਹੀ ਮੁਖੀ ਜਾਂ ਫੈਡਰੇਸ਼ਨ ਕੋਈ 2-4 ਕਲੱਬਾਂ ਨੂੰ ਕੋਈ ਨਿਯਮ ਤੋੜਨ ਦਾ ਜੁਰਮਾਨਾ ਕਰਦੇ ਹਨ ਤਾਂ ਉਹ 6-4 ਦਾ ਇੱਕਠ ਕਰਕੇ ਨਵੀਂ ਫੈਡਰੇਸ਼ਨ ਬਣਾ ਲੈਂਦੇ ਹਨ। ਮਜ਼ੇ ਦੀ ਗੱਲ ਤਾਂ ਇਹ ਹੈ ਕਿ ਉਹ ਕਾਮਯਾਬ ਵੀ ਹੋ ਜਾਂਦੇ ਹਨ।

ਡਰੱਗ ਟੈਸਟ ਵੀ ਇਕ ਵੱਡਾ ਮਸਲਾ ਹੈ। ਅਸਲ ਵਿਚ ਪਹਿਲੀ ਗੱਲ ਤਾਂ ਇਹ ਹੈ ਕਿ ਡਰੱਗ ਅਤੇ ਸਟੀਰਾਇਡਸ ਵਿਚ ਇੱਕ ਵੱਡਾ ਅੰਤਰ ਹੈ। 70% ਖਿਡਾਰੀ ਸਟੀਰਾਇਡਸ ਕਾਰਨ ਬੈਨ ਹੁੰਦੇ ਹਨ। ਜੋ ਕਿ ਕਈ ਵਾਰ ਸੱਟ ਲਗਣ ਕਰਕੇ ਵਰਤੇ ਜਾਂਦੇ ਹਨ। ਉਂਜ ਤਾਕਤ ਵਧਾਉਣ ਲਈ ਵੀ ਵਰਤੇ ਜਾਂਦੇ ਹਨ ਪਰ ਜੋ ਵਸਤੂ ਸਮਾਜਿਕ ਤੌਰ 'ਤੇ ਗਲਤ ਹੈ, ਅਸੀਂ ਉਸ ਨਾਲ ਸਹਿਮਤ ਵੀ ਹਾਂ ਅਤੇ ਉਸ ਦਾ ਵਿਰੋਧ ਵੀ ਕਰਦੇ ਹਾਂ। ਪਿਛਲੇ ਕਈ ਸਾਲਾਂ ਤੋਂ ਕੀ ਹੋ ਰਿਹਾ ਹੈ? ਡੋਪ ਟੈਸਟ ਵਿਚ ਫੇਲ੍ਹ ਹੋਏ ਖਿਡਾਰੀ ਨੂੰ ਜੇ ਇੱਕ ਫੈਡਰੇਸ਼ਨ ਬੈਨ ਕਰਦੀ ਹੈ ਤਾਂ ਦੂਸਰੀ ਬਿਨਾਂ ਕਿਸੇ ਡੂੰਘੀ ਸੋਚ-ਵਿਚਾਰ ਦੇ ਬੈਨ ਹੋਏ ਖਿਡਾਰੀਆਂ ਨੂੰ ਖੇਡਣ ਦਾ ਖੁੱਲ੍ਹਾ ਸੱਦਾ ਦੇ ਦਿੰਦੀ ਹੈ। ਇਸ ਸਭ ਦੇ ਚਲਦਿਆਂ ਪਹਿਲੀ ਫੈਡਰੇਸ਼ਨ ਨੂੰ ਆਪਣੇ ਨਿਯਮ ਤੋੜ ਕੇ ਮਜਬੂਰੀਵਸ ਉਨ੍ਹਾਂ ਖਿਡਾਰੀਆਂ ਨੂੰ ਖੇਡਣ ਦੀ ਖੁੱਲ੍ਹ ਦੇਣੀ ਪੈਂਦੀ ਹੈ। ਜਿਹੜੇ ਖਿਡਾਰੀ ਬਿਨਾਂ ਕਿਸੇ ਤਾਕਤ ਵਧਾਊ ਸਟੀਰਾਇਡ ਦੇ ਖੇਡਦੇ ਹਨ, ਉਨ੍ਹਾਂ ਨੂੰ ਵੀ ਮਜਬੂਰਨ ਇਸੇ ਚੱਕਰ ਵਿਚ ਛਲਾਂਗ ਲਾਉਣੀ ਪੈਂਦੀ ਹੈ, ਮੁਕਾਬਲਾ ਬਰਾਬਰੀ ਦਾ ਕਰਨ ਲਈ ਸਭ ਕੁਝ ਕਰਨਾ ਪੈਂਦਾ ਹੈ। ਇਨ੍ਹਾਂ ਵਿਚੋਂ ਮੈਂ ਵੀ ਇੱਕ ਹਾਂ।

ਕਬੱਡੀ ਸੀਜ਼ਨ ਖਤਮ ਹੋਣ ਸਾਰ ਹੀ ਹੁਕਮ ਹੋ ਜਾਂਦਾ ਹੈ ਕਿ ਵਿਸ਼ਵ ਕਬੱਡੀ ਕੱਪ ਲਈ ਟੀਮ ਤਿਆਰ ਕਰੋ। ਫਿਰ ਉਨ੍ਹਾਂ ਖਿਡਾਰੀਆਂ ਨੂੰ ਇੱਕ ਹੋਰ ਚੱਕਰਵਿਊ ਵਿਚ ਸੁੱਟ ਦਿੱਤਾ ਜਾਂਦਾ ਹੈ, ਜਿਨ੍ਹਾਂ ਨੂੰ ਆਪਣੇ ਹੱਥੀਂ ਡਰੱਗ ਦੇ ਚੱਕਰਵਿਊ ਵਿਚ ਸੁੱਟਿਆ ਗਿਆ ਸੀ। ਕੁਝ ਤਾਂ ਇਹ ਸਭ ਪਤਾ ਹੋਣ ਦੇ ਬਾਵਜੂਦ ਵੀ ਸੀਸ ਅੱਗੇ ਕਰ ਦਿੰਦੇ ਹਨ। ਚੰਗੀ ਕਿਸਮਤ ਵਾਲੇ ਬਚ ਜਾਂਦੇ ਹਨ। ਪਰ ਬਹੁਤ ਜਿਆਦਾ ਸਿਆਣਪ ਵਰਤ ਕੇ ਇਨਕਾਰ ਕਰ ਦਿੰਦੇ ਹਨ। ਚਾਹੇ ਕਾਰਨ ਕੋਈ ਵੀ ਹੋਵੇ, ਕਈ ਵਾਰ ਤਾਂ ਪ੍ਰੋਮੋਟਰ ਹੀ ਖਿਡਾਰੀਆਂ ਨੂੰ ਰੋਕ ਦਿੰਦੇ ਹਨ। ਜਿਥੋਂ ਤੱਕ ਮੈਨੂੰ ਗਿਆਨ ਹੈ ਸਾਡੇ ਖੇਡ ਪ੍ਰੋਮੋਟਰਾਂ ਜਾਂ ਕੋਚਾਂ ਵਿਚੋਂ 5% ਤੋਂ 7% ਦੇ ਬੱਚੇ ਹੀ ਕਬੱਡੀ ਖੇਡਦੇ ਹਨ ਕਿਉਂਕਿ ਬਾਕੀਆਂ ਨੂੰ ਪਤਾ ਹੈ ਕਿ ਜਿਹੜੀ ਫਸਲ ਅਸੀਂ ਬੀਜ ਰਹੇ ਹਾਂ, ਸਾਡੇ ਬੱਚਿਆਂ ਦੇ ਖਾਣ ਦੇ ਕਾਬਿਲ ਨਹੀਂ।

ਕਿਸੇ ਵੀ ਖਿਡਾਰੀ ਦਾ ਕੋਈ ਕੰਟਰੈਕਟ, ਬੀਮਾ ਜਾਂ ਮੈਡੀਕਲ ਨਹੀਂ ਕਰਵਾਇਆ ਜਾਂਦਾ। ਜਿਸ ਖਿਡਾਰੀ ਦੀ ਅਗਲੇ ਸਾਲ ਲੋੜ ਨਹੀਂ ਹੁੰਦੀ ਉਸ ਨੂੰ ਟਿਸ਼ੂ ਪੇਪਰ ਵਾਂਗ ਵਰਤ ਕੇ ਸੁੱਟ ਦਿੰਦੇ ਹਨ। ਪਰ ਜੋ ਖਿਡਾਰੀ ਕੰਮ ਦਾ ਹੁੰਦਾ ਹੈ ਉਸ ਨੂੰ ਅਗਲੇ ਸਾਲ ਦਾ ਅਡਵਾਂਸ ਵੀ ਦੇ ਦਿੱਤਾ ਜਾਂਦਾ ਹੈ। ਕੁਝ ਸਹੀ ਖੇਡ ਪ੍ਰੋਮੋਟਰ ਵੀ ਹਨ ਜੋ ਹਰ ਖਿਡਾਰੀ ਨੂੰ ਬਰਾਬਰ ਰਖਦੇ ਹਨ। ਪਰ ਸਾਰੇ ਇਸ ਤਰ੍ਹਾਂ ਦੇ ਨਹੀਂ ਹਨ।

ਆਪੋ-ਆਪਣੀ ਕਲੱਬ ਲਈ ਸਭ ਬੜੇ ਜਿੰਮੇਵਾਰ ਹਨ, ਵਧੀਆ ਗੱਲ ਹੈ। ਇਨ੍ਹਾਂ ਕਾਰਨ ਹੀ ਕਈ ਖਿਡਾਰੀਆਂ ਦੇ ਘਰ ਚਲਦੇ ਹਨ। ਮਈ ਤੋਂ ਲੈ ਕੇ ਅਕਤੂਬਰ ਤੱਕ ਰੇਡੀਓ, ਟੀ ਵੀ, ਅਖ਼ਬਾਰ-ਹਰ ਪਾਸੇ ਕਬੱਡੀ-ਕਬੱਡੀ ਹੋਈ ਜਾਂਦੀ ਹੈ। ਪੈਸਾ ਅਤੇ ਨਸ਼ਾ ਪਾਣੀ ਵਾਂਗ ਵਹਿੰਦਾ ਹੈ। ਇਨ੍ਹਾਂ ਸਭ ਨੂੰ ਬਸ ਆਪਣੀ ਜਿੱਤ ਅਤੇ ਸ਼ੋਹਰਤ ਨਜ਼ਰ ਆਉਂਦੀ ਹੈ। ਖਿਡਾਰੀ ਭਾਵੇਂ ਰਾਤ ਨੂੰ ਸੁੱਤਾ ਹੀ ਰਹਿ ਜਾਵੇ।

ਪਰ ਜਦੋਂ ਕੈਨੇਡਾ ਦੀ ਨੈਸ਼ਨਲ ਟੀਮ ਦੀ ਗੱਲ ਤੁਰਦੀ ਹੈ ਜੋ ਕਿ ਸਭ ਤੋਂ ਅਹਿਮ ਟੀਮ ਹੈ ਤਾਂ ਨਾ ਕੋਈ ਪ੍ਰੋਮੋਟਰ ਨਜ਼ਰ ਆਉਂਦਾ ਹੈ ਅਤੇ ਨਾ ਹੀ ਕਿਸੇ ਦੀ ਇੱਜ਼ਤ ਜਾਂ ਸ਼ੋਹਰਤ ਘਟਦੀ ਹੈ। ਨਾ ਹੀ ਕਿਸੇ ਨੂੰ ਹਾਰ ਦੀ ਕੋਈ ਨਮੋਸ਼ੀ ਹੁੰਦੀ ਹੈ। ਹਾਂ ਇੱਕ ਜਗ੍ਹਾ ਤੇ ਇਹ ਸਭ ਪੂਰੇ ਜਿੰਮੇਵਾਰ ਹੁੰਦੇ ਹਨ ਕਿ ਸਾਡੀ ਫੈਡਰੇਸ਼ਨ ਦੇ ਇੰਨੇ ਬੰਦੇ ਜਾਣੇ ਹਨ ਅਤੇ ਸਾਡੀ ਦੇ ਇੰਨੇ। ਟੀਮ ਕਿਹੜੀ ਹੈ? ਕੋਚ ਕੌਣ ਹੈ? ਟੀਮ ਮੈਨੇਜਰ ਅਤੇ ਟੀਮ ਦਾ ਕੈਪਟਨ, ਇਹ ਸਭ ਉਦਘਾਟਨ ਸਮਾਰੋਹ ਤੋਂ ਇੱਕ ਦਿਨ ਪਹਿਲਾਂ ਨਿਸ਼ਚਿਤ ਕੀਤਾ ਜਾਂਦਾ ਹੈ।



ਤੀਜੇ ਵਿਸ਼ਵ ਕਬੱਡੀ ਕੱਪ ਦੇ ਇਕ ਮੈਚ ਤੋਂ ਬਾਅਦ ਕੈਨੇਡਾ ਦੀ ਟੀਮ ਇਰਾਨ ਦੇ ਖੇਡ ਮੰਤਰੀ ਡਾ. ਮੁਹੰਮਦ ਅਬਾਸੀ ਤੇ ਪੰਜਾਬ ਦੇ ਕੈਬਨਿਟ ਮੰਤਰੀ ਅਜੀਤ ਸਿੰਘ ਕੁਹਾੜ ਨਾਲ

ਪਹਿਲੇ ਵਿਸ਼ਵ ਕਬੱਡੀ ਕੱਪ ਮੌਕੇ, ਜਿਥੋਂ ਤੱਕ ਮੈਨੂੰ ਗਿਆਨ ਹੈ, ਇਸ ਕਬੱਡੀ ਕੱਪ ਦੀ ਇਨਾਮੀ ਰਾਸ਼ੀ ਵਿਚੋਂ 6 ਜਾਂ 7 ਟਿਕਟਾਂ ਸਿਰਫ ਟੀਮ ਪ੍ਰਬੰਧਕਾਂ ਲਈ ਕਢੀਆਂ ਗਈਆਂ ਸਨ ਜਦਕਿ ਹੱਕ ਸਿਰਫ 2 ਪ੍ਰਬੰਧਕਾਂ ਦਾ ਹੀ ਬਣਦਾ ਸੀ। ਦੂਸਰੇ ਵਿਸ਼ਵ ਕਬੱਡੀ ਕੱਪ ਵਿਚ ਪਹਿਲਾਂ ਤਾਂ ਖਿਡਾਰੀਆਂ ਨੂੰ ਇਹ ਸਪਸ਼ਟ ਨਾ ਕੀਤਾ ਗਿਆ ਕਿ ਵਿਸ਼ਵ ਕੱਪ ਵਿਚ ਡੋਪ ਟੈਸਟ ਕੀਤੇ ਜਾਣੇ ਹਨ। ਟੀਮ ਨੂੰ ਕਿਹਾ ਗਿਆ ਕਿ ਕੋਈ ਫਿਕਰ ਵਾਲੀ ਗੱਲ ਨਹੀਂ, ਸਾਡੀ ਗੱਲ ਹੋ ਚੁੱਕੀ ਹੈ। ਇਸੇ ਕਾਰਨ ਕੈਨੇਡਾ ਦੇ 8 ਖਿਡਾਰੀ ਬੈਨ ਹੋ ਗਏ ਸਨ। ਕੀ ਟੀ ਵੀ, ਕੀ ਅਖ਼ਬਾਰ-ਹਰ ਪਾਸੇ ਇਹੋ ਚਰਚਾ ਸੀ ਕਿ ਕੈਨੇਡਾ ਦੀ 70% ਟੀਮ ਨਸ਼ੇ ਕਰਕੇ ਖੇਡਦੀ ਹੋਈ ਫੜੀ ਗਈ। ਇਸ ਸਭ ਦਾ ਅਸਲੀ ਜਿੰਮੇਵਾਰ ਕੌਣ ਸੀ? ਕੌਣ ਸੀ ਜਿਸ ਨੇ ਦੇਸ਼ ਨੂੰ ਸ਼ਰਮਸਾਰ ਕੀਤਾ? ਅੱਜ ਵੀ ਲੋਕ ਪੁਛਦੇ ਹਨ, ਕੀ ਕੈਨੇਡਾ ਕਬੱਡੀ ਟੀਮ ਕਦੀ ਬਿਨਾ ਨਸ਼ਾ ਕੀਤੇ ਖੇਡ ਸਕਦੀ ਹੈ? ਇੱਥੇ ਹੀ ਬੱਸ ਨਹੀਂ ਇੱਕ ਕਰੋੜ ਇਨਾਮੀ ਰਾਸ਼ੀ ਦੀ ਥਾਂ ਸਿਰਫ 32 ਜਾਂ 34 ਲੱਖ ਰੁਪਏ ਹੀ ਪ੍ਰਾਪਤ ਹੋਏ, ਕਮੇਟੀ ਦੇ ਕਹਿਣ ਮੁਤਾਬਿਕ। ਇਸ ਵਿਚੋਂ ਨੌਂ ਖਿਡਾਰੀਆਂ ਨੂੰ ਛੇ-ਛੇ ਹਜ਼ਾਰ, 5 ਨੂੰ 2-2 ਹਜ਼ਾਰ ਦਿੱਤੇ ਗਏ, ਜਦੋਂ ਕਿ ਹਰ ਖਿਡਾਰੀ ਦਾ ਖਰਚਾ ਲੱਖ-ਲੱਖ ਰੁਪਏ ਆਇਆ ਸੀ। ਉਹ ਵੀ ਆਪਣੀ ਜੇਬ ਵਿਚੋਂ। ਟੀਮ ਨੂੰ ਪ੍ਰੋਮੋਟ ਨਹੀਂ ਕੀਤਾ ਗਿਆ, ਚਲੋ ਕਈ ਵਾਰ ਕੁਝ ਅਣਗੌਲਿਆ ਹੋ ਜਾਂਦਾ ਹੈ ਪਰ ਟੀਮ ਵਲੋਂ ਵਿਸ਼ਵ ਕੱਪ ਵਿਚ ਦੂਜੀ ਥਾਂ ਪ੍ਰਾਪਤ ਕਰਨ 'ਤੇ ਵੀ ਇੰਡੀਆ ਤੋਂ ਵਾਪਸੀ 'ਤੇ ਕਿਸੇ ਨੇ ਵੀ ਟੀਮ ਦੇ ਇੱਕ ਵੀ ਮੈਂਬਰ ਦੇ ਗਲ ਸਿਰੋਪਾ ਨਹੀਂ ਪਾਇਆ।

ਤੀਸਰੇ ਵਿਸ਼ਵ ਕਬੱਡੀ ਕੱਪ ਵੇਲੇ ਤਾਂ ਹੱਦ ਹੀ ਹੋ ਗਈ। ਕੋਈ ਵੀ ਪ੍ਰਬੰਧਕ ਟੀਮ ਦੀ ਜਿੰਮੇਵਾਰੀ ਲੈਣ ਨੂੰ ਤਿਆਰ ਨਹੀਂ ਸੀ ਪਰ ਫਿਰ ਵੀ ਜਿਵੇਂ-ਕਿਵੇਂ ਕਰਕੇ ਕਮੇਟੀ ਤਿਆਰ ਕੀਤੀ ਗਈ। ਪਿਛਲੇ ਦੋ ਵਿਸ਼ਵ ਕੱਪਾਂ ਦਾ ਰਿਕਾਰਡ ਦੇਖ ਕੇ ਕੋਈ ਖਿਡਾਰੀ ਇੰਡੀਆ ਵਿਸ਼ਵ ਕੱਪ ਖੇਡਣ ਜਾਣ ਲਈ ਤਿਆਰ ਨਹੀਂ ਸੀ।

ਇਸ ਪਿਛੇ ਵੀ ਬੜੇ ਕਾਰਨ ਹਨ। ਜਿਵੇਂ ਕਿ ਫੈਡਰੇਸ਼ਨਾਂ ਦੀ ਰੰਜਿਸ਼ਬਾਜ਼ੀ, ਡੋਪ ਟੈਸਟ, ਖਿਡਾਰੀਆਂ ਦਾ ਸੱਟਾਂ ਦਾ ਸ਼ਿਕਾਰ ਹੋਣਾ ਅਤੇ ਸਭ ਤੋਂ ਵੱਡਾ ਕਾਰਨ ਟੀਮ ਨੂੰ ਪ੍ਰੋਮੋਟਰ ਨਾ ਮਿਲਣਾ ਕਿਉਂਕਿ ਜੋ ਇਨਾਮੀ ਰਾਸ਼ੀ ਖਿਡਾਰੀਆਂ ਨੂੰ ਮਿਲਦੀ ਹੈ, ਉਹ ਘਰ ਚਲਾਉਣ ਲਈ ਕਾਫੀ ਨਹੀਂ ਹੁੰਦੀ। ਇਸ ਵਾਰ ਫਿਰ ਕੈਨੇਡਾ ਟੀਮ ਦੀ ਹਾਜ਼ਰੀ ਲਗਵਾਉਣ ਪਿਛੇ ਵੀ ਕਈ ਕਾਰਨ ਸਨ। ਇਹ ਵੀ ਮੇਰੇ ਨਾਲੋਂ ਵੱਧ ਫੈਡਰੇਸ਼ਨਾਂ ਵਾਲੇ ਦੱਸ ਸਕਦੇ ਹਨ। ਕੈਨੇਡਾ ਦੀ ਟੀਮ ਵਿਸ਼ਵ ਕੱਪ ਵਿਚ ਮੈਚ ਖੇਡੀ ਅਤੇ ਡੋਪ ਟੈਸਟ ਹੋਏ। ਸਭ ਤੋਂ ਪਹਿਲਾਂ ਕੈਨੇਡਾ ਦੀ ਟੀਮ ਦੇ ਖਿਡਾਰੀਆਂ ਦੀ ਰਿਪੋਰਟ ਨਸ਼ਰ ਹੋਈ। ਸਿਰਫ ਕੈਨੇਡਾ ਦੇ ਖਿਡਾਰੀ 'ਤੇ ਹੀ ਪਾਬੰਦੀ ਲਾਈ ਗਈ ਅਤੇ ਕੈਨੇਡਾ ਦਾ ਨਾਮ ਹਰ ਪਾਸੇ ਉਛਾਲਿਆ ਗਿਆ। ਇਸ ਵਾਰ ਫਿਰ ਨਾ ਤਾਂ ਕਿਸੇ ਹੋਰ ਟੀਮ ਦੇ ਖਿਡਾਰੀ ਦੀ ਰਿਪੋਰਟ ਆਈ, ਨਾ ਹੀ ਕਿਸੇ ਹੋਰ ਨੂੰ ਬੈਨ ਕੀਤਾ ਗਿਆ। ਵਿਸ਼ਵ ਕਬੱਡੀ ਕੱਪ ਹੋਏ ਨੂੰ ਕਈ ਸਮਾਂ ਲੰਘ ਤੋਂ ਬਾਅਦ ਵੀ ਇਨਾਮੀ ਰਾਸ਼ੀ ਨਹੀਂ ਦਿੱਤੀ ਗਈ ਅਤੇ ਇਸ ਦੇਰੀ ਦਾ ਆਧਾਰ ਟੈਸਟ ਰਿਪੋਰਟਾਂ ਲੇਟ ਹੋਣਾ ਦਸਿਆ ਜਾ ਰਿਹਾ ਹੈ। ਹੁਣ ਤੱਕ ਕਿਸੇ ਵੀ ਖਿਡਾਰੀ ਨੂੰ ਇੱਕ ਧੇਲਾ ਤੱਕ ਨਹੀਂ ਮਿਲਿਆ। ਕਿੱਥੇ ਹਨ ਸਾਡੀਆਂ ਕਮੇਟੀਆਂ, ਫੈਡਰੇਸ਼ਨਾਂ, ਵਿਧਾਇਕ, ਖੇਡ ਮੰਤਰੀ-ਜੋ ਵਿਸ਼ਵ ਕਬੱਡੀ ਕੱਪ ਦਾ ਸੱਦਾ ਪੱਤਰ ਮਿਲਣ 'ਤੇ ਮੂਹਰਲੀ ਕਤਾਰ ਵਾਲੀ ਕੁਰਸੀ 'ਤੇ ਬਿਰਾਜਮਾਨ ਹੁੰਦੇ ਹਨ। ਇੰਡੀਆ ਦਾ ਕੋਈ ਮੰਤਰੀ ਜਾਂ ਉਸ ਦਾ ਨਿਜੀ ਸਹਾਇਕ ਵੀ ਆ ਜਾਵੇ ਤਾਂ ਉਸ ਨੂੰ ਗਲਵਕੜੀਆਂ ਪੈਂਦੀਆਂ ਹਨ, ਮਾਣ-ਸਨਮਾਨ ਹੁੰਦੇ ਹਨ। ਟੇਬਲ ਬੁੱਕ ਕਰਕੇ ਰਾਤਰੀ ਭੋਜਨ ਹੁੰਦੇ ਹਨ ਪਰ ਕੈਨੇਡਾ ਟੀਮ ਦਾ ਦੂਸਰਾ ਜਾਂ ਤੀਸਰਾ ਸਥਾਨ ਕੋਈ ਮਹੱਤਵ ਨਹੀਂ ਰਖਦਾ ਇਨ੍ਹਾਂ ਲਈ। ਕੀ ਕੈਨੇਡਾ ਟੀਮ ਪ੍ਰਤੀ ਇਨ੍ਹਾਂ ਸੰਸਥਾਵਾਂ ਦਾ ਕੋਈ ਫਰਜ਼ ਨਹੀਂ?

ਕਬੱਡੀ ਪ੍ਰੀਮੀਅਰ ਲੀਗ (ਕੇ ਪੀ ਐਲ) ਦੁੱਬਈ ਇੱਕ ਹੋਰ ਵੱਡਾ ਮਜ਼ਾਕ ਹੈ। ਮਾਂ ਖੇਡ ਕਬੱਡੀ ਦਾ ਨਾਮ ਵਰਤ ਕੇ ਸ਼ੋਹਰਤ ਕਮਾਉਣ ਦਾ ਇੱਕ ਹੋਰ ਜ਼ਰੀਆ ਤਿਆਰ ਕੀਤਾ ਗਿਆ ਹੈ।

ਮੈਂ ਜਦ ਪਿੰਡ ਵਿਚ ਕਬੱਡੀ ਖੇਡਣੀ ਸ਼ੁਰੂ ਕੀਤੀ ਸੀ ਤਾਂ ਉਦੋਂ ਜਨੂਨ ਸੀ ਨਾਮ ਬਣਾਉਣ ਦਾ। ਵਿਦੇਸ਼ੀ ਟੂਰ ਲੱਗਾ ਤਾਂ ਆਮਦਨ ਦਾ ਸਾਧਨ ਬਣ ਗਿਆ। ਸਵਖਤੇ ਚਾਰ-ਚਾਰ ਵਜੇ ਉਠ ਕੇ ਕੀਤੀ ਮਿਹਨਤ ਦਾ ਮੁੱਲ ਪੈਣਾ ਸ਼ੁਰੂ ਹੋ ਗਿਆ। ਕਬੱਡੀ ਖੇਡਦੇ ਹੋਏ ਅੱਧਾ ਸ਼ਰੀਰ ਸੱਟਾਂ ਨਾਲ ਅਧਮੋਇਆ ਹੋ ਗਿਆ। ਫਿਰ ਉਹ ਵਕਤ ਆਇਆ ਜਿਸ ਦਾ ਇੱਕਲੇ ਨਹੀਂ ਸਗੋਂ ਸਾਰੇ ਕਬੱਡੀ ਜਗਤ ਨੇ ਦਹਾਕਿਆਂ ਤੋਂ ਇੰਤਜ਼ਾਰ ਕੀਤਾ ਸੀ। ਵਿਸ਼ਵ ਕਬੱਡੀ ਕੱਪ ਦੇ ਰੂਪ ਵਿਚ ਸੁਪਨਾ ਪੂਰਾ ਤਾਂ ਹੋਇਆ ਪਰ ਸ਼ੋਹਰਤ ਪਖੋਂ ਥੋੜਾ ਬਹੁਤ, ਮਿਹਨਤਾਨੇ ਦੇ ਨਾਮ ਤੇ ਘੱਟਣ ਨੂੰ ਕੁਝ ਵੀ ਨਹੀਂ!


ਗੱਲ ਕਰਦੇ ਸੀ ਕਬੱਡੀ ਪ੍ਰੀਮੀਅਰ ਲੀਗ ਦੀ। ਇਸ ਲੀਗ ਅਤੇ ਵਿਸ਼ਵ ਕੱਪ ਵਿਚ ਇੱਕ ਫ਼ਰਕ ਹੈ। ਇਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਟੀਮਾਂ ਨੂੰ ਸਿਰਫ ਟਿਕਟਾਂ ਦਿੱਤੀਆਂ ਜਾਣਗੀਆਂ ਜਦਕਿ ਹੋਰ ਅੰਤਰਰਾਸ਼ਟਰੀ ਖੇਡਾਂ ਦੀ ਲੀਗ ਵਿਚ ਖਿਡਾਰੀਆਂ ਦਾ ਮੁੱਲ ਕਰੋੜਾਂ ਵਿਚ ਪੈਂਦਾ ਹੈ। ਕੈਨੇਡਾ ਦੀ ਟੀਮ ਸਿਰਫ ਹਵਾਈ ਟਿਕਟਾਂ 'ਤੇ ਖੇਡਣ ਜਾ ਰਹੀ ਹੈ। ਕਬੱਡੀ ਲੀਗ ਨੇ ਤਾਂ ਸਾਰੀ ਦੁਨੀਆਂ ਦੀਆਂ ਲੀਗਾਂ ਦੇ ਰਿਕਾਰਡ ਹੀ ਤੋੜ ਦਿੱਤੇ ਹਨ। ਤੁਸੀਂ ਸੋਚ ਰਹੇ ਹੋਵੋਗੇ ਕਿ ਇਹ ਸੂਈ ਵਾਰ ਵਾਰ ਪੈਸੇ 'ਤੇ ਆ ਕੇ ਹੀ ਕਿਉਂ ਅਟਕਦੀ ਹੈ? ਅਸੀਂ ਵੀ ਚਾਹੁੰਦੇ ਹਾਂ ਕਿ ਸਾਡੀ ਮਿਹਨਤ ਦਾ ਮੁੱਲ ਪਵੇ ਤਾਂ ਜੋ ਅਸੀਂ ਵੀ ਸਹੂਲਤਾਂ ਭਰੀ ਜਿੰਦਗੀ ਬਸਰ ਕਰ ਸਕੀਏ। ਸਾਨੂੰ ਵੀ ਖਿਡਾਰੀ ਹੋਣ ਦਾ ਮਾਣ ਮਹਿਸੂਸ ਹੋਵੇ।

ਜੇਕਰ ਸਾਡੀ ਕੌਮ ਇਹ ਮੰਨਦੀ ਹੈ ਕਿ ਕਬੱਡੀ ਸਾਡੀ ਮਾਂ ਖੇਡ ਦੇ ਨਾਲ ਨਾਲ ਸਾਡੇ ਸਭਿਆਚਾਰ ਦਾ ਇੱਕ ਮਹੱਤਵਪੂਰਨ ਅਤੇ ਅਟੁੱਟ ਹਿੱਸਾ ਹੈ ਤਾਂ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਮਾਂ ਖੇਡ ਕਬੱਡੀ ਦੇ ਵਾਰਸਾਂ ਨੂੰ ਸੰਭਾਲੀਏ, ਖਾਸ ਕਰਕੇ ਉਨ੍ਹਾਂ ਨੁਮਾਇੰਦਿਆਂ ਦਾ ਇਹ ਫਰਜ਼ ਹੈ ਜਿਨ੍ਹਾਂ ਨੂੰ ਅਸੀਂ ਚੁਣ ਕੇ ਕਿਸੇ ਸੰਸਥਾ, ਕਮੇਟੀ, ਪਾਰਟੀ ਜਾਂ ਸਿਆਸੀ ਕੁਰਸੀ 'ਤੇ ਬਿਠਾਉਂਦੇ ਹਾਂ। ਉਨ੍ਹਾਂ ਨੂੰ ਇਹ ਚਾਹੀਦਾ ਹੈ ਕਿ ਉਹ ਜਾਣਕਾਰੀ ਰੱਖਣ ਕਿ ਕੈਨੇਡਾ ਦੀ ਟੀਮ ਦੇ ਕਿਹੜੇ ਕਿਹੜੇ ਮੈਂਬਰ ਹਨ? ਕੀ ਹੋ ਰਿਹਾ ਹੈ? ਕਿਉਂ ਹੋ ਰਿਹਾ ਹੈ? ਅਤੇ ਕੀ ਹੋਣਾ ਚਾਹਿਦਾ ਹੈ? ਕਿਤੇ ਕੁਝ ਗਲਤ ਤਾਂ ਨਹੀਂ ਹੋ ਰਿਹਾ? ਜੇ ਕੁਝ ਗਲਤ ਹੋ ਰਿਹਾ ਹੈ ਤਾਂ ਇਸ ਦਾ ਜਿੰਮੇਵਾਰ ਕੌਣ ਹੈ?

ਇਹ ਕਹਾਣੀ ਸਿਰਫ ਕੈਨੇਡਾ ਦੀ ਨੈਸ਼ਨਲ ਕਬੱਡੀ ਟੀਮ ਦੀ ਨਹੀਂ, ਸਗੋਂ ਸਾਰੀ ਦੁਨੀਆਂ ਵਿਚ ਖੇਡ ਰਹੇ ਕਬੱਡੀ ਖਿਡਾਰੀਆਂ ਦੀ ਹੈ। ਪੂਰੀ ਦੁਨੀਆਂ ਵਿਚ 35 ਕਿਲੋ ਤੋਂ ਲੈ ਕੇ ਵਿਸ਼ਵ ਪੱਧਰ ਦੇ ਖਿਡਾਰੀਆਂ ਦੀ ਗਿਣਤੀ 10,000 ਦੇ ਕਰੀਬ ਹੈ। ਇਨ੍ਹਾਂ ਕਬੱਡੀ ਖਿਡਾਰੀਆਂ ਦਾ ਭੱਵਿਖ ਕੀ ਹੈ? ਇਸ ਦੇ ਜਵਾਬ ਦੀ ਉਡੀਕ ਪੰਜਾਬੀ ਭਾਈਚਾਰੇ ਅਤੇ ਖਾਸ ਤੇ ਖੇਡ ਪ੍ਰੇਮੀਆਂ ਨੂੰ ਵੀ ਹੈ।

# ਵਧੇਰੇ ਫਲ ਖਾਓ ਤੇ ਖ਼ੁਸ਼ ਰਹੋ

**ਮੈਲਬਰਨ:** ਤਾਜ਼ਾ ਖੋਜ ਅਨੁਸਾਰ ਰੋਜ਼ਾਨਾ ਵਧੇਰੇ ਫਲ ਖਾਣ ਦੀ ਆਦਤ ਨਾਲ ਨੌਜਵਾਨ ਵਧੇਰੇ ਸਹਿਜ, ਖ਼ੁਸ਼ ਰਹਿ ਸਕਦੇ ਹਨ ਤੇ ਇਸ ਦੇ ਨਾਲ ਉਨ੍ਹਾਂ ਦੀ ਕੰਮ ਕਰਨ ਦੀ ਸਮਰੱਥਾ ਵੀ ਵਧੇਗੀ। ਨਿਊਜ਼ੀਲੈਂਡ ਦੀ ਯੂਨੀਵਰਸਿਟੀ ਆਫ ਆਟਾਗੋ ਵੱਲੋਂ ਕੀਤੀ ਤਾਜ਼ਾ ਖੋਜ ਅਨੁਸਾਰ ਰੋਜ਼ਾਨਾ ਜੀਵਨ ਵਿਚ ਵਿਹਾਰ ਦਾ ਮਨੁੱਖ ਦੇ ਖਾਣ-ਪੀਣ ਦੀਆਂ ਆਦਤਾਂ ਨਾਲ ਸਿੱਧਾ ਸਬੰਧ ਹੈ। ਡਾ. ਤਾਮਲਿਨ ਕੋਨਰ, ਡਾ. ਕੈਰੋਲਿਨ ਹੋਰਵਥ ਤੇ ਬੋਨ ਵਾਈਟ ਵੱਲੋਂ 281 ਨੌਜਵਾਨਾਂ (20 ਸਾਲ ਉਮਰ) ਇਹ ਖੋਜ ਆਧਾਰਤ ਹੈ।



ਇਨ੍ਹਾਂ ਨੂੰ 21 ਦਿਨ ਇੰਟਰਨੈਟ ਦੇ ਰਾਹੀਂ ਭੋਜਨ ਸਬੰਧੀ ਹਦਾਇਤਾਂ ਦਿੱਤੀ ਗਈਆਂ। ਇਸ ਖੋਜ ਵਿਚ ਸ਼ਾਮਲ ਕੀਤੇ ਨੌਜਵਾਨਾਂ ਨੂੰ ਪਹਿਲਾਂ ਇਕ ਪ੍ਰਸ਼ਨਾਵਲੀ ਪਰਚਾ ਭਰਨ ਲਈ ਦਿੱਤਾ ਗਿਆ ਤੇ ਉਸ ਵਿਚ ਉਨ੍ਹਾਂ ਦੀ ਉਮਰ, ਲਿੰਗ ਭਾਰ, ਕੱਦ ਬਾਰੇ ਜਾਣਕਾਰੀ ਲਈ ਗਈ। ਇਸ ਵਿਚ ਵੇਲੇ-ਕੁਵੇਲੇ ਖਾਣ-ਪੀਣ ਦੀਆਂ ਆਦਤਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ।

ਇਨ੍ਹਾਂ 21 ਦਿਨਾਂ ਦੌਰਾਨ ਉਹ ਨੌਂ ਹਾਂ-ਪੱਖੀ ਤੇ ਨੌਂ ਨਾਂਹ-ਪੱਖੀ ਵਸਤਾਂ ਦੀ ਵਰਤੋਂ ਤੋਂ ਬਾਅਦ ਕਿਵੇਂ ਮਹਿਸੂਸ ਕਰਦੇ ਹਨ, ਡਾਇਰੀ ਵਿਚ ਲਿਖਦੇ ਵੀ ਰਹੇ। ਇਸ ਦੇ ਨਾਲ ਉਹ ਆਪਣੇ ਖਾਣੇ ਸਬੰਧੀ ਪੰਜ ਸਵਾਲਾਂ ਦੇ ਜਵਾਬ ਵੀ ਦਿੰਦੇ ਰਹੇ। ਇਸ ਦੌਰਾਨ ਇਨ੍ਹਾਂ ਨੂੰ ਇਹ ਵਿਸ਼ੇਸ਼ ਤੌਰ 'ਤੇ ਪੁੱਛਿਆ ਜਾਂਦਾ ਹੈ ਕਿ ਉਨ੍ਹਾਂ ਨੇ ਕਿੰਨੀ ਮਾਤਰਾ ਵਿਚ ਫਲ ਤੇ ਸੁੱਕੇ ਮੇਵੇ ਖਾਧੇ ਹਨ ਤੇ ਕਿੰਨਾ ਜੂਸ ਪੀਤਾ ਹੈ। ਡਾ. ਕੋਨਰ ਅਨੁਸਾਰ ਇਨ੍ਹਾਂ ਨੌਜਵਾਨਾਂ ਨੇ ਦੱਸਿਆ ਕਿ ਜਿਸ ਦਿਨ ਉਨ੍ਹਾਂ ਨੇ ਵੱਧ ਫਰੂਟ ਖਾਧਾ ਹੈ। ਉਸ ਦਿਨ ਉਹ ਵਧੇਰੇ ਸਹਿਜ ਤੇ ਖ਼ੁਸ਼ ਰਹੇ।

# ਲਹਿੰਦੇ ਪੰਜਾਬ ਦੇ ਟੋਟੇ ਕਰਨ ਦੀ ਤਿਆਰੀ

**ਇਸਲਾਮਾਬਾਦ:** ਪਾਕਿਸਤਾਨ ਦੀ ਸੰਸਦੀ ਕਮੇਟੀ ਨੇ ਲਹਿੰਦੇ ਪੰਜਾਬ ਨੂੰ ਵੰਡ ਕੇ ਨਵਾਂ ਸੂਬਾ ਬਣਾਉਣ ਲਈ ਪ੍ਰਸਤਾਵ ਤਿਆਰ ਕਰ ਲਿਆ ਹੈ। ਇਸ ਨਵੇਂ ਸੂਬੇ ਵਿਚ ਪੰਜਾਬ ਦਾ ਤਕਰੀਬਨ ਇਕ ਤਿਹਾਈ ਹਿੱਸਾ ਸ਼ਾਮਲ ਹੋਵੇਗਾ। ਦੂਜੇ ਪਾਸੇ ਦੀ ਕੰਨਸੋਅ ਲੱਗਦਿਆਂ ਹੀ ਮੁੱਖ ਵਿਰੋਧੀ ਧਿਰ ਪੀਐਮਐਲਐਨ ਨੇ ਸਖ਼ਤ ਇਤਰਾਜ਼ ਕਰਦਿਆਂ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ।

ਪੰਜਾਬ ਵਿਚ ਨਵਾਂ ਸੂਬਾ ਬਣਾਉਣ ਬਾਰੇ ਸੰਸਦੀ ਕਮਿਸ਼ਨ ਨੇ ਲੰਘੇ ਦਿਨ 'ਬਹਾਵਲਪੁਰ ਜਨੂਬੀ ਪੰਜਾਬ' ਬਣਾਉਣ ਲਈ ਸੰਵਿਧਾਨਕ ਸੋਧ ਬਿੱਲ ਦੇ ਖਰੜੇ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਤਰ੍ਹਾਂ ਪਾਕਿਸਤਾਨ ਪੀਪਲਜ਼ ਪਾਰਟੀ ਦੇ ਸੀਨੀਅਰ ਆਗੂ ਫਰਹਾਤੁੱਲਾ ਬਾਬਰ ਦੀ ਅਗਵਾਈ ਵਾਲੇ ਕਮਿਸ਼ਨ ਨੇ ਵੱਖਰਾ ਸੂਬਾ ਬਣਾਉਣ ਲਈ ਰਾਹ ਪੱਧਰਾ ਕਰ ਦਿੱਤਾ ਹੈ। ਨਵੇਂ ਸੂਬੇ ਵਿਚ ਪੰਜਾਬ ਦੇ ਪੱਛਮੀ ਜ਼ਿਲ੍ਹੇ ਤੇ 3 ਦੱਖਣੀ ਡਿਵੀਜ਼ਨਾਂ ਸ਼ਾਮਲ ਹੋਣਗੀਆਂ। ਇਹ ਪਾਕਿਸਤਾਨ ਦਾ 5ਵਾਂ ਸੂਬਾ ਹੋਵੇਗਾ।

ਪੰਜਾਬ ਵਿਚ ਇਸ ਵੇਲੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਅਗਵਾਈ ਵਾਲੀ ਪੀ.ਐਮ. ਐਲ.ਐਨ. ਦੀ ਸਰਕਾਰ ਹੈ। ਪੀ.ਐਮ.ਐਲ.ਐਨ. ਨੇ ਕਮਿਸ਼ਨ ਦੀ ਕਾਰਵਾਈ ਦਾ ਬਾਈਕਾਟ ਕਰਦਿਆਂ ਐਲਾਨ ਕੀਤਾ ਸੀ ਕਿ ਕਮਿਸ਼ਨ ਦੇ ਸੁਝਾਅ ਕਿਸੇ ਵੀ ਕੀਮਤ 'ਤੇ ਮਨਜ਼ੂਰ ਨਹੀਂ ਹੋਣਗੇ। ਨਵਾਜ਼ ਸ਼ਰੀਫ਼ ਦੀ ਪਾਰਟੀ ਦਾ ਕਹਿਣਾ ਹੈ ਕਿ ਸੱਤਾਧਾਰੀ ਪੀ.ਪੀ.ਪੀ. ਸਿਆਸੀ ਲਾਹਾ ਲੈਣ ਲਈ ਪੰਜਾਬ ਦੇ ਟੋਟੇ ਕਰ ਰਹੀ ਹੈ।

## ਅਮਰੀਕਾ ਵਿਚ ਮਲਾਲਾ ਦੇ ਨਾਂ 'ਤੇ ਬਿੱਲ ਪੇਸ਼

**ਵਾਸ਼ਿੰਗਟਨ:** ਅਮਰੀਕਾ ਵਿਚ ਦੋ ਸੀਨੀਅਰ ਸੈਨੇਟਰਾਂ ਨੇ ਤਾਲਿਬਾਨ ਹਮਲੇ ਵਿਚ ਜ਼ਖ਼ਮੀ ਹੋਈ ਪਾਕਿ ਲੜਕੀ ਮਲਾਲਾ ਯੂਸੁਫ਼ਜ਼ਈ ਦੇ ਨਾਂ 'ਤੇ ਇਕ ਬਿੱਲ ਪੇਸ਼ ਕੀਤਾ ਹੈ ਜਿਸ ਵਿਚ ਪਾਕਿ ਲੜਕੀਆਂ ਨੂੰ ਵਜ਼ੀਫ਼ੇ ਮੁਹੱਈਆ ਕਰਾਉਣ ਦੀ ਵਿਵਸਥਾ ਹੈ। ਅਮਰੀਕੀ ਸੈਨੇਟਰਾਂ ਵੱਲੋਂ 'ਮਲਾਲਾ ਯੂਸੁਫ਼ਜ਼ਈ ਵਜ਼ੀਫ਼ਾ ਕਾਨੂੰਨ' ਨਾਮਕ ਬਿੱਲ ਪੇਸ਼ ਕੀਤਾ ਗਿਆ। ਇਸ ਕਾਨੂੰਨ ਲਈ ਅਗਲੇ ਚਾਰ ਸਾਲਾਂ ਵਿਚ ਦਿੱਤੇ ਜਾਣ ਵਾਲੇ ਵਜ਼ੀਫ਼ਿਆਂ ਵਿਚ 30 ਫੀਸਦੀ ਦਾ ਵਾਧਾ ਕਰਨਾ ਪਵੇਗਾ। ਇਹ ਵਜ਼ੀਫ਼ੇ ਸਿੱਧੇ ਲੜਕੀਆਂ ਦੇ ਖਾਤੇ ਵਿਚ ਹੀ ਪਹੁੰਚਾਏ ਜਾਣਗੇ।

## ਊਧਵ ਠਾਕਰੇ ਨੇ ਸੰਭਾਲੀ ਸ਼ਿਵ ਸੈਨਾ ਦੀ ਕਮਾਨ

**ਮੁੰਬਈ:** ਸ਼ਿਵ ਸੈਨਾ ਦੇ ਕਾਰਜਕਾਰੀ ਪ੍ਰਧਾਨ ਊਧਵ ਠਾਕਰੇ ਨੂੰ ਕੌਮੀ ਕਾਰਜਕਾਰਨੀ ਦੀ ਮੀਟਿੰਗ ਦੌਰਾਨ ਪਾਰਟੀ ਪ੍ਰਧਾਨ ਬਣਾਉਣ ਦਾ ਰਸਮੀ ਐਲਾਨ ਕਰ ਦਿੱਤਾ ਗਿਆ। ਪਾਰਟੀ ਦੇ ਸੀਨੀਅਰ ਆਗੂ ਸੁਭਾਸ਼ ਦੇਸਾਈ ਨੇ ਦੱਸਿਆ ਕਿ ਊਧਵ ਠਾਕਰੇ (52 ਸਾਲ) ਨੂੰ ਸਰਬਸੰਮਤੀ ਨਾਲ ਪਾਰਟੀ ਪ੍ਰਧਾਨ ਚੁਣ ਲਿਆ ਗਿਆ ਹੈ ਤੇ ਸਾਰੇ ਨੀਤੀਗਤ ਫੈਸਲੇ ਹੁਣ ਉਨ੍ਹਾਂ ਵੱਲੋਂ ਹੀ ਲਏ ਜਾਣਗੇ।

# ਮਿਰਜ਼ਾ ਗਾਲਿਬ: ਅੰਦਾਜ਼-ਏ ਬਿਆਂ ਔਰ

ਫਾਰਸੀ ਅਤੇ ਉਰਦੂ ਦੇ ਨਾਮਵਰ ਸ਼ਾਇਰ ਮਿਰਜ਼ਾ ਗਾਲਿਬ ਦਾ ਜਨਮ ਸੰਨ 1796 ਈਸਵੀ ਵਿਚ ਆਗਰਾ ਵਿਖੇ ਹੋਇਆ। ਉਨ੍ਹਾਂ ਦੇ ਦਾਦਾ ਉਤਰ ਪੱਛਮ ਵੱਲੋਂ ਸ਼ਾਹ ਆਲਮ ਦੇ ਸਮੇਂ ਹਿੰਦੁਸਤਾਨ ਆਏ ਅਤੇ ਸ਼ਾਹ ਦੇ ਦਰਬਾਰ ਵਿਚ ਦਰਬਾਰੀ ਬਣੇ। ਗਾਲਿਬ ਦੇ ਪਿਤਾ ਪਹਿਲਾਂ ਅਵਧ

**ਵਾਸਦੇਵ ਸਿੰਘ ਪਰਹਾਰ**
**ਫੋਨ: 206-434-1155**

ਦੇ ਨਵਾਬ ਪਾਸ ਅਤੇ ਫਿਰ ਹੈਦਰਾਬਾਦ ਦੇ ਨਵਾਬ ਪਾਸ ਫੌਜੀ ਅਫਸਰ ਰਹੇ ਅਤੇ ਹੈਦਰਾਬਾਦ ਦੀ ਨੌਕਰੀ ਦੌਰਾਨ ਕਿਸੇ ਕਿਲੇਦਾਰ ਨਾਲ ਲੜਾਈ ਵਿਚ ਮਾਰੇ ਗਏ। ਗਾਲਿਬ ਦੀ ਉਮਰ ਉਦੋਂ ਪੰਜ ਸਾਲ ਸੀ। ਪਿੱਛੋਂ ਉਸ ਦਾ ਪਾਲਣ-ਪੋਸ਼ਣ ਉਸ ਦੇ ਚਾਚੇ ਨੇ ਕੀਤਾ ਜੋ ਅੰਗਰੇਜ਼ਾਂ ਦੀ ਫੌਜ ਵਿਚ ਰਸਾਲਦਾਰ ਸਨ।

ਮਿਰਜ਼ਾ ਗਾਲਿਬ ਨੇ ਫਾਰਸੀ ਦੀ ਪੜ੍ਹਾਈ ਆਗਰੇ ਵਿਚ ਹੀ ਚੰਗੇ ਉਸਤਾਦਾਂ ਤੋਂ ਕੀਤੀ। 13 ਸਾਲ ਦੀ ਉਮਰ ਵਿਚ ਗਾਲਿਬ ਦਿੱਲੀ ਆਏ ਅਤੇ ਫਾਰਸੀ ਦੇ ਚੰਗੇ ਉਸਤਾਦਾਂ ਤੋਂ ਫਾਰਸੀ ਸ਼ਾਇਰੀ ਸਿੱਖੀ। ਆਪਣੀ ਮੁਢਲੀ ਸ਼ਾਇਰੀ ਵਿਚ ਉਨ੍ਹਾਂ ਆਪਣਾ ਨਾਂ ਅਸਦ ਲਿਖਿਆ, ਪਰ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਕ ਹੋਰ ਸ਼ਾਇਰ ਵੀ ਇਸੇ ਨਾਂ ਹੇਠ ਸ਼ਾਇਰੀ ਕਰਦਾ ਹੈ ਤਾਂ ਉਨ੍ਹਾਂ ਨੇ ਅਸਦ ਦਾ ਤਖੱਲਸ ਤਿਆਗ ਦਿੱਤਾ। ਅਸਦ ਦੇ ਤਖੱਲਸ ਨਾਲ ਲਿਖੇ ਉਨ੍ਹਾਂ ਦੇ ਕੁਝ ਸ਼ੇਅਰ ਹਨ:

ਮਾਰਾ ਜ਼ਮਾਨੇ ਨੇ ਅਸਦ ਉਲਾ ਖਾਂ ਤੁਮਹੇਂ,
ਵੁਹ ਵਲਵਲੇ ਕਹਾਂ,
ਵੁਹ ਜਵਾਨੀ ਕਿਧਰ ਗਈ।
ਅਸਦ ਖੁਸ਼ੀ ਸੇ ਮੇਰੇ ਹਾਥ ਪਾਉਂ ਫੂਲ ਗਏ,
ਕਹਾ ਜੋ ਉਸ ਨੇ ਜ਼ਰਾ
ਮੇਰੇ ਪਾਉਂ ਦਾਬ ਤੋ ਦੇ।
ਇਸ ਰੰਗ ਸੇ ਉਠਾਈ
ਉਸ ਨੇ ਕਲ ਅਸਦ ਕੀ ਨਾਮਾਸ਼,
ਦੁਸ਼ਮਨ ਭੀ ਜਿਸ ਕੋ ਦੇਖ ਕੇ
ਗਮਨਾਕ ਹੋ ਗਏ।

ਆਖਰੀ ਮੁਗਲ ਸ਼ਹਿਨਸ਼ਾਹ ਬਹਾਦਰ ਸ਼ਾਹ ਜ਼ਫ਼ਰ ਨੂੰ ਸ਼ਾਇਰੀ ਦਾ ਜਨੂੰਨ ਸੀ। ਉਸ ਨੇ ਪਹਿਲਾਂ ਜ਼ੌਕ ਅਤੇ ਸੰਨ 1854 ਵਿਚ ਉਸ ਦੀ ਮੌਤ ਤੋਂ ਬਾਅਦ ਗਾਲਿਬ ਨੂੰ ਆਪਣੀਆਂ ਲਿਖਤਾਂ ਵਿਚ ਸੋਧ ਲਈ ਰੱਖ ਲਿਆ। ਗਾਲਿਬ ਨੂੰ ਸ਼ਾਹੀ ਖ਼ਜ਼ਾਨੇ ਵਿਚੋਂ ਚੰਗੇ ਗੁਜ਼ਾਰੇ ਜੋਗਾ ਵਜ਼ੀਫ਼ਾ ਦਿੱਤਾ ਜਾਂਦਾ ਸੀ। ਸ਼ਹਿਨਸ਼ਾਹ ਦੀ ਨੌਕਰੀ ਕਬੂਲ ਕਰਨ ਬਾਰੇ ਗਾਲਿਬ ਨੇ ਲਿਖਿਆ ਹੈ:

ਹੂਆ ਹੈ ਸ਼ਾਹ ਕਾ ਮਸਾਹਿਬ
ਫਿਰੇ ਹੈ ਇਤਰਾਤਾ,
ਵਰਨਾ ਸ਼ਹਿਰ ਮੇਂ
ਗਾਲਿਬ ਕੀ ਆਬਰੂ ਕਿਆ ਹੈ।
ਗਾਲਿਬ ਵਜ਼ੀਫ਼ਾ-ਖੁਆਰ ਹੋ,
ਦੋ ਸ਼ਾਹ ਕੋ ਦੁਆ,
ਵੁਹ ਦਿਨ ਗਏ ਕਿ ਕਹਿਤੇ ਥੇ
ਨੌਕਰ ਨਹੀਂ ਹੂੰ ਮੈਂ।

ਇਸ ਤੋਂ ਇਲਾਵਾ ਗਾਲਿਬ ਰਾਮਪੁਰ ਰਿਆਸਤ ਦੇ ਨਵਾਬ ਦੇ ਵੀ ਉਸਤਾਦ ਸਨ ਤੇ ਉਨ੍ਹਾਂ ਵੱਲੋਂ ਸਾਰੀ ਉਮਰ 100 ਰੁਪਏ ਮਹੀਨਾ ਵਜ਼ੀਫਾ ਪ੍ਰਾਪਤ ਕਰਦੇ ਰਹੇ।

ਗਾਲਿਬ ਦੀ ਸ਼ਾਇਰੀ ਬਹੁਤੀ ਗ਼ਜ਼ਲ ਵਿਚ ਹੈ। ਗ਼ਜ਼ਲ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਹਨ-ਇਸਤਰੀ ਨਾਲ ਪਿਆਰ ਤੋਂ ਉਪਰ ਦੀ ਗੱਲਬਾਤ।

ਸ਼ਹਿਨਸ਼ਾਹ ਜ਼ਫਰ ਆਪਣੇ ਦਾਦੇ ਪੜਦਾਦੇ ਵਾਂਗ ਬਹੁਤਾ ਕੱਟੜ ਨਹੀਂ ਸੀ। ਉਸ ਦੀ ਆਪਣੀ ਸ਼ਾਇਰੀ ਵਿਚ ਵੀ ਸੂਫੀਆਨਾ ਰੰਗ ਸਾਫ਼ ਨਜ਼ਰ ਆਉਂਦਾ ਹੈ। ਗਾਲਿਬ ਖੁਦ ਵੀ ਪੱਕਾ ਮੁਸਲਮਾਨ ਨਹੀਂ ਸੀ। ਉਹ ਸ਼ਰਾਬ ਦਾ ਆਦੀ ਸੀ। ਇਸਲਾਮ ਅਨੁਸਾਰ ਇਸਲਾਮੀ ਰਹੁ ਰੀਤ ਵਿਚ ਪਰਪੱਕ ਬੰਦਿਆਂ ਨੂੰ ਜੰਨਤ ਵਿਚ ਥਾਂ ਨਸੀਬ ਹੁੰਦੀ ਹੈ ਤੇ ਬਾਕੀ ਸਭ ਨੂੰ ਦੋਜ਼ਖ। ਇਸ 'ਤੇ ਚੋਟ ਕਰਦਿਆਂ ਗਾਲਿਬ ਨੇ ਲਿਖਿਆ:

ਹਮ ਕੋ ਮਾਲੂਮ ਹੈ
ਜੰਨਤ ਕੀ ਹਕੀਕਤ ਲੇਕਿਨ,
ਦਿਲ ਕੇ ਖੁਸ਼ ਰਖਨੇ ਕੋ
ਗਾਲਿਬ ਯੇ ਖਯਾਲ ਅੱਛਾ ਹੈ।

ਇਕ ਦੋਸਤ ਨੂੰ ਲਿਖੇ ਖਤ ਵਿਚ ਉਸ ਨੇ ਕੁਰਾਨ ਦੇ ਮਹਿਜ਼ ਰਟਨ ਨੂੰ ਬਿਨਾਂ ਇਸ 'ਤੇ ਅਮਲ ਕੀਤਿਆਂ ਜੰਨਤ ਹਾਸਲ ਕਰਨ ਬਾਰੇ ਲਿਖਿਆ ਹੈ:

"ਇਹ ਠੀਕ ਹੈ ਕਿ ਜੰਨਤ ਵਿਚ ਸਵੇਰੇ ਹੀ ਮੈਨੂੰ ਸ਼ੁੱਧ ਸ਼ਰਾਬ ਮਿਲੇਗੀ ਪਰ ਰਾਤ ਵੇਲੇ ਸ਼ਰਾਬੀ ਦੋਸਤਾਂ ਨਾਲ ਘੁੰਮਣਾ ਕਿਥੇ ਮਿਲੇਗਾ? ਨਾ ਹੀ ਸ਼ਰਾਬੀਆਂ ਦੀ ਭੀੜ ਦਾ ਸ਼ੋਰ ਸੁਣਨ ਨੂੰ ਮਿਲੇਗਾ। ਮੌਨਸੂਨ ਦੀਆਂ ਨਸ਼ੀਲੀਆਂ ਘਟਾਵਾਂ ਕਿਥੇ ਮਿਲਣਗੀਆਂ? ਜਿਥੇ ਪੱਤਝੜ ਦੀ ਰੁੱਤ ਨਾ ਹੋਵੇ, ਉਥੇ ਬਹਾਰ ਕਿਥੋਂ ਆ ਸਕਦੀ ਹੈ? ਜਿਥੇ ਹਰ ਸਮੇਂ ਹੂਰਾਂ ਹੋਣ, ਉਥੇ ਵਿਛੋੜੇ ਦੀ ਉਦਾਸੀ ਅਤੇ ਮਿਲਾਪ ਦੀ ਖੁਸ਼ੀ ਕਿਥੇ? ਉਥੇ ਉਹ ਕੁੜੀ ਕਿਥੋਂ ਲੱਭਾਂਗੇ ਜਿਸ ਨੂੰ ਅਸੀਂ ਚੁੰਮਦੇ ਹਾਂ ਤੇ ਉਹ ਅੱਕ ਜਾਂਦੀ ਹੈ।"

ਧਾਰਮਿਕ ਆਗੂਆਂ ਨੂੰ ਚੋਰੀ ਸ਼ਰਾਬਖਾਨੇ ਜਾਂਦਿਆਂ ਦੇਖ ਕੇ ਉਸ ਨੇ ਲਿਖਿਆ:

ਕਹਾਂ ਮੈਖ਼ਾਨੇ ਕਾ ਦਰਵਾਜ਼ਾ
ਗਾਲਿਬ ਔਰ ਕਹਾਂ ਵਾਇਜ਼,
ਪਰ ਇਤਨਾ ਜਾਨਤੇ ਹੈਂ
ਕਿ ਕੱਲ੍ਹ ਵੁਹ ਜਾਤਾ ਥਾ ਔਰ ਹਮ ਨਿਕਲੇ।

ਗਾਲਿਬ ਦੇ ਹਿੰਦੂ ਧਰਮ ਬਾਰੇ ਵਿਚਾਰ ਬੜੇ ਖੁੱਲ੍ਹਦਿਲੇ ਸਨ। ਸ਼ਾਹ ਦੇ ਦਰਬਾਰ ਦੇ ਕਈ ਕੱਟੜ ਦਰਬਾਰੀ ਗਾਲਿਬ ਨੂੰ ਨਫ਼ਰਤ ਕਰਦੇ ਸਨ ਕਿ ਉਸ ਦਾ ਜੀਵਨ ਕਾਫਰਾਂ ਵਾਂਗ ਹੈ; ਤਾਂ ਹੀ ਉਸ ਨੇ ਲਿਖਿਆ:

ਦੇਖੀਓ, ਗਾਲਿਬ ਸੇ ਗਰ ਉਲਝਾ ਕੋਈ,
ਹੈ ਵਲੀ ਪੋਸ਼ੀਦਾ ਔਹ ਕਾਫਿਰ ਖੁਲਾ।

ਜ਼ਫ਼ਰ ਵੀ ਗਾਲਿਬ ਦੇ ਵਿਚਾਰਾਂ ਵਾਲਾ ਸੀ ਤੇ ਉਸ ਨੇ ਵੀ ਹਿੰਦੂਆਂ ਉਤੇ ਬੇਲੋੜੀ ਸਖ਼ਤੀ ਜਾਂ ਜ਼ੁਲਮ ਨਾ ਕੀਤਾ। ਜ਼ਫ਼ਰ ਨੂੰ ਸ਼ਾਇਰੀ ਨਾਲ ਪਾਗਲਪਨ ਦੀ ਹੱਦ ਤੱਕ ਲਗਾਓ ਸੀ। ਉਹ ਰੋਜ਼ਾਨਾ ਤਿੰਨ ਚਾਰ ਘੰਟੇ ਇਸ ਸ਼ੁਗਲ ਵਿਚ ਲਗਾਉਂਦਾ। ਬਾਕੀ ਸ਼ਾਇਰਾਂ ਦੀ ਸ਼ਾਇਰੀ ਦੀ ਵੀ ਉਹ ਪੂਰੀ ਕਦਰ ਕਰਦਾ ਸੀ। ਇਕ ਵਾਰੀ ਅੰਬ ਪੱਕਣ ਦੀ ਰੁੱਤ ਵਿਚ ਇਕ ਮੁਸ਼ਾਇਰੇ ਵਿਚ ਅੰਬ ਦੀ ਤਾਰੀਫ਼ ਹੋ ਰਹੀ ਸੀ। ਇਕ ਸ਼ਾਇਰ ਖਿਝ ਕੇ ਬੋਲਿਆ, "ਅੰਬ ਭੀ ਕੋਈ ਫਲ ਹੈ? ਇਸ ਨੂੰ ਤਾਂ ਗਧੇ ਵੀ ਨਹੀਂ ਖਾਂਦੇ।" ਗਾਲਿਬ ਨੇ ਤੁਰੰਤ ਹੀ ਕਿਹਾ, "ਜੋ ਗਧੇ ਹਨ, ਉਹੀ ਅੰਬ ਨਹੀਂ ਖਾਂਦੇ।" ਸੁਣ ਕੇ ਗਾਲਿਬ ਦੀ ਹਾਜ਼ਰ ਜਵਾਬੀ ਦੀ ਸਭ ਨੇ ਦਾਦ ਦਿੱਤੀ।



*ਮਿਰਜ਼ਾ ਗਾਲਿਬ ਦੀ ਇਕੋ-ਇਕ ਅਸਲੀ ਤਸਵੀਰ।*

ਇਕ ਵਾਰ ਲਾਲ ਕਿਲੇ ਅੰਦਰ ਮਹਿਤਾਬ ਬਾਗ ਵਿਚ ਅੰਬਾਂ ਨੂੰ ਬਹੁਤ ਫਲ ਲੱਗਾ ਹੋਇਆ ਸੀ। ਸੈਰ ਕਰਦੇ ਕਰਦੇ ਜ਼ਫ਼ਰ ਅਤੇ ਗਾਲਿਬ ਉਸ ਪਾਸੇ ਗਏ। ਗਾਲਿਬ ਅੰਬ ਦੇ ਇਕ ਬੂਟੇ ਕੋਲ ਖੜ੍ਹ ਕੇ ਲੱਗੇ ਹੋਏ ਅੰਬਾਂ ਨੂੰ ਬੜੇ ਗਹੁ ਨਾ ਦੇਖ ਰਿਹਾ ਸੀ। ਜ਼ਫ਼ਰ ਨੇ ਪੁੱਛਿਆ, "ਮਿਰਜ਼ਾ, ਕੀ ਦੇਖ ਰਹੇ ਹੋ?" ਗਾਲਿਬ ਨੇ ਹੱਥ ਜੋੜ ਕੇ ਕਿਹਾ, "ਹਜ਼ੂਰ, ਕਿਸੇ ਪੁਰਾਤਨ ਸ਼ਾਇਰ ਨੇ ਕਿਹਾ ਹੈ ਕਿ ਹਰ ਫਲ 'ਤੇ ਖਾਣ ਵਾਲੇ ਦਾ ਨਾਂ, ਉਸ ਦੇ ਬਾਪ ਦਾ ਨਾਂ ਅਤੇ ਦਾਦੇ ਦਾ ਨਾਂ ਲਿਖਿਆ ਹੁੰਦਾ ਹੈ। ਮੈਂ ਦੇਖ ਰਿਹਾਂ ਕਿ ਕਿਸੇ ਫਲ 'ਤੇ ਮੇਰਾ ਅਤੇ ਮੇਰੇ ਬਾਪ ਦਾਦਾ ਦਾ ਨਾਂ ਵੀ ਹੈ।" ਸੁਣ ਕੇ ਜ਼ਫ਼ਰ ਮੁਸਕਰਾ ਪਿਆ ਅਤੇ ਉਸੇ ਸ਼ਾਮ ਵਧੀਆ ਕਿਸਮ ਦੇ ਅੰਬਾਂ ਦਾ ਟੋਕਰਾ ਗਾਲਿਬ ਦੇ ਘਰ ਭੇਜ ਦਿੱਤਾ।

ਗਾਲਿਬ ਆਪਣੇ ਦੋਸਤਾਂ ਨਾਲ ਖ਼ਤੋ-ਖਿਤਾਬਤ ਵਿਚ ਜ਼ਰਾ ਵੀ ਘੌਲ ਨਾ ਕਰਦਾ। ਹਰ ਕਿਸੇ ਦੇ ਖਤ ਦਾ ਜਵਾਬ ਜ਼ਰੂਰ ਦਿੰਦਾ। ਨਵੇਂ ਸ਼ਾਇਰ ਆਪਣੀਆਂ ਰਚਨਾਵਾਂ ਉਸ ਨੂੰ ਸੋਧ ਲਈ ਭੇਜਦੇ ਤੇ ਗਾਲਿਬ ਉਨ੍ਹਾਂ ਵਿਚ ਸੋਧ ਦੇ ਸੁਝਾਅ ਜ਼ਰੂਰ ਦਿੰਦਾ। ਗਾਲਿਬ ਦਾ ਸ਼ਾਇਰੀ ਦਾ ਅੰਦਾਜ਼ ਬਾਕੀਆਂ ਨਾਲੋਂ ਵੱਖਰੀ ਕਿਸਮ ਦਾ ਹੀ ਸੀ ਜਿਸ ਬਾਰੇ ਉਸ ਨੇ ਖੁਦ ਲਿਖਿਆ ਹੈ:

ਹੈਂ ਔਰ ਭੀ ਦੁਨੀਆਂ ਮੇਂ
ਸੁਖ਼ਨਵਰ ਬਹੁਤ ਅੱਛੇ,
ਕਹਿਤੇ ਹੈਂ ਕਿ ਗਾਲਿਬ ਕਾ ਹੈ
ਅੰਦਾਜ਼-ਏ ਬਿਆਂ ਔਰ।

ਅੱਜ ਤੱਕ ਵੀ ਉਸ ਜਿਹਾ ਅੰਦਾਜ਼ ਕਿਸੇ ਹੋਰ ਸ਼ਾਇਰ ਵਿਚ ਨਹੀਂ ਮਿਲਦਾ। ਗਾਲਿਬ ਦੀ ਘਰੇਲੂ ਜ਼ਿੰਦਗੀ ਕੋਈ ਸੁਖਾਵੀਂ ਨਹੀਂ ਸੀ। ਛੋਟੀ ਉਮਰ ਵਿਚ ਹੀ ਸ਼ਾਦੀ ਹੋ ਗਈ ਸੀ। ਪਤਨੀ ਨਾਲ ਖਾਸ ਬਣਦੀ ਨਹੀਂ ਸੀ। ਕਈ ਬੱਚੇ ਪੈਦਾ ਹੋਏ ਜੋ ਛੋਟੀ ਉਮਰ ਵਿਚ ਹੀ ਅੱਲਾ ਨੂੰ ਪਿਆਰੇ ਹੋ ਗਏ। ਆਪਣੇ ਇਕ ਦੋਸਤ ਨੂੰ ਲਿਖੇ ਇਕ ਖਤ ਵਿਚ ਆਪਣੀ ਪਤਨੀ ਬਾਰੇ ਉਸ ਨੇ ਲਿਖਿਆ, "ਮੇਰੇ ਗਲ ਵਿਚ 50 ਸਾਲ ਤੋਂ ਜੋ ਫਾਹੀ ਪਈ ਹੋਈ ਹੈ, ਨਾ ਤਾਂ ਉਹ ਟੁੱਟਦੀ ਹੈ ਤੇ ਨਾ ਹੀ ਦਮ ਨਿਕਲਦਾ ਹੈ।"

ਸ਼ਰਾਬ ਉਤੇ ਉਸ ਦਾ ਵਧ ਖਰਚ ਹੁੰਦਾ ਤੇ ਘਰ ਦੀ ਦੇਖ-ਰੇਖ 'ਤੇ ਖਰਚ ਉਹ ਟਾਲ ਦਿੰਦਾ। ਉਸ ਦੇ ਘਰ ਦੀਆਂ ਦੀਵਾਰਾਂ 'ਤੇ ਘਾਹ ਉਗ ਆਇਆ। ਉਸ ਕੋਲ ਮੁਰੰਮਤ ਲਈ ਪੈਸੇ ਨਹੀਂ ਸਨ ਤੇ ਉਸ ਨੇ ਇਸ ਬੋਲੋਤੇ ਉਗੇ ਘਾਹ ਬਾਰੇ ਲਿਖਿਆ:

ਉਗ ਰਹਾ ਹੈ ਦਰੋ-ਦੀਵਾਰ
ਪਰ ਸਬਜ਼ਾ ਗਾਲਿਬ,
ਹਮ ਬੀਆਬਾਨ ਮੇਂ ਹੈਂ,
ਔਰ ਘਰ ਮੇਂ ਬਹਾਰ ਆਈ ਹੈ।

ਗਾਲਿਬ ਨੇ ਸ਼ਰਾਬ ਤੋਂ ਕਈ ਵਾਰ ਤੌਬਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਸਭ ਬੇਅਸਰ:

ਤੂਨੇ ਕਸਮ ਮੈ ਕਸ਼ੀ ਕੀ ਖਾਈ ਹੈ ਗਾਲਿਬ,
ਤੇਰੀ ਕਸਮ ਕਾ ਕੁਛ ਏਤਬਾਰ ਨਹੀਂ।

ਇਕ ਵਾਰੀ ਘਰੋਂ ਪੱਕਾ ਇਰਾਦਾ ਕਰ ਕੇ ਨਿਕਲਿਆ ਕਿ ਸ਼ਰਾਬ ਦੇ ਠੇਕੇ 'ਤੇ ਨਹੀਂ ਰੁਕਣਾ। ਹੁੰਦਾ ਇਸ ਤਰ੍ਹਾਂ ਸੀ, ਸ਼ਰਾਬ ਦੇ ਠੇਕੇ ਕੋਲ ਜਾ ਉਸ ਦੇ ਕਦਮ ਰੁਕ ਜਾਂਦੇ। ਅੱਗੇ ਵਧਣ ਦੀ ਤਾਕਤ ਖ਼ਤਮ ਹੋ ਜਾਂਦੀ, ਪਰ ਉਸ ਦਿਨ ਐਨਾ ਮਜ਼ਬੂਤ ਇਰਾਦਾ ਕਿ ਠੇਕੇ ਕੋਲੋਂ ਤੇਜ਼ ਤੇਜ਼ ਕਦਮਾਂ ਨਾਲ ਅੱਗੇ ਲੰਘ ਗਿਆ। ਥੋੜ੍ਹੀ ਦੂਰ ਜਾ ਕੇ ਰੁਕ ਕੇ ਆਪਣੇ ਆਪ ਨੂੰ ਕਹਿਣ ਲੱਗਾ, "ਗਾਲਿਬ ਤੂੰ ਤਾਂ ਕਮਾਲ ਕਰ ਦਿੱਤੀ, ਬੜਾ ਬਹਾਦਰ ਏਂ ਤੂੰ ਜੋ ਅੱਜ ਠੇਕੇ ਵੱਲ ਦੇਖਿਆ ਤੱਕ ਨਹੀਂ। ਚੱਲ ਫਿਰ, ਅੱਜ ਇਸੇ ਬਹਾਦਰੀ ਦੀ ਖੁਸ਼ੀ ਵਿਚ ਪੀਤੀ ਜਾਵੇ।" ਵਾਪਸ ਮੁੜ ਕੇ ਠੇਕੇ ਤੋਂ ਬੋਤਲ ਖਰੀਦ ਲਈ।

ਬਹਾਦਰ ਸ਼ਾਹ ਜ਼ਫ਼ਰ ਦੇ ਆਖਰੀ ਦਿਨਾਂ ਵਿਚ ਉਸ ਦਾ ਖ਼ਜ਼ਾਨਾ ਖਾਲੀ ਹੋਣ ਕਰ ਕੇ ਸ਼ਾਹੀ ਨੌਕਰਾਂ ਨੂੰ ਤਨਖਾਹ ਨਾ ਮਿਲਦੀ। ਸ਼ਾਇਰਾਂ ਦੇ ਵਜ਼ੀਫ਼ੇ ਨਾ ਮਿਲਦੇ। ਤੰਗੀ ਦੀ ਹਾਲਤ ਵਿਚ ਗਾਲਿਬ ਦਿੱਲੀ ਕਾਲਜ ਵਿਚ ਫਾਰਸੀ ਦੇ ਪ੍ਰੋਫੈਸਰ ਦੀ ਨੌਕਰੀ ਲਈ ਅਰਜ਼ੀ ਦੇਣ ਪਾਲਕੀ ਵਿਚ ਬੈਠ ਕੇ ਗਿਆ। ਕਾਲਜ ਦੇ ਗੇਟ ਤੋਂ ਬਾਹਰ ਪਾਲਕੀ ਰੁਕਵਾ ਕੇ ਕਾਲਜ ਦੇ ਅੰਗਰੇਜ਼ ਸੈਕਟਰੀ ਨੂੰ ਆਪਣੇ ਆਉਣ ਦੀ ਸੂਚਨਾ ਭੇਜੀ। ਕਾਫੀ ਦੇਰ ਬਾਅਦ ਅੰਗਰੇਜ਼ ਸੈਕਟਰੀ ਆਇਆ ਤੇ ਗਾਲਿਬ ਨੂੰ ਕਹਿਣ ਲੱਗਾ, "ਜਦੋਂ ਤੁਸੀਂ ਗਵਰਨਰ ਦੇ ਦਫ਼ਤਰ ਆਉਂਦੇ ਹੋ ਤਾਂ ਤੁਹਾਡਾ ਸਵਾਗਤ ਕੀਤਾ ਜਾਂਦਾ ਹੈ ਪਰ ਇਥੇ ਤੁਸੀਂ ਨੌਕਰੀ ਦੀ ਅਰਜ਼ੀ ਦੇਣ ਆਏ ਹੋ।" ਗਾਲਿਬ ਨੇ ਕਿਹਾ, "ਮੈਂ ਸੋਚਦਾ ਸੀ ਕਿ ਮੈਨੂੰ ਆਉਣ ਸਮੇਂ ਜੋ ਪਹਿਲਾਂ ਇੱਜ਼ਤ ਮਿਲਦੀ ਸੀ, ਸ਼ਾਇਦ ਉਸ ਤੋਂ ਵੱਧ ਮਿਲੇਗੀ...ਨਹੀਂ ਤਾਂ ਮੈਂ ਵਾਪਸ ਜਾਂਦਾ ਹਾਂ।" ਗਾਲਿਬ ਗੇਟ ਤੋਂ ਹੀ ਵਾਪਸ ਮੁੜ ਆਇਆ। ਗਰੀਬੀ ਵਿਚ ਵੀ ਆਪਣੇ ਸਵੈਮਾਨ ਨੂੰ ਸੰਭਾਲਣਾ ਉਸ ਦਾ ਖਾਸ ਸੁਭਾਅ ਸੀ।

ਸੰਨ 1869 ਈਸਵੀ ਵਿਚ ਗਾਲਿਬ ਦਿੱਲੀ ਵਿਖੇ ਹੀ ਸੁਰਗਵਾਸ ਹੋਇਆ। ਉਹ ਕਿਹਾ ਕਰਦਾ, "ਕੌਨ ਜਾਏ ਗਾਲਿਬ ਦਿੱਲੀ ਕੀ ਗਲੀਆਂ ਛੋੜ ਕਰ।" ਮੌਤ ਤੋਂ ਬਾਅਦ ਹੀ ਉਸ ਨੇ ਦਿੱਲੀ ਦੀਆਂ ਗਲੀਆਂ ਛੱਡੀਆਂ। ਗਾਲਿਬ ਦਰਵੇਸ਼ਾਂ ਵਰਗੀ ਜ਼ਿੰਦਗੀ ਜੀਵਿਆ। ਉਸ ਨੇ ਠੀਕ ਹੀ ਕਿਹਾ ਸੀ:

ਬਨਾ ਕਰ ਫਕੀਰੋਂ ਕਾ ਹਮ ਭੇਸ ਗਾਲਿਬ,
ਤਮਾਸ਼ਾ-ਏ-ਅਹਿਲ-ਓ-ਕਰਮ ਦੇਖਤੇ ਹੈਂ।

ਦੇਸ਼ ਦੀ ਵੰਡ ਤੋਂ ਬਾਅਦ ਪੰਜਾਬ ਵਿਚ ਉਰਦੂ ਦੀ ਪੜ੍ਹਾਈ ਬੰਦ ਹੋਣ ਕਰ ਕੇ ਮਿਰਜ਼ਾ ਗਾਲਿਬ ਦੇ ਸ਼ੇਅਰਾਂ ਦੀ ਅਸਮਾਨ ਛੂੰਹਦੀ ਸਿਖਰ ਦੇ ਕਦਰਦਾਨ ਘਟ ਗਏ ਹਨ। ਕੇਵਲ ਪੁਰਾਣੇ ਉਰਦੂ ਪੜ੍ਹੇ ਲੋਕ ਜੋ ਅੱਜਕੱਲ੍ਹ ਬਜ਼ੁਰਗਾਂ ਵਿਚ ਸ਼ਾਮਿਲ ਹਨ, ਗਾਲਿਬ ਦਾ ਕੋਈ ਸ਼ੇਅਰ ਪੜ੍ਹਨ ਨੂੰ ਮਿਲੇ ਤਾਂ ਵਾਹ ਵਾਹ ਕਰ ਉਠਦੇ ਹਨ। ਅਸੀਂ ਪੰਜਾਬੀ ਉਸ ਦੇ ਸ਼ੇਅਰਾਂ ਵਿਚ ਕਈ ਵਾਰੀ ਕੋਈ ਤਬਦੀਲੀ ਆਪੇ ਹੀ ਕਰ ਦਿੰਦੇ ਹਾਂ ਜਿਵੇਂ ਗਾਲਿਬ ਦਾ ਅਸਲੀ ਸ਼ੇਅਰ ਤਾਂ ਹੈ:

ਕਾਅਬਾ ਕਿਸ ਮੂੰਹ ਸੇ ਜਾਉਗੇ ਗਾਲਿਬ,
ਸ਼ਰਮ ਤੁਮ ਕੋ ਮਗਰ ਨਹੀਂ ਆਤੀ।

ਪਰ ਅਸੀਂ ਲਿਖ ਦਿੰਦੇ ਹਾਂ:

ਸ਼ਰਮ ਤੁਮ ਕੋ ਮਗਰ ਆਤੀ ਨਹੀਂ।

ਇਸੇ ਤਰ੍ਹਾਂ ਪੰਜਾਬੀਆਂ ਵਿਚ ਕਿਸੇ ਥਾਂ ਤੋਂ ਬੇਇੱਜ਼ਤ ਹੋ ਨਿਕਲਣ ਬਾਰੇ ਗਾਲਿਬ ਦਾ ਸ਼ੇਅਰ:

ਨਿਕਲਨਾ ਖੁਲਦ ਸੇ
ਆਦਮ ਕਾ ਸੁਨਤੇ ਆਏ ਹੈਂ ਲੇਕਿਨ,
ਬਹੁਤ ਬੇਆਬਰੂ ਹੋ ਕਰ
ਤੇਰੇ ਕੂਚੇ ਸੇ ਹਮ ਨਿਕਲੇ।

ਪੰਜਾਬੀ ਲੋਕ 'ਬਹੁਤ ਬੇਆਬਰੂ' ਨੂੰ 'ਬੜੇ ਬੇਆਬਰੂ' ਹੀ ਲਿਖ ਦਿੰਦੇ ਹਨ। ਪੰਜਾਬੀ ਵਿਚ ਬਹੁਤਾ ਫਰਕ ਨਹੀਂ ਪੈਂਦਾ, ਪਰ ਜਿਨ੍ਹਾਂ ਉਰਦੂ ਪੜ੍ਹਿਆ ਹੈ, ਉਨ੍ਹਾਂ ਨੂੰ ਇਹ ਗਲਤੀਆਂ ਰੜਕਦੀਆਂ ਹਨ। ਜਿਸ ਤਰ੍ਹਾਂ ਪੰਜਾਬੀ ਭਾਸ਼ਾ ਵਿਚ ਵਾਰਿਸ ਸ਼ਾਹ ਦੀ ਹੀਰ ਅੱਜ ਤੱਕ ਆਪਣਾ ਅਸਰ ਜਮਾਈ ਬੈਠੀ ਹੈ, ਉਸੇ ਤਰ੍ਹਾਂ ਉਰਦੂ ਭਾਸ਼ਾ ਵਿਚ ਗਾਲਿਬ ਦੇ ਸ਼ੇਅਰ ਹਨ।

# ਉਰਲੀਆਂ ਪਰਲੀਆਂ

ਇੱਕ ਪਿੰਡ ਵਿਚੋਂ ਚਾਰ ਆਦਮੀ ਲੰਘ ਰਹੇ ਸਨ। ਉਨ੍ਹਾਂ ਨੂੰ ਬਹੁਤ ਪਿਆਸ ਲੱਗੀ। ਉਹ ਇੱਕ ਘਰ ਦੇ ਵੱਡੇ ਸਾਰੇ ਦਰਵਾਜ਼ੇ ਅੱਗੇ ਜਾ ਖੜ੍ਹੋਤੇ ਅਤੇ ਪੀਣ ਲਈ ਪਾਣੀ ਮੰਗਿਆ। ਘਰ ਦੇ ਵਿਹੜੇ ਵਿਚ ਬੈਠੀ ਔਰਤ ਚਰਖਾ ਕੱਤ ਰਹੀ ਸੀ। ਇੱਕ ਆਦਮੀ ਥੋੜ੍ਹਾ ਅੰਦਰ ਵੱਲ ਜਾ ਕੇ ਉਚੀ ਆਵਾਜ਼ ਵਿਚ ਬੋਲਿਆ, "ਸਾਨੂੰ ਭੁੱਖ ਤੇ ਪਿਆਸ ਨੇ ਬਹੁਤ ਸਤਾਇਆ ਹੈ, ਕੀ ਤੂੰ ਸਾਨੂੰ ਪੀਣ ਲਈ ਪਾਣੀ ਦੇ ਦੇਵੇਂਗੀ?"

ਔਰਤ ਨੇ ਕਿਹਾ, "ਪਾਣੀ ਤਾਂ ਮੈਂ ਤੁਹਾਨੂੰ ਪਿਲਾ ਦਿਆਂਗੀ, ਰੋਟੀ ਵੀ ਖਾਣ ਲਈ ਦੇ ਦੇਵਾਂਗੀ, ਪਰ ਪਹਿਲਾਂ ਤੁਸੀਂ ਮੈਨੂੰ ਕੁਝ ਉਰਲੀਆਂ-ਪਰਲੀਆਂ ਗੱਲਾਂ ਸੁਣਾਓ।"

ਉਨ੍ਹਾਂ ਵਿਚੋਂ ਇੱਕ ਆਦਮੀ ਬੋਲਿਆ, "ਜਦੋਂ ਅਸੀਂ ਪਿੰਡ ਵਿਚ ਵੜ ਰਹੇ ਸੀ, ਅਸੀਂ ਵੇਖਿਆ ਇੱਕ ਆਦਮੀ ਐਨਾ ਮੋਟਾ ਸੀ ਕਿ ਉਸ ਨੂੰ ਦੋ ਗੱਡਿਆਂ 'ਤੇ ਲੱਦ ਕੇ ਲਿਜਾ ਰਹੇ ਸਨ।"

"ਹੈਂ ਐਨਾ ਮੋਟਾ? ਮੈਂ ਆਪ ਜਾ ਕੇ ਵੇਖ ਕੇ ਆਉਂਦੀ ਹਾਂ।" ਆਖ ਉਹ ਔਰਤ ਘਰੋਂ ਭੱਜ ਉਸ ਨੂੰ ਵੇਖਣ ਚਲੀ ਗਈ। ਕੁਝ ਦੇਰ ਬਾਅਦ ਉਸ ਔਰਤ ਦਾ ਪਤੀ ਆ ਗਿਆ ਤਾਂ ਉਸ ਨੇ ਆਪਣੇ ਘਰ ਅੱਗੇ ਖੜ੍ਹੇ ਆਦਮੀਆਂ ਤੋਂ ਪੁੱਛਿਆ, "ਤੁਸੀਂ ਮੇਰੇ ਘਰ ਅੱਗੇ ਕਿਵੇਂ ਖੜ੍ਹੇ ਹੋ?"

ਉਨ੍ਹਾਂ ਕਿਹਾ, "ਇਸ ਘਰ ਦੀ ਮਾਲਕਣ ਕਿਸੇ ਖੂਬਸੂਰਤ ਬੰਦੇ ਨਾਲ ਭੱਜ ਗਈ ਹੈ, ਤੂੰ ਛੇਤੀ ਜਾ ਕੇ ਵੇਖ, ਉਹ ਅਜੇ ਨੇੜੇ ਹੀ ਹੋਵੇਗੀ।"

ਸੁਣਦਿਆਂ ਹੀ ਘਰ ਵਾਲੇ ਨੇ ਬੜੀ ਤੇਜ਼ ਸਾਈਕਲ ਭਜਾ ਕੇ ਸੜਕ 'ਤੇ ਭੱਜੀ ਜਾਂਦੀ ਔਰਤ ਨੂੰ ਜਾ ਫੜਿਆ ਅਤੇ ਬਿਨਾਂ ਕੁਝ ਪੁੱਛੇ ਗੁੱਤ ਤੋਂ ਫੜ ਕੇ ਘੜੀਸਦਾ ਹੋਇਆ ਘਰ ਲਿਆਇਆ ਤੇ ਬਹੁਤ ਹੀ ਕੁੱਟਿਆ। ਉਹ ਮੂੰਹ 'ਤੇ ਪੱਲਾ ਕਰ ਉਚੀ-ਉਚੀ ਰੋਣ ਲੱਗ ਪਈ। ਉਸ ਦੇ ਰੋਣ ਦੀ ਆਵਾਜ਼ ਸੁਣ ਕੇ ਆਂਢ-ਗੁਆਂਢ ਦੀਆਂ ਔਰਤਾਂ ਨੇ ਆ ਪੁੱਛਿਆ ਤਾਂ ਅੱਗੇ ਖੜ੍ਹੇ ਬੰਦੇ ਨੇ ਕਿਹਾ, "ਇਸ ਦਾ ਪਿਊ ਮਰ ਗਿਆ ਹੈ, ਇਸ ਲਈ ਰੋ ਰਹੀ ਹੈ।"

ਉਸੇ ਥਾਂ 'ਤੇ ਬੈਠ ਸਾਰੀਆਂ ਔਰਤਾਂ ਵੀ ਪੱਲਾ ਕਰ ਰੋਣ ਲੱਗ ਪਈਆਂ। ਆਉਂਦਾ-ਜਾਂਦਾ, ਜਿਹੜਾ ਵੀ ਕੋਈ ਪੁੱਛਦਾ, ਉਹ ਆਦਮੀ ਹਰੇਕ ਨੂੰ ਹੀ ਇਹੀ ਗੱਲ ਦੱਸ ਦਿੰਦਾ, ਵੇਖਦਿਆਂ-ਵੇਖਦਿਆਂ ਹੀ ਕੁਝ ਦੇਰ ਬਾਅਦ ਇਕੱਠ ਹੋ ਗਿਆ।

ਬਹੁਤ ਦੇਰ ਬਾਅਦ ਜਦੋਂ ਘਰ ਦੀ ਮਾਲਕਣ ਨੇ ਮੂੰਹ ਤੋਂ ਪੱਲਾ ਚੁੱਕ ਕੇ ਵੇਖਿਆ ਤਾਂ ਉਹ ਹੈਰਾਨ ਰਹਿ ਗਈ ਕਿ ਰੋਣ ਵਾਲੀ ਉਹ ਇਕੱਲੀ ਨਹੀਂ ਸੀ, ਪੂਰੇ ਮੁਹੱਲੇ ਦੀਆਂ ਔਰਤਾਂ ਬੈਠੀਆਂ ਰੋ ਰਹੀਆਂ ਸਨ। ਉਨ੍ਹਾਂ ਨੇ ਜਦੋਂ ਉਸ ਨੂੰ ਪੁੱਛਿਆ, "ਤੂੰ ਕਿਉਂ ਰੋ ਰਹੀ ਏਂ?"

"ਮੈਨੂੰ ਤਾਂ ਮੇਰੇ ਘਰ ਵਾਲੇ ਨੇ ਕੁੱਟਿਆ-ਮਾਰਿਆ ਤਾਂ ਹੀ ਮੈਂ ਰੋ ਰਹੀ ਹਾਂ।"

"ਪਰ ਘਰ ਦੇ ਅੱਗੇ ਖੜ੍ਹੇ ਆਦਮੀ ਨੇ ਤਾਂ ਸਾਨੂੰ ਦੱਸਿਆ ਕਿ ਤੇਰਾ ਪਿਊ ਮਰ ਗਿਆ ਹੈ, ਤੂੰ ਤਾਂ ਰੋ ਰਹੀ ਏਂ।"

ਘਰ ਦੀ ਮਾਲਕਣ ਹੁਣ ਸਾਰੀ ਗੱਲ ਸਮਝ ਗਈ ਕਿ ਇਹ ਸਾਰਾ ਪੁਆੜਾ ਇਨ੍ਹਾਂ ਆਦਮੀਆਂ ਦਾ ਹੀ ਪਾਇਆ ਲੱਗਦਾ ਹੈ। ਉਹ ਬਾਹਰ ਆਈ ਤੇ ਛੇਤੀ ਉਨ੍ਹਾਂ ਆਦਮੀਆਂ ਨੂੰ ਉਥੋਂ ਚਲੇ ਜਾਣ ਲਈ ਕਿਹਾ। ਉਨ੍ਹਾਂ ਆਦਮੀਆਂ ਨੇ ਕਿਹਾ, "ਭੈਣੇ ਅਜੇ ਤਾਂ ਅਸੀਂ 'ਉਰਲੀਆਂ ਗੱਲਾਂ' ਹੀ ਸੁਣਾਈਆਂ ਹਨ 'ਪਰਲੀਆਂ' ਨਹੀਂ ਸੁਣੇਂਗੀ?"

**-ਬਾਬੂ ਰਾਮ ਕਮਲ**

# ਕੌੜਾ ਸੱਚ

## ਮਿੰਨੀ ਕਹਾਣੀ

ਅੱਧੀ ਛੁੱਟੀ ਦੌਰਾਨ ਜਦੋਂ ਚਾਰੇ ਪ੍ਰਾਇਮਰੀ ਅਧਿਆਪਕ ਰੋਟੀ ਖਾ ਰਹੇ ਸਨ ਤਾਂ ਜੀਤ ਮੈਡਮ ਨੇ ਅੱਜ ਫਿਰ ਆਪਣੇ ਬੇਟੇ ਦੀ ਗੱਲ ਛੇੜ ਲਈ। ਉਹ ਭਾਵੇਂ ਪਿਛਲੇ ਦਸ ਸਾਲ ਤੋਂ ਸਰਕਾਰੀ ਅਧਿਆਪਕ ਸੀ ਪਰ ਅਜੇ ਵੀ ਉਹ ਸਰਕਾਰੀ ਸਕੂਲ ਦੇ ਬੱਚਿਆਂ ਨੂੰ ਚੰਗਾ ਨਹੀਂ ਸਮਝਦੀ ਸੀ। ਹਰ ਸਮੇਂ ਉਹ ਪ੍ਰਾਈਵੇਟ ਸਕੂਲ ਵਿਚ ਪੜ੍ਹਦੇ ਆਪਣੇ ਬੇਟੇ ਦੀ ਤਾਰੀਫ਼ ਕਰਦੀ ਅਤੇ ਆਪਣੀ ਕਲਾਸ ਵਿਚ ਪੜ੍ਹਦੇ ਬੱਚਿਆਂ ਦੀ ਆਲੋਚਨਾ ਕਰਦੀ ਰਹਿੰਦੀ। ਰਾਜਪਾਲ ਸਿੰਘ ਉਸ ਦੀਆਂ ਇਨ੍ਹਾਂ ਗੱਲਾਂ ਤੋਂ ਬੜਾ ਖਿਝਦਾ ਸੀ ਪਰ ਉਹ ਬੋਲਣ ਤੋਂ ਡਰਦਾ ਸੀ। ਉਹ ਹੁਣੇ ਹੀ ਸਰਕਾਰੀ ਨੌਕਰੀ ਵਿਚ ਆਇਆ ਸੀ ਅਤੇ ਉਸ ਨੂੰ ਬੱਚਿਆਂ ਨਾਲ ਬਹੁਤ ਪਿਆਰ ਸੀ। ਅੱਜ ਫਿਰ ਜਦ ਮੈਡਮ ਨੇ ਸ਼ੁਰੂ ਕੀਤਾ, "ਮੈਂ ਤਾਂ ਇਨ੍ਹਾਂ ਬੱਚਿਆਂ ਤੋਂ ਬੜੀ ਦੁਖੀ ਹਾਂ। ਕਾਪੀਆਂ ਕਿਤਾਬਾਂ ਨਹੀਂ ਲੈ ਕੇ ਆਉਂਦੇ। ਕੱਲ੍ਹ ਇਨ੍ਹਾਂ ਨੂੰ ਸਕਰੈਪ ਬੁੱਕ ਲਿਆਉਣ ਲਈ ਕਿਹਾ ਸੀ। ਸਿਰਫ਼ ਤਿੰਨ ਬੱਚੇ ਹੀ ਲੈ ਕੇ ਆਏ ਹਨ। ਮੇਰੇ ਬੇਟੇ ਨੂੰ ਦੇਖੋ ਜਿਹੜੀ ਚੀਜ਼ ਲਿਆਉਣ ਲਈ ਅਧਿਆਪਕ ਕਹਿੰਦੀ ਹੈ, ਲਏ ਬਿਨਾਂ ਸਕੂਲ ਨਹੀਂ ਜਾਂਦਾ। ਕਦੇ ਕਦੇ ਮੇਰਾ ਮਨ ਕਰਦਾ...।"

ਰਾਜਪਾਲ ਸਿੰਘ ਹੁਣ ਰਹਿ ਨਹੀਂ ਸਕਿਆ। ਉਹ ਕਹਿਣ ਲੱਗਾ, "ਮੈਡਮ ਜੀ! ਜ਼ਰਾ ਕੁ ਸੰਭਾਲ ਕੇ ਬੋਲੋ। ਬੱਚਿਆਂ ਦੀ ਬੁਰਾਈ ਨਾ ਕਰਿਆ ਕਰੋ। ਇਨ੍ਹਾਂ ਬੱਚਿਆਂ ਦੇ ਸਿਰ 'ਤੇ ਹੀ ਸਾਡੀ ਰੋਟੀ ਚੱਲ ਰਹੀ ਹੈ। ਜੇ ਇਹ ਬੱਚੇ ਇਸ ਸਕੂਲ ਵਿਚ ਪੜ੍ਹ ਰਹੇ ਹਨ ਤਾਂ ਹੀ ਤੁਹਾਡਾ ਬੱਚਾ ਚੰਗੇ ਸਕੂਲ ਵਿਚ ਪੜ੍ਹ ਰਿਹਾ ਹੈ। ਜੇ ਇਹ ਬੱਚੇ ਨਹੀਂ ਹੋਣਗੇ ਤਾਂ ਸਾਡੀ ਕੋਈ ਲੋੜ ਹੀ ਨਹੀਂ। ਜੇ ਤੁਸੀਂ ਕਿਸੇ ਪ੍ਰਾਈਵੇਟ ਸਕੂਲ ਵਿਚ ਤਿੰਨ ਹਜ਼ਾਰ ਰੁਪਏ ਵਿਚ ਨੌਕਰੀ ਕਰਦੇ ਹੁੰਦੇ ਤਾਂ ਅਸੀਂ ਵੀ ਵੇਖਦੇ ਕਿ ਤੁਹਾਡਾ ਬੱਚਾ ਕਿਵੇਂ ਉਸ ਚੰਗੇ ਸਕੂਲ ਵਿਚ ਪੜ੍ਹ ਰਿਹਾ ਹੁੰਦਾ ਅਤੇ ਕਿਵੇਂ ਤੁਸੀਂ ਉਸ ਦੀਆਂ ਮੰਗਾਂ ਪੂਰੀਆਂ ਕਰ ਰਹੇ ਹੁੰਦੇ। ਬੜੇ ਦੁੱਖ ਦੀ ਗੱਲ ਹੈ ਕਿ ਸਰਕਾਰ ਸਾਨੂੰ ਇਨ੍ਹਾਂ ਬੱਚਿਆਂ ਨੂੰ ਪੜ੍ਹਾਉਣ ਲਈ ਇੰਨੀ ਤਨਖਾਹ ਦੇ ਰਹੀ ਹੈ ਅਤੇ ਅਸੀਂ ਉਨ੍ਹਾਂ ਬੱਚਿਆਂ ਨਾਲ ਢੰਗ ਨਾਲ ਗੱਲ ਵੀ ਨਹੀਂ ਕਰਦੇ।"

ਰਾਜਪਾਲ ਸਿੰਘ ਤਾਂ ਏਨੀ ਗੱਲ ਕਹਿ ਕੇ ਆਪਣੀ ਕਲਾਸ ਵਿਚ ਪੀਰੀਅਡ ਲਾਉਣ ਚਲਾ ਗਿਆ ਪਰ ਮੈਡਮ ਨੂੰ ਲੱਗਿਆ ਜਿਵੇਂ ਉਸ ਦੇ ਗਲ ਵਿਚ ਲੰਘਦੀ ਬੁਰਕੀ ਲੋਹੇ ਦੀ ਬਣ ਗਈ ਹੋਵੇ।

**-ਗੁਰਵਿੰਦਰ ਸਿੰਘ**

# ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ



ਡਾ. ਗੁਰਨਾਮ ਕੌਰ, ਕੈਨੇਡਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਨੁੱਖ ਵਾਸਤੇ ਆਦੇਸ਼ ਉਸ ਸਿਰਜਣਹਾਰ ਨੂੰ ਸੁਆਸ ਸੁਆਸ ਸਿਮਰਨ ਦਾ ਕੀਤਾ ਗਿਆ ਹੈ। ਇਸ ਲਈ ਉਸ ਘੜੀ, ਉਸ ਪਲ, ਉਸ ਰੁੱਤ ਨੂੰ ਸੁਹਣੀ, ਸੁਲੱਖਣੀ, ਲੇਖੇ ਲੱਗੀ ਮੰਨਿਆ ਗਿਆ ਹੈ ਜਿਹੜੀ ਪਰਵਰਦਗਾਰ ਦੀ ਯਾਦ ਵਿਚ ਬੀਤਦੀ ਹੈ ਅਰਥਾਤ ਉਹ ਸਮਾਂ ਸਭ ਤੋਂ ਸੁਖਦਾਈ ਸਮਾਂ ਹੁੰਦਾ ਹੈ ਜਦੋਂ ਮਨੁੱਖ ਅਕਾਲ ਪੁਰਖ ਨੂੰ ਆਪਣੇ ਮਨ ਵਿਚ ਵਸਾਉਂਦਾ ਹੈ। ਉਹ ਕੰਮ ਸਭ ਤੋਂ ਸੁਖਾਵਾਂ ਅਤੇ ਚੰਗਾ ਲਗਦਾ ਹੈ ਜਿਹੜਾ ਕੰਮ ਉਸ ਅਕਾਲ ਪੁਰਖ ਦੀ ਸੇਵਾ ਵਿਚ ਕੀਤਾ ਜਾਂਦਾ ਹੈ। ਅਜਿਹਾ ਹਿਰਦਾ ਸ਼ਾਂਤ ਅਤੇ ਸਹਿਜ 'ਚ ਵਿਚਰਦਾ ਹੈ ਜਿਸ ਹਿਰਦੇ ਵਿਚ ਉਹ ਅਕਾਲ ਪੁਰਖ ਵੱਸਦਾ ਹੈ।

ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ॥ ਇਹ ਪੰਕਤੀ ਪੰਜਵੇਂ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਣੀਆਂ ਗੁਰੂ ਨਾਨਕ ਦੇਵ ਜੀ ਰਚਿਤ 'ਤੁਖਾਰੀ ਛੰਤ ਮਹਲਾ ਪਹਿਲਾ ਬਾਰਹਮਾਹਾ' ਅਤੇ ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਰਚਨਾ 'ਬਾਰਹਮਾਹਾ ਮਾਂਝ ਮਹਲਾ ਪੰਜਵਾਂ' ਸਾਲ ਦੇ ਬਾਰਾਂ ਮਹੀਨਿਆਂ ਅਤੇ ਉਨ੍ਹਾਂ ਮਹੀਨਿਆਂ ਵਿਚ ਪੈਂਦੀਆਂ ਰੁੱਤਾਂ ਨਾਲ ਸਬੰਧਤ ਹਨ। ਗੁਰਬਾਣੀ ਅਨੁਸਾਰ ਹਰ ਮਹੀਨੇ ਅਤੇ ਸਬੰਧਤ ਰੁੱਤ ਦਾ ਆਪਣਾ ਖਾਸ ਸਥਾਨ ਹੈ ਜਿਵੇਂ ਜਿਵੇਂ ਉਸ ਸਮੇਂ ਵਿਚ ਪਰਮਾਤਮਾ ਨੂੰ ਸਿਮਰਿਆ ਜਾਂਦਾ ਹੈ। ਸ. ਪਾਲ ਸਿੰਘ ਪੁਰੇਵਾਲ ਨੇ ਜਦੋਂ ਨਾਨਕਸ਼ਾਹੀ ਕੈਲੰਡਰ ਤਿਆਰ ਕੀਤਾ ਸੀ ਤਾਂ ਇਨ੍ਹਾਂ ਰੁੱਤਾਂ ਦੇ ਜ਼ਿਕਰ ਨੂੰ ਖਾਸ ਧਿਆਨ ਵਿਚ ਰੱਖਿਆ ਸੀ ਅਤੇ ਉਸ ਨੂੰ ਸੂਰਜੀ ਕੈਲੰਡਰ ਦਾ ਰੂਪ ਦਿੱਤਾ ਸੀ ਤਾਂ ਕਿ ਸਮੇਂ ਦੇ ਬੀਤਣ ਨਾਲ ਸਿੱਖ ਧਰਮ ਵਿਚ ਮਨਾਏ ਜਾਂਦੇ ਦਿਹਾੜੇ ਠੀਕ ਆਪਣੀ ਉਸੇ ਰੁੱਤ ਵਿਚ ਆਉਣ ਜਿਸ ਵਿਚ ਉਹ ਸ਼ੁਰੂ ਹੋਏ ਸੀ।

ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਨਾਨਕਸ਼ਾਹੀ ਕੈਲੰਡਰ ਅਨੁਸਾਰ 5 ਜਨਵਰੀ ਦਾ ਮਿੱਥ ਦਿੱਤਾ ਗਿਆ ਸੀ ਕਿਉਂਕਿ ਕਈ ਵਾਰ ਪੋਹ ਸੁਦੀ ਸੱਤਵੀਂ ਚੰਦਰਮਾ ਦੀਆਂ ਤਿੱਥਾਂ ਅਨੁਸਾਰ ਜਨਵਰੀ ਅਤੇ ਦਸੰਬਰ ਵਿਚ ਦੋ ਵਾਰ ਆ ਜਾਂਦੀ ਹੈ। ਕੋਈ ਵੀ ਖਾਸ ਦਿਨ ਸਾਲ ਬਾਅਦ, ਸਾਲ ਵਿਚ ਇੱਕੋ ਵਾਰ ਆਉਣਾ ਚਾਹੀਦਾ ਹੈ, ਇਹੀ ਕੁਦਰਤੀ ਹੈ। ਡੇਰੇਦਾਰਾਂ ਦੇ ਰਾਜਨੀਤਕ ਦਬਾਅ ਹੇਠ ਨਾਨਕਸ਼ਾਹੀ ਕੈਲੰਡਰ ਦੇ ਵਿਗੜੇ ਹੋਏ ਰੂਪ ਅਨੁਸਾਰ ਇਹ ਸ਼ੁਭ ਦਿਹਾੜਾ ਇਸ ਵਾਰ 17 ਜਨਵਰੀ ਨੂੰ ਆਇਆ ਹੈ, ਮਤਲਬ ਪੋਹ ਦੇ ਮਹੀਨੇ ਵਿਚ ਨਾ ਹੋ ਕੇ ਮਾਘ ਮਹੀਨੇ ਵਿਚ। ਇਹ ਵਰਤਾਰਾ ਸਾਰੇ ਦਿਹਾੜਿਆਂ ਨਾਲ ਵਾਪਰਨਾ ਹੈ ਅਤੇ ਇਸ ਹਿਸਾਬ ਚੰਦਰਮਾ ਦੀਆਂ ਤਰੀਕਾਂ ਅਨੁਸਾਰ ਸੂਰਜੀ ਮਹੀਨੇ ਅਤੇ ਮੌਸਮ ਦੋਵੇਂ ਬਦਲ ਜਾਣਗੇ। ਰੁੱਤਾਂ ਸੂਰਜ ਅਨੁਸਾਰ ਬਦਲਦੀਆਂ ਹਨ, ਚੰਦਰਮਾ ਅਨੁਸਾਰ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਨ੍ਹਾਂ ਦੋਹਾਂ ਬਾਣੀਆਂ ਵਿਚ ਗੁਰੂ ਸਾਹਿਬਾਨ ਨੇ ਮਹੀਨਿਆਂ ਅਤੇ ਸਬੰਧਤ ਰੁੱਤਾਂ ਨੂੰ ਅਧਿਆਤਮਕਤਾ ਅਤੇ ਸੰਸਾਰਕਤਾ-ਦੋਹਾਂ ਨਾਲ ਜੋੜ ਕੇ ਜਿਵੇਂ ਵਰਣਨ ਕੀਤਾ ਹੈ, ਉਸੇ ਦਾ ਸੰਖੇਪ ਵਿਸ਼ਲੇਸ਼ਣ ਕਰਨਾ ਇਸ ਲੇਖ ਦਾ ਮਕਸਦ ਹੈ।

ਗੁਰੂ ਨਾਨਕ ਦੇਵ ਰਾਗ ਤੁਖਾਰੀ ਵਿਚ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਮਨੁੱਖ ਦੇ ਆਪਣੇ ਪਹਿਲੇ ਕੀਤੇ ਕਰਮਾਂ ਅਨੁਸਾਰ ਅਕਾਲ ਪੁਰਖ ਜੀਵਨ ਦੇ ਜੋ ਸੁੱਖ ਅਤੇ ਦੁੱਖ ਉਸ ਨੂੰ ਸਹਿਣ ਕਰਨ ਲਈ ਦਿੰਦਾ ਹੈ ਉਹੀ ਠੀਕ ਹੈ। ਆਪਣੇ ਆਪ ਨੂੰ ਸੰਬੋਧਨ ਕਰਕੇ ਕਹਿੰਦੇ ਹਨ ਕਿ ਮੈਂ ਅਕਾਲ ਪੁਰਖ ਦੀ ਰਚੀ ਮਾਇਆ ਵਿਚ ਮਸਰੂਫ਼ ਹਾਂ ਅਰਥਾਤ ਜੀਵ ਜਿਹੜਾ ਪਰਮਾਤਮਾ ਦੇ ਰਚੇ ਸੰਸਾਰ ਦੀ ਲੁਭਾਇਮਾਨਤਾ ਵਿਚ ਵਿਅਸਤ ਹੈ, ਉਸ ਦਾ ਕੀ ਹਾਲ ਹੋਵੇਗਾ? ਉਸ ਪਰਮਾਤਮਾ ਦੀ ਯਾਦ ਨੂੰ ਭੁਲਾ ਕੇ, ਉਸ ਦੇ ਸਿਮਰਨ ਤੋਂ ਬਿਨਾ ਇੱਕ ਘੜੀ ਵੀ ਜਿਉਣਾ ਕਿਸ ਤਰ੍ਹਾਂ ਦਾ ਜੀਵਨ ਹੈ? ਉਸ ਅਕਾਲ ਪੁਰਖ ਨੂੰ ਪ੍ਰੀਤਮ ਪਿਆਰੇ ਦੇ ਰੂਪ ਵਿਚ ਤਸੱਵਰ ਕਰਦੇ ਹੋਏ ਗੁਰੂ ਸਾਹਿਬ ਅੱਗੇ ਫਰਮਾਉਂਦੇ ਹਨ ਕਿ ਮੈਂ ਉਸ ਤੋਂ ਵਿਛੜ ਕੇ ਦੁਖੀ ਹਾਂ ਅਤੇ ਇਸ ਦੁੱਖ ਵਿਚੋਂ ਕੱਢਣ ਵਾਲਾ ਕੋਈ ਮਦਦਗਾਰ ਨਹੀਂ ਹੈ। ਉਸ ਅਕਾਲ ਪੁਰਖ ਦੀ ਮਿਹਰ ਲਈ ਅਰਦਾਸ ਕੀਤੀ ਹੈ ਕਿ ਗੁਰੂ ਦੇ ਆਸਰੇ, ਗੁਰੂ ਦੀ ਸ਼ਰਨ ਪੈ ਕੇ ਜੀਵ ਉਸ ਪਰਮਾਤਮਾ ਦਾ ਨਾਮ-ਜਲ ਪੀਂਦਾ ਰਹੇ ਜੋ ਕਿ ਆਤਮਕ ਜੀਵਨ ਦੇਣ ਵਾਲਾ ਹੈ। ਜੀਵ ਉਸ ਅਕਾਲ ਪੁਰਖ ਦੀ ਰਚੀ ਸੰਸਾਰ ਰੂਪੀ ਮਾਇਆ 'ਚ ਫਸੇ ਰਹਿੰਦੇ ਹਨ ਪਰ ਮਨੁੱਖ ਵਾਸਤੇ ਸਾਰੇ ਕੰਮਾਂ 'ਚੋਂ ਉਤਮ ਕਾਰਜ ਉਸ ਅਕਾਲ ਪੁਰਖ ਨੂੰ ਹਮੇਸ਼ਾ ਆਪਣੇ ਮਨ 'ਚ ਵਸਾਉਣਾ ਹੈ, ਇਹੀ ਉਸ ਦਾ ਅਸਲੀ ਜੀਵਨ ਮਨੋਰਥ ਹੈ,

ਤੂ ਸੁਣਿ ਕਿਰਤ ਕਰੰਮਾ<br>
ਪੁਰਬਿ ਕਮਾਇਆ॥<br>
ਸਿਰਿ ਸਿਰਿ ਸੁਖ ਸਹੰਮਾ<br>
ਦੇਹਿ ਸੁ ਤੂ ਭਲਾ॥ (ਪੰਨਾ 1107)

ਗੁਰੂ ਨਾਨਕ ਪ੍ਰਭੂ-ਪ੍ਰੀਤਮ ਨਾਲ ਮਿਲਾਪ ਲਈ ਜੀਵ-ਇਸਤਰੀ ਦੀ ਸਿੱਕ ਅਤੇ ਮਿਲਾਪ ਦਾ ਜ਼ਿਕਰ ਕਰਦੇ ਹੋਏ ਦੱਸਦੇ ਹਨ ਕਿ ਜਿਸ ਤਰ੍ਹਾਂ ਪਪੀਹਾ 'ਪ੍ਰਿਉ ਪ੍ਰਿਉ' ਬੋਲਦਾ ਹੈ ਅਤੇ ਕੋਇਲ 'ਕੂ ਕੂ' ਦੀ ਮਿੱਠੀ ਬੋਲੀ ਬੋਲਦੀ ਹੈ, ਉਸੇ ਤਰ੍ਹਾਂ ਜਿਹੜੀ ਜੀਵ-ਇਸਤਰੀ ਵੈਰਾਗ ਵਿਚ ਆ ਕੇ ਪ੍ਰਭੂ-ਪ੍ਰੀਤਮ ਨੂੰ ਮਿੱਠੀ ਸੁਰ ਵਿਚ ਯਾਦ ਕਰਦੀ ਹੈ, ਉਹ ਇਸਤਰੀ ਹੀ ਪ੍ਰਭੂ-ਮਿਲਾਪ ਦੇ ਅਨੰਦ ਨੂੰ ਮਾਣਦੀ ਹੈ ਅਤੇ ਉਸ ਦੀ ਸੁਰਤਿ ਪ੍ਰਭੂ ਚਰਨਾਂ ਵਿਚ ਟਿਕੀ ਰਹਿੰਦੀ ਹੈ। ਇਹ ਮੇਲ ਅਤੇ ਸੁਰਤਿ ਦਾ ਟਿਕੇ ਰਹਿਣਾ ਅਕਾਲ ਪੁਰਖ ਦੀ ਮਿਹਰ ਸਦਕਾ ਹੁੰਦਾ ਹੈ। ਉਸ ਦੀ ਮਿਹਰ ਨਾਲ ਹੀ ਜੀਵ ਸੰਸਾਰਕ ਮੋਹ-ਮਾਇਆ ਤੋਂ ਉਤੇ ਉਠ ਕੇ ਉਸ ਪਰਮਾਤਮਾ ਦੇ ਮਿਲਾਪ ਦੇ ਉਚ-ਸਥਾਨ ਵਿਚ ਆਪਣੀ ਸੁਰਤਿ ਟਿਕਾਉਂਦਾ ਹੈ। ਪਰਮਾਤਮਾ ਜਿਸ ਜੀਵ ਦੇ ਮਨ-ਤਨ ਵਿਚ ਵੱਸ ਜਾਂਦਾ ਹੈ, ਉਹ ਉਸ ਪਰਮਾਤਮਾ ਨੂੰ ਹਮੇਸ਼ਾ ਯਾਦ ਰੱਖਦਾ ਹੈ, ਕਦੀ ਵੀ ਨਹੀਂ ਭੁਲਾਉਂਦਾ ਅਤੇ ਹਰ ਸਮੇਂ ਉਸ ਦੇ ਗੁਣ ਗਾਉਂਦਾ ਹੈ। ਉਸ ਦੀ ਸਿਫ਼ਤਿ-ਸਾਲਾਹ ਕਰਨ ਨਾਲ ਹੀ ਆਤਮਕ ਜੀਵਨ ਪਾਉਂਦਾ ਹੈ, ਆਤਮਕ-ਅਨੁਭਵ ਹੁੰਦਾ ਹੈ। ਫਿਰ ਹਰ ਤਰ੍ਹਾਂ ਦੀ ਸੰਸਾਰਕ ਮੇਰ-ਤੇਰ ਮੁੱਕ ਜਾਂਦੀ ਹੈ। ਪਰਮਾਤਮਾ ਦੀ ਯਾਦ ਹੀ ਮਨ ਦਾ ਧੀਰਜ ਬਣ ਜਾਂਦੀ ਹੈ। ਪਰਮਾਤਮਾ ਦਾ ਆਸਰਾ ਲੈਣ ਵਾਲੇ ਮਨੁੱਖ ਦਾ ਸਰੀਰ ਪਵਿੱਤਰ ਹੋ ਜਾਂਦਾ ਹੈ (ਕਿਉਂਕਿ ਉਸ ਅੰਦਰ ਸ਼ੁਭ ਗੁਣ ਵੱਸ ਜਾਂਦੇ ਹਨ)। ਉਸ ਦਾ ਹਿਰਦਾ ਵੀ ਵਿਸ਼ਾਲ ਹੋ ਜਾਂਦਾ ਹੈ ਅਤੇ ਉਹ ਆਤਮਕ ਅਨੰਦ ਮਾਣਦਾ ਹੈ। ਮਨੁੱਖ ਦੇ ਅੰਦਰ ਇਹ ਧੀਰਜ, ਇਹ ਸਹਿਜ ਗੁਰੂ ਦੇ ਸ਼ਬਦ ਰਾਹੀਂ ਆਉਂਦਾ ਹੈ, ਗੁਰੂ ਦੇ ਸ਼ਬਦ ਤੋਂ ਹੀ ਆਤਮਕ ਸੋਝੀ ਮਿਲਦੀ ਹੈ। ਜਦੋਂ ਪਰਮਾਤਮਾ ਦੀ ਸਿਫ਼ਤਿ-ਸਾਲਾਹ ਰਾਹੀਂ ਸੁਰਤਿ ਅਡੋਲ ਅਵਸਥਾ ਵਿਚ ਟਿਕਦੀ ਹੈ ਤਾਂ ਹੀ ਜੀਵ ਦਾ ਪਰਮਾਤਮਾ ਨਾਲ ਮੇਲ ਹੁੰਦਾ ਹੈ ਅਤੇ ਪਰਮਾਤਮਾ ਨਾਲ ਪ੍ਰੇਮ ਪੈਦਾ ਹੋ ਜਾਂਦਾ ਹੈ। ਅਜਿਹੇ ਜੀਵ ਭਾਗਾਂ ਵਾਲੇ ਹੁੰਦੇ ਹਨ ਜਿਨ੍ਹਾਂ ਦਾ ਮਨ ਪਰਮਾਤਮਾ ਦੇ ਪ੍ਰੇਮ ਵਿਚ ਜੁੜਿਆ ਰਹਿੰਦਾ ਹੈ। ਗੁਰੂ ਨਾਨਕ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਪਰਮਾਤਮਾ ਦੇ ਪ੍ਰੇਮ ਦੀ ਵਰਖਾ ਹੁੰਦੀ ਰਹੇ। ਜਿਥੇ ਪਰਮਾਤਮਾ ਦਾ ਗੁਣ ਗਾਇਨ ਹੁੰਦਾ ਹੈ, ਪਰਮਾਤਮਾ ਦੀ ਸਿਫ਼ਤਿ-ਸਾਲਾਹ ਹੁੰਦੀ ਹੈ, ਉਥੇ ਪਰਮਾਤਮਾ ਆਪ ਆ ਕੇ ਵੱਸਦਾ ਹੈ (ਇਹ ਕੁਦਰਤੀ ਹੈ ਕਿਉਂਕਿ ਪਰਮਾਤਮਾ ਦੇ ਗੁਣ ਗਾਇਨ ਕਰਨ ਨਾਲ ਮਨ ਵਿਕਾਰਾਂ ਵੱਲੋਂ ਹਟਦਾ ਹੈ ਅਤੇ ਆਪਣੇ ਅੰਦਰ ਗੁਣ ਪੈਦਾ ਕਰਦਾ ਹੈ),

ਉਨਵਿ ਘਨ ਛਾਏ ਬਰਸੁ ਸੁਭਾਇ<br>
ਮਨਿ ਤਨਿ ਪ੍ਰੇਮੁ ਸੁਖਾਏ॥<br>
ਨਾਨਕ ਵਰਸੈ ਅੰਮ੍ਰਿਤ ਬਾਣੀ<br>
ਕਰਿ ਕਿਰਪਾ ਘਰਿ ਆਵੈ॥ (ਪੰਨਾ 1107)

ਗੁਰੂ ਅਰਜਨ ਦੇਵ ਵੀ ਰਾਗ ਮਾਝ ਵਿਚ ਮਹੀਨੇ ਅਤੇ ਰੁੱਤਾਂ ਦਾ ਜ਼ਿਕਰ ਕਰਨ ਤੋਂ ਪਹਿਲਾਂ ਇਸੇ ਖਿਆਲ ਦੀ ਤਰਜ਼ਮਾਨੀ ਕਰਦੇ ਹੋਏ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਅਸੀਂ ਜੀਵ ਆਪਣੇ ਕੀਤੇ ਕਰਮਾਂ ਦੀ ਕਮਾਈ ਅਨੁਸਾਰ (ਭਾਵ ਪਿਛਲੇ ਕੀਤੇ ਕਰਮਾਂ ਅਨੁਸਾਰ) ਉਸ ਅਕਾਲ ਪੁਰਖ ਕੋਲੋਂ ਵਿਛੜੇ ਹੋਏ ਹਾਂ ਭਾਵ ਉਸ ਨੂੰ ਮਨ ਵਿਚੋਂ ਵਿਸਾਰ ਦਿੱਤਾ ਹੋਇਆ ਹੈ, ਉਸ ਨੂੰ ਯਾਦ ਨਹੀਂ ਕਰਦੇ। ਉਸ ਦੀ ਮਿਹਰ ਲਈ ਅਰਦਾਸ ਕੀਤੀ ਹੈ ਕਿ ਅਕਾਲ ਪੁਰਖ ਮਿਹਰ ਕਰੇ ਤਾਂ ਕਿ ਅਸੀਂ ਜੀਵ ਉਸ ਦਾ ਸਿਮਰਨ ਕਰੀਏ, ਉਸ ਦੀ ਯਾਦ ਵਿਚ ਜੁੜੀਏ, ਉਸ ਨਾਲ ਜੀਵ ਦਾ ਮਿਲਾਪ ਹੋਵੇ। ਮਾਇਆ ਕਾਰਨ ਮਨੁੱਖ ਆਪਣੇ ਸੁੱਖਾਂ ਦੀ ਖ਼ਾਤਰ ਆਸ-ਪਾਸ ਭਟਕਦਾ ਫਿਰਦਾ ਹੈ। ਜਦੋਂ ਇਸ ਭਟਕਣ ਤੋਂ ਥੱਕ ਜਾਂਦਾ ਹੈ, ਫਿਰ ਅਕਾਲ ਪੁਰਖ ਦਾ ਓਟ-ਆਸਰਾ ਤੱਕਦਾ ਹੈ, ਉਸ ਦੀ ਸ਼ਰਨ ਵਿਚ ਆਉਂਦਾ ਹੈ। ਗੁਰੂ ਸਾਹਿਬ ਉਦਾਹਰਣ ਰਾਹੀਂ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਦੁੱਧ ਤੋਂ ਸੱਖਣੀ ਗਾਂ ਕਿਸੇ ਕੰਮ ਨਹੀਂ ਆਉਂਦੀ ਅਤੇ ਪਾਣੀ ਬਿਨਾ ਖੇਤੀ ਸੁੱਕ ਜਾਂਦੀ ਹੈ ਅਰਥਾਤ ਪਾਣੀ ਤੋਂ ਬਗੈਰ ਫਸਲ ਨਹੀਂ ਹੁੰਦੀ ਅਤੇ ਫ਼ਸਲ ਦੇ ਨਾ ਹੋਣ ਕਰਕੇ ਉਸ ਤੋਂ ਧਨ ਨਹੀਂ ਕਮਾਇਆ ਜਾ ਸਕਦਾ, ਇਸੇ ਤਰ੍ਹਾਂ ਆਪਣੇ ਮਾਲਕ ਪਰਮਾਤਮਾ ਨਾਲ ਮੇਲ ਤੋਂ ਬਿਨਾ ਹੋਰ ਕਿਸੇ ਥਾਂ ਸੁਖ ਪ੍ਰਾਪਤ ਨਹੀਂ ਹੁੰਦਾ।

ਗੁਰਬਾਣੀ ਵਿਚ ਪਰਮਾਤਮਾ ਨੂੰ ਪਤੀ ਅਤੇ ਜੀਵ ਨੂੰ ਇਸਤਰੀ ਦੇ ਰੂਪ ਵਿਚ ਬਿਆਨਦੇ ਹੋਏ ਦੱਸਿਆ ਗਿਆ ਹੈ ਕਿ ਜਿਸ ਹਿਰਦੇ-ਘਰ ਵਿਚ ਪਤੀ-ਪਰਮਾਤਮਾ ਆ ਕੇ ਨਾ ਵੱਸੇ, ਉਸ ਲਈ ਤਾਂ ਪਿੰਡ ਅਤੇ ਸ਼ਹਿਰ ਤਪਦੀ ਭੱਠੀ ਦੇ ਸਮਾਨ ਹੁੰਦੇ ਹਨ। ਜਿਸ ਤਰ੍ਹਾਂ ਇੱਕ ਇਸਤਰੀ ਲਈ ਉਸ ਦੇ ਪਤੀ ਤੋਂ ਬਗੈਰ ਹਰ ਤਰ੍ਹਾਂ ਦੇ ਹਾਰ-ਸ਼ਿੰਗਾਰ ਅਤੇ ਆਪਣਾ-ਆਪ ਵਿਅਰਥ ਲਗਦਾ ਹੈ, ਉਸੇ ਤਰ੍ਹਾਂ ਉਸ ਪਰਵਰਦਗਾਰ, ਮਾਲਕ-ਪਰਮਾਤਮਾ ਦੀ ਯਾਦ ਤੋਂ ਬਿਨਾ ਜੀਵ-ਇਸਤਰੀ ਨੂੰ ਸੱਜਣ-ਮਿੱਤਰ ਆਪਣੀ ਜਿੰਦ ਦੇ ਵੈਰੀ ਲੱਗਦੇ ਹਨ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਹੇ ਅਕਾਲ ਪੁਰਖ ਮਿਹਰ ਕਰ ਤੇ ਆਪਣੇ ਨਾਮ ਦੀ ਦਾਤ ਦੀ ਬਖ਼ਸ਼ਿਸ਼ ਕਰ, ਆਪਣੇ ਚਰਨਾਂ ਨਾਲ ਜੋੜੀ ਰੱਖ। ਉਹ ਅਕਾਲ ਪੁਰਖ ਹੀ ਸਦੀਵੀ ਹੈ, ਉਸ ਦਾ ਥਾਂ ਸਦਾ ਕਾਇਮ ਰਹਿਣ ਵਾਲਾ ਹੈ,

ਕਿਰਤਿ ਕਰਮ ਕੇ ਵੀਛੁੜੇ<br>
ਕਰਿ ਕਿਰਪਾ ਮੇਲਹੁ ਰਾਮ॥<br>
ਚਾਰਿ ਕੁੰਟ ਦਹਦਿਸ ਭ੍ਰਮੇ<br>
ਥਕਿ ਆਏ ਪ੍ਰਭ ਕੀ ਸਾਮ॥ (ਪੰਨਾ 133)

ਦੇਸੀ ਸਾਲ ਚੇਤ੍ਰ ਮਹੀਨੇ ਤੋਂ ਸ਼ੁਰੂ ਹੁੰਦਾ ਹੈ। ਸਾਲ ਦੇ ਇਸ ਪਹਿਲੇ ਮਹੀਨੇ ਦਾ ਜ਼ਿਕਰ ਕਰਦੇ ਹੋਏ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਚੇਤ ਦਾ ਮਹੀਨਾ ਚੰਗਾ ਲਗਦਾ ਹੈ, ਮਨ ਨੂੰ ਸੁਹਣਾ ਲਗਦਾ ਹੈ ਕਿਉਂਕਿ ਇਸ ਮਹੀਨੇ ਜੰਗਲ, ਫੁੱਲ, ਬੂਟੇ ਮੌਲਦੇ ਹਨ, ਖਿੜਦੇ ਹਨ, ਇਹ ਬਸੰਤ ਰੁੱਤ ਹੈ, ਬਹਾਰ ਦਾ ਮੌਸਮ ਹੈ, ਫੁੱਲਾਂ ਉਤੇ ਭੌਰੇ ਸੁਹਣੇ ਲਗਦੇ ਹਨ। ਇਨ੍ਹਾਂ ਖਿੜੇ ਹੋਏ ਫੁੱਲਾਂ ਦੀ ਤਰ੍ਹਾਂ ਹੀ ਜੀਵ-ਆਤਮਾ ਦਾ ਹਿਰਦੇ-ਰੂਪ ਫੁੱਲ ਵੀ ਖਿੜ ਪਵੇ ਜੇ ਅਕਾਲ ਪੁਰਖ ਉਸ ਵਿਚ ਆ ਕੇ ਨਿਵਾਸ ਕਰ ਲਵੇ। ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ-ਪ੍ਰੀਤਮ ਆ ਕੇ ਨਹੀਂ ਵੱਸਦਾ ਉਹ ਮਨੁੱਖ ਸੁਖ-ਅਨੰਦ ਪ੍ਰਾਪਤ ਨਹੀਂ ਕਰਦਾ ਕਿਉਂਕਿ ਉਸ ਦਾ ਤਨ ਅਤੇ ਮਨ ਦੋਵੇਂ ਹੀ ਵਿਛੋੜੇ ਦੇ ਕਾਰਨ ਤੇ ਵਿਕਾਰਾਂ ਦੇ ਕਾਰਨ ਕਮਜ਼ੋਰ ਹੋ ਜਾਂਦੇ ਹਨ।

ਚੇਤ ਦੇ ਮਹੀਨੇ ਕੋਇਲ ਵੀ ਅੰਬ ਦੇ ਬੂਟੇ 'ਤੇ ਬੋਲਣਾ ਸ਼ੁਰੂ ਕਰ ਦਿੰਦੀ ਹੈ ਜਿਸ ਦੀ ਆਵਾਜ਼ ਆਮ ਕੰਨਾਂ ਨੂੰ ਮਿੱਠੀ ਲਗਦੀ ਹੈ ਪਰ ਜਿਹੜੀ ਇਸਤਰੀ ਆਪਣੇ ਪ੍ਰੀਤਮ ਤੋਂ ਵਿਛੜੀ ਹੁੰਦੀ ਹੈ, ਉਸ ਦੇ ਕੰਨਾਂ ਨੂੰ ਇਹ ਆਵਾਜ਼ ਚੰਗੀ ਨਹੀਂ ਲਗਦੀ, ਸਗੋਂ ਚੁਭਦੀ ਹੈ, ਦੁਖਦਾਈ ਲਗਦੀ ਹੈ। ਵਿਛੋੜੇ ਦਾ ਦੁੱਖ ਉਸ ਦੇ ਮਨ ਲਈ ਸਹਿਣਾ ਔਖਾ ਹੋ ਜਾਂਦਾ ਹੈ। ਸਾਡੇ ਸਭਿਆਚਾਰ ਵਿਚ ਆਮ ਤੌਰ 'ਤੇ ਕਿਸੇ ਦੁਖੀ ਇਸਤਰੀ ਨੇ ਜਦੋਂ ਆਪਣੇ ਮਨ ਦੀ ਵੇਦਨਾ ਕਹਿਣੀ ਹੁੰਦੀ ਹੈ ਤਾਂ ਉਹ ਸਦਾ ਹੀ ਆਪਣੀ ਮਾਂ ਨੂੰ ਸੰਬੋਧਿਤ ਹੁੰਦੀ ਹੈ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਜਿਥੇ ਵੀ ਪ੍ਰਭੂ-ਪ੍ਰੀਤਮ ਤੋਂ ਵਿਛੋੜੇ ਦੀ ਗੱਲ ਕਰਦਿਆਂ ਮਨੁੱਖੀ-ਮਨ ਦੀ ਵੇਦਨਾ ਦੀ ਗੱਲ ਕੀਤੀ ਹੈ, ਉਥੇ ਮਾਏ! ਸ਼ਬਦ ਨਾਲ ਹੀ ਸੰਬੋਧਨ ਕੀਤਾ ਹੈ। ਇਥੇ ਵੀ ਉਹ ਪ੍ਰਭੂ-ਪ੍ਰੀਤਮ ਤੋਂ ਵਿਛੜੇ ਮਨ ਦੀ ਵੇਦਨਾ ਦੀ ਗੱਲ ਕਰਦੇ ਕਹਿੰਦੇ ਹਨ ਕਿ ਜਦੋਂ ਮਨ ਅੰਦਰਲੇ ਹਿਰਦੇ-ਕਮਲ ਨੂੰ ਛੱਡ ਕੇ ਬਾਹਰਲੀ ਦੁਨੀਆਂ ਦੇ ਰੰਗ ਤਮਾਸ਼ਿਆਂ ਰੂਪੀ ਫੁੱਲਾਂ ਤੇ ਡਾਲੀਆਂ 'ਤੇ ਭਟਕਦਾ ਫਿਰਦਾ ਹੈ, ਉਦੋਂ ਇਹ ਆਤਮਕ-ਜੀਵਨ ਨਹੀਂ ਹੁੰਦਾ ਸਗੋਂ ਆਤਮਕ ਮੌਤ ਹੁੰਦੀ ਹੈ। ਚੇਤ ਮਹੀਨੇ ਵਿਚ ਅਰਥਾਤ ਬਹਾਰ ਦੇ, ਬਸੰਤ ਦੇ ਮੌਸਮ ਵਿਚ ਜੇ ਜੀਵ ਇਸਤਰੀ ਆਪਣੇ ਹਿਰਦੇ ਵਿਚ ਪ੍ਰਭੂ-ਪ੍ਰੀਤਮ ਨੂੰ ਲੱਭ ਲਵੇ ਫਿਰ ਉਹ ਮਨ ਦੀ ਸਹਿਜ ਅਵਸਥਾ ਵਿਚ ਆਤਮਕ ਅਨੰਦ ਦਾ ਅਨੁਭਵ ਕਰਦੀ ਹੈ, ਆਤਮਕ ਅਨੰਦ ਮਾਣਦੀ ਹੈ,

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥<br>
ਬਨ ਫੂਲੇ ਮੰਝ ਬਾਰਿ ਮੈ<br>
ਪਿਰੁ ਘਰਿ ਬਾਹੁੜੈ॥<br>
ਪਿਰੁ ਘਰਿ ਨਹੀ ਆਵੈ<br>
ਧਨ ਕਿਉ ਸੁਖੁ ਪਾਵੈ<br>
ਬਿਰਹਿ ਬਿਰੋਧ ਤਨੁ ਛੀਜੈ॥<br>
ਕੋਕਿਲ ਅੰਬਿ ਸੁਹਾਵੀ ਬੋਲੈ<br>
ਕਿਉ ਦੁਖੁ ਅੰਕਿ ਸਹੀਜੈ॥<br>
ਭਵਰੁ ਭਵੰਤਾ ਫੂਲੀ ਡਾਲੀ<br>
ਕਿਉ ਜੀਵਾ ਮਰੁ ਮਾਏ॥<br>
ਨਾਨਕ ਚੇਤਿ ਸਹਜਿ ਸੁਖੁ ਪਾਵੈ<br>
ਜੇ ਹਰਿ ਵਰੁ ਘਰਿ ਧਨ ਪਾਏ॥<br>
(ਪੰਨਾ 1108)

ਪੰਜਵੀਂ ਨਾਨਕ ਜੋਤਿ ਰਾਗੁ ਮਾਝ ਵਿਚ ਇਸੇ ਖਿਆਲ ਨੂੰ ਪ੍ਰਗਟ ਕਰਦੇ ਹੋਏ ਫਰਮਾਉਂਦੇ ਹਨ ਕਿ ਚੇਤ ਦੇ ਮਹੀਨੇ ਜੇ ਉਸ ਅਕਾਲ ਪੁਰਖ ਦਾ ਸਿਮਰਨ ਕਰੀਏ ਤਾਂ ਮਨ ਖਿੜਾਉ ਵਿਚ ਆਉਂਦਾ ਹੈ, ਅਨੰਦਿਤ ਹੁੰਦਾ ਹੈ (ਚੇਤ ਦਾ ਮਹੀਨਾ ਬਹਾਰ ਦਾ ਮਹੀਨਾ ਹੈ, ਬਸੰਤ ਰੁੱਤ ਹੈ, ਹਰ ਪਾਸੇ ਬਨਸਪਤੀ ਖਿੜੀ ਹੈ, ਕੁਦਰਤਿ ਆਪਣੇ ਪੂਰੇ ਜੋਬਨ 'ਤੇ ਹੁੰਦੀ ਹੈ ਅਤੇ ਮਨ ਦਾ ਖੇੜੇ ਵਿਚ ਆਉਣਾ ਕੁਦਰਤੀ ਹੈ)। ਪਰ ਰਸਨਾ ਭਾਵ ਜੀਭ ਨੂੰ ਨਾਮ ਜਪਣ ਦੀ ਦਾਤ ਸੰਤ ਜਨਾਂ ਦੀ ਸੰਗਤਿ ਵਿਚ ਮਿਲਦੀ ਹੈ। ਉਸ ਮਨੁੱਖ ਦਾ ਇਸ ਸੰਸਾਰ 'ਤੇ ਆਉਣਾ ਸਫਲ ਹੁੰਦਾ ਹੈ ਜਿਸ ਨੇ ਉਸ ਅਕਾਲ ਪੁਰਖ ਨਾਲ ਮੇਲ ਪ੍ਰਾਪਤ ਕਰ ਲਿਆ ਹੈ। ਪਰਮਾਤਮਾ ਦੇ ਸਿਮਰਨ ਤੋਂ ਵਿਹੂਣਾ ਇੱਕ ਇੱਕ ਪਲ ਗੁਜ਼ਾਰਨਾ ਭੀ ਜੀਵਨ ਨੂੰ ਵਿਅਰਥ ਗੁਆਉਣਾ ਹੈ। ਉਹ ਅਕਾਲ ਪੁਰਖ ਜਿਹੜਾ ਹਰ ਥਾਂ ਜਲ, ਧਰਤੀ, ਆਕਾਸ਼, ਜੰਗਲਾਂ ਵਿਚ ਵਸ ਰਿਹਾ ਹੈ, ਵਿਆਪਕ ਹੈ, ਸਮਾਇਆ ਹੋਇਆ ਹੈ ਜੇ ਕਿਸੇ ਮਨੁੱਖ ਦੇ ਮਨ ਵਿਚ ਨਾ ਵੱਸੇ ਤਾਂ ਉਸ ਮਨੁੱਖ ਦਾ ਮਾਨਸਿਕ ਦੁੱਖ ਬਿਆਨ ਨਹੀਂ ਹੋ ਸਕਦਾ, ਉਸ ਮਨ ਦੀ ਵੇਦਨਾ ਦੱਸੀ ਨਹੀਂ ਜਾ ਸਕਦੀ। ਜਿਨ੍ਹਾਂ ਨੇ ਉਸ ਨੂੰ ਆਪਣੇ ਅੰਦਰ ਵਸਾਇਆ ਹੈ, ਆਪਣੇ ਅੰਦਰ ਉਸ ਦੀ ਹੋਂਦ ਨੂੰ ਅਨੁਭਵ ਕਰ ਲਿਆ ਹੈ, ਉਨ੍ਹਾਂ ਦੀ ਕਿਸਮਤ ਜਾਗ ਪਈ ਹੈ, ਅਜਿਹੇ ਜੀਵ ਭਾਗਾਂ ਵਾਲੇ ਹਨ। ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਉਨ੍ਹਾਂ ਦਾ ਮਨ ਵੀ ਅਕਾਲ ਪੁਰਖ ਦੇ ਦਰਸ਼ਨ ਕਰਨ ਦੀ ਸਿੱਕ ਰੱਖਦਾ ਹੈ, ਉਨ੍ਹਾਂ ਦੇ ਮਨ ਵਿਚ ਦਰਸ਼ਨ ਕਰਨ ਦੀ, ਆਪਣੇ ਪ੍ਰੀਤਮ ਨੂੰ ਮਿਲਣ ਦੀ ਤਾਂਘ ਹੈ ਅਤੇ ਜਿਹੜਾ ਮਨੁੱਖ ਮੇਰਾ ਉਸ ਨਾਲ ਮਿਲਾਪ ਕਰਾ ਦੇਵੇ ਮੈਂ ਉਸ ਦੇ ਚਰਨੀਂ ਲੱਗ ਜਾਵਾਂਗਾ,

ਚੇਤਿ ਗੋਵਿੰਦੁ ਅਰਾਧੀਐ<br>
ਹੋਵੈ ਅਨੰਦੁ ਘਣਾ॥<br>
ਸੰਤ ਜਨਾ ਮਿਲਿ ਪਾਈਐ<br>
ਰਸਨਾ ਨਾਮੁ ਭਣਾ॥<br>
ਜਿਨਿ ਪਾਇਆ ਪ੍ਰਭੁ ਆਪਣਾ<br>
ਆਏ ਤਿਸਹਿ ਗਣਾ॥<br>
ਇਕੁ ਖਿਨੁ ਤਿਸੁ ਬਿਨੁ ਜੀਵਣਾ<br>
ਬਿਰਥਾ ਜਨਮੁ ਜਣਾ॥<br>
ਜਲਿ ਥਲਿ ਮਹੀਅਲਿ ਪੂਰਿਆ<br>
ਰਵਿਆ ਵਿਚਿ ਵਣਾ॥<br>
ਸੋ ਪ੍ਰਭੁ ਚਿਤਿ ਨ ਆਵਈ<br>
ਕਿਤੜਾ ਦੁਖੁ ਗਣਾ॥<br>
ਜਿਨੀ ਰਾਵਿਆ ਸੋ ਪ੍ਰਭੂ<br>
ਤਿੰਨਾ ਭਾਗੁ ਮਣਾ॥<br>
ਹਰਿ ਦਰਸਨ ਕਉ ਮਨੁ ਲੋਚਦਾ<br>
ਨਾਨਕ ਪਿਆਸ ਮਨਾ॥<br>
ਚੇਤਿ ਮਿਲਾਏ ਸੋ ਪ੍ਰਭੂ<br>
ਤਿਸ ਕੈ ਪਾਇ ਲਗਾ॥ (ਪੰਨਾ 133)

(ਚਲਦਾ)

## ਉਦਮੁ ਕਰਉ ਕਰਾਵਹੁ ਠਾਕੁਰ...

### ਗੁਰਬਾਣੀ ਗਿਆਨ

ਆਸਾ ਮਹਲਾ ੫<br>
ਉਦਮੁ ਕਰਉ ਕਰਾਵਹੁ ਠਾਕੁਰ<br>
ਪੇਖਤ ਸਾਧੂ ਸੰਗਿ॥<br>
ਹਰਿ ਹਰਿ ਨਾਮੁ ਚਰਾਵਹੁ<br>
ਰੰਗਨਿ ਆਪੇ ਹੀ ਪ੍ਰਭ ਰੰਗਿ॥<br>
ਮਨ ਮਹਿ ਰਾਮ ਨਾਮਾ ਜਾਪਿ॥<br>
ਕਰਿ ਕਿਰਪਾ ਵਸਹੁ ਮੇਰੈ ਹਿਰਦੈ<br>
ਹੋਇ ਸਹਾਈ ਆਪਿ॥ਰਹਾਉ॥<br>
ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ<br>
ਪ੍ਰਭ ਪੇਖਨ ਕਾ ਚਾਉ॥<br>
ਦਇਆ ਕਰਹੁ ਕਿਰਮ ਅਪੁਨੇ ਕਉ<br>
ਇਹੈ ਮਨੋਰਥ ਸੁਆਉ॥<br>
ਤਨੁ ਧਨੁ ਤੇਰਾ ਤੂੰ ਪ੍ਰਭ ਮੇਰਾ<br>
ਹਮਰੈ ਵਸਿ ਕਿਛੁ ਨਾਹਿ॥<br>
ਜਿਉ ਜਿਉ ਰਾਖਹਿ ਤਿਉ ਤਿਉ<br>
ਰਹਣਾ ਤੇਰਾ ਦੀਆ ਖਾਹਿ॥<br>
ਜਨਮ ਜਨਮ ਕੇ ਕਿਲਵਿਖ ਕਾਟੈ<br>
ਮਜਨੁ ਹਰਿ ਜਨ ਧੂਰਿ॥<br>
ਭਾਇ ਭਗਤਿ ਭਰਮ ਭਉ ਨਾਸੈ<br>
ਹਰਿ ਨਾਨਕ ਸਦਾ ਹਜੂਰਿ॥

ਗੁਰਦੇਵ ਪਿਤਾ ਜੀ ਬੇਨਤੀ ਕਰਦੇ ਹਨ ਕਿ ਹੇ ਮਿਹਰਬਾਨ ਪ੍ਰਭੂ ਜੀਉ! ਮੇਰੇ ਉਤੇ ਮਿਹਰ ਕਰੋ ਤੇ ਮੇਰੇ ਹਿਰਦੇ ਵਿਚ ਆਪਣਾ ਨਿਵਾਸ ਕਰੋ। ਪ੍ਰਭੂ ਜੀਉ! ਮੇਰੀ ਸਹਾਇਤਾ ਕਰੋ ਤਾਂ ਜੋ ਮੈਂ ਤੇਰੇ ਨਾਮ ਦਾ ਜਾਪ ਜਪ ਕੇ ਤੇਰੇ ਨਾਲ ਜੁੜਿਆ ਰਹਾਂ। ਮੇਰੇ ਪ੍ਰਭੂ ਜੀਉ, ਮੇਰੇ ਕੋਲੋਂ ਇਹ ਉਦਮ ਕਰਾਉਂਦੇ ਰਹੋ ਕਿ ਮੈਂ ਗੁਰੂ ਦੀ ਸੰਗਤ ਵਿਚ ਰਹਿ ਕੇ ਤੇਰੇ ਨਾਮ ਸਿਮਰਨ ਦੇ ਆਹਰ ਵਿਚ ਲੱਗਾ ਰਹਾਂ। ਹੇ ਪ੍ਰਭੂ! ਤੂੰ ਆਪ ਹੀ ਮੇਰੇ ਮਨ ਉਤੇ ਹਰੀ ਨਾਮ ਦੀ ਰੰਗਣ ਚਾੜ੍ਹ ਦੇਹ, ਤੇ ਮੇਰੇ ਮਨ ਨੂੰ ਆਪਣੇ ਰੰਗ ਵਿਚ ਰੰਗ ਕੇ ਆਪਣੇ ਨਾਲ ਜੋੜ ਲੈ।

ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ<br>
ਪ੍ਰਭ ਪੇਖਨ ਕਾ ਚਾਉ॥<br>
ਦਇਆ ਕਰਹੁ ਕਿਰਮ ਅਪੁਨੇ ਕਉ<br>
ਇਹੈ ਮਨੋਰਥ ਸੁਆਉ॥

ਹੇ ਮੇਰੇ ਮਿਹਰਬਾਨ ਪਿਤਾ! ਹੇ ਮੇਰੇ ਪ੍ਰੀਤਮ ਜੀਉ! ਤੂੰ ਹੀ ਮੇਰਾ ਮਾਲਕ ਹੈਂ, ਮੇਰਾ ਪ੍ਰਿਤਪਾਲਕ ਹੈਂ। ਹੇ ਪ੍ਰਭੂ ਜੀਉ! ਆਪ ਮੇਰੇ ਜਿਹੇ ਕਿਰਮ, ਅਤਿ ਛੋਟੇ ਤੇ ਨਿਮਾਣੇ ਜਿਹੇ ਜੀਵ ਉਤੇ ਕਿਰਪਾ ਕਰੋ ਕਿ ਤੇਰਾ ਅੰਮ੍ਰਿਤ ਰੂਪੀ ਨਾਮ ਸੁਣ ਸੁਣ ਕੇ ਮੇਰੇ ਅੰਦਰ ਤੇਰੇ ਸੋਹਣੇ ਦਰਸ਼ਨਾਂ ਲਈ ਚਾਉ ਉਮਡਦਾ ਰਹੇ ਤੇ ਮੈਂ ਤੇਰੇ ਦਰਸ਼ਨਾਂ ਲਈ ਹਰ ਵੇਲੇ ਹੀ ਤੜਫਦਾ ਤੇ ਤਾਂਘਦਾ ਰਹਾਂ। ਹੇ ਮੇਰੇ ਪ੍ਰਭੂ ਜੀਉ! ਮੇਰਾ ਇਹ ਮਨੋਰਥ ਅਤੇ ਸੁਆਉ, ਤੂੰ ਆਪ ਹੀ ਪੂਰੀ ਕਰ। ਹੇ ਪ੍ਰਭੂ! ਮੈਨੂੰ ਸਦਾ ਆਪਣਾ ਨਾਮ ਸਿਮਰਨ ਦੇਹ।

ਤਨੁ ਧਨੁ ਤੇਰਾ ਤੂੰ ਪ੍ਰਭ ਮੇਰਾ<br>
ਹਮਰੈ ਵਸਿ ਕਿਛੁ ਨਾਹਿ॥<br>
ਜਿਉ ਜਿਉ ਰਾਖਹਿ ਤਿਉ ਤਿਉ<br>
ਰਹਣਾ ਤੇਰਾ ਦੀਆ ਖਾਹਿ॥

ਹੇ ਮੇਰੇ ਪ੍ਰੀਤਮ ਜੀਉ! ਮੇਰਾ ਇਹ ਤਨ ਅਤੇ ਧਨ, ਭਾਵ ਸੰਸਾਰ ਦੀਆਂ ਦੌਲਤਾਂ ਇਹ ਸਭ ਜੋ ਵੀ ਮੇਰੇ ਕੋਲ ਹੈ, ਤੇਰਾ ਹੀ ਦਿੱਤਾ ਹੋਇਆ ਹੈ ਤੇ ਪ੍ਰਭੂ ਜੀਉ! ਤੂੰ ਹੀ ਸਾਡਾ ਮਾਲਕ ਹੈਂ। ਅਸੀਂ ਸੰਸਾਰੀ ਜੀਵ ਤਾਂ ਉਦਮ ਕਰ ਕੇ ਤੇਰਾ ਨਾਮ ਸਿਮਰਨ ਕਰਨ ਜੋਗੇ ਭੀ ਨਹੀਂ ਹਾਂ। ਹੇ ਪ੍ਰਭੂ, ਸਾਡੇ ਵੱਸ ਵਿਚ ਤਾਂ ਕੁਝ ਵੀ ਨਹੀਂ ਹੈ। ਹੇ ਮਿਹਰਬਾਨ ਪ੍ਰਭੂ ਜੀਉ! ਸਾਨੂੰ ਸੰਸਾਰ ਦੇ ਜੀਵਾਂ ਨੂੰ ਤਾਂ ਤੂੰ ਜਿਵੇਂ ਜਿਵੇਂ, ਭਾਵ ਜਿਸ ਹਾਲ ਵਿਚ ਰੱਖਦਾ ਹੈਂ, ਅਸੀਂ ਉਸੇ ਤਰ੍ਹਾਂ ਹੀ ਰਹਿੰਦੇ ਹਾਂ ਅਤੇ ਅਸੀਂ ਤੇਰਾ ਦਿੱਤਾ ਹੀ ਖਾਂਦੇ ਹਾਂ। ਪ੍ਰਭੂ, ਤੂੰ ਹੀ ਸਾਡਾ ਸਭ ਦਾ ਮਾਲਕ ਤੇ ਪ੍ਰਿਤਪਾਲਕ ਹੈਂ।

ਜਨਮ ਜਨਮ ਕੇ ਕਿਲਵਿਖ ਕਾਟੈ<br>
ਮਜਨੁ ਹਰਿ ਜਨ ਧੂਰਿ॥<br>
ਭਾਇ ਭਗਤਿ ਭਰਮ ਭਉ ਨਾਸੈ<br>
ਹਰਿ ਨਾਨਕ ਸਦਾ ਹਜੂਰਿ॥

ਸ਼ਬਦ ਦੇ ਅਖੀਰ ਵਿਚ ਪੰਚਮ ਪਾਤਸ਼ਾਹ ਕਿਰਪਾ ਕਰਦੇ ਹਨ ਕਿ ਹੇ ਪ੍ਰਭੂ! ਇਹ ਨਾਨਕ ਆਖਦਾ ਹੈ ਕਿ ਉਸ ਪਾਵਨ ਪ੍ਰਭੂ ਦੇ ਹਰਿ ਜਨ, ਭਾਵ ਸੇਵਕਾਂ ਦੀ ਚਰਨ ਧੂੜ ਵਿਚ ਕੀਤਾ ਗਿਆ ਮਜਨੁ, ਇਸ਼ਨਾਨ ਜੀਵ ਦੇ ਜਨਮ ਜਨਮ ਕੇ ਕਿਲਵਿਖ, ਭਾਵ ਕਈ ਜਨਮਾਂ ਦੇ ਕੀਤੇ ਪਾਪ ਦੂਰ ਕਰ ਦਿੰਦਾ ਹੈ ਤੇ ਪ੍ਰਭੂ ਦੀ ਪ੍ਰੇਮ ਭਗਤੀ ਦੀ ਬਖ਼ਸ਼ਿਸ਼ ਸਦਕਾ ਜੀਵ ਦਾ ਭਰਮ ਅਤੇ ਸਾਰੇ ਡਰ ਤੇ ਵਹਿਮ ਭੀ ਨਾਸ਼ ਹੋ ਜਾਂਦੇ ਹਨ। ਸਿਮਰਨ ਕਰਨ ਵਾਲੇ ਜੀਵ ਨੂੰ ਮਿਹਰਬਾਨ ਪ੍ਰਭੂ ਸਦਾ ਆਪਣੇ ਨਾਲ ਵਸਦਾ ਹੀ ਪ੍ਰਤੀਤ ਹੁੰਦਾ ਹੈ।

ਆਉ ਗੁਰੂ ਪਿਆਰਿਉ! ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*<br>
*ਫੋਨ: 916-687-3536*

# ਸਾਮਰਾਜੀ ਪੂੰਜੀਵਾਦੀ ਸਭਿਅਤਾ ਦਾ ਸਰਬਪੱਖੀ ਸੰਕਟ

ਗੁਰਬਚਨ ਸਿੰਘ

*ਮਨੁੱਖੀ ਮਨ ਦੀ ਤਾਂਘ ਸਦਾ ਹੀ ਨੀਲੇ ਆਕਾਸ਼ ਵਿਚ ਹੋਰ ਉਚੇਰਾ ਉਡਣ ਦੀ ਰਹੀ ਹੈ। ਇਸ ਉਚ-ਉਡਾਰੀ ਵਿਚੋਂ ਹੀ ਮਨੁੱਖੀ ਮਨ ਵਿਚ, ਤੇਜ਼ੀ ਵੀ ਬਹੁਤ ਅਛੋਪਲੇ ਜਿਹੇ, ਕਿਤੇ ਡੂੰਘੀ ਬੈਠ ਗਈ ਹੈ। ਇਸ ਤੇਜ਼ੀ ਦਾ ਸਿਖਰ ਅੱਜ ਦਾ ਸਾਮਰਾਜੀ ਪੂੰਜੀਵਾਦੀ ਪ੍ਰਬੰਧ ਹੈ ਜਿਸ ਬਾਰੇ ਸ. ਗੁਰਬਚਨ ਸਿੰਘ ਨੇ ਆਪਣੇ ਖਿਆਲ, ਇਸ ਲੇਖ ਵਿਚ ਸਾਂਝੇ ਕੀਤੇ ਹਨ। ਇਸ ਮੌਜੂਦਾ ਪ੍ਰਬੰਧ ਵਿਚ ਆ ਰਹੇ ਨਿੱਤ ਨਵੇਂ ਸੰਕਟਾਂ ਨੂੰ ਲੇਖਕ ਆਪੂੰ-ਸਹੇੜੇ ਸੰਕਟ ਤਸੱਵਰ ਕਰਦਾ ਹੈ ਅਤੇ ਇਸ ਦੀਆਂ ਜੜ੍ਹਾਂ ਇਸੇ ਪ੍ਰਬੰਧ ਦੇ ਖੋਟੇਪਣ ਵਿਚੋਂ ਤਲਾਸ਼ਦਾ ਹੈ; ਨਾਲ ਹੀ ਲੇਖਕ ਇਸ ਪ੍ਰਬੰਧ ਵੱਲੋਂ ਮਨੁੱਖ ਅਤੇ ਇਸ ਦੇ ਮਨ ਬਾਰੇ ਖੜ੍ਹੇ ਕੀਤੇ ਭਰਮ-ਭੁਲੇਖਿਆਂ ਦੀ ਪੁਣ-ਛਾਣ ਕਰਦਾ ਹੈ। ਉਂਜ, ਇਸ ਪ੍ਰਬੰਧ ਦੀ ਜਿੰਨੀ ਮਹੀਨ ਅਤੇ ਸਟੀਕ ਵਿਆਖਿਆ ਆਪਣੇ ਦੌਰ ਵਿਚ ਸੰਸਾਰ ਪ੍ਰਸਿੱਧ ਫਿਲਾਸਫਰ ਕਾਰਲ ਮਾਰਕਸ ਨੇ ਕੀਤੀ, ਉਸ ਪੱਧਰ ਤੱਕ ਸ਼ਾਇਦ ਕੋਈ ਵੀ ਪੁੱਜ ਨਹੀਂ ਸਕਿਆ। ਉਸ ਨੇ ਇਸ ਪ੍ਰਬੰਧ ਨੂੰ ਸਮਝਣ-ਸਮਝਾਉਣ ਦਾ ਜੋ ਹਥਿਆਰ ਮਨੁੱਖ ਜਾਤੀ ਨੂੰ ਦਿੱਤਾ, ਉਹ ਬੇਜੋੜ ਹੈ ਅਤੇ ਸ. ਗੁਰਬਚਨ ਸਿੰਘ ਆਪ ਵੀ ਇਹ ਤੱਥ ਸਵੀਕਾਰ ਕਰਦਾ ਹੈ; ਪਰ ਉਹ ਮਾਰਕਸ ਦੀ ਫਿਲਾਸਫੀ ਦੇ ਨਾਲ ਗੁਰਬਾਣੀ ਦਾ ਉਹ ਸੂਤਰ ਜੋੜਦਾ ਹੈ ਜਿਹੜਾ 'ਰੂਹਾਨੀਅਤ ਨਾਲ ਸਰਸ਼ਾਰ' ਹੈ। ਇਹ ਅਸਲ ਵਿਚ ਮਨੁੱਖ ਦੀ ਆਪੇ ਨੂੰ ਪਛਾਣਨ ਲਈ ਲਾਈ ਕੋਈ ਸੱਦ ਹੀ ਹੈ। ਲੇਖਕ ਮਨੁੱਖ ਦੀ ਕੁਦਰਤੀ ਹੋਂਦ ਪ੍ਰਤੀ ਸੁਚੇਤ ਹੋਏ ਮਨੁੱਖ ਨੂੰ ਇਕੋ ਸਮੇਂ ਗੁਰਮੁਖ ਅਤੇ ਕਮਿਊਨਿਸਟ ਆਖਦਾ ਹੈ। ਆਪਣੀਆਂ ਹੋਰ ਲਿਖਤਾਂ ਵਿਚ ਵੀ ਉਹ ਗੁਰਬਾਣੀ ਅਤੇ ਮਾਰਕਸ ਦੀ ਫਿਲਾਸਫੀ ਨੂੰ ਅੰਗੀਕਾਰ ਮੰਨ ਕੇ ਚੱਲਦਾ ਹੈ। ਮੌਜੂਦਾ ਸੰਕਟ ਦਾ ਹੱਲ ਵੀ ਉਹ ਇਨ੍ਹਾਂ ਦੋਹਾਂ ਦੇ ਸਹੀ ਸੁਮੇਲ ਨੂੰ ਹੀ ਮਿਥਦਾ ਹੈ। -ਸੰਪਾਦਕ*

ਸਾਡੇ ਸਮਿਆਂ ਵਿਚ ਸੰਸਾਰ ਭਰ ਅੰਦਰ ਰਹਿੰਦੇ ਹਰ ਇਕ ਮਨੁੱਖ ਦੇ ਰੂਹਾਨੀ, ਪਰਿਵਾਰਕ, ਸਮਾਜੀ, ਸਭਿਆਚਾਰਕ ਅਤੇ ਰਾਜਸੀ-ਆਰਥਿਕ ਰਿਸ਼ਤਿਆਂ ਨੂੰ ਫੈਸਲਾਕੁੰਨ ਰੂਪ ਵਿਚ ਪ੍ਰਭਾਵਿਤ ਕਰਨ ਵਾਲਾ ਸਾਮਰਾਜੀ ਪੂੰਜੀਵਾਦੀ ਰਾਜ ਪ੍ਰਬੰਧ ਚਾਰ ਵੱਡੇ ਝੂਠਾਂ ਦੀ ਬੁਨਿਆਦ ਉਤੇ ਟਿਕਿਆ ਹੋਇਆ ਹੈ। ਇਨ੍ਹਾਂ ਚਾਰ ਵੱਡੇ ਝੂਠਾਂ ਨੂੰ ਸੱਚ ਬਣਾਉਣ ਲਈ ਨਿੱਤ ਦਿਨ ਹੋਰ ਹਜ਼ਾਰਾਂ ਝੂਠ ਬੋਲੇ ਜਾਂਦੇ ਹਨ। ਇਸ ਕੂੜ ਪਸਾਰੇ ਨੂੰ ਸੱਚ ਬਣਾ ਕੇ ਪੇਸ਼ ਕਰਨ ਲਈ ਹਜ਼ਾਰਾਂ-ਲੱਖਾਂ ਨਹੀਂ, ਸਗੋਂ ਕਰੋੜਾਂ ਮਨੁੱਖ ਆਪਣੀ ਮਿਹਨਤ ਸ਼ਕਤੀ ਅਜਾਈਂ ਗੁਆ ਰਹੇ ਹਨ। ਅਰਬਾਂ-ਖਰਬਾਂ ਰੁਪਏ ਇਸ ਝੂਠ ਪਸਾਰੇ ਨੂੰ ਕਾਇਮ ਰੱਖਣ ਲਈ ਖਰਚੇ ਜਾ ਰਹੇ ਹਨ। ਇਸ ਸਾਮਰਾਜੀ ਜਕੜ ਨੇ ਬੜੀ ਖੂਬਸੂਰਤ ਮਨੁੱਖੀ ਜ਼ਿੰਦਗੀ ਨੂੰ ਘੋਰ ਨਰਕ ਬਣਾ ਦਿੱਤਾ ਹੈ। ਪਰ ਇਸ ਵਰਤਾਰੇ ਦਾ ਸਭ ਤੋਂ ਵੱਧ ਦੁਖਦਾਈ ਪਹਿਲੂ ਇਹ ਹੈ ਕਿ ਮਨੁੱਖ ਜਾਤੀ ਦੀ ਭਾਰੀ ਬਹੁਗਿਣਤੀ ਇਸ ਕੂੜ ਪਸਾਰੇ ਨੂੰ ਕੁਦਰਤੀ ਵਰਤਾਰਾ ਸਮਝ ਕੇ, ਇਹ ਨਰਕੀ ਜ਼ਿੰਦਗੀ ਜਿਉਣ ਲਈ ਮਾਨਸਿਕ ਤੌਰ 'ਤੇ ਤਿਆਰ ਕਰ ਦਿੱਤੀ ਗਈ ਹੈ। ਨਿਰਸੰਦੇਹ ਇਹ ਕੋਈ ਕੁਦਰਤੀ ਵਰਤਾਰਾ ਨਹੀਂ, ਸਗੋਂ ਸਾਮਰਾਜੀ ਕੂੜ ਪਸਾਰਾ ਹੈ, ਜਿਹੜਾ ਸਾਮਰਾਜੀ ਰਾਜ ਪ੍ਰਬੰਧ ਦੀ ਦੇਣ ਹੈ।

ਇਸ ਕੂੜ ਪਸਾਰੇ ਦਾ ਸਭ ਤੋਂ ਪਹਿਲਾ ਵੱਡਾ ਝੂਠ ਇਹ ਹੈ ਕਿ ਇਹ ਸਮੁੱਚਾ ਅੰਤਹੀਣ ਬ੍ਰਹਿਮੰਡੀ ਵਿਸਥਾਰ ਕਿਸੇ ਕਲਪਿਤ 'ਰੱਬ' ਜਾਂ ਉਸ ਕਲਪਿਤ ਰੱਬ ਦੇ ਕਿਸੇ ਪ੍ਰਤੀਨਿਧ, ਕਿਸੇ ਅਵਤਾਰੀ ਪੁਰਸ਼ (ਅਨੇਕਾਂ ਧਰਮਾਂ 'ਚ ਇਹ ਪ੍ਰਚਲਿਤ ਨਾਂ ਵੱਖੋ-ਵੱਖਰੇ ਹਨ) ਦੀ ਰਚਨਾ ਹੈ ਅਤੇ ਇਸ ਸਮੁੱਚੇ ਦਿਸਦੇ-ਅਣਦਿਸਦੇ ਅੰਤਹੀਣ ਬ੍ਰਹਿਮੰਡੀ ਵਿਸਥਾਰ ਨੂੰ ਬ੍ਰਹਮਾ, ਵਿਸ਼ਨੂ ਅਤੇ ਮਹੇਸ਼ ਜਾਂ ਇਹੋ ਜਿਹੇ ਕੁਝ ਦੇਵਤੇ ਜਾਂ ਅਵਤਾਰੀ ਪੁਰਸ਼ ਚਲਾ ਰਹੇ ਹਨ। ਇਸ ਧਾਰਨਾ ਅਨੁਸਾਰ ਬ੍ਰਹਮਾ ਮਨੁੱਖ ਨੂੰ ਪੈਦਾ ਕਰਦਾ ਹੈ, ਵਿਸ਼ਨੂ ਉਸ ਦਾ ਪਾਲਣ-ਪੋਸਣ ਕਰਦਾ ਹੈ ਅਤੇ ਮਹੇਸ਼ ਜਾਂ ਸ਼ਿਵਜੀ ਉਸ ਦਾ ਸੰਘਾਰ ਕਰਦਾ ਹੈ। ਇਸ ਵੱਡੇ ਝੂਠ ਦੇ ਨਾਲ-ਨਾਲ ਹੋਰ ਅਨੇਕਾਂ ਛੋਟੇ ਝੂਠ ਜੋੜ ਦਿੱਤੇ ਗਏ ਹਨ, ਜਿਵੇਂ ਕਿਤੇ ਉਚੇ ਅਸਮਾਨ ਵਿਚ ਕਿਸੇ ਨਰਕ-ਸਵਰਗ ਦੀ ਹੋਂਦ ਦਾ ਹੋਣਾ, ਪੁਨਰ ਜਨਮ ਦੀ ਧਾਰਨਾ, ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦਾ ਫਲ ਇਸ ਜੀਵਨ ਵਿਚ ਭੋਗਣਾ ਅਤੇ ਇਸ ਜੀਵਨ ਦੇ ਕਰਮਾਂ ਦਾ ਲੇਖਾ-ਜੋਖਾ ਕਿਸੇ ਅਗਲੇ ਜਨਮ ਵਿਚ ਦੇਣਾ। ਇਸ ਦੇ ਨਾਲ ਇਹ ਵੀ ਜੋੜ ਦਿੱਤਾ ਗਿਆ ਹੈ ਕਿ ਬ੍ਰਾਹਮਣ ਬ੍ਰਹਮਾ ਦੇ ਸਿਰ 'ਚੋਂ ਪੈਦਾ ਹੋਇਆ ਹੈ, ਖੱਤਰੀ ਬ੍ਰਹਮਾ ਦੇ ਮੋਢਿਆਂ 'ਚੋਂ ਪੈਦਾ ਹੋਇਆ ਹੈ, ਵੈਸ਼ ਬ੍ਰਹਮਾ ਦੇ ਪੱਟਾਂ 'ਚੋਂ ਪੈਦਾ ਹੋਇਆ ਹੈ ਅਤੇ ਸ਼ੂਦਰ ਬ੍ਰਹਮਾ ਦੇ ਪੈਰਾਂ 'ਚੋਂ ਪੈਦਾ ਹੋਏ ਹਨ। ਇਸ ਭਰਮਜਾਲ ਨੂੰ ਧਰਮ ਦਾ ਨਾਂ ਦੇ ਕੇ ਇਸ ਦੇ ਨਾਲ ਇਕ ਅਜੀਬ ਕਿਸਮ ਦਾ ਕਰਮਕਾਂਡ ਜੋੜ ਦਿੱਤਾ ਗਿਆ ਹੈ, ਜਿਸ ਕਰਮਕਾਂਡ ਨੂੰ ਕਰਦਾ ਮਨੁੱਖ ਆਪਣੀ ਸਾਰੀ ਉਮਰ ਅਗਿਆਨ ਦੇ ਇਸ ਹਨੇਰੇ ਵਿਚ ਹੀ ਬਿਤਾ ਜਾਂਦਾ ਹੈ।

ਦੂਜਾ ਵੱਡਾ ਝੂਠ ਇਹ ਹੈ, ਕਿ 'ਰੱਬੋਂ' ਹੀ ਕੁਝ ਲੋਕਾਂ ਨੂੰ ਨਿੱਜੀ ਜਾਇਦਾਦ ਦੇ ਰੂਪ ਵਿਚ ਕੁਦਰਤੀ ਸਾਧਨਾਂ ਦੀ ਮਾਲਕੀ ਦਾ ਹੱਕ ਮਿਲਿਆ ਹੋਇਆ ਹੈ। ਸਾਰੀਆਂ ਹੀ ਸਾਮਰਾਜੀ ਪੂੰਜੀਵਾਦੀ ਸਰਕਾਰਾਂ ਨੇ ਇਸ ਝੂਠ ਦੀ ਕਾਨੂੰਨੀ ਪੁਸ਼ਟੀ ਕੀਤੀ ਹੋਈ ਹੈ ਕਿ ਪੈਸੇ ਜਾਂ ਪੂੰਜੀ ਦੇ ਪ੍ਰਗਟ ਰੂਪ ਵਿਚ ਇਨ੍ਹਾਂ ਦੀ ਨਿੱਜੀ ਜਾਇਦਾਦ ਵਜੋਂ ਕੁਝ ਲੋਕਾਂ ਕੋਲ ਮਾਲਕੀ ਹੱਕੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਵਪਾਰ ਦੀ ਆਜ਼ਾਦੀ ਜਾਂ ਖੁੱਲ੍ਹੀ ਮੰਡੀ ਦਾ ਦਸਤੂਰ ਸਮੁੱਚੇ ਰਾਜਸੀ-ਸਮਾਜੀ ਤਾਣੇ-ਬਾਣੇ ਨੂੰ ਥਾਂ-ਸਿਰ ਰੱਖਣ ਲਈ ਜ਼ਰੂਰੀ ਹੈ, ਤਾਂ ਕਿ ਵਸਤੂਆਂ ਦੀ ਲੋੜੀਂਦੀ ਪੈਦਾਵਾਰ ਅਤੇ ਉਨ੍ਹਾਂ ਦੀ ਲੋਕਾਂ ਵਿਚ ਜਾਇਜ਼ ਵੰਡ ਹੋ ਸਕੇ।

ਤੀਜਾ ਵੱਡਾ ਝੂਠ ਇਹ ਹੈ ਕਿ ਮੌਜੂਦਾ ਸਰਕਾਰਾਂ ਲੋਕਾਂ ਵਾਸਤੇ, ਲੋਕਾਂ ਦੀਆਂ, ਲੋਕਾਂ ਰਾਹੀਂ ਚੁਣੀਆਂ ਹੋਈਆਂ ਹਨ ਅਤੇ ਇਨ੍ਹਾਂ ਦਾ ਕੰਮ ਲੋਕ ਭਲਾਈ ਹੈ। ਇਹ ਸਾਮਰਾਜੀ ਰਾਜ ਪ੍ਰਬੰਧ ਜਮਹੂਰੀ ਨਿਯਮਾਂ ਅਤੇ ਇਨਸਾਫ ਦੇ ਕਾਨੂੰਨ 'ਤੇ ਆਧਾਰਤ ਹੈ।

ਚੌਥਾ ਵੱਡਾ ਝੂਠ ਇਹ ਬੋਲਿਆ ਗਿਆ ਹੈ ਕਿ ਮਨੁੱਖ ਜਮਾਂਦਰੂ ਹੀ ਆਪਣੇ ਕੁਦਰਤੀ ਸੁਭਾਅ ਪੱਖੋਂ ਲਾਲਚੀ, ਕਮੀਨਾ ਅਤੇ ਸੁਆਰਥੀ ਹੈ। ਇਸ ਲਈ ਇਹ ਸਾਰਾ ਸਮਾਜੀ ਤਾਣਾ-ਬਾਣਾ ਕਾਇਮ ਰੱਖਣ ਵਾਸਤੇ ਅਤੇ ਅਪਰਾਧੀ ਬਿਰਤੀ ਦੇ ਮਨੁੱਖਾਂ ਨੂੰ ਕਾਬੂ ਹੇਠ ਰੱਖਣ ਲਈ ਸਰਕਾਰੀ ਜਬਰ-ਪ੍ਰਬੰਧ ਅਤਿ ਲੋੜੀਂਦਾ ਹੈ। ਪੁਲਿਸ, ਫੌਜ ਅਤੇ ਅਨੇਕਾਂ ਹੋਰ ਹਥਿਆਰਬੰਦ ਬਲ, ਖੁਫੀਆ ਏਜੰਸੀਆਂ ਅਤੇ ਇਹੋ ਜਿਹਾ ਹੋਰ ਸਮੁੱਚਾ ਤਾਣਾ-ਬਾਣਾ ਮਨੁੱਖ ਜਾਤੀ ਦੀ ਅਣਸਰਦੀ ਲੋੜ ਹੈ। ਅਤੇ ਜਿਵੇਂ ਕਿਹਾ ਜਾਂਦਾ ਹੈ ਕਿ ਇਹ ਸਾਰਾ ਸਾਮਰਾਜੀ ਅਡੰਬਰ ਜਮਹੂਰੀ ਤੌਰ 'ਤੇ ਚੁਣੀਆਂ ਹੋਈਆਂ ਪਾਰਲੀਮੈਂਟਾਂ ਜਾਂ ਅਸੰਬਲੀਆਂ, ਕਾਨੂੰਨੀ ਨਿਆਂ-ਪ੍ਰਬੰਧ ਉਤੇ ਟਿਕੀਆਂ ਹੋਈਆਂ ਅਦਾਲਤਾਂ, ਚੁਸਤ-ਚਲਾਕ ਤੇ ਵਿਸ਼ੇਸ਼ ਬੁੱਧੀ ਦੀ ਮਾਲਕ ਅਫ਼ਸਰਸ਼ਾਹੀ ਅਤੇ ਇਨ੍ਹਾਂ ਦੀਆਂ ਖਾਮੀਆਂ ਦੱਸਣ ਲਈ ਆਜ਼ਾਦ ਪ੍ਰੈਸ ਦੇ ਚਾਰ ਥੰਮਾਂ ਉਤੇ ਟਿਕਿਆ ਹੋਇਆ ਹੈ, ਇਹ ਕੋਰਾ ਝੂਠ ਹੈ। ਸੱਚ ਸਿਰਫ ਇਹ ਹੈ ਕਿ ਇਹ ਸਮੁੱਚਾ ਸਾਮਰਾਜੀ ਸਰਕਾਰੀ ਅਡੰਬਰ ਉਪਰੋਕਤ ਚਾਰ ਵੱਡੇ ਝੂਠਾਂ ਦੇ ਥੰਮਾਂ ਉਤੇ ਟਿਕਿਆ ਹੋਇਆ ਹੈ ਅਤੇ ਇਹ ਸਾਰਾ ਕੁਝ



ਸਾਮਰਾਜੀ 'ਮਨ' ਦੀ ਨਿਰੋਲ ਕਲਪਨਾ 'ਤੇ ਆਧਾਰਤ ਹੈ।

ਠੋਸ ਸੱਚ ਇਹ ਹੈ ਕਿ ਸਾਡੇ ਚਾਰ ਚੁਫੇਰੇ ਫੈਲਿਆ ਇਹ ਦ੍ਰਿਸ਼ਟ-ਅਦ੍ਰਿਸ਼ਟ ਅੰਤਹੀਣ ਵਿਸਥਾਰ ਭਾਵ ਮਨੁੱਖੀ ਮਨ ਦੀ ਪਕੜ ਤੋਂ ਅਪਹੁੰਚ ਸਗਲ ਬ੍ਰਹਿਮੰਡ, ਸਮੁੱਚੀ ਸ੍ਰਿਸ਼ਟੀ, ਕਾਇਨਾਤ, ਕੁਦਰਤ, ਮਨੁੱਖੀ ਮਨ ਦੀ ਪਕੜ ਵਿਚ ਨਾ ਆ ਸਕਣ ਵਾਲੇ ਸਮੇਂ, ਅੰਤਹੀਣ ਆਦਿ ਕਾਲ ਤੋਂ ਇਵੇਂ ਹੀ ਚੱਲਦਾ ਆ ਰਿਹਾ ਹੈ ਅਤੇ ਮਨੁੱਖੀ ਮਨ ਦੀ ਪਕੜ ਤੋਂ ਅਪਹੁੰਚ ਅੰਤਹੀਣ ਕਾਲ ਤੱਕ ਇਸ ਨੇ ਇਵੇਂ ਹੀ ਚੱਲਦੇ ਜਾਣਾ ਹੈ।

ਇਸ ਸਗਲ ਬ੍ਰਹਿਮੰਡੀ ਪਸਾਰੇ ਵਿਚ ਧਰਤੀ ਅਸਲੋਂ ਹੀ ਇਕ ਛੋਟਾ ਜਿਹਾ ਗ੍ਰਹਿ ਹੈ। ਇਸ ਧਰਤੀ ਦੀ ਰੋਮਾਂਵਲੀ ਭਾਵ ਤਹਿ 'ਤੇ ਜਨਮੀਆਂ ਲੱਖਾਂ ਜੀਵ-ਜੂਨਾਂ ਵਿਚੋਂ ਇਕ ਜੂਨ ਮਨੁੱਖ ਹੈ ਅਤੇ ਬਾਕੀ ਜੀਵਾਂ ਵਾਂਗ ਮਨੁੱਖ ਵੀ ਇਕ ਕੁਦਰਤੀ ਜੀਵ ਹੈ। ਪਰ ਬਾਕੀ ਜੀਵਾਂ ਨਾਲੋਂ ਇਹ ਇਸ ਗੱਲੋਂ ਨਿਵੇਕਲਾ ਹੈ ਕਿ ਇਹ ਚੇਤੰਨ ਜੀਵ ਹੈ। ਭਾਵ ਆਪਣੀ ਹੋਂਦ ਪ੍ਰਤੀ ਸੁਚੇਤ ਹੈ। ਇਕ ਸੀਮਤ ਕੁਦਰਤੀ ਦਾਇਰੇ ਦੇ ਅੰਦਰ ਆਪਣੀ ਹੋਣੀ ਆਪ ਘੜਨ ਦੇ ਸਮਰੱਥ ਹੈ। ਇਸ ਵਾਸਤੇ ਉਸ ਕੋਲ ਦੋ ਸੂਖਮ ਅਦਿੱਸ ਸ਼ਕਤੀਆਂ ਹਨ-ਸਵੈ-ਚੇਤਨਾ (ਦੇ ਰੂਪ ਵਿਚ ਆਤਮਾ ਜਾਂ ਰੂਹ) ਅਤੇ ਮਨ। ਮਨ ਮਨੁੱਖੀ ਸਰੀਰ ਅੰਦਰ ਕੁਦਰਤ ਦਾ ਮੂਲ ਮੁੱਢ ਭਾਵ ਆਧਾਰ ਹੈ (ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥) ਅਤੇ ਸਵੈ-ਚੇਤਨਾ ਹੁਣ ਤੱਕ ਦੀ ਸਮੁੱਚੀ ਮਨੁੱਖ ਜਾਤੀ ਦੀ ਅਨੁਭਵੀ ਸਿਆਣਪ ਦਾ ਫਲਸਫੇ ਦੇ ਰੂਪ ਵਿਚ ਨਿਕਲਿਆ ਤੱਤ-ਨਿਚੋੜ। ਇਹ ਫਲਸਫਾ ਸਬਦੁ (ਸੰਕਲਪ) ਰਾਹੀਂ ਰੂਪਮਾਨ ਹੁੰਦਾ ਹੈ ਅਤੇ ਇਹ ਸਬਦੁ ਹੀ ਕੁਦਰਤ, ਸਵੈ-ਚੇਤਨਾ (ਆਤਮਾ) ਅਤੇ ਮਨ ਵਿਚਕਾਰ ਸੰਪਰਕ ਕੜੀ ਹੈ। ਸੋਚਵਾਨ, ਤਰਕ ਸੰਗਤ, ਕਲਪਨਾਸ਼ੀਲ ਮਨ ਅਤੇ ਸਵੈ-ਚੇਤਨਾ (ਆਤਮਾ) ਦਾ ਆਪਣੀ ਕਾਇਆ ਨਾਲ ਸਜਿੰਦ ਰਿਸ਼ਤਾ ਹੀ ਇਕ ਪੂਰਨ ਮਨੁੱਖ ਦੀ ਸਿਰਜਣਾ ਦਾ ਮੂਲ ਹੈ। ਸਵੈ-ਚੇਤਨਾ ਨਾਲ ਸਰਸ਼ਾਰ, ਪੂਰਵ ਧਾਰਨਾਵਾਂ ਤੋਂ ਮੁਕਤ, ਆਪਣੀਆਂ ਤਰਕ ਸੰਗਤ ਸਰੀਰਕ ਤੇ ਜਜ਼ਬਾਤੀ ਲੋੜਾਂ ਪ੍ਰਤੀ ਸੁਚੇਤ, ਕਲਪਨਾਸ਼ੀਲ ਮਨ ਹੀ ਕਿਸੇ ਮਨੁੱਖ ਦੀ ਅਸਲੀ ਪੂੰਜੀ ਹੈ। ਮਨੁੱਖੀ ਵਿਗਾਸ ਅਤੇ ਖੇੜੇ ਦਾ ਸੋਮਾ ਹੈ।

ਗੁਰ ਬਿਨੁ ਕਿਨਿ ਸਮਝਾਈਐ
ਮਨੁ ਰਾਜਾ ਸੁਲਤਾਨੁ॥
(ਗੁਰੂ ਗ੍ਰੰਥ ਸਾਹਿਬ, ਪੰਨਾ 61)

ਬੋਧੀ ਧਰਮ ਗ੍ਰੰਥ 'ਧੰਮ ਪਦ' ਭਾਵ ਧਰਮ ਦਾ ਮਾਰਗ ਦੀ ਪਹਿਲੀ ਪੰਗਤੀ ਹੈ, ਜੀਵਨ ਦੇ ਸਾਰੇ ਭਾਵਾਂ ਦਾ ਮੂਲ ਮਨ ਹੈ, ਮਨ ਹੀ ਸਰਵਸ੍ਰੇਸ਼ਟ ਹੈ ਅਤੇ ਸਾਰੇ ਪਾਸੇ ਮਨ ਦੀ ਹੀ ਮਾਇਆ ਹੈ ਅਰਥਾਤ ਮਨ ਸਰਬਸ਼ਕਤੀਮਾਨ ਹੈ।

ਜਿਵੇਂ-ਜਿਵੇਂ ਸਵੈ-ਚੇਤਨਾ ਵਧਦੀ ਜਾਂਦੀ ਹੈ, ਤਿਵੇਂ-ਤਿਵੇਂ ਮਨ ਵਿਕਾਸ ਕਰੀ ਜਾਂਦਾ ਹੈ। ਮਨ ਸਮੁੱਚੇ ਅਨੁਭਵੀ ਗਿਆਨ ਦਾ ਪ੍ਰਗਟ ਰੂਪ ਹੈ। ਵਿਕਸਿਤ ਮਨ ਹੀ ਮਨੁੱਖੀ ਜਜ਼ਬਿਆਂ ਅਤੇ ਵਿਹਾਰ ਨੂੰ ਸਵੈ-ਕਾਬੂ ਵਿਚ ਰੱਖਦਾ ਹੈ। ਇਕ ਚੇਤੰਨ ਮਨੁੱਖ ਦੀ ਇਹੀ ਹੋਂਦ ਹੈ। ਗਿਆਨੀ ਹੋਇ ਜੋ ਚੇਤੰਨ ਹੋਇ ਅਗਿਆਨੀ ਅੰਧ ਕਮਾਇ॥ (ਗੁਰੂ ਗ੍ਰੰਥ ਸਾਹਿਬ, ਪੰਨਾ 556) ਸਵੈ-ਚੇਤਨਾ ਹੋਰ ਕੁਝ ਨਹੀਂ, ਸਗੋਂ ਚੇਤੰਨ ਮਨੁੱਖੀ ਹੋਂਦ ਹੈ। (ਕਾਰਲ ਮਾਰਕਸ, ਜਰਮਨ ਵਿਚਾਰਧਾਰਾ, ਸਫਾ 42)

ਫ਼ਲਸਫ਼ਾ ਕੁਦਰਤੀ ਸੱਚ ਹੈ ਅਤੇ ਧਰਮ ਇਸ ਸੱਚ ਅਨੁਸਾਰ ਕੀਤਾ ਗਿਆ ਵਿਹਾਰ (ਆਚਾਰ) ਹੈ। ਫਲਸਫਾ ਜਦੋਂ ਵਿਹਾਰ ਦਾ ਰੂਪ ਧਾਰਦਾ ਹੈ, ਉਦੋਂ ਹੀ ਉਹ ਧਰਮ ਬਣਦਾ ਹੈ। (ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰ॥ ਗੁਰੂ ਗ੍ਰੰਥ ਸਾਹਿਬ ਪੰਨਾ, 62) ਭਾਵ ਹਰ ਹਾਲਤ ਵਿਚ ਮੰਨਣ ਵਾਲੀਆਂ ਕੁਦਰਤੀ ਸੱਚਾਈਆਂ (ਹੁਕਮੁ) ਜਦੋਂ ਮਨੁੱਖੀ ਮਨ ਵਿਚ ਵੱਸ ਕੇ ਅਮਲ (ਵਿਹਾਰ) ਦਾ ਰੂਪ ਧਾਰਦੀਆਂ ਹਨ ਤਾਂ ਉਹ ਧਰਮ ਬਣਦੀਆਂ ਹਨ। ਫਲਸਫਾ ਜੇ ਆਚਾਰ ਜਾਂ ਵਿਹਾਰ ਦਾ ਰੂਪ ਨਹੀਂ ਧਾਰਦਾ ਤਾਂ ਇਸ ਦੀ ਕੌਡੀ ਕੀਮਤ ਨਹੀਂ। ਇਹੀ ਫਿਲਾਸਫਰਾਂ ਅਤੇ ਧਰਮ ਗੁਰੂਆਂ ਵਿਚਕਾਰ ਫਰਕ ਹੈ। ਧਰਮ-ਗੁਰੂ ਫਲਸਫੇ ਨੂੰ ਆਪਣੇ ਆਚਾਰ ਵਿਚ ਢਾਲ ਕੇ ਪ੍ਰਚਾਰਦੇ ਹਨ, ਜਦੋਂ ਕਿ ਫਿਲਾਸਫਰ ਇਸ ਦੀ ਸਿਰਫ ਵਿਆਖਿਆ ਤੱਕ ਸੀਮਤ ਰਹਿੰਦੇ ਹਨ। ਇਸੇ ਕਰਕੇ ਧਰਮ ਗੁਰੂਆਂ ਦਾ ਰੋਲ ਫ਼ਿਲਾਸਫਰਾਂ ਨਾਲੋਂ ਵੱਡਾ ਹੈ ਪਰ ਇਹ ਵੀ ਸੱਚ ਹੈ ਕਿ ਫਲਸਫੇ ਵਿਚਲੇ ਗਿਆਨ ਤੋਂ ਵਿਹੂਣਾ ਮਨੁੱਖ ਨਿਰਾ ਪਸ਼ੂ ਸਮਾਨ ਹੈ। ਅਗਿਆਨੀ ਹੈ। ਫਲਸਫਾ ਮਨ ਰਾਹੀਂ ਵਿਹਾਰ ਦਾ ਰੂਪ ਧਾਰਦਾ ਹੈ। ਇਸ ਲਈ ਫਲਸਫਾ ਸਿਰਫ ਉਦੋਂ ਧਰਮ ਬਣਦਾ ਹੈ, ਜਦੋਂ ਇਹ ਮਨ ਦੀ ਸੋਚ ਦਾ ਹਿੱਸਾ ਬਣ ਕੇ ਜਾਂ ਮਨ ਫਲਸਫੇ ਦੇ ਇਸ ਗਿਆਨ ਨੂੰ ਆਪਣੇ ਅੰਦਰ ਵਸਾ ਕੇ ਇਸ ਅਨੁਸਾਰ ਵਿਹਾਰ ਕਰਦਾ ਹੈ। ਮਾਰਕਸ ਦੇ ਇਸ ਕਥਨ ਕਿ ਹੁਣ ਤੱਕ ਫਿਲਾਸਫਰ ਇਸ ਸੰਸਾਰ ਦੀ ਸਿਰਫ ਵਿਆਖਿਆ ਹੀ ਕਰਦੇ ਆਏ ਹਨ, ਪਰ ਮਸਲਾ ਇਸ ਨੂੰ ਬਦਲਣ ਦਾ ਹੈ, ਨੂੰ ਵੀ ਇਸ ਪ੍ਰਸੰਗ ਵਿਚ ਹੀ ਘੋਖਣ ਦੀ ਲੋੜ ਹੈ।

ਗਿਆਨ ਅੰਦਰ ਜਜ਼ਬ ਹੁੰਦਾ ਹੈ, ਵਿਹਾਰ ਬਾਹਰ ਪ੍ਰਗਟ ਹੁੰਦਾ ਹੈ, ਭਾਵ ਇੰਦ੍ਰੀਆਂ ਰਾਹੀਂ ਪ੍ਰਾਪਤ ਕੀਤੀ ਪ੍ਰਤੱਖ ਜਾਣਕਾਰੀ ਮਨ ਅਤੇ ਬੁੱਧੀ ਰਾਹੀਂ ਗਿਆਨ ਦੇ ਰੂਪ ਵਿਚ ਸਰੀਰ ਦੇ ਅੰਦਰ ਜਜ਼ਬ ਹੁੰਦੀ ਹੈ। ਇਹ ਅੰਤਰਮੁਖੀ ਵਰਤਾਰਾ ਹੈ। ਬੁੱਧੀ ਅਤੇ ਮਨ ਚਿੰਤਨ ਅਤੇ ਮਨਨ ਰਾਹੀਂ ਉਸ ਗਿਆਨ ਨੂੰ ਵਿਹਾਰ ਵਿਚ ਢਾਲਦੇ ਹਨ। ਮਨੁੱਖੀ ਕਾਇਆ ਅੰਦਰ ਨਿਰੰਤਰ ਚਿੰਤਨ ਅਤੇ ਮਨਨ ਭਾਵ ਸਵੈ-ਚੇਤਨਾ ਅਤੇ ਮਨ ਵਿਚਕਾਰ ਚੱਲ ਰਹੇ ਸੰਵਾਦ ਦੇ ਨਿਕਲੇ ਸਿੱਟਿਆਂ ਨੂੰ ਮਨ ਵਿਹਾਰ ਵਿਚ ਢਾਲਦਾ ਹੈ, ਭਾਵ ਕਰਮ-ਇੰਦ੍ਰੀਆਂ ਨੂੰ ਉਸ ਅਨੁਸਾਰੀ ਕੰਮ ਕਰਨ ਲਈ ਹੁਕਮ ਦਿੰਦਾ ਹੈ। ਇਕ ਜਿਉਂਦੇ ਮਨੁੱਖ ਦੇ ਸਰੀਰ ਅੰਦਰ ਇਹ ਕਿਰਿਆ ਨਿਰੰਤਰ ਦਿਨ-ਰਾਤ ਚੱਲਦੀ ਰਹਿੰਦੀ ਹੈ। ਇਹ ਅੱਡ ਗੱਲ ਹੈ ਕਿ ਇਸ ਪ੍ਰਤੀ ਕੋਈ ਚੇਤੰਨ ਹੈ ਜਾਂ ਨਹੀਂ। ਪੜਚੋਲ ਸਵੈ-ਪੜਚੋਲ ਦੇ ਵਰਤਾਰੇ ਨੂੰ ਇਸੇ ਰੂਪ ਵਿਚ ਹੀ ਸਮਝਿਆ ਜਾ ਸਕਦਾ ਹੈ। (ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥ ਗੁਰੂ ਗ੍ਰੰਥ ਸਾਹਿਬ, ਪੰਨਾ 148)

ਪਦਾਰਥ ਨੂੰ ਆਪਣੇ ਅਨੁਕੂਲ ਕਰਨਾ ਸਾਇੰਸ ਹੈ ਅਤੇ ਆਪਣੇ-ਆਪ ਨੂੰ ਕੁਦਰਤ ਦੇ



ਅਨੁਕੂਲ ਢਾਲਣਾ ਰੂਹਾਨੀਅਤ ਹੈ। ਆਪਣੇ-ਆਪ ਨੂੰ ਕੁਦਰਤ ਦੇ ਅਨੁਕੂਲ ਢਾਲਣ ਲਈ ਮਨ ਇਕ ਸ਼ਕਤੀ ਹੈ। ਇੰਦਰਿਆਂ ਨੂੰ ਮਨ ਰਾਹੀਂ ਕਾਬੂ ਵਿਚ ਰੱਖ ਕੇ ਹੀ ਇਨ੍ਹਾਂ ਦਾ ਅਨੰਦ ਮਾਣਿਆ ਜਾ ਸਕਦਾ ਹੈ। ਬੇਕਾਬੂ ਇੰਦਰੇ ਮਨ ਦੀ ਭਟਕਣਾ ਦਾ ਕਾਰਨ ਬਣਦੇ ਹਨ ਅਤੇ ਮਨ ਦੀ ਭਟਕਣਾ ਸਰੀਰਕ ਰੋਗ ਪੈਦਾ ਕਰਦੀ ਹੈ। ਮਾਨਸਿਕ ਪੀੜਾ ਸਰੀਰਕ ਪੀੜਾ ਨਾਲੋਂ ਜਿਆਦਾ ਦੁਖਦਾਈ ਹੁੰਦੀ ਹੈ। ਸਰੀਰ ਦੀ ਪੀੜ ਬੰਦਾ ਝੱਲ ਜਾਂਦਾ ਹੈ ਪਰ ਮਾਨਸਿਕ ਪੀੜਾ ਸਾਰੇ ਸਰੀਰ ਨੂੰ ਜਰਜਰਾ ਕਰ ਦਿੰਦੀ ਹੈ। ਮਨੁੱਖੀ ਸੋਚ ਨੂੰ ਖੰਡਿਤ ਕਰ ਦਿੰਦੀ ਹੈ। ਮਾਨਸਿਕ ਪੀੜਾ ਨੂੰ ਜਰਨ ਤੋਂ ਅਸਮਰੱਥ ਵਿਅਕਤੀ ਹੀ ਖੁਦਕੁਸ਼ੀਆਂ ਕਰਦੇ ਹਨ, ਦਹਿਸ਼ਤਗਰਦ ਘਟਨਾਵਾਂ ਨੂੰ ਜਨਮ ਦਿੰਦੇ ਹਨ। ਮਨੁੱਖ ਜਾਤੀ ਇਕਲਾਪੇ ਅਤੇ ਅਸੁਰੱਖਿਆ ਦੀ ਭਾਵਨਾ ਕਾਰਨ ਜਿੰਨੀ ਮਾਨਸਿਕ ਪੀੜਾ ਅੱਜ ਝੱਲ ਰਹੀ ਹੈ, ਇੰਨੀ ਉਸ ਨੇ ਹੁਣ ਤੱਕ ਦੀ ਆਪਣੀ ਕੁੱਲ ਹਯਾਤੀ ਵਿਚ ਨਹੀਂ ਹੰਢਾਈ। ਇਸ ਦਾ ਕਾਰਨ ਸਾਮਰਾਜੀ ਪੂੰਜੀਵਾਦੀ ਰਿਸ਼ਤੇ ਹਨ। ਪੂੰਜੀ ਕੋਈ ਵਸਤੂ ਨਹੀਂ ਹੈ, ਸਗੋਂ ਇਕ ਰਿਸ਼ਤਾ ਹੈ। ਇਸੇ ਮਾਨਸਿਕ ਪੀੜਾ ਕਾਰਨ ਨਸ਼ੇੜੀਪੁਣਾ, ਤਣਾਅ, ਬਲੱਡ ਪ੍ਰੈਸ਼ਰ ਅਤੇ ਅਨੇਕਾਂ ਦਿਲ ਦੀਆਂ ਹੋਰ ਬਿਮਾਰੀਆਂ ਜਨਮ ਲੈਂਦੀਆਂ ਹਨ। ਅਸਲ ਵਿਚ ਸਾਮਰਾਜੀ ਪੂੰਜੀਵਾਦੀ ਰਿਸ਼ਤਿਆਂ ਦਾ ਦੂਜਾ ਨਾਂ ਮਾਨਸਿਕ ਤਣਾਅ ਹੈ।

ਜਬਰ-ਜ਼ੁਲਮ ਨਾਲ ਟਕਰਾਉਣਾ ਅਤੇ ਨਿਆਂ ਲਈ ਸੰਘਰਸ਼ ਕਰਨਾ ਵੀ ਮਨੁੱਖ ਜਾਤੀ ਦੀ ਹੁਣ ਤੱਕ ਦੀ ਇਕੱਠੀ ਹੋਈ ਸਮੁੱਚੀ ਅਨੁਭਵੀ ਸਿਆਣਪ ਦਾ ਇਕ ਹਿੱਸਾ ਹੀ ਹੈ ਅਤੇ ਇਹੀ ਜਜ਼ਬਾ ਮਨੁੱਖ ਜਾਤੀ ਨੂੰ ਅੱਜ ਦੇ ਇਸ ਪੜਾਅ 'ਤੇ ਲੈ ਕੇ ਆਇਆ ਹੈ, ਜਿੱਥੇ ਪਹੁੰਚ ਕੇ ਸਮੁੱਚੀ ਮਨੁੱਖ ਜਾਤੀ ਸੁਚੇਤ ਰੂਪ ਵਿਚ ਸਦਾ ਲਈ ਜ਼ਬਰ-ਜ਼ੁਲਮ ਦਾ ਖਾਤਮਾ ਕਰਕੇ, ਕੁਦਰਤੀ ਨਿਆਂ ਪ੍ਰਬੰਧ ਅਧੀਨ ਮੁਕੰਮਲ ਬਰਾਬਰੀ 'ਤੇ ਆਧਾਰਤ, ਇਕ ਨਵਾਂ ਸੰਸਾਰ ਜਾਂ ਨਵਾਂ ਮਨੁੱਖੀ ਭਾਈਚਾਰਾ ਸਿਰਜਣ ਦੇ ਯੋਗ ਹੋਈ ਹੈ।

ਗੁਰੂ ਨਾਨਕ ਸਾਹਿਬ ਦੇ ਦਿੱਤੇ ਗਿਆਨ ਅਨੁਸਾਰ, ਇਹ ਦਿਸਦਾ ਅਤੇ ਅੰਤਹੀਣ ਅਣਦਿਸਦਾ ਬ੍ਰਹਿਮੰਡੀ ਪਸਾਰਾ ਅਸਲੀ ਆਕਾਰ ਰੂਪ ਭਾਵ ਸੱਚ (ਯਥਾਰਥ) ਹੈ। ਫਿਰ ਸੁਆਲ ਪੈਦਾ ਹੋਇਆ ਕਿ ਇਹ ਕਲਪਿਤ ਰੱਬ ਅਤੇ ਦੇਵੀ-ਦੇਵਤਿਆਂ ਦਾ ਅਡੰਬਰ ਕੀ ਹੈ? ਗੁਰੂ ਸਾਹਿਬ ਅਨੁਸਾਰ ਇਹ ਨਿਰਾ ਭਰਮਜਾਲ ਹੈ ਅਤੇ ਮਨੁੱਖ ਜਾਤੀ ਲਈ ਇਹ ਓਨਾ ਹੀ ਚੰਗਾ ਹੋਵੇਗਾ ਜਿੰਨੀ ਛੇਤੀ ਉਹ ਇਸ ਭਰਮਜਾਲ ਵਿਚੋਂ ਬਾਹਰ ਨਿਕਲੇਗੀ। ਗੁਰੂ ਸਾਹਿਬ ਇਸ ਧਾਰਨਾ ਨੂੰ ਹੋਰ ਸਪੱਸ਼ਟ ਕਰਦੇ ਹਨ, ਨਿਰਗੁਣੁ ਸਰਗੁਣੁ ਆਪੇ ਸੋਈ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ॥ ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਭਾਵ ਨਿਰਗੁਣ ਸਰਗੁਣ ਦੀ ਨਿਰੰਤਰਤਾ ਹੈ। ਦ੍ਰਿਸ਼ਟ ਬ੍ਰਹਿਮੰਡ (ਸਰਗੁਣ) ਨੂੰ ਸਰੀਰ ਦੀਆਂ ਅੱਖਾਂ ਨਾਲ ਵੇਖਿਆ ਜਾ ਸਕਦਾ ਹੈ ਅਤੇ ਅਣਦਿਸਦੇ ਅੰਤਹੀਣ ਬ੍ਰਹਿਮੰਡੀ ਵਿਸਥਾਰ ਭਾਵ (ਨਿਰਗੁਣ) ਬ੍ਰਹਮ ਨੂੰ ਮਨ ਦੀਆਂ ਅੱਖਾਂ ਨਾਲ ਅਨੁਭਵ ਕੀਤਾ ਜਾ ਸਕਦਾ ਹੈ।

ਗੁਰੂ ਸਾਹਿਬ ਇਹ ਵੀ ਗਿਆਨ ਦਿੰਦੇ ਹਨ ਕਿ ਇਹ ਸਮੁੱਚਾ ਬ੍ਰਹਿਮੰਡੀ ਪਸਾਰਾ ਜਿਸ (ਹਸਤੀ) ਰੱਬ, ਕਰਤਾ, ਅਕਾਲ ਦਾ ਸਿਰਜਿਆ ਹੋਇਆ ਹੈ, ਉਸ ਦੀ ਸ਼ਨਾਖ਼ਤ ਕੁਦਰਤ 'ਚੋਂ ਹੁੰਦੀ ਹੈ, "ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥ ਬਲਿਹਾਰੀ ਕੁਦਰਤਿ ਵਸਿਆ॥ ਕੁਦਰਤਿ ਕਰਨੈਹਾਰ ਅਪਾਰਾ॥ ਕੁਦਰਤਿ ਕਰਿ ਕੈ ਵਸਿਆ ਸੋਇ॥ ਕੁਦਰਤਿ ਕਾਦਰ ਕਰਣ ਕਰੀਮਾ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥" ਕਰਤਾ ਰੂਪੀ ਕੁਦਰਤ ਸੱਚੀ ਹੈ ਅਤੇ ਇਸ ਦਾ ਨਿਆਂ ਪ੍ਰਬੰਧ ਵੀ ਸੱਚਾ ਹੈ। ਮਨੁੱਖ ਇਸ ਕੁਦਰਤ ਦਾ ਸਿਰਜਿਆ ਹੋਇਆ ਇਕ ਜੀਵ ਹੈ ਅਤੇ ਮਨੁੱਖ ਦਾ ਕੁਦਰਤ ਨਾਲ ਸਿੱਧਾ ਤੇ ਅਟੁੱਟ ਰਿਸ਼ਤਾ ਹੈ।

ਗੁਰੂ ਸਾਹਿਬ ਇਹ ਵੀ ਦੱਸਦੇ ਹਨ ਕਿ ਇਸ ਅਕਾਲ-ਪੁਰਖ, ਕਰਤਾ-ਪੁਰਖ, ਸਤਿ-ਪੁਰਖ, ਆਦਿ-ਪੁਰਖ, ਹਰਿ, ਪ੍ਰਭੂ, ਪਰਮਾਤਮਾ ਦੇ ਪ੍ਰਗਟ ਰੂਪ ਕੁਦਰਤ ਤੇ ਮਨੁੱਖ ਜਾਤੀ ਵਿਚਕਾਰ ਕੋਈ ਅੰਤਰ ਨਹੀਂ ਹੈ ਅਤੇ ਇਨ੍ਹਾਂ ਦਾ ਇਕ-ਦੂਜੇ ਨਾਲ ਲੈਣ-ਦੇਣ ਦਾ ਸਿੱਧਾ ਸਬੰਧ ਹੈ। ਇਨ੍ਹਾਂ ਵਿਚ ਕਿਸੇ ਵਿਚੋਲਗਿਰੀ ਦੀ ਲੋੜ ਨਹੀਂ। ਗੁਰੂ ਸਾਹਿਬ ਇਹ ਵੀ ਗਿਆਨ ਦਿੰਦੇ ਹਨ ਕਿ ਮਨੁੱਖ ਨੂੰ ਇਸ ਪੜਾਅ 'ਤੇ ਪਹੁੰਚ ਕੇ ਹੁਣ ਬੰਦੇ ਦੇ ਬਣਾਏ ਕਾਨੂੰਨਾਂ ਦੀ ਜਕੜ ਵਿਚੋਂ ਕੱਢ ਕੇ, ਸਿੱਧੇ ਕੁਦਰਤੀ ਕਾਨੂੰਨਾਂ ਭਾਵ ਹੁਕਮੁ ਅਧੀਨ ਨਵੇਂ ਸਿਰਿਓਂ ਜਥੇਬੰਦ ਕਰਨ ਦੀ ਲੋੜ ਹੈ। ਉਨ੍ਹਾਂ ਨੇ ਆਪਣੀ ਸਾਰੀ ਉਮਰ ਇਸ ਸੰਕਲਪ ਨੂੰ ਹਕੀਕਤ ਵਿਚ ਢਾਲਣ ਦੀ ਕੋਸ਼ਿਸ਼ ਕੀਤੀ। ਇਸ ਸੋਚ ਨੂੰ ਵਿਹਾਰ ਵਿਚ ਬਦਲਣ ਦੇ ਯਤਨ ਕੀਤੇ। ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਮਨੁੱਖੀ ਸਮਾਜ ਨੂੰ ਇਸ ਆਧਾਰ ਉਤੇ ਮੁੜ ਤੋਂ ਜਥੇਬੰਦ ਕਰਨ ਦੇ ਯਤਨ ਸ਼ੁਰੂ ਹੋ ਗਏ ਸਨ, ਜਿਨ੍ਹਾਂ ਨੂੰ ਅੰਤਿਮ ਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਨੂੰ ਜਥੇਬੰਦ ਕਰਕੇ ਦਿੱਤਾ। 'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ' ਸਿੱਖ ਪੰਥ ਦਾ ਇਸ ਲਈ ਨਿਸ਼ਾਨਾ ਮਿਥਿਆ ਗਿਆ ਕਿ ਇਸ ਦਾ ਮੰਤਵ ਅਜਿਹੇ ਰਾਜ ਦੀ ਸਥਾਪਨਾ ਕਰਨਾ ਹੈ ਜਿਸ ਅਧੀਨ ਕੋਈ ਵੀ ਮਨੁੱਖ

*(ਬਾਕੀ ਸਫਾ 25 'ਤੇ)*

# ਆਫੀਆ ਸਦੀਕੀ ਦਾ ਜਹਾਦ-2

*1972 ਵਿਚ ਪਾਕਿਸਤਾਨ 'ਚ ਜੰਮੀ ਆਫੀਆ ਸਦੀਕੀ ਦੀ ਇਹ ਕਹਾਣੀ 'ਆਫੀਆ ਸਦੀਕੀ ਦਾ ਜਹਾਦ' ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਆਫੀਆ ਨੇ ਅਮਰੀਕਾ ਵਿਚ ਉਚ ਸਿੱਖਿਆ ਹਾਸਲ ਕੀਤੀ ਅਤੇ ਡਾਕਟਰ ਬਣੀ, ਪਰ ਉਸ ਦੇ ਜ਼ਿਹਨ ਵਿਚ ਉਸ ਸਿੱਖਿਆ ਨੇ ਵਾਹਵਾ ਉਥਲ-ਪੁਥਲ ਮਚਾਈ ਜੋ ਉਸ ਨੇ ਆਪਣੀ ਅੰਮੜੀ ਦੀਆਂ ਮਜ਼ਹਬੀ ਤਕਰੀਰਾਂ ਤੋਂ ਗ੍ਰਹਿਣ ਕੀਤੀ ਸੀ। ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਇਸ ਕੁੜੀ ਦਾ ਨਾਂ ਇੰਨੀ ਵੱਡੀ ਪੱਧਰ ਉਤੇ ਜਹਾਦ ਨਾਲ ਜੁੜ ਜਾਵੇਗਾ। ਬਾਅਦ ਵਿਚ ਅਮਰੀਕੀ ਜੇਲ੍ਹਾਂ ਵਿਚ ਇਸ ਕੁੜੀ ਨਾਲ ਜੋ ਹੋਈ-ਬੀਤੀ, ਉਹ ਸੁਣ ਕੇ ਤਾਂ ਪੱਥਰ-ਦਿਲ ਵੀ ਕੰਬ ਉਠਦੇ ਹਨ। ਇਹ ਅਸਲ ਵਿਚ ਇਕੱਲੀ ਆਫੀਆ ਦੀ ਕਥਾ-ਕਹਾਣੀ ਨਹੀਂ, ਸਗੋਂ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਈ। ਅੱਜਕੱਲ੍ਹ ਇਹ ਕੁੜੀ ਅਮਰੀਕੀ ਜੇਲ੍ਹ ਵਿਚ ਬੰਦ ਹੈ ਅਤੇ ਉਸ ਨੂੰ 86 ਸਾਲ ਦੀ ਸਜ਼ਾ ਮਿਲੀ ਹੋਈ ਹੈ। ਲੇਖਕ ਹਰਮਹਿੰਦਰ ਚਾਹਲ ਨੇ ਆਫੀਆ ਦੀ ਇਸ ਕਹਾਣੀ ਦੇ ਬਹਾਨੇ ਉਸ ਉਬਾਲੇ ਮਾਰਦੇ ਵਕਤ ਦੀ ਬਾਤ ਪਾਈ ਹੈ ਜਦੋਂ ਆਲਾ-ਦੁਆਲਾ ਬਹੁਤ ਤੇਜ਼ੀ ਨਾਲ ਕਰਵਟਾਂ ਲੈ ਰਿਹਾ ਸੀ ਅਤੇ ਮਾਸੂਮ ਜਿੰਦਾਂ ਇਨ੍ਹਾਂ ਕਰਵਟਾਂ ਦੇ ਰੂ-ਬ-ਰੂ ਹੋ ਰਹੀਆਂ ਸਨ। ਹਰਮਹਿੰਦਰ ਚਹਿਲ ਦੀ ਇਹ ਲੰਮੀ ਰਚਨਾ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪ੍ਰਕਾਸ਼ਿਤ ਕਰ ਰਹੇ ਹਾਂ। -ਸੰਪਾਦਕ*

### *ਤੁਸੀਂ ਪੜ੍ਹ ਚੁੱਕੇ ਹੋ...*

**ਅਫਗਾਨਿਸਤਾਨ ਦੇ ਸ਼ਹਿਰ ਗਜ਼ਨੀ ਵਿਚ ਸਾਲ 2008 'ਚ 17 ਜੁਲਾਈ ਦੀ ਸ਼ਾਮ ਨੂੰ ਇਕ ਮੁਟਿਆਰ ਗ੍ਰਿਫਤਾਰ ਹੋਈ। ਇਹ ਮੁਟਿਆਰ ਕੋਈ ਹੋਰ ਨਹੀਂ, ਅਮਰੀਕੀ ਜਾਂਚ ਏਜੰਸੀ ਐਫ.ਬੀ.ਆਈ. ਦੁਆਰਾ ਐਲਾਨੀ ਗਈ ਦੁਨੀਆਂ ਦੀ ਸਭ ਤੋਂ ਖਤਰਨਾਕ ਅਤਿਵਾਦੀ ਔਰਤ ਆਫੀਆ ਸਦੀਕੀ ਸੀ। ਪਾਕਿਸਤਾਨ ਵਿਚ ਰਹਿੰਦਿਆਂ ਆਫੀਆ ਦੀ ਮਾਂ ਇਸਮਤ ਜਹਾਨ ਮਜ਼ਹਬੀ ਤਾਲੀਮ ਦੇ ਖੇਤਰ ਵਿਚ ਬੜੀ ਤੇਜ਼ੀ ਨਾਲ ਉਭਰੀ ਸੀ। ਅੰਮੀ ਦੀ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਡੂੰਘਾ ਅਸਰ ਹੋਇਆ। ਜਨਰਲ ਜ਼ਿਆ-ਉਲ-ਹੱਕ ਦੇ ਕਾਰਜਕਾਲ ਵੇਲੇ ਉਸ ਦਾ ਰੁਤਬਾ ਹੋਰ ਵੀ ਵੱਡਾ ਹੋ ਗਿਆ। ਉਸ ਦਾ ਪਰਿਵਾਰ ਜਨਰਲ ਜ਼ਿਆ ਅਤੇ ਹੋਰ ਵੱਡੇ ਲੋਕਾਂ ਦੇ ਸਿੱਧਾ ਸੰਪਰਕ ਵਿਚ ਆ ਗਿਆ। ਪਾਕਿਸਤਾਨ ਤੋਂ ਅਫਗਾਨਿਸਤਾਨ ਜਾਣ ਵਾਲਾ ਪਹਿਲਾ ਲੜਾਕਾ ਜਹਾਦੀ ਗਰੁਪ ਸਦੀਕੀ ਪਰਿਵਾਰ ਦੇ ਘਰ ਤੋਂ ਥੋੜ੍ਹੀ ਹੀ ਦੂਰ ਸਥਿਤ ਬਿਨੂਰੀ ਕਸਬੇ ਦੀ ਮਸਜਿਦ 'ਚੋਂ ਵਿਦਾ ਹੋਇਆ ਸੀ। ਜਨਰਲ ਜ਼ਿਆ ਦੀ ਅਚਾਨਕ ਹੋਈ ਮੌਤ ਪਰਿਵਾਰ ਲਈ ਅਸਹਿ ਸੀ। ਪਰਿਵਾਰ ਨੇ ਨਵੇਂ ਸਿਰਿਓਂ ਸੋਚਿਆ। ਆਫੀਆ ਦਾ ਭਰਾ ਮੁਹੰਮਦ ਅਲੀ ਪੜ੍ਹਾਈ ਲਈ ਅਮਰੀਕਾ ਗਿਆ ਹੋਇਆ ਸੀ। ਪਰਿਵਾਰ ਨੇ ਆਫੀਆ ਨੂੰ ਵੀ ਅਮਰੀਕਾ ਭੇਜਣ ਦਾ ਫੈਸਲਾ ਕੀਤਾ।...ਹੁਣ ਅੱਗੇ ਪੜ੍ਹੋ...।**

ਡੈਲਟਾ ਏਅਰਲਾਈਨਜ਼ ਦਾ ਜਹਾਜ਼ ਨੀਵਾਂ ਹੋਣ ਲੱਗਿਆ ਤਾਂ ਆਫੀਆ ਨੇ ਹੇਠਾਂ ਵੱਲ ਨੀਝ ਲਾ ਕੇ ਵੇਖਿਆ। ਉਸ ਨੂੰ ਕੁਝ ਵੀ ਵਿਖਾਈ ਨਾ ਦਿੱਤਾ। ਹੇਠਾਂ ਸੰਘਣੀ ਧੁੰਦ ਜਿਹੀ ਵਿਛੀ ਹੋਈ ਸੀ। ਜਹਾਜ਼ ਨੀਵਾਂ ਹੁੰਦਾ ਗਿਆ ਪਰ ਹੇਠਾਂ ਅਜੇ ਵੀ ਕੁਝ ਨਹੀਂ ਦਿਸ ਰਿਹਾ ਸੀ। ਫਿਰ ਉਸ ਨੂੰ ਮਰੀਆਂ ਜਿਹੀਆਂ ਰੋਸ਼ਨੀਆਂ ਦਿਸਣੀਆਂ ਸ਼ੁਰੂ ਹੋਈਆਂ ਤੇ ਉਦੋਂ ਹੀ ਜਹਾਜ਼ ਲੈਂਡ ਕਰ ਗਿਆ। ਝਟਕਾ ਜਿਹਾ ਵੱਜਿਆ ਤੇ ਜਹਾਜ਼



**ਹਰਮਹਿੰਦਰ ਚਹਿਲ**
**ਫੋਨ: 703-362-3239**
e-mail: chahals57@yahoo.com

ਰਨਵੇਅ 'ਤੇ ਭੱਜਣ ਲੱਗਿਆ। ਫਿਰ ਜਹਾਜ਼ ਹੌਲੀ ਹੋਇਆ ਤਾਂ ਆਫੀਆ ਨੇ ਬਾਹਰ ਵੱਲ ਵੇਖਿਆ। ਹਰ ਪਾਸੇ ਬਰਫ ਦੇ ਢੇਰ ਲੱਗੇ ਪਏ ਸਨ। ਜਦੋਂ ਉਸ ਨੂੰ ਪਤਾ ਲੱਗਿਆ ਕਿ ਇਹ ਤਾਂ ਸਨੋਅ ਪੈ ਰਹੀ ਹੈ ਤਾਂ ਉਹ ਅਚੰਭੇ ਨਾਲ ਬਾਹਰ ਵੇਖਣ ਲੱਗੀ। ਇੰਨੇ ਨੂੰ ਜਹਾਜ਼ ਟਰਮੀਨਲ 'ਤੇ ਜਾ ਲੱਗਿਆ। ਉਹ ਕਸਟਮ ਵਗੈਰਾ 'ਚੋਂ ਕਲੀਅਰ ਹੋ ਕੇ ਬਾਹਰ ਆਈ ਤਾਂ ਸਾਹਮਣੇ ਉਸ ਦਾ ਭਰਾ ਮੁਹੰਮਦ ਅਲੀ ਉਸ ਨੂੰ ਉਡੀਕ ਰਿਹਾ ਸੀ। ਨਾਲ ਕੋਈ ਉਸ ਦਾ ਦੋਸਤ ਜਾਪਦਾ ਗੋਰਾ ਮੁੰਡਾ ਸੀ। ਆਫੀਆ ਭਰਾ ਨਾਲ ਘਰੇ ਚਲੀ ਗਈ। ਉਸ ਦੇ ਭਰਾ ਦਾ ਹਿਊਸਟਨ ਯੂਨੀਵਰਸਿਟੀ ਦੇ ਨੇੜੇ ਹੀ ਆਪਣਾ ਅਪਾਰਟਮੈਂਟ ਸੀ। ਉਹ ਉਥੇ ਹੀ ਪੜ੍ਹਿਆ ਸੀ ਤੇ ਹੁਣ ਆਰਚੀਟੈਕਟ ਦਾ ਕੰਮ ਕਰ ਰਿਹਾ ਸੀ। ਸਾਰੇ ਉਸ ਨੂੰ ਮੁਹੰਮਦ ਕਹਿ ਕੇ ਬੁਲਾਉਂਦੇ ਸਨ।

ਅਗਲੇ ਪੰਜ ਸੱਤ ਦਿਨ ਤਾਂ ਆਫੀਆ ਦਾ ਥਕੇਵਾਂ ਹੀ ਨਾ ਲੱਥਿਆ। ਉਸ ਦਾ ਮਨ ਵੀ ਪਿੱਛੇ ਲਈ ਬੜਾ ਉਦਾਸ ਸੀ। ਉਹ ਸਾਰਾ ਦਿਨ ਅਪਾਰਟਮੈਂਟ ਵਿਚ ਹੀ ਪਈ ਰਹਿੰਦੀ। ਟੀ.ਵੀ. ਵਗੈਰਾ ਦੀ ਉਸ ਨੂੰ ਨਾ ਪੂਰੀ ਸਮਝ ਆਉਂਦੀ ਸੀ ਤੇ ਨਾ ਹੀ ਉਸ ਨੂੰ ਟੀ.ਵੀ. ਵੇਖਣਾ ਪਸੰਦ ਸੀ। ਫਿਰ ਮੁਹੰਮਦ ਉਸ ਨੂੰ ਯੂਨੀਵਰਸਿਟੀ ਲੈ ਗਿਆ ਤੇ ਉਸ ਦੀ ਪੜ੍ਹਾਈ ਦਾ ਪਤਾ ਕੀਤਾ। ਸਾਰੀ ਜਾਣਕਾਰੀ ਲੈ ਕੇ ਆਫੀਆ ਨੇ ਕਲਾਸਾਂ 'ਚ ਜਾਣਾ ਸ਼ੁਰੂ ਕਰ ਦਿੱਤਾ ਪਰ ਅਜੇ ਵੀ ਉਸ ਦਾ ਮਨ ਲੱਗ ਨਹੀਂ ਸੀ ਰਿਹਾ। ਉਹ ਘਰੇ ਵੀ ਅੰਦਰੇ ਹੀ ਵੜੀ ਰਹਿੰਦੀ। ਫਿਰ ਹੌਲੀ ਹੌਲੀ ਉਸ ਦਾ ਮਨ ਪਰਚਣ ਲੱਗਿਆ। ਇਸ ਦਾ ਵੱਡਾ ਕਾਰਨ ਸੀ ਕਿ ਇੱਥੇ ਮੁਸਲਮਾਨ ਵਿਦਿਆਰਥੀਆਂ ਦੀ ਬਹੁਤ ਵੱਡੀ ਗਿਣਤੀ ਸੀ। ਉਹ ਕਈਆਂ ਦੇ ਨੇੜੇ ਹੋਣ ਲੱਗੀ। ਆਪਣੇ ਸੁਭਾਅ ਮੁਤਾਬਕ ਆਫੀਆ ਹਰ ਇੱਕ ਨਾਲ ਧਰਮ ਬਾਰੇ ਚਰਚਾ ਜ਼ਰੂਰ ਕਰਦੀ। ਇਸੇ ਦੌਰਾਨ ਹੀ ਉਹ ਵੇਖਦੀ ਕਿ ਉਸ ਦੇ ਭਰਾ ਦੇ ਅਪਾਰਟਮੈਂਟ 'ਚ ਬਹੁਤ ਸਾਰੇ ਵਿਦਿਆਰਥੀ ਆਉਂਦੇ ਸਨ। ਉਥੇ ਮੁਸਲਮਾਨ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਬਾਰੇ ਚਰਚਾ ਚਲਦੀ ਰਹਿੰਦੀ ਸੀ। ਉਸ ਦਾ ਭਰਾ ਮੁਸਲਿਮ ਭਾਈਚਾਰੇ ਦਾ ਸਿਰਕੱਢ ਲੀਡਰ ਸੀ। ਅਜਿਹੇ ਵੇਲੇ ਉਹ ਪਿਛਲੇ ਕਮਰੇ 'ਚ ਚਲੀ ਜਾਂਦੀ। ਉਹ ਸਾਰਿਆਂ ਦੇ ਵਿਚਕਾਰ ਨਾ ਬੈਠਦੀ। ਫਿਰ ਉਸ ਨੇ ਵੇਖਿਆ ਕਿ ਉਸ ਦੇ ਭਰਾ ਦਾ ਉਹ ਦੋਸਤ ਮੁੰਡਾ ਜਿਹੜਾ ਉਸ ਦੇ ਅਮਰੀਕਾ ਆਉਣ ਵਾਲੇ ਦਿਨ ਵੀ ਏਅਰਪੋਰਟ ਗਿਆ ਸੀ, ਉਹ ਵੀ ਅਪਾਰਟਮੈਂਟ 'ਚ ਬਹੁਤ ਆਉਂਦਾ ਜਾਂਦਾ ਸੀ। ਉਸ ਦਾ ਨਾਂ ਜਾਰਜ ਸੀ। ਜਾਰਜ ਜਦੋਂ ਵੀ ਆਉਂਦਾ ਤਾਂ ਆਫੀਆ ਉਸ ਤੋਂ ਪਾਸੇ ਹੋ ਜਾਂਦੀ; ਹਾਲਾਂਕਿ ਉਹ ਹਮੇਸ਼ਾ ਉਸ ਨਾਲ ਕੋਈ ਗੱਲ ਕਰਨੀ ਚਾਹੁੰਦਾ। ਉਹ ਉਸ ਨਾਲ ਪਹਿਲੀ ਵਾਰ ਉਦੋਂ ਬੋਲੀ ਜਦੋਂ ਇੱਕ ਦਿਨ ਮੁਹੰਮਦ ਨੇ ਜਾਰਜ ਦੇ ਆਇਆਂ ਤੋਂ ਉਸ ਨੂੰ ਕਮਰੇ 'ਚ ਬੁਲਾਇਆ। ਉਸ ਨੇ ਦੱਸਿਆ ਕਿ ਜਾਰਜ ਉਸ ਦਾ ਬਹੁਤ ਗਹਿਰਾ ਦੋਸਤ ਹੈ ਤੇ ਉਹ ਉਸ ਨਾਲ ਬੇਝਿਜਕ ਗੱਲਬਾਤ ਕਰ ਸਕਦੀ ਹੈ। ਫਿਰ ਉਹ ਜਾਰਜ ਨਾਲ ਥੋੜ੍ਹਾ ਬਹੁਤਾ ਬੋਲਣ ਲੱਗੀ। ਜਾਰਜ ਉਸ ਨੂੰ ਫਰੈਂਡ ਕਹਿ ਕੇ ਬੁਲਾਉਂਦਾ ਤਾਂ ਇਹ ਸੰਬੋਧਨ ਉਸ ਨੂੰ ਚੰਗਾ ਨਾ ਲੱਗਦਾ। ਫਿਰ ਜਾਰਜ ਉਸ ਨੂੰ ਸਿਸਟਰ ਕਹਿ ਕੇ ਬੁਲਾਉਣ ਲੱਗਿਆ ਤਾਂ ਜਾਰਜ ਨਾਲ ਉਹ ਪੂਰੀ ਤਰ੍ਹਾਂ ਖੁੱਲ੍ਹ ਗਈ। ਉਹ ਉਸ ਨਾਲ ਧਰਮ ਬਾਰੇ ਲੰਬੀਆਂ ਬਹਿਸਾਂ ਕਰਦੀ। ਇਨ੍ਹਾਂ ਬਹਿਸਾਂ ਦੌਰਾਨ ਜਾਰਜ ਵੇਖਦਾ ਕਿ ਉਹ ਹਰ ਵੇਲੇ ਇਸਲਾਮ ਨੂੰ ਹੀ ਵਡਿਆਉਂਦੀ ਸੀ। ਦੂਜੇ ਧਰਮਾਂ ਦੀ ਉਹ ਜ਼ਿਆਦਾ ਕਦਰ ਨਹੀਂ ਕਰਦੀ ਸੀ। ਜਾਰਜ ਬਹੁਤ ਵਾਰੀ ਇਸਾਈ ਧਰਮ ਬਾਰੇ ਕੁਝ ਸਮਝਾਉਂਦਾ ਪਰ ਉਹ ਕਿਸੇ ਗੱਲ ਨਾਲ ਸਹਿਮਤ ਨਾ ਹੁੰਦੀ। ਉਹ ਹਰ ਬਹਿਸ ਵੇਲੇ ਇਸਲਾਮ ਨੂੰ ਉਚਾ ਅਤੇ ਅਸਲੀ ਧਰਮ ਕਹਿੰਦੀ। ਜਾਰਜ ਨੇ ਇੱਕ ਗੱਲ ਜ਼ਰੂਰ ਵੇਖ ਲਈ ਸੀ ਕਿ ਆਫੀਆ ਨੂੰ ਧਰਮ ਬਾਰੇ ਬਹੁਤ ਡੂੰਘੀ ਜਾਣਕਾਰੀ ਸੀ ਅਤੇ ਉਸ 'ਚ ਦੂਜਿਆਂ ਨੂੰ ਆਪਣੇ ਪ੍ਰਭਾਵ ਹੇਠ ਲੈਣ ਦੀ ਕਾਬਲੀਅਤ ਸੀ। ਮੁਹੰਮਦ ਦੇ ਕਈ ਦੋਸਤ ਤਾਂ ਪਹਿਲੀ ਵਾਰ ਹੀ ਉਸ ਦਾ ਪ੍ਰਭਾਵ ਕਬੂਲ ਲੈਂਦੇ ਸਨ। ਆਫੀਆ ਦੇ ਹੋਰ ਰਿਸ਼ਤੇਦਾਰ ਵੀ ਹਿਊਸਟਨ ਰਹਿੰਦੇ ਸਨ। ਕਿਸੇ ਨਾ ਕਿਸੇ ਫੰਕਸ਼ਨ ਜਾਂ ਤਿਉਹਾਰ ਵਾਲੇ ਦਿਨ ਸਾਰੇ ਇਕੱਠੇ ਹੁੰਦੇ ਰਹਿੰਦੇ ਸਨ। ਜਾਰਜ ਇਨ੍ਹਾਂ ਸਾਰਿਆਂ ਨੂੰ ਜਾਣਦਾ ਸੀ ਅਤੇ ਸਭ ਨਾਲ ਵਰਤਦਾ ਵੀ ਸੀ। ਇਸ ਕਰ ਕੇ ਆਫੀਆ ਪਿੱਛੋਂ ਜਾ ਕੇ ਉਸ ਨਾਲ ਪੂਰੀ ਤਰ੍ਹਾਂ ਖੁੱਲ੍ਹ ਗਈ। ਉਹ ਖੁੱਲ੍ਹ ਕੇ ਬਹਿਸਾਂ ਕਰਦੇ। ਇੱਕ ਦਿਨ ਜਾਰਜ, ਮੁਹੰਮਦ ਦੇ ਅਪਾਰਟਮੈਂਟ 'ਚ ਆਇਆ ਤਾਂ ਉਸ ਨੇ ਵੇਖਿਆ ਕਿ ਆਫੀਆ ਚੁੱਪ ਚਾਪ ਇੱਕ ਪਾਸੇ ਬੈਠੀ ਹੋਈ ਸੀ। ਘਰ ਵਿਚ ਪੂਰੀ ਚੁੱਪ-ਚਾਨ ਸੀ।

"ਕੀ ਗੱਲ ਸਿਸਟਰ, ਅੱਜ ਇੰਨੀ ਉਦਾਸ ਐਂ?" ਜਾਰਜ ਨੇ ਪੁੱਛਿਆ।

"ਜਾਰਜ, ਅੱਜ ਘਰ ਯਾਦ ਆ ਰਿਹਾ ਐ। ਖਾਸ ਕਰ ਕੇ ਅੰਮੀ।"

"ਨਾ ਤੂੰ ਟੀ.ਵੀ. ਵੇਖਦੀ ਐਂ। ਨਾ ਕੋਈ ਕਿਤਾਬ ਪੜ੍ਹਦੀ ਐਂ। ਫਿਰ ਵਿਹਲੀ ਬੈਠੀ ਨੇ ਉਦਾਸ ਤਾਂ ਹੋਣਾ ਈ ਐ।"

"ਇਸੇ ਕਰ ਕੇ ਈ ਮੈਂ ਟੀ.ਵੀ. ਨ੍ਹੀਂ ਵੇਖਦੀ ਤੇ ਨਾ ਈ ਕੁਛ ਪੜ੍ਹਦੀ ਆਂ।"

"ਮਤਲਬ?" ਜਾਰਜ ਹੈਰਾਨ ਹੋਇਆ।

"ਕਿਉਂਕਿ ਇਹ ਗੱਲਾਂ ਸਿਰਫ ਵਕਤ ਕਟੀ ਲਈ ਨੇ। ਇਹ ਇਨਸਾਨ ਦਾ ਵਕਤ ਪਾਸ ਨ੍ਹੀਂ ਕਰਵਾਉਂਦੀਆਂ, ਸਗੋਂ ਇਹ ਵਕਤ ਬਰਬਾਦ ਕਰਦੀਆਂ ਨੇ। ਇਸੇ ਕਰ ਕੇ ਇਨ੍ਹਾਂ ਗੱਲਾਂ ਦੀ ਸਾਡੇ ਧਰਮ 'ਚ ਮਨਾਹੀ ਐ।"

"ਵਿਹਲੇ ਵੇਲੇ ਹੋਰ ਫਿਰ ਕੀ ਕਰੋ?"

"ਰੱਬ ਦੀ ਇਬਾਦਤ ਕਰੋ, ਜਾਂ ਫਿਰ ਸਮਾਜਕ ਭਲਾਈ ਦੇ ਕੰਮ ਕਰੋ।"

"ਜੇ ਤੁਸੀਂ ਟੀ.ਵੀ. ਨ੍ਹੀਂ ਵੇਖੋਗੇ, ਕੋਈ ਅਖ਼ਬਾਰ ਨ੍ਹੀਂ ਪੜ੍ਹੋਗੇ ਤਾਂ ਤੁਹਾਨੂੰ ਕਿਵੇਂ ਪਤਾ ਲੱਗੂ ਕਿ ਸੰਸਾਰ ਅੰਦਰ ਕੀ ਹੋ ਰਿਹਾ ਐ?"

"ਤੇਰੇ ਵਰਗਿਆਂ ਤੋਂ ਪਤਾ ਲੱਗ ਈ ਜਾਂਦਾ ਐ ਕਿ ਸੰਸਾਰ ਅੰਦਰ ਕੀ ਚੱਲ ਰਿਹਾ ਐ।" ਇੰਨਾ ਕਹਿੰਦਿਆਂ ਆਫੀਆ ਹੱਸੀ। ਉਸ ਦੀ ਇਹ ਗੱਲ ਸੁਣ ਕੇ ਜਾਰਜ ਹੈਰਾਨ ਨਾ ਹੋਇਆ ਕਿਉਂਕਿ ਉਸ ਨੇ ਪਹਿਲਾਂ ਹੀ ਵੇਖ ਲਿਆ ਸੀ ਕਿ ਜੋ ਅੱਜਕੱਲ੍ਹ ਦੀ ਜੁਆਨ ਪੀੜ੍ਹੀ ਕਰ ਰਹੀ ਹੈ, ਆਫੀਆ ਉਨ੍ਹਾਂ ਗੱਲਾਂ ਤੋਂ ਕੋਹਾਂ ਦੂਰ ਹੈ। ਉਹ ਟੀ.ਵੀ. ਨਹੀਂ ਵੇਖਦੀ, ਸੰਗੀਤ ਨਹੀਂ ਸੁਣਦੀ, ਕੋਈ ਨਾਵਲ ਵਗੈਰਾ ਨਹੀਂ ਪੜ੍ਹਦੀ ਤੇ ਕਿਸੇ ਮੁੰਡੇ ਨਾਲ ਘੁੰਮਣ-ਫਿਰਨ ਜਾਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਉਸ ਦੇ ਲਈ ਬੱਸ ਦੋ ਹੀ ਗੱਲਾਂ ਜ਼ਰੂਰੀ ਸਨ, ਆਪਣੀ ਪੜ੍ਹਾਈ ਜਾਂ ਫਿਰ ਧਰਮ। ਉਹ ਕੁਝ ਦੇਰ ਚੁੱਪ ਰਹਿੰਦਾ ਬੋਲਿਆ, "ਸਿਸਟਰ ਤੈਨੂੰ ਮੈਂ ਸਲਾਹ ਦੇਊਂ ਕਿ ਤੂੰ ਟੀ.ਵੀ. 'ਤੇ ਖ਼ਬਰਾਂ ਵਗੈਰਾ ਜ਼ਰੂਰ ਵੇਖ ਲਿਆ ਕਰ। ਇਸ ਨਾਲ ਇਨਸਾਨ ਨੂੰ ਇੰਨਾ ਪਤਾ ਲੱਗਦਾ ਰਹਿੰਦੈ ਕਿ ਆਲੇ-ਦੁਆਲੇ ਕੀ ਹੋ ਰਿਹਾ ਐ।"

"ਕਿਉਂ ਕੁਛ ਖਾਸ ਹੋ ਰਿਹਾ ਐ?" ਆਫੀਆ ਨੇ ਗੱਲ ਫਿਰ ਮਜ਼ਾਕ 'ਚ ਪਾਈ।

"ਤੈਨੂੰ ਨ੍ਹੀਂ ਪਤਾ ਕਿ ਅੱਜ ਕੀ ਹੋ ਗਿਆ?"

"ਨ੍ਹੀਂ ਤਾਂ।"

"ਇਰਾਕ ਨੇ ਕੁਵੈਤ 'ਤੇ ਹਮਲਾ ਕਰ ਦਿੱਤੈ।"

"ਹੈਂ!?" ਆਫੀਆ ਹੈਰਾਨ ਹੁੰਦਿਆਂ ਜਾਰਜ ਵੱਲ ਝਾਕੀ। ਉਹ ਇੱਕਦਮ ਸਕਤੇ 'ਚ ਆ ਗਈ।"

"ਹਾਂ, ਇਹ ਸਹੀ ਐ। ਪਿਛਲੇ ਕਈ ਦਿਨਾਂ ਤੋਂ ਝਗੜਾ ਚੱਲ ਰਿਹਾ ਸੀ, ਇਹ ਤਾਂ ਤੈਨੂੰ ਪਤਾ ਈ ਐ; ਪਰ ਅੱਜ ਸੱਦਾਮ ਹੁਸੈਨ ਸਾਰੀ ਦੁਨੀਆਂ ਦੇ ਰੋਕਣ ਦੇ ਬਾਵਜੂਦ ਨਾ ਰੁਕਿਆ ਤੇ ਉਸ ਨੇ ਕੁਵੇਤ 'ਤੇ ਚੜ੍ਹਾਈ ਕਰ ਦਿੱਤੀ।"

"ਸੱਦਾਮ ਹੁਸੈਨ ਤਾਂ ਬੁੱਚੜ ਐ, ਇਹ ਸਾਰੇ ਈ ਜਾਣਦੇ ਨੇ ਪਰ ਘੱਟ ਕੁਵੈਤ ਦੇ ਸ਼ੇਖ ਵੀ ਨ੍ਹੀਂ।"

"ਸਿਸਟਰ, ਕੁਵੈਤ ਦਾ ਇਸ 'ਚ ਕੀ ਕਸੂਰ?" ਜਾਰਜ ਉਸ ਦੀ ਗੱਲ ਤੋਂ ਹੈਰਾਨ ਸੀ।

"ਇਹ ਜਿੰਨੇ ਵੀ ਤਾਨਾਸ਼ਾਹ ਨੇ, ਸਾਰੇ ਈ

## ਕੌੜਾ ਸੱਚ

ਸ਼ੈਤਾਨ ਨੇ। ਸਾਰੇ ਇਸਲਾਮ ਨੂੰ ਢਾਹ ਲਾ ਰਹੇ ਨੇ। ਇਨ੍ਹਾਂ ਸਭ ਦਾ ਈ ਖਾਤਮਾ ਹੋਣਾ ਜ਼ਰੂਰੀ ਐ।"

"ਫਿਰ ਤੇਰੇ ਖਿਆਲ 'ਚ ਹੁਣ ਕੀ ਹੋਣਾ ਚਾਹੀਦਾ ਐ?"

"ਪਹਿਲਾਂ ਸੱਦਾਮ ਦਾ ਫਸਤਾ ਵੱਢਿਆ ਜਾਵੇ। ਉਸ ਪਿੱਛੋਂ ਇਨ੍ਹਾਂ ਸ਼ੇਖਾਂ ਅਤੇ ਡਿਕਟੇਟਰਾਂ ਦਾ ਸਫਾਇਆ ਹੋਵੇ।"

"ਕੌਣ ਕਰੂਗਾ ਇਹ ਸਭ?"

"ਲੋਕ।" ਇੰਨਾ ਕਹਿ ਕੇ ਆਫੀਆ ਜਾਰਜ ਵੱਲ ਝਾਕੀ।

"ਲੋਕ ਇੱਥੇ ਕੁਛ ਨ੍ਹੀਂ ਕਰ ਸਕਦੇ। ਇਸ ਵੇਲੇ ਕਿਸੇ ਵੱਡੀ ਸ਼ਕਤੀ ਦੀ ਲੋੜ ਐ ਜੋ ਸੱਦਾਮ ਨੂੰ ਨੱਥ ਪਾਵੇ।"

"ਮਤਲਬ?"

"ਮਲਤਬ ਇਹ ਐ ਕਿ ਅਮਰੀਕਾ ਨੇ ਇਰਾਕ ਨੂੰ ਕਹਿ ਦਿੱਤਾ ਐ ਕਿ ਉਹ ਆਪਣੀਆਂ ਫੌਜਾਂ ਕੁਵੈਤ 'ਚੋਂ ਬਾਹਰ ਕੱਢੇ। ਨ੍ਹੀਂ ਤਾਂ ਫਿਰ ਨਤੀਜੇ ਭੁਗਤਣ ਲਈ ਤਿਆਰ ਰਹੇ।"

"ਅਮਰੀਕਾ ਇੱਥੇ ਵਿਚ-ਵਿਚਕਾਰ ਕਿੱਥੋਂ ਆ ਗਿਆ? ਇਹ ਅਰਬ ਮੁਲਕਾਂ ਦਾ ਆਪਸ ਦਾ ਮਾਮਲਾ ਐ।" ਆਫੀਆ ਤੁਰੰਤ ਗੱਲ ਦਾ ਪਾਸਾ ਬਦਲ ਗਈ।



*ਜਾਰਜ ਉਸ ਨੂੰ ਫਰੈਂਡ ਕਹਿ ਕੇ ਬੁਲਾਉਂਦਾ ਤਾਂ ਇਹ ਸੰਬੋਧਨ ਉਸ ਨੂੰ ਚੰਗਾ ਨਾ ਲੱਗਦਾ। ਫਿਰ ਜਾਰਜ ਉਸ ਨੂੰ ਸਿਸਟਰ ਕਹਿ ਕੇ ਬੁਲਾਉਣ ਲੱਗਿਆ ਤਾਂ ਜਾਰਜ ਨਾਲ ਉਹ ਪੂਰੀ ਤਰ੍ਹਾਂ ਖੁੱਲ੍ਹ ਗਈ। ਉਹ ਉਸ ਨਾਲ ਧਰਮ ਬਾਰੇ ਲੰਬੀਆਂ ਬਹਿਸਾਂ ਕਰਦੀ। ਇਨ੍ਹਾਂ ਬਹਿਸਾਂ ਦੌਰਾਨ ਜਾਰਜ ਵੇਖਦਾ ਕਿ ਉਹ ਹਰ ਵੇਲੇ ਇਸਲਾਮ ਨੂੰ ਹੀ ਵਡਿਆਉਂਦੀ ਸੀ। ਦੂਜੇ ਧਰਮਾਂ ਦੀ ਉਹ ਜ਼ਿਆਦਾ ਕਦਰ ਨਹੀਂ ਕਰਦੀ ਸੀ। ਜਾਰਜ ਬਹੁਤ ਵਾਰੀ ਕਰਿਸ਼ਚੀਐਨਿਟੀ ਬਾਰੇ ਬਹੁਤ ਕੁਝ ਸਮਝਾਉਂਦਾ ਪਰ ਉਹ ਕਿਸੇ ਗੱਲ ਨਾਲ ਸਹਿਮਤ ਨਾ ਹੁੰਦੀ। ਉਹ ਹਰ ਬਹਿਸ ਵੇਲੇ ਇਸਲਾਮ ਨੂੰ ਉਚਾ ਅਤੇ ਅਸਲੀ ਧਰਮ ਕਹਿੰਦੀ। ਜਾਰਜ ਨੇ ਇੱਕ ਗੱਲ ਜ਼ਰੂਰ ਵੇਖ ਲਈ ਸੀ ਕਿ ਆਫੀਆ ਧਰਮ ਬਾਰੇ ਬਹੁਤ ਡੂੰਘੀ ਜਾਣਕਾਰੀ ਰੱਖਦੀ ਸੀ ਅਤੇ ਉਸ 'ਚ ਦੂਜਿਆਂ ਨੂੰ ਆਪਣੇ ਪ੍ਰਭਾਵ ਹੇਠ ਲੈਣ ਦੀ ਕਾਬਲੀਅਤ ਸੀ। ਮੁਹੰਮਦ ਦੇ ਕਈ ਦੋਸਤ ਤਾਂ ਪਹਿਲੀ ਵਾਰ ਹੀ ਉਸ ਦਾ ਪ੍ਰਭਾਵ ਕਬੂਲ ਲੈਂਦੇ ਸਨ।*

"ਤੈਨੂੰ ਨ੍ਹੀਂ ਪਤਾ, ਇਰਾਕ ਤਾਂ ਕੁਵੈਤ ਤੋਂ ਵੀ ਅੱਗੇ ਸਾਊਦੀ ਅਰਬ 'ਤੇ ਹਮਲਾ ਕਰਨ ਦੀ ਤਿਆਰੀ ਕਰੀ ਜਾ ਰਿਹਾ ਐ। ਜੇ ਉਸ ਨੂੰ ਰੋਕਿਆ ਨਾ ਗਿਆ ਤਾਂ...।"

"ਮੈਨੂੰ ਇਹ ਸਭ ਕੁਛ ਸਾਜ਼ਿਸ਼ ਲੱਗਦੀ ਐ।" ਜਾਰਜ ਦੀ ਗੱਲ ਵਿਚੋਂ ਟੋਕਦੀ ਉਹ ਬੋਲੀ।

"ਸਾਜ਼ਿਸ਼ ਮਤਲਬ?"

"ਅਮਰੀਕਾ ਸ਼ੈਤਾਨ ਦੀ ਪਾਰਟੀ ਐ। ਅੱਜ ਇਹ ਦੁਨੀਆਂ 'ਚ ਕਿਸੇ ਨੂੰ ਵੀ ਟਿਕ ਕੇ ਨ੍ਹੀਂ ਬੈਠਣ ਦਿੰਦਾ। ਹਰ ਮੁਲਕ ਦੇ ਘਰੇਲੂ ਮਾਮਲਿਆਂ 'ਚ ਦਖਲ ਦਿੰਦਾ ਰਹਿੰਦਾ ਐ।"

"ਮੈਂ ਇਹ ਗੱਲ ਨ੍ਹੀਂ ਮੰਨਦਾ। ਤੂੰ ਕੋਈ ਉਦਾਹਰਣ ਦੇਹ।"

"ਦੂਰ ਜਾਣ ਦੀ ਲੋੜ ਈ ਨ੍ਹੀਂ। ਮੇਰੇ ਆਪਣੇ ਮੁਲਕ ਪਾਕਿਸਤਾਨ ਦੀ ਗੱਲ ਕਰ ਲੈਨੇ ਆਂ। ਉਥੇ ਉਹੀ ਹੁੰਦਾ ਐ ਜੋ ਅਮਰੀਕਾ ਨੂੰ ਚੰਗਾ ਲੱਗੇ। ਮੁਲਕ 'ਤੇ ਰਾਜ ਕਰਨ ਵਾਲਾ ਕੋਈ ਵੀ ਹੋਵੇ, ਉਸ ਨੂੰ ਅਮਰੀਕਾ ਦੀ ਗੱਲ ਮੰਨਣੀ ਈ ਪੈਂਦੀ ਐ। ਅਸਲ ਵਿਚ ਸਾਡੇ ਮੁਲਕ ਦੇ ਸਾਰੇ ਸਿਆਸਤਦਾਨ ਅਮਰੀਕਾ ਦੇ ਪਿੱਠੂ ਨੇ। ਆਪਣੀ ਰਾਜਗੱਦੀ ਬਚਾਉਣ ਲਈ ਉਹ ਕੋਈ ਵੀ ਸਮਝੌਤਾ ਕਰ ਸਕਦੇ ਨੇ। ਇਵੇਂ ਈ ਬਾਕੀ ਮੁਲਕਾਂ 'ਚ ਹੋ ਰਿਹਾ ਐ। ਅਰਬ ਮੁਲਕਾਂ 'ਚ ਅਮਰੀਕਾ ਇੱਕ ਦੂਜੇ ਨੂੰ ਲੜਾ ਕੇ ਆਪਣਾ ਮਤਲਬ ਕੱਢੀ ਰੱਖਦਾ ਐ।"

"ਪਰ ਆਪਾਂ ਗੱਲ ਇਰਾਕ ਦੀ ਕਰ ਰਹੇ ਆਂ।" ਜਾਰਜ ਨੇ ਉਸ ਨੂੰ ਟੋਕਿਆ।

"ਠੀਕ ਐ ਇਰਾਕ ਦੀ ਸਹੀ। ਪਹਿਲਾਂ ਤਾਂ ਅਮਰੀਕਾ, ਇਰਾਕ ਨੂੰ ਇਰਾਨ ਦੇ ਖਿਲਾਫ ਚੁੱਕੀ ਗਿਆ। ਇੰਨੇ ਸਾਲ ਦੀ ਇਰਾਨ-ਇਰਾਕ ਲੜਾਈ ਵਿਚ ਇਸ ਨੇ ਇਰਾਕ ਦੀ ਪੂਰੀ ਹਮਾਇਤ ਕੀਤੀ। ਹੁਣ ਉਹ ਲੜਾਈ ਖਤਮ ਹੋ ਗਈ ਤਾਂ ਇਸ ਨੇ ਆਪਣਾ ਹੋਰ ਏਜੰਡਾ ਸ਼ੁਰੂ ਕਰ ਲਿਆ।"

"ਸਿਸਟਰ, ਤੂੰ ਫਿਰ ਮਸਲੇ ਤੋਂ ਪਰ੍ਹਾਂ ਜਾ ਰਹੀ ਐਂ। ਇਰਾਕ ਨੇ ਕੁਵੈਤ 'ਤੇ ਹਮਲਾ ਕੀਤਾ ਐ, ਨਾ ਕਿ ਅਮਰੀਕਾ ਨੇ।"

"ਜਾਰਜ, ਮੈਂ ਸਭ ਜਾਣਦੀ ਆਂ। ਪਿਛਲੇ ਕਈ ਮਹੀਨਿਆਂ ਤੋਂ ਇਹ ਰੌਲਾ ਚੱਲ ਰਿਹਾ ਸੀ। ਇਰਾਕ ਨੇ ਅਮਰੀਕਾ ਕੋਲ ਸ਼ਿਕਾਇਤ ਵੀ ਕੀਤੀ ਸੀ ਕਿ ਉਸ ਦਾ ਕੁਵੈਤ ਨਾਲ ਕਿਸੇ ਇਲਾਕੇ ਨੂੰ ਲੈ ਕੇ ਝਗੜਾ ਐ; ਪਰ ਅਮਰੀਕਾ ਨੇ ਇਹ ਕਹਿ ਕੇ ਪਾਸਾ ਝਾੜ ਲਿਆ ਕਿ ਇਹ ਤੁਹਾਡਾ ਆਪਸੀ ਮਾਮਲਾ ਐ, ਜਿਵੇਂ ਮਰਜ਼ੀ ਸੁਲਝਾਉ, ਉਹ ਇਸ ਵਿਚ ਨਹੀਂ ਪਵੇਗਾ। ਅਸਲ 'ਚ ਇਹ ਕਹਿ ਕੇ ਅਮਰੀਕਾ ਨੇ ਇਰਾਕ ਨੂੰ ਇੱਕ ਕਿਸਮ ਦੀ ਹੱਲਾਸ਼ੇਰੀ ਦਿੱਤੀ ਸੀ ਕਿ ਉਹ ਜੋ ਮਰਜ਼ੀ ਕਰੇ, ਅਮਰੀਕਾ ਵਿਚ ਨ੍ਹੀਂ ਆਵੇਗਾ। ਸੱਦਾਮ ਨੇ ਵੀ ਉਸ ਦਾ ਇਸ਼ਾਰਾ ਸਮਝ ਲਿਆ ਤੇ ਮੌਕਾ ਮਿਲਦਿਆਂ ਈ ਕੁਵੈਤ 'ਤੇ ਚੜ੍ਹਾਈ ਕਰ ਦਿੱਤੀ। ਇਰਾਕ ਦੇ ਇੰਨਾ ਕਰਦਿਆਂ ਈ ਅਮਰੀਕਾ ਆਪਣੀ ਗੱਲ ਤੋਂ ਬਦਲ ਗਿਆ। ਅਸਲ 'ਚ ਅਮਰੀਕਾ ਚਾਹੁੰਦਾ ਸੀ ਕਿ ਕਿਵੇਂ ਨਾ ਕਿਵੇਂ ਇਰਾਕ ਕੋਈ ਕਦਮ ਚੁੱਕੇ ਤੇ ਉਸ ਨੂੰ ਵਿਚ ਪੈਣ ਦਾ ਮੌਕਾ ਮਿਲੇ। ਹੁਣ ਵੇਖ ਲੈ ਅਮਰੀਕਾ ਦੇ ਮਨ ਦੀ ਹੋ ਗਈ। ਇਰਾਕ ਨੂੰ ਰੋਕਣ ਲਈ ਉਸ ਨੇ ਸਾਊਦੀ ਅਰਬ ਨੂੰ ਅੱਗੇ ਲਾ ਲਿਆ।"

"ਸਿਸਟਰ ਆਫੀਆ, ਪਹਿਲਾਂ ਇਹ ਦੱਸ ਕਿ ਤੂੰ ਇਰਾਕ ਦੇ ਚੁੱਕੇ ਇਸ ਕਦਮ ਦੇ ਹੱਕ 'ਚ ਐਂ ਕਿ ਖਿਲਾਫ।"

"ਮੈਂ ਇਸ ਦੇ ਬਿਲਕੁਲ ਖਿਲਾਫ ਆਂ। ਮੈਂ ਤਾਂ ਇੱਥੋਂ ਤੱਕ ਕਹਿਨੀ ਆਂ ਕਿ ਇਸ ਬੁੱਚੜ ਸੱਦਾਮ ਦਾ ਖਾਤਮਾ ਹੋਵੇ ਤੇ ਇਰਾਕ ਦੇ ਲੋਕਾਂ ਦਾ

ਉਸ ਤੋਂ ਖਹਿੜਾ ਛੁੱਟੇ। ਇਕੱਲਾ ਉਹ ਈ ਨ੍ਹੀਂ, ਜਿਵੇਂ ਮੈਂ ਪਹਿਲਾਂ ਈ ਕਹਿ ਚੁੱਕੀ ਆਂ ਕਿ ਅਰਬ ਮੁਲਕਾਂ ਦੇ ਸਾਰੇ ਡਿਕਟੇਟਰਾਂ ਅਤੇ ਸ਼ੇਖਾਂ ਦਾ ਖਾਤਮਾ ਜ਼ਰੂਰੀ ਐ। ਇਸ ਨਾਲ ਈ ਇਸਲਾਮ ਤਰੱਕੀ ਕਰ ਸਕਦਾ ਐ; ਪਰ ਇਹ ਮਾਮਲਾ ਮੁਸਲਮਾਨ ਲੋਕਾਂ ਦਾ ਆਪਣਾ ਐਂ। ਮੈਂ ਚਾਹੁੰਨੀ ਆਂ ਕਿ ਉਹ ਆਪ ਈ ਇਸ ਨੂੰ ਸੁਲਝਾਉਣ। ਅਮਰੀਕਾ ਨੂੰ ਸਾਡੇ ਲੋਕਾਂ ਦੇ ਮਸਲਿਆਂ ਵਿਚ ਦਖਲ ਦੇਣ ਦੀ ਕੋਈ ਲੋੜ ਨ੍ਹੀਂ।"

"ਜੋ ਵੀ ਐ ਸਿਸਟਰ, ਪਰ ਇੱਕ ਗੱਲ ਪੱਕੀ ਐ ਕਿ ਕੁਛ ਹੀ ਦਿਨਾਂ 'ਚ ਅਮਰੀਕੀ ਫੌਜਾਂ ਅਰਬ ਵੱਲ ਚਾਲੇ ਪਾ ਦੇਣਗੀਆਂ।" ਜਾਰਜ ਨੇ ਚੁਟਕੀ ਮਾਰਦਿਆਂ ਹੱਸ ਕੇ ਕਿਹਾ।

"ਅਜਿਹਾ ਕਦੀ ਵੀ ਨ੍ਹੀਂ ਹੋਵੇਗਾ। ਮੁਸਲਮਾਨ ਲੋਕ ਅਜਿਹਾ ਨ੍ਹੀਂ ਹੋਣ ਦੇਣਗੇ।"

"ਇਹ ਤਾਂ ਵਕਤ ਈ ਦੱਸੂਗਾ ਪਰ ਹੁਣ ਮੈਂ ਚੱਲਦਾ ਆਂ। ਮੁਹੰਮਦ ਨੂੰ ਦੱਸ ਦੇਵੀਂ ਕਿ ਜਾਰਜ ਆਇਆ ਸੀ।" ਇੰਨਾ ਕਹਿੰਦਿਆਂ ਜਾਰਜ ਬਾਹਰ ਨਿਕਲ ਗਿਆ ਪਰ ਆਫੀਆ ਫਿਕਰਾਂ 'ਚ ਡੁੱਬ ਗਈ। ਉਸ ਦੇ ਮਨ ਮਸਤਕ ਨੂੰ ਇਰਾਕ ਵਾਲੇ ਮਾਮਲੇ ਨੇ ਘੇਰ ਲਿਆ। ਦਿਲੋਂ ਭਾਵੇਂ ਉਹ ਚਾਹੁੰਦੀ ਸੀ ਕਿ ਸੱਦਾਮ ਦਾ ਸਫਾਇਆ ਹੋ ਜਾਵੇ ਪਰ ਉਹ ਇਹ ਵੀ ਨਹੀਂ ਚਾਹੁੰਦੀ ਸੀ ਕਿ ਅਮਰੀਕਾ ਇਸ ਗੱਲ ਵਿਚ ਦਖਲ ਦੇਵੇ। ਉਸ ਨੇ ਜਿਉਂ ਹੀ ਸੁਰਤ ਸੰਭਾਲੀ ਸੀ, ਉਸ ਦੇ ਘਰ 'ਚ ਅਮਰੀਕਾ ਦੇ ਖਿਲਾਫ ਹੀ ਗੱਲਾਂ ਹੁੰਦੀਆਂ ਸਨ। ਉਸ ਨੇ ਅਫਗਾਨਿਸਤਾਨ ਵਾਲਾ ਸਾਰਾ ਮਾਮਲਾ ਆਪਣੇ ਸਾਹਮਣੇ ਵਾਪਰਦਾ ਵੇਖਿਆ ਸੀ। ਉਹ ਸੋਚਦੀ ਹੁੰਦੀ ਸੀ ਕਿ ਆਪਣਾ ਕੰਮ ਕੱਢਣ ਲਈ ਪਹਿਲਾਂ ਤਾਂ ਅਮਰੀਕਾ ਨੇ ਪਾਕਿਸਤਾਨ ਨੂੰ ਮੂਹਰੇ ਲਾ ਲਿਆ। ਜਦੋਂ ਸੋਵੀਅਤ ਯੂਨੀਅਨ ਹਾਰ ਗਿਆ ਤਾਂ ਅਮਰੀਕਾ ਨੇ ਆਪਣੇ ਹੀ ਉਨ੍ਹਾਂ ਦੋਸਤਾਂ ਦਾ ਸਫਾਇਆ ਕਰ ਦਿੱਤਾ ਜਿਨ੍ਹਾਂ ਨੇ ਅਫਗਾਨਿਸਤਾਨ ਦੀ ਲੜਾਈ ਵਿਚ ਉਸ ਦਾ ਸਾਥ ਦਿੱਤਾ ਸੀ। ਖਾਸ ਕਰ ਕੇ ਉਸ ਨੂੰ ਜ਼ਿਆ-ਉਲ-ਹੱਕ ਵਾਲਾ ਹਾਦਸਾ ਬਹੁਤ ਚੁੱਭਦਾ ਸੀ। ਉਸ ਦੀ ਆਪਣੀ ਸੋਚ ਇਹ ਸੀ ਕਿ ਉਹ ਹੈਲੀਕਾਪਟਰ ਹਾਦਸਾ ਅਮਰੀਕਨ ਏਜੰਸੀ ਸੀ.ਆਈ.ਏ. ਨੇ ਕਰਵਾਇਆ ਸੀ ਜਿਸ ਵਿਚ ਜ਼ਿਆ-ਉਲ-ਹੱਕ ਦੀ ਮੌਤ ਹੋਈ ਸੀ। ਉਸ ਦੇ ਪਰਿਵਾਰ ਦਾ ਅਜੇ ਵੀ ਜ਼ਿਆ-ਉਲ-ਹੱਕ ਦੇ ਪਰਿਵਾਰ ਨਾਲ ਗਹਿਰਾ ਵਾਹ-ਵਾਸਤਾ ਸੀ, ਖਾਸਕਰ ਉਸ ਦੇ ਪੁੱਤਰ ਇਜਾਜ਼-ਉਲ-ਹੱਕ ਨਾਲ। ਖੈਰ, ਜਾਰਜ ਅਤੇ ਆਫੀਆ ਦੀ ਇਸ ਮੁਲਾਕਾਤ ਦੇ ਕੁਝ ਦਿਨ ਬਾਅਦ ਹੀ ਉਹ ਫਿਰ ਮੁਹੰਮਦ ਦੇ ਅਪਾਰਟਮੈਂਟ ਵਿਚ ਬੈਠੇ ਸਨ। ਅੱਜ ਮੁਹੰਮਦ ਵੀ ਉਥੇ ਹੀ ਸੀ।

"ਵੇਖ ਲੈ ਜਾਰਜ, ਅਮਰੀਕਾ ਨੇ ਸਾਊਦੀ ਅਰਬ ਦੀ ਪਵਿੱਤਰ ਧਰਤੀ ਗੰਧਲੀ ਕਰ ਦਿੱਤੀ।" ਗੱਲ ਮੁਹੰਮਦ ਨੇ ਸ਼ੁਰੂ ਕੀਤੀ।

"ਮੁਹੰਮਦ ਹੋਰ ਕੋਈ ਰਾਹ ਵੀ ਤਾਂ ਨ੍ਹੀਂ ਐ। ਜੇ ਅਮਰੀਕਾ ਉਥੇ ਨਾ ਜਾਂਦਾ ਤਾਂ ਇਰਾਕ ਨੇ ਅੱਗੇ ਵਧੀ ਜਾਣਾ ਸੀ।"

"ਸਭ ਚਾਲਾਂ ਨੇ। ਜੋ ਕੁਛ ਵੀ ਹੋ ਰਿਹਾ ਐ, ਇਸ ਸਭ ਦਾ ਜ਼ਿੰਮੇਵਾਰ ਅਮਰੀਕਾ ਈ ਐ।" ਆਫੀਆ ਗੱਲਬਾਤ 'ਚ ਹਿੱਸਾ ਲੈਂਦਿਆਂ ਬੋਲੀ।

"ਅਸਲ 'ਚ ਅਮਰੀਕਾ ਨੂੰ ਤਾਂ ਮਸਾਂ ਮੌਕਾ ਮਿਲਿਆ ਐ, ਅਰਬ ਮੁਲਕਾਂ 'ਚ ਜਾ ਕੇ ਅੱਡਾ ਲਾਉਣ ਲਈ। ਅਮਰੀਕਾ ਕਿੱਦੇਂ ਦਾ ਬਹਾਨਾ ਭਾਲਦਾ ਸੀ, ਉਹ ਇਸ ਨੂੰ ਇਰਾਕ ਨੇ ਦੇ ਦਿੱਤਾ। ਹੁਣ ਨ੍ਹੀਂ ਅਮਰੀਕਾ ਉਥੋਂ ਕਦੇ ਵੀ ਨਿਕਲਦਾ।" ਮੁਹੰਮਦ ਬੋਲਿਆ।




***ਮੌਤ ਦਾ ਮਹਾਂ-ਮਾਰਗ (ਦਿ ਹਾਈਵੇਅ ਆਫ ਡੈਥ): ਕੁਵੈਤ ਤੋਂ ਇਰਾਕ ਵੱਲ ਜਾਂਦਾ ਮੁੱਖ ਮਾਰਗ ਜਿਸ ਉਤੇ 26-27 ਫਰਵਰੀ 1991 ਨੂੰ ਵਾਪਸ ਜਾ ਰਹੀ ਨਿਹੱਥੀ ਇਰਾਕੀ ਫੌਜ ਉਤੇ ਹਮਲਾ ਕਰ ਕੇ ਅਮਰੀਕਾ ਨੇ ਤਿੰਨ ਲੱਖ ਇਰਾਕੀ ਫੌਜੀ ਮਾਰ ਦਿੱਤੇ ਸਨ ਅਤੇ ਤਕਰੀਬਨ 2000 ਗੱਡੀਆਂ ਤਬਾਹ ਕਰ ਦਿੱਤੀਆਂ ਸਨ। ਇਹ ਸਭ ਸੰਯੁਕਤ ਰਾਸ਼ਟਰ ਸਮਝੌਤੇ ਦੀ ਉਲੰਘਣਾ ਕਰ ਕੇ ਕੀਤਾ ਗਿਆ।***

"ਨ੍ਹੀਂ ਮੇਰੇ ਖਿਆਲ 'ਚ ਇੰਜ ਨ੍ਹੀਂ ਹੋਵੇਗਾ। ਅਮਰੀਕਾ ਨੇ ਇਰਾਕ ਨੂੰ ਕਿਹਾ ਐ ਕਿ ਉਹ ਕੁਵੈਤ 'ਚੋਂ ਨਿਕਲ ਜਾਵੇ। ਮੈਨੂੰ ਲੱਗਦੈ ਕਿ ਇਹ ਸਭ ਅਮਰੀਕਾ ਨੇ ਉਸ ਨੂੰ ਡਰਾਉਣ ਲਈ ਕੀਤਾ ਐ। ਇਸ ਤਰ੍ਹਾਂ ਇਰਾਕ ਵਾਪਸ ਚਲਿਆ ਜਾਵੇਗਾ ਤਾਂ ਅਮਰੀਕਾ ਵੀ ਫੌਜਾਂ ਵਾਪਸ ਬੁਲਾ ਲਊਗਾ।"

"ਜਾਰਜ ਅਜਿਹਾ ਕਦੇ ਵੀ ਨ੍ਹੀਂ ਹੋਣ ਲੱਗਿਆ। ਅਮਰੀਕਾ ਨੇ ਨਾ ਕਦੇ ਪਹਿਲਾਂ ਮੁਸਲਮਾਨਾਂ ਦੀ ਪ੍ਰਵਾਹ ਕੀਤੀ ਐ ਤੇ ਨਾ ਹੁਣ ਕਰੂਗਾ।"

"ਸਿਸਟਰ, ਸਾਊਦੀ ਅਰਬ ਦੇ ਕਿੰਗ ਦੇ ਕਹਿਣ 'ਤੇ ਹੀ ਤਾਂ ਅਮਰੀਕਾ ਨੇ ਫੌਜਾਂ ਉਥੇ ਭੇਜੀਆਂ ਨੇ। ਉਹ ਵੀ ਮੁਸਲਮਾਨ ਈ ਐ।"

"ਤੂੰ ਮੈਨੂੰ ਉਹੀ ਗੱਲਾਂ ਵਾਰ ਵਾਰ ਦੁਹਰਾਉਣ ਨੂੰ ਪਤਾ ਨ੍ਹੀਂ ਕਿਉਂ ਉਕਸਾਉਂਦਾ ਰਹਿਨਾ ਐਂ ਕਿ ਇਹ ਸ਼ੇਖ, ਕਿੰਗ ਅਤੇ ਡਿਕਟੇਟਰ ਸਭ ਸ਼ੈਤਾਨ ਨੇ। ਜਦੋਂ ਤੱਕ ਇਹ ਜਿੰਦਾ ਨੇ, ਉਦੋਂ ਤੱਕ ਮੁਸਲਮਾਨਾਂ ਦਾ ਭਲਾ ਨ੍ਹੀਂ ਹੋ ਸਕਦਾ।"

"ਜਾਰਜ, ਉਂਜ ਤਾਂ ਤੂੰ ਬੜੀਆਂ ਫੜ੍ਹਾਂ ਮਾਰਦਾ ਰਹਿੰਦਾ ਐਂ ਕਿ ਕਰਿਸ਼ੀਅਨ, ਅਹਿੰਸਾ 'ਚ ਵਿਸ਼ਵਾਸ ਰੱਖਦੇ ਨੇ; ਹੁਣ ਦੱਸ ਕਿ ਤੁਹਾਡਾ ਇਹ ਅਸੂਲ ਕਿੱਧਰ ਗਿਆ? ਹੁਣ ਉਥੇ ਜਾ ਕੇ ਮੁਸਲਮਾਨ ਲੋਕਾਂ ਦਾ ਘਾਣ ਕਰਨ ਲੱਗੇ ਓਂ ਤਾਂ ਨਾਨ-ਵਾਇਲੈਂਸ ਦਾ ਅਸੂਲ ਕਿੱਥੇ ਐ?" ਮੁਹੰਮਦ ਨੂੰ ਗੁੱਸਾ ਆ ਗਿਆ ਲੱਗਦਾ ਸੀ।

"ਆਪਣੇ ਤੌਰ 'ਤੇ ਤਾਂ ਮੈਂ ਹੁਣ ਵੀ ਖੂਨ ਖਰਾਬੇ ਦੇ ਖਿਲਾਫ ਆਂ ਪਰ ਇਹ ਮੁਸਲਮਾਨ ਈ ਨੇ ਜਿਹੜੇ ਅਮਰੀਕਾ ਨੂੰ ਅਜਿਹਾ ਕਰਨ ਲਈ ਮਜਬੂਰ ਕਰਦੇ ਨੇ।"

"ਇਹ ਕਿਉਂ ਨ੍ਹੀਂ ਕਹਿੰਦਾ ਕਿ ਡਾਹਢੇ ਦਾ ਹਰ ਥਾਂ ਜ਼ੋਰ ਚੱਲਦਾ ਐ।"

"ਇਹ ਤਾਂ ਫਿਰ ਹੈ ਈ। ਅਸੀਂ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਆਂ, ਜੋ ਮਰਜ਼ੀ ਕਰੀਏ।" ਜਾਰਜ ਨੇ ਹਾਸੇ ਵਿਚ ਕਿਹਾ ਪਰ ਮੁਹੰਮਦ ਇਸ ਗੱਲ ਦਾ ਗੁੱਸਾ ਮੰਨ ਗਿਆ। ਦੰਦੀਆਂ ਪੀਂਹਦਾ ਉਹ ਬੋਲਿਆ, "ਜਾਰਜ, ਜੇ ਅਗਾਂਹ ਇੱਕ ਲਫਜ਼ ਵੀ ਬੋਲਿਆ ਤਾਂ ਮੈਂ ਤੈਨੂੰ ਚੁੱਕ ਕੇ ਬਾਹਰ ਸੁੱਟ ਦੂੰਗਾ।"

"ਅਸੀਂ ਸੁਪਰ ਪਾਵਰ ਆਂ, ਸਾਨੂੰ ਕੌਣ ਛੇੜ ਸਕਦਾ ਐ।" ਜਾਰਜ ਫਿਰ ਹਾਸੇ ਦੇ ਰੌਂਅ 'ਚ ਬੋਲਿਆ। ਇਸ ਨਾਲ ਮੁਹੰਮਦ ਨੂੰ ਹੋਰ ਵੀ ਗੁੱਸਾ ਆ ਗਿਆ। ਉਹ ਉਠਦਾ ਹੋਇਆ ਕੜਕਿਆ, "ਤੂੰ ਹੁਣੇ ਈ ਮੇਰੇ ਘਰੋਂ ਨਿਕਲ ਜਾ।"

"ਇਹ ਘਰ ਮੇਰੀ ਇਸ ਲਿਟਲ ਸਿਸਟਰ ਦਾ ਵੀ ਐ। ਮੈਂ ਨ੍ਹੀਂ ਇੱਥੋਂ ਜਾਣਾ।" ਜਾਰਜ ਆਫੀਆ ਵੱਲ ਵੇਖਦਾ ਬੋਲਿਆ।

"ਠੀਕ ਐ, ਫਿਰ ਮੈਂ ਈ ਇੱਥੋਂ ਚਲਾ ਜਾਨਾਂ। ਢੱਠੇ ਖੂਹ 'ਚ ਪੈ ਤੂੰ ਤੇ ਨਾਲੇ ਤੇਰੀ ਅਮਰੀਕਾ।" ਮੁਹੰਮਦ ਉਠ ਕੇ ਤੁਰ ਗਿਆ। ਆਫੀਆ ਸ਼ਾਂਤ ਚਿੱਤ ਉਸ ਵੱਲ ਵੇਖਦੀ ਰਹੀ। ਜਦੋਂ ਉਹ ਅਪਾਰਟਮੈਂਟ 'ਚੋਂ ਬਾਹਰ ਨਿਕਲ ਗਿਆ ਤਾਂ ਆਫੀਆ ਬੋਲੀ, "ਸੱਚੇ ਮੁਸਲਮਾਨ ਨੂੰ ਇੰਨਾ ਗੁੱਸਾ ਸੋਭਾ ਨ੍ਹੀਂ ਦਿੰਦਾ।"

"ਚੱਲ ਕੋਈ ਗੱਲ ਨ੍ਹੀਂ, ਉਹ ਮੇਰਾ ਜਿਗਰੀ ਦੋਸਤ ਐ; ਜਦੋਂ ਗੁੱਸਾ ਠੰਢਾ ਹੋ ਗਿਆ ਤਾਂ ਆਪੇ ਮੁੜ ਆਊਗਾ।"

ਇਸ ਪਿੱਛੋਂ ਆਫੀਆ ਅਤੇ ਜਾਰਜ ਅੱਗੇ ਵਾਪਰਨ ਵਾਲੀਆਂ ਘਟਨਾਵਾਂ 'ਤੇ ਚਰਚਾ ਕਰਦੇ ਰਹੇ। ਦੇਰ ਰਾਤ ਜਾਰਜ ਆਪਣੇ ਘਰ ਚਲਿਆ ਗਿਆ। ਅਗਲੀ ਮੁਲਾਕਾਤ ਵੇਲੇ ਮੁਹੰਮਦ ਅਤੇ ਜਾਰਜ ਦੀ ਸੁਲ੍ਹਾ ਹੋ ਗਈ ਸੀ ਪਰ ਇਸ ਪਿੱਛੋਂ ਕਾਫੀ ਕੁਝ ਅਣਕਿਆਸਿਆ ਵਾਪਰ ਗਿਆ। ਅਮਰੀਕੀ ਫੌਜਾਂ ਨੇ ਹਮਲਾ ਕਰ ਕੇ ਇਰਾਕ ਨੂੰ ਕੁਵੈਤ 'ਚੋਂ ਬਾਹਰ ਕੱਢ ਦਿੱਤਾ। ਇਹੀ ਨਹੀਂ, ਅਮਰੀਕਾ ਨੇ ਇਰਾਕੀ ਫੌਜਾਂ ਦਾ ਲੱਕ ਤੋੜ ਦਿੱਤਾ। ਇਰਾਕ ਨੂੰ ਵਾਪਸ ਮੁੜ ਰਹੀਆਂ ਇਰਾਕੀ ਫੌਜਾਂ ਦਾ ਘਾਣ ਕੀਤਾ ਗਿਆ। ਜੰਗਬੰਦੀ ਅਸੂਲਾਂ ਦੀ ਪ੍ਰਵਾਹ ਕੀਤੇ ਬਿਨਾਂ ਅਮਰੀਕੀ ਫੌਜਾਂ ਨੇ ਇਰਾਕੀਆਂ ਨੂੰ ਮਾਰਨ ਤੋਂ ਝਿਜਕ ਨਾ ਦਿਖਾਈ। ਸਭ ਕੁਝ ਟੀ.ਵੀ. 'ਤੇ ਵਿਖਾਇਆ ਜਾ ਰਿਹਾ ਸੀ। ਉਸ ਦਿਨ ਆਫੀਆ ਬਹੁਤ ਚੁੱਪ ਸੀ। ਜਾਰਜ ਕੋਲ ਨੀਵੀਂ ਪਾਈ ਬੈਠਾ ਸੀ। ਮੁਹੰਮਦ ਨੇ ਚੁੱਪੀ ਤੋੜੀ।

"ਵੇਖ ਲਿਆ ਆਪਣੇ ਅਮਰੀਕਾ ਦਾ ਅਸਲੀ ਚਿਹਰਾ ਜਾਰਜ?"

"ਹਾਂ, ਇਹ ਬਹੁਤ ਹੀ ਮਾੜਾ ਹੋਇਆ। ਮੈਂ ਇਸ ਸਭ ਦੇ ਖਿਲਾਫ ਆਂ।"

"ਇਨ੍ਹਾਂ ਨੇ ਕੁਵੈਤ ਤੋਂ ਇਰਾਕ ਜਾ ਰਹੀਆਂ ਨਿਹੱਥੀਆਂ ਫੌਜਾਂ 'ਤੇ ਗੋਲਾਬਾਰੀ ਕਰ ਕੇ ਲੱਖਾਂ ਲੋਕ ਮਾਰ ਮੁਕਾਏ। ਅਜੇ ਕਹਿੰਦੇ ਨੇ, ਅਸੀਂ ਇਸ ਸਭ ਕੁਝ ਸੰਸਾਰ ਸ਼ਾਂਤੀ ਲਈ ਕੀਤਾ ਐ।"

"ਟੀ.ਵੀ. ਵਾਲਿਆਂ ਨੇ ਤਾਂ ਉਸ ਰਸਤੇ ਦਾ ਨਾਂ ਈ ਡੈਥ ਹਾਈਵੇ ਰੱਖ ਲਿਆ ਐ। ਅੰਨ੍ਹੇਵਾਹ ਬੰਬਾਰੀ ਕਰ ਕੇ ਤਕਰੀਬਨ ਤਿੰਨ ਲੱਖ ਫੌਜੀ ਮਾਰ ਮੁਕਾਏ ਨੇ। ਇਹ ਸਾਰਾ ਕੁਝ ਮਨੁੱਖਤਾ ਦੇ ਨਾਂ 'ਤੇ ਧੱਬਾ ਐ। ਮੇਰਾ ਹੁਣ ਇੱਥੇ ਰਹਿਣ ਨੂੰ ਜੀਅ ਨ੍ਹੀਂ ਕਰਦਾ।" ਆਫੀਆ ਬੁਝੇ ਮਨ ਨਾਲ ਬੋਲੀ।

"ਹੋਰ ਸਿਸਟਰ ਹੁਣ ਕਿੱਥੇ ਜਾਵੇਂਗੀ? ਪਾਕਿਸਤਾਨ ਮੁੜਨ ਦਾ ਇਰਾਦਾ ਐ?"

"ਨ੍ਹੀਂ ਜਾਰਜ ਵਾਪਸ ਤਾਂ ਮੈਂ ਨ੍ਹੀਂ ਜਾਣਾ, ਪਰ ਮੈਂ ਕਿਸੇ ਹੋਰ ਸ਼ਹਿਰ ਵੱਲ ਜਾਣ ਦਾ ਮਨ ਬਣਾ ਲਿਆ ਐ।"

"ਹੋਰ ਸ਼ਹਿਰ ਕਿਹੜਾ?"

"ਮੈਂ ਪਿਛਲੇ ਮਹੀਨੇ ਮੈਸਾਚੂਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਦਾਖਲਾ ਭੇਜਿਆ ਸੀ। ਉਥੇ ਦਾਖਲੇ ਦੇ ਨਾਲ ਮੈਨੂੰ ਤਾਂ ਸਕਾਲਰਸ਼ਿਪ ਵੀ ਮਿਲ ਗਿਆ ਐ।"

"ਅੱਛਾ ਤੂੰ ਐਮ.ਆਈ.ਟੀ. ਦੀ ਗੱਲ ਕਰਦੀ ਐਂ। ਪਹਿਲਾਂ ਤੂੰ ਇਸ ਗੱਲ ਦੀ ਕਦੇ ਭਿਣਕ ਈ ਨ੍ਹੀਂ ਬਾਹਰ ਕੱਢੀ, ਪਰ ਤੈਨੂੰ ਇਸ ਤਰ੍ਹਾਂ ਇੱਥੋਂ ਨ੍ਹੀਂ ਜਾਣਾ ਚਾਹੀਦਾ।"

"ਨਹੀਂ ਜਾਰਜ, ਮੈਂ ਹੁਣ ਇੱਥੇ ਨ੍ਹੀਂ ਰਹਿਣਾ।" ਆਫੀਆ ਉਵੇਂ ਨੀਵੀਂ ਪਾਈ ਬੋਲੀ।

"ਸਿਸਟਰ ਇਉਂ ਨਾ ਕਰ। ਤੇਰੇ ਬਿਨਾਂ ਮੇਰਾ ਦਿਲ ਨ੍ਹੀਂ ਲੱਗਣਾ।" ਜਾਰਜ ਨੇ ਉਸ ਨੂੰ ਹਲੂਣਿਆ। ਵਾਕਿਆ ਈ ਉਹ ਆਫੀਆ ਨੂੰ ਸਕੀ ਭੈਣ ਤੋਂ ਵੀ ਵੱਧ ਪਿਆਰ ਕਰਦਾ ਸੀ।

"ਮੈਂ ਫੈਸਲਾ ਕਰ ਚੁੱਕੀ ਆਂ।"

"ਮੈਂ ਤੈਨੂੰ ਜਾਣ ਈ ਨ੍ਹੀਂ ਦੇਣਾ।" ਜਾਰਜ ਦਾ ਮੋਹ ਬੋਲਿਆ ਪਰ ਆਫੀਆ ਨੇ ਉਸ ਦੀ ਗੱਲ ਵੱਲ ਧਿਆਨ ਨਾ ਦਿੱਤਾ।

ਅਗਲੇ ਦਿਨ ਉਨ੍ਹਾਂ ਵਿਚਾਲੇ ਫਿਰ ਗੱਲ ਹੋਈ ਤਾਂ ਆਫੀਆ ਨੇ ਆਪਣਾ ਚਲੇ ਜਾਣ ਦਾ ਇਰਾਦਾ ਦੁਹਰਾਇਆ। ਜਾਰਜ ਨੇ ਰੁਕ ਜਾਣ ਨੂੰ ਕਿਹਾ। ਕਾਫੀ ਦੇਰ ਉਨ੍ਹਾਂ ਵਿਚਕਾਰ ਬਹਿਸ ਚਲਦੀ ਰਹੀ।

"ਜੋ ਮਰਜ਼ੀ ਕਰ, ਪਰ ਆਫੀਆ ਤੂੰ ਇੱਥੋਂ ਨਾ ਜਾਹ।" ਜਾਰਜ ਆਪਣੀ ਗੱਲ 'ਤੇ ਅੜਿਆ ਰਿਹਾ। ਆਫੀਆ ਕੁਝ ਪਲ ਉਸ ਦੇ ਚਿਹਰੇ ਵੱਲ ਵੇਖਦੀ ਰਹੀ ਤੇ ਫਿਰ ਬੋਲੀ, "ਜਾਰਜ, ਤੂੰ ਮੈਨੂੰ ਇੰਨੇ ਜ਼ੋਰ ਨਾਲ ਕਿਉਂ ਰੋਕ ਰਿਹਾ ਐਂ?"

"ਕਿਉਂਕਿ ਮੈਂ ਤੈਨੂੰ ਰੀਅਲ ਸਿਸਟਰ ਦੇ ਤੌਰ 'ਤੇ ਪਿਆਰ ਕਰਦਾ ਆਂ।"

"ਉਹ ਤਾਂ ਮੈਂ ਵੀ ਸਮਝਦੀ ਆਂ ਪਰ...।" ਅੱਗੇ ਆਫੀਆ ਨੇ ਗੱਲ ਵਿਚਕਾਰ ਹੀ ਛੱਡ ਦਿੱਤੀ।

"ਪਰ ਕੀ?"

"ਤੂੰ ਮੈਨੂੰ ਇੱਥੇ ਰੱਖਣ ਲਈ ਕੀ ਕਰ ਸਕਦਾ ਐਂ?"

"ਕੁਝ ਵੀ, ਜਿਸ ਨਾਲ ਤੈਨੂੰ ਖੁਸ਼ੀ ਮਿਲੇ।"

"ਪੱਕੀ ਗੱਲ ਐ।" ਆਫੀਆ ਨੇ ਜਾਰਜ ਦੇ ਚਿਹਰੇ 'ਤੇ ਨਿਗ੍ਹਾ ਗੱਡ ਦਿੱਤੀ।

"ਹਾਂ ਹਾਂ, ਮੈਂ ਆਪਣੀ ਲਿਟਲ ਸਿਸਟਰ ਲਈ ਕੁਝ ਵੀ ਕਰ ਸਕਦਾਂ।"

"ਤਾਂ ਫਿਰ ਇਉਂ ਕਰ...?"

"ਦੱਸ?"

"ਤੂੰ ਕਰਿਸ਼ਚੀਅਨ ਧਰਮ ਛੱਡ ਕੇ ਮੁਸਲਮਾਨ ਬਣ ਜਾ।"

ਉਸ ਦੀ ਗੱਲ ਸੁਣ ਕੇ ਜਾਰਜ ਅੰਦਰ ਤੱਕ ਹਿੱਲ ਗਿਆ। ਉਸ ਨੂੰ ਮੁਹੰਮਦ ਨੇ ਕਈ ਵਾਰ ਦੱਸਿਆ ਸੀ ਕਿ ਜੇ ਕੋਈ ਮੁਸਲਮਾਨ ਕਿਸੇ ਹੋਰ ਧਰਮ ਦੇ ਬੰਦੇ ਨੂੰ ਇਸਲਾਮ ਵਿਚ ਲੈ ਆਵੇ ਤਾਂ ਉਸ ਤੋਂ ਵੱਡਾ ਪੁੰਨ ਦਾ ਕੰਮ ਕੋਈ ਵੀ ਨਹੀਂ ਹੋ ਸਕਦਾ। ਮੁਹੰਮਦ ਨਾਲ ਉਹ ਬਹੁਤ ਖੁੱਲ੍ਹਿਆ ਹੋਇਆ ਸੀ, ਇਸੇ ਕਰ ਕੇ ਮੁਹੰਮਦ ਉਸ ਨਾਲ ਹਰ ਗੱਲ ਕਰ ਲੈਂਦਾ ਸੀ; ਪਰ ਧਰਮ ਬਦਲਣ ਨੂੰ ਉਸ ਨੇ ਕਦੇ ਨਹੀਂ ਕਿਹਾ ਸੀ, ਪਰ ਅੱਜ ਉਹੀ ਗੱਲ ਆਫੀਆ ਦੇ ਮੂੰਹੋਂ ਸੁਣ ਕੇ ਉਹ ਹੈਰਾਨ ਰਹਿ ਗਿਆ। ਆਫੀਆ ਦੀ ਗੱਲ ਸੁਣ ਕੇ ਲੱਗੇ ਸਦਮੇ 'ਚੋਂ ਬਾਹਰ ਆਇਆ ਤਾਂ ਉਸ ਨੇ ਧਿਆਨ ਨਾਲ ਆਫੀਆ ਵੱਲ ਵੇਖਿਆ। ਉਹ ਸੋਚਣ ਲੱਗਾ, 'ਇਹ ਜੋ ਦਿਸਦੀ ਐ, ਉਹ ਇਹ ਹੈ ਨ੍ਹੀਂ ਐ। ਇਹ ਅਸਲ ਵਿਚ ਕੁਝ ਹੋਰ ਐ। ਇਸ ਨੂੰ ਕਿਸੇ ਦੀਆਂ ਭਾਵਨਾਵਾਂ ਦੀ ਪ੍ਰਵਾਹ ਨ੍ਹੀਂ ਐ। ਇਸ ਨੂੰ ਸਿਰਫ ਅਤੇ ਸਿਰਫ ਆਪਣੇ ਧਰਮ ਨਾਲ ਪਿਆਰ ਐ। ਹੋਰ ਕੋਈ ਵੀ ਗੱਲ ਇਸ ਲਈ ਮਾਅਨੇ ਨ੍ਹੀਂ ਰੱਖਦੀ। ਸ਼ਾਇਦ ਇਸ ਦਾ ਆਪਣਾ ਸਕਾ ਭਰਾ ਮੁਹੰਮਦ ਵੀ ਇਸ ਨੂੰ ਚੰਗੀ ਤਰ੍ਹਾਂ ਨ੍ਹੀਂ ਜਾਣਦਾ।' ਆਪਣੇ ਆਪ ਨਾਲ ਗੱਲਾਂ ਕਰਦੇ ਜਾਰਜ ਨੇ ਦਰਵਾਜ਼ਾ ਖੋਲ੍ਹਿਆ ਤੇ ਘਰੋਂ ਬਾਹਰ ਹੋ ਗਿਆ।

***(ਚਲਦਾ)***

# ਸਾਮਰਾਜੀ ਪੂੰਜੀਵਾਦੀ ਸਭਿਅਤਾ ਦਾ ਸੰਕਟ

***(ਸਫਾ 23 ਦੀ ਬਾਕੀ)***

ਕੁਦਰਤੀ ਕਾਨੂੰਨਾਂ (ਹੁਕਮੁ) ਤੋਂ ਆਕੀ ਨਾ ਹੋਵੇ।

ਮਨੁੱਖ ਜਦੋਂ ਆਪਣੀ ਹੋਸ਼ ਸੰਭਾਲਦਾ ਹੈ ਤੇ ਜਦੋਂ ਉਸ ਦੇ ਮਨ ਵਿਚ ਮੁਢਲੀ ਜਿਗਿਆਸਾ ਪੈਦਾ ਹੋਣੀ ਸ਼ੁਰੂ ਹੁੰਦੀ ਹੈ ਤਾਂ ਉਸ ਦੇ ਮਨ ਵਿਚ ਸਭ ਤੋਂ ਪਹਿਲਾ ਸੁਆਲ ਇਹ ਪੈਦਾ ਹੁੰਦਾ ਹੈ ਕਿ ਮੇਰੇ ਆਲੇ-ਦੁਆਲੇ ਦਿੱਸ ਰਿਹਾ ਸੰਸਾਰ ਕੀ ਹੈ? ਫਿਰ ਜਦੋਂ ਉਹ ਥੋੜ੍ਹੀ ਜਿਹੀ ਹੋਰ ਹੋਸ਼ ਸੰਭਾਲਦਾ ਹੈ ਤਾਂ ਉਹ ਆਪਣੇ ਆਲੇ-ਦੁਆਲੇ ਦੇ ਸੰਸਾਰ ਨੂੰ ਆਪਣੇ ਮਨ ਦੇ ਅਨੁਭਵ ਵਿਚ ਆ ਰਹੀ ਸਮੁੱਚੀ ਸ੍ਰਿਸ਼ਟੀ ਨਾਲ ਜੋੜ ਲੈਂਦਾ ਹੈ। ਉਸ ਦਾ ਪਹਿਲਾ ਸੁਆਲ ਹੋਰ ਵੱਡਾ ਰੂਪ ਧਾਰ ਜਾਂਦਾ ਹੈ ਤੇ ਉਸ ਦੇ ਮਨ ਵਿਚ ਸੁਆਲ ਪੈਦਾ ਹੁੰਦਾ ਹੈ ਕਿ ਇਹ ਸ੍ਰਿਸ਼ਟੀ ਕੀ ਹੈ? ਇਸ ਦੀ ਬਣਤਰ ਕੀ ਹੈ ਤੇ ਇਸ ਨਾਲ ਮੇਰਾ ਰਿਸ਼ਤਾ ਕੀ ਹੈ? ਗੁਰੂ ਸਾਹਿਬ ਮਨੁੱਖੀ ਮਨ ਵਿਚ ਪੈਦਾ ਹੁੰਦੇ ਇਸ ਸਭ ਤੋਂ ਮੁਢਲੇ ਸੁਆਲ ਦੇ ਜੁਆਬ ਨਾਲ ਗੁਰੂ ਗ੍ਰੰਥ ਸਾਹਿਬ ਦਾ ਅਰੰਭ ਕਰਦੇ ਹਨ ਅਤੇ ਦੱਸਦੇ ਹਨ ਕਿ ਇਹ ਦਿਸਦਾ ਅਤੇ ਅੰਤਹੀਣ ਅਣਦਿਸਦਾ ਪਸਾਰਾ ਇਕ ਹੈ ਅਤੇ ਮਨੁੱਖ ਇਸ ਪਸਾਰੇ ਦਾ ਹੀ ਇਕ (ਰੂਪ) ਅੰਗ ਹੈ। ਭਾਵ ੧ਓ ਦੀ ਵਿਆਖਿਆ ਰਾਹੀਂ ਗੁਰੂ ਸਾਹਿਬ ਦ੍ਰਿਸ਼ਟ ਅਤੇ ਅਦ੍ਰਿਸ਼ਟ ਪਸਾਰੇ ਦੇ ਰਿਸ਼ਤੇ ਨੂੰ ਸਪੱਸ਼ਟ ਕਰਦਿਆਂ ਨਿਰਗੁਣ ਤੇ ਸਰਗੁਣ ਦਾ ਭੇਦ ਹਮੇਸ਼ਾ ਲਈ ਖਤਮ ਕਰ ਦਿੰਦੇ ਹਨ।

ਕੁਦਰਤ ਅਧੀਨ ਸਮੁੱਚੀ ਮਨੁੱਖ ਜਾਤੀ ਭਾਸ਼ਾਈ ਲੋਕ-ਸਮੂਹਾਂ ਦਾ ਜਮ੍ਹਾਂ-ਜੋੜ ਹੈ। ਹਰ ਭਾਸ਼ਾਈ ਲੋਕ-ਸਮੂਹ ਨੇ ਕਿਉਂਕਿ ਆਪਣਾ ਅਨੁਭਵੀ ਗਿਆਨ ਆਪਣੀ ਭਾਸ਼ਾ ਦੇ ਸ਼ਬਦਾਂ ਰਾਹੀਂ ਹੀ ਸੰਭਾਲਿਆ ਹੈ, ਇਸ ਕਰਕੇ ਹਰ ਭਾਸ਼ਾਈ ਲੋਕ-ਸਮੂਹ ਇਕ ਇਕਾਈ ਬਣਦਾ ਹੈ। ਹਰ ਭਾਸ਼ਾਈ ਲੋਕ-ਸਮੂਹ ਨੇ ਭਾਵੇਂ ਇਕ-ਦੂਜੇ ਨਾਲ ਰਲਦੇ-ਮਿਲਦੇ ਅਨੁਭਵ ਹੰਢਾਏ ਹਨ ਪਰ ਹਰ ਭਾਸ਼ਾਈ ਲੋਕ-ਸਮੂਹ ਨੇ ਇਨ੍ਹਾਂ ਅਨੁਭਵਾਂ ਨੂੰ ਆਪਣੇ ਸ਼ਬਦਾਂ ਵਿਚਲੇ ਸੰਕਲਪੀ ਗਿਆਨ ਅੰਦਰ ਅੱਡ-ਅੱਡ ਰੂਪਾਂ ਵਿਚ ਇਕੱਠੇ ਕੀਤਾ ਹੈ। ਇਸ ਲਈ ਹਰ ਭਾਸ਼ਾਈ ਲੋਕ-ਸਮੂਹ ਦੇ ਆਪਣੇ-ਆਪਣੇ ਅਨੁਭਵਾਂ ਦੇ ਸ਼ਬਦੀ ਸੰਕਲਪ ਹਨ ਅਤੇ ਉਸ ਦੇ ਅਨੁਭਵੀ ਗਿਆਨ ਨੂੰ ਸੰਭਾਲਣ ਅਤੇ ਇਸ ਦਾ ਪਸਾਰਾ ਕਰਨ ਲਈ ਹਰ ਭਾਸ਼ਾ ਨੂੰ ਸੰਭਾਲਣਾ ਅਤੇ ਉਸ ਨੂੰ ਵਿਕਸਿਤ ਕਰਨਾ ਮਨੁੱਖ ਜਾਤੀ ਦੀ ਆਪਣੀ ਲੋੜ ਹੈ। ਕਿਸੇ ਬੱਝਵੀਂ ਥਾਂ ਅੰਦਰ ਕੁਦਰਤੀ ਰੂਪ ਵਿਚ ਵਿਕਸਿਤ ਹੋਇਆ ਇਕ ਭਾਸ਼ਾਈ ਭਾਈਚਾਰਾ ਹੀ ਹੈ, ਜਿਸ ਨੇ ਆਪਣੀ ਭਾਸ਼ਾ, ਆਪਣੇ ਸਭਿਆਚਾਰ ਅਤੇ ਆਪਣੇ ਧਰਮਾਂ ਵਿਚਲੇ ਫਲਸਫੇ ਦੀ ਪੜਚੋਲ ਰਾਹੀਂ ਪੂਰਨ ਰੂਹਾਨੀ (ਕੁਦਰਤੀ) ਚੇਤਨਾ ਪ੍ਰਾਪਤ ਕਰਨੀ ਹੈ।

ਹਰ ਬੋਲੀ ਦਾ ਹਰ ਇਕ ਸ਼ਬਦ ਹਜ਼ਾਰਾਂ ਸਾਲਾਂ ਦੇ ਇਤਿਹਾਸਕ ਮਨੁੱਖੀ ਵਿਕਾਸ ਦਾ ਸਿੱਟਾ ਹੈ। ਹਰ ਸ਼ਬਦ ਲਿਖਣ ਵਿਚ ਇਕ ਇਕੱਲਾ ਅੱਖਰ ਨਹੀਂ ਹੈ, ਬਲਕਿ ਇਸ ਵਿਚ ਵਿਕਸਿਤ ਹੋਇਆ ਇੱਕ ਪੂਰਾ ਸੰਕਲਪ ਬਿਰਾਜਮਾਨ ਹੈ। ਦੇਹੀ, ਮਨ, ਆਤਮਾ, ਚੇਤਨਾ, ਸਵੈ-ਚੇਤਨਾ, ਆਜ਼ਾਦੀ, ਜਮਹੂਰੀਅਤ, ਮੁਕਤੀ ਅਤੇ ਹੋਰ ਸਾਰੇ ਸ਼ਬਦ ਇਕ ਇਕੱਲੇ ਅੱਖਰ ਨਹੀਂ ਹਨ। 'ਆਜ਼ਾਦੀ ਦਾ ਸ਼ਬਦ ਹਰ ਮਨੁੱਖ ਦੇ ਮਨ ਵਿਚ ਆਪਣੇ-ਆਪਣੇ ਅਰਥ ਸਾਕਾਰ ਕਰਦਾ ਹੈ। ਕਿਸੇ ਲਈ ਆਜ਼ਾਦੀ ਦਾ ਅਰਥ ਆਪਣੇ ਮਨ ਵਿਚ ਪੈਦਾ ਹੁੰਦੀਆਂ ਵੱਧ ਤੋਂ ਵੱਧ ਇੱਛਾਵਾਂ ਦੀ ਪੂਰਤੀ ਕਰਨਾ ਹੈ। ਕਿਸੇ ਹੋਰ ਲਈ ਇਸ ਦਾ ਅਰਥ ਕਿਸੇ ਦੂਜੇ ਮਨੁੱਖ ਦੀ ਧੱਕੇ ਨਾਲ ਕਰਵਾਈ ਜਾ ਰਹੀ ਵਗਾਰ ਤੋਂ ਆਜ਼ਾਦੀ ਹਾਸਲ ਕਰਨਾ ਹੈ। ਕਿਸੇ ਤੀਜੇ ਲਈ ਇਸ ਦਾ ਅਰਥ ਆਪਣੇ ਦੇਸ਼ ਦੀ ਕਿਸੇ ਦੂਜੇ ਦੇਸ਼ ਵੱਲੋਂ ਕੀਤੀ ਜਾ ਰਹੀ ਆਰਥਿਕ ਲੁੱਟ ਜਾਂ ਰਾਜਸੀ ਗੁਲਾਮੀ ਤੋਂ ਛੁਟਕਾਰਾ ਪਾਉਣਾ ਹੈ। ਕਿਸੇ ਹੋਰ ਲਈ ਆਜ਼ਾਦੀ ਦਾ ਅਰਥ ਆਪਣੇ ਤੋਂ ਕਮਜ਼ੋਰਾਂ ਕੋਲੋਂ ਧੱਕੇ ਨਾਲ ਆਪਣੀ ਸੇਵਾ ਕਰਵਾਉਣਾ ਹੈ।

ਇਸੇ ਤਰ੍ਹਾਂ ਮੁਕਤੀ ਦਾ ਅਰਥ ਹਰ ਇਕ ਦੇ ਮਨ ਵਿਚ ਇਸ ਦਾ ਆਪਣਾ-ਆਪਣਾ ਸੰਕਲਪ ਰੂਪਮਾਨ ਕਰਦਾ ਹੈ। ਕਿਸੇ ਲਈ ਮੁਕਤੀ ਦਾ ਅਰਥ ਇਸ ਸੰਸਾਰ ਤੋਂ ਰੁਖਸਤ ਹੋਣਾ ਹੈ। ਕਿਸੇ ਲਈ ਆਪਣੇ ਧਾਰਮਿਕ ਰਹਿਬਰ ਦੇ ਕਹੇ ਬਚਨਾਂ ਅਨੁਸਾਰ ਕਰਮਕਾਂਡ ਕਰਨਾ ਮੁਕਤੀ ਹੈ। ਕਿਸੇ ਲਈ ਇਸ ਸ਼ਬਦ ਦੇ ਅਰਥ ਭਾਲਦਿਆਂ ਸਾਰੀ ਉਮਰ ਦੀ ਭਟਕਣਾ ਹੀ ਉਸ ਦੀ ਹੋਣੀ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਇਹੋ ਜਿਹੇ ਮਨੁੱਖਾਂ ਨੂੰ ਮਰਨ ਤੋਂ ਬਾਅਦ ਮੁਕਤੀ ਮਿਲਦੀ ਹੈ। ਇਨ੍ਹਾਂ ਸ਼ਬਦਾਂ ਵਿਚਲੇ ਸੰਕਲਪਾਂ ਨੂੰ ਸਮਝੇ ਬਿਨਾਂ ਜਾਂ ਉਨ੍ਹਾਂ ਵਿਚਲੇ ਇਤਿਹਾਸਕ ਵਿਕਾਸ ਨੂੰ ਜਾਣੇ ਬਿਨਾਂ, ਇਨ੍ਹਾਂ ਵਿਚਲੇ ਗਿਆਨ ਨੂੰ ਨਹੀਂ ਸਮਝਿਆ ਜਾ ਸਕਦਾ। ਹਰ ਇਤਿਹਾਸਕ ਪੜਾਅ ਵਿਚ ਹਰ ਸ਼ਬਦ ਦਾ ਅਰਥ ਗਹਿਰਾ ਹੁੰਦਾ ਜਾਂਦਾ ਹੈ। ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਮਨੁੱਖ ਦੇ ਮਨ ਵਿਚ ਦੇਹੀ ਦੇ ਅਰਥ ਉਹ ਨਹੀਂ ਸਨ, ਜੋ ਅੱਜ ਦੇ ਮਨੁੱਖ ਦੇ ਮਨ ਵਿਚ ਹਨ। ਉਦੋਂ ਦੇਹੀ ਦਾ ਅਰਥ ਮਹਿਜ ਸਰੀਰ ਸੀ, ਜਦੋਂਕਿ ਅੱਜ ਮਨ 'ਚ ਦੇਹੀ ਦਾ ਖਿਆਲ ਆਉਂਦਿਆਂ ਹੀ ਇਸ ਵਿਚਲੇ ਅਨੇਕਾਂ ਅੰਗ-ਗੁਰਦੇ, ਜਿਗਰ, ਫੇਫੜੇ, ਦਿਲ ਅਤੇ ਪੇਟ ਦੀਆਂ ਅੰਤੜੀਆਂ, ਨਾਲ ਹੀ ਪ੍ਰਗਟ ਹੋ ਜਾਂਦੇ ਹਨ।

ਹਰ ਭਾਸ਼ਾਈ ਸਭਿਆਚਾਰਕ ਲੋਕ-ਸਮੂਹ ਨੂੰ ਕੌਮ ਦੇ ਸੰਕਲਪ ਨਾਲ ਰਲਗੱਡ ਕਰਨ ਦੀ ਲੋੜ ਨਹੀਂ ਹੈ। ਕੌਮ ਦਾ ਸੰਕਲਪ ਪੂੰਜੀਵਾਦੀ ਦੌਰ ਦੀ ਦੇਣ ਹੈ। ਸਾਮਰਾਜੀ ਸੰਸਾਰੀਕਰਨ ਦੇ ਇਸ ਦੌਰ ਵਿਚ ਆ ਕੇ, ਇਸ ਦਾ ਅਗਾਂਹਵਧੂ ਰੋਲ ਸੀਮਤ ਹੈ। ਇਸ ਦਾ ਅਗਾਂਹਵਧੂ ਰੋਲ ਹੁਣ ਸਿਰਫ ਸਾਮਰਾਜੀ ਜਕੜ ਤੋਂ ਮੁਕਤੀ ਦੇ ਪ੍ਰਸੰਗ ਵਿਚ ਹੀ ਬਣਦਾ ਹੈ। ਇਸ ਜਕੜ 'ਚੋਂ ਮੁਕਤੀ ਪ੍ਰਾਪਤ ਕਰਨ ਲਈ ਸੰਘਰਸ਼ ਕਰਦਿਆਂ ਅੱਡ-ਅੱਡ ਕੌਮੀ ਰਾਜਾਂ ਦੀ ਵਕਤੀ ਹੋਂਦ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿਉਂਕਿ ਸਮੁੱਚੇ ਸੰਸਾਰ ਸਾਮਰਾਜੀ ਪ੍ਰਬੰਧ ਨੂੰ ਇਕੋ ਹੱਲੇ ਵਿਚ ਖਤਮ ਕਰਨਾ ਅਮਲੀ ਤੌਰ 'ਤੇ ਸੰਭਵ ਨਹੀਂ ਹੋ ਸਕਣਾ ਪਰ ਅੱਜ ਦੇ ਆਲਮੀ ਪ੍ਰਸੰਗ ਵਿਚ ਕੌਮੀ ਰਾਜ ਜ਼ਿਆਦਾ ਦੇਰ ਟਿਕਾਊ ਹੋਣੇ ਮੁਸ਼ਕਿਲ ਹਨ।

ਕਹਾਣੀ

# ਮੈਨਾ ਤੋਤੇ ਦੀ ਕਹਾਣੀ

*ਪੰਜਾਬੀ ਦੇ ਬਹੁ-ਵਿਧਾਈ ਲੇਖਕ ਬਲਦੇਵ ਸਿੰਘ ਧਾਲੀਵਾਲ ਨੇ ਆਪਣੀ ਇਸ ਨਵੀਂ ਕਹਾਣੀ ਵਿਚ ਲੋਕ ਕਥਾਵਾਂ ਦੀ ਲੜੀ ਵਿਚੋਂ ਅੱਜ ਦੇ ਜ਼ਮਾਨੇ ਦੀ ਕਹਾਣੀ ਗੁੰਦੀ ਹੈ। ਕਹਾਣੀ ਦਾ ਸੁਹਜ ਤੇ ਸਲੀਕਾ ਕਹਾਣੀ ਦੇ ਪਾਤਰਾਂ ਵਾਲਾ ਹੀ ਹੈ-ਸੁਹਜ ਤੇ ਸਲੀਕੇ ਵਾਲਾ। ਮੁੱਖ ਪਾਤਰ ਦੀ ਮਨਬਚਨੀ ਕਹਾਣੀ ਵਿਚ ਆਏ ਵੱਖ ਵੱਖ ਪਾਤਰਾਂ ਦੇ ਸੱਚ ਅਤੇ ਸਭਿਆਚਾਰ ਦੀਆਂ ਕੜੀਆਂ ਜੋੜਦੀ ਹੈ। ਕਹਾਣੀ ਦਾ ਮੁੱਖ ਪਾਤਰ ਮਨੋਵਿਗਿਆਨ ਦਾ ਪ੍ਰੋਫੈਸਰ ਹੈ, ਤੇ ਸੱਚਮੁੱਚ ਇਸ ਪਾਤਰ ਰਾਹੀਂ ਮਨੁੱਖੀ ਮਨ ਵਿਚ ਡੂੰਘੀਆਂ ਪਈਆਂ ਤਾਘਾਂ ਅਤੇ ਤ੍ਰਿਸ਼ਨਾਵਾਂ ਦਾ ਜ਼ਿਕਰ ਛਿੜਦਾ ਹੈ। ਇਕ ਗੱਲ ਹੋਰ...ਹਰ ਜੁੱਗ ਵਿਚ ਪਿਆਰ ਦੀ ਕਹਾਣੀ ਇਕ ਹੀ ਰਹਿੰਦੀ ਹੈ, ਪਰ ਹਰ ਜੁੱਗ ਵਿਚ ਕਹਿੰਦੇ-ਕਹਾਉਂਦੇ ਇਸ ਹਨੇਰੀ ਵਿਚ ਕੱਖਾਂ-ਕਾਨਿਆਂ ਵਾਂਗ ਉਡਦੇ ਜਾਪਦੇ ਹਨ। -ਸੰਪਾਦਕ*

'ਤੋਤਾ ਮੈਨਾ ਕੀ ਕਹਾਨੀ ਤੋ ਪੁਰਾਨੀ, ਪੁਰਾਨੀ ਹੋ ਗਈ' ਕਿਸੇ ਫ਼ਿਲਮੀ ਗਾਣੇ ਵਾਲੀ ਰਿੰਗਟੋਨ ਵਜਦੀ ਹੈ। ਸੁਣ ਕੇ ਮੈਂ ਤ੍ਰਭਕਿਆ ਹਾਂ। ਮੈਨੂੰ ਪਤਾ ਹੈ ਕੌਣ ਹੋਵੇਗਾ। ਇਹ ਰਿੰਗਟੋਨ ਇਕ ਸਪੈਸ਼ਲ ਕਾਲਰ ਲਈ ਸੈਟ ਕੀਤੀ ਹੋਈ ਹੈ, ਐਵੇਂ ਸ਼ਰਾਰਤ ਨਾਲ।

"ਮਾ...ਇ...ਨਾ" ਮੋਬਾਈਲ ਅੰਗਰੇਜ਼ੀ ਲਹਿਜ਼ੇ ਵਿਚ ਬੋਲਦਾ ਹੈ। ਮੈਨਾ ਹੀ ਹੈ। ਉਸ ਦਾ ਨਾਂ ਸਕਰੀਨ ਉਤੇ ਵੀ ਜਗਬੁਝ-ਜਗਬੁਝ ਕਰ ਰਿਹਾ ਹੈ। ਉਸ ਦਾ ਨਾਂ ਵੇਖ ਕੇ ਮੇਰੇ ਕੰਨਾਂ ਨੂੰ ਦਿਲ ਦੀ ਫੜੱਕ ਫੜੱਕ ਸੁਣਨ ਲੱਗੀ ਹੈ ਜਿਵੇਂ ਕਿਸੇ ਇਮਤਿਹਾਨ ਦਾ



**ਬਲਦੇਵ ਸਿੰਘ ਧਾਲੀਵਾਲ**

ਨਤੀਜਾ ਸੁਣਨ/ਵੇਖਣ ਵੇਲੇ ਹੁੰਦਾ ਹੈ। ਹੁਣ ਵੀ ਨਤੀਜਾ ਹੀ ਤਾਂ ਨਿਕਲਣ ਵਾਲਾ ਹੈ, ਮੈਨਾ ਦੀ ਹਾਂ ਜਾਂ...। ਨਾਂਹ ਸ਼ਬਦ ਸੋਚਾਂ ਵਿਚ ਲਿਆਉਣ ਲਈ ਵੀ ਮਨ ਤਿਆਰ ਨਹੀਂ। ਮੈਨਾ ਨਾਲ ਇੰਨਾ ਕੁਝ ਜੁੜ ਚੁੱਕਿਆ ਹੈ। ਉਂਜ ਵੀ ਇਹ ਕੰਨ ਨਾਂਹ ਸੁਣਨ ਦੇ ਤਾਂ ਆਦੀ ਹੀ ਨਹੀਂ ਰਹੇ। ਜੋ ਸੋਚਿਆ ਉਹ ਹਾਸਿਲ ਕਰ ਕੇ ਹੀ ਦਮ ਲਿਆ ਹੈ। ਫਿਰ ਇਸ ਵਾਰ...।

"ਹਾਂ ਬਈ ਮਨਮੀਤ...?" ਮੈਂ ਦਿਲ ਨੂੰ ਸੰਭਾਲਦਿਆਂ, ਬੋਲਾਂ ਨੂੰ ਥਿੜਕਣ ਤੋਂ ਬਚਾਉਂਦਿਆਂ, ਪੂਰੇ ਸਹਿਜ ਨਾਲ ਉਸ ਨੂੰ ਪੂਰੇ ਨਾਂ ਨਾਲ ਬੁਲਾਉਂਦਾ ਪੁਛਦਾ ਹਾਂ।

"ਘਰ ਹੋ ਨਾ? ਆ-ਜਾਂ ਮੈਂ?" ਉਸ ਦਾ ਲਹਿਜ਼ਾ ਪੁੱਛਣ ਦੀ ਥਾਂ ਦੱਸਣ ਵਾਲਾ ਹੈ ਜਿਵੇਂ ਕਹਿ ਰਹੀ ਹੋਵੇ ਤਿਆਰ ਰਹੋ ਸ੍ਰੀਮਾਨ ਮੈਂ ਆ ਰਹੀ ਹਾਂ। ਉਸ ਦੇ ਬੋਲਾਂ ਵਿਚੋਂ ਮੈਨੂੰ ਮਸ਼ਕਰੀ ਜਿਹੀ ਵਾਲੀ ਸੁਰ ਝਲਕਦੀ ਮਹਿਸੂਸ ਹੋਈ ਹੈ। ਅੱਗੇ ਤਾਂ ਉਹ ਹਮੇਸ਼ਾਂ 'ਸਬਮਿਸਵ' ਜਿਹੀ ਟੋਨ ਵਿਚ ਪੁਛਦੀ ਹੁੰਦੀ ਹੈ, "ਸਰ ਮੇ ਆਈ ਕੰਮ" ਜਿਵੇਂ ਕੋਈ ਕਮਰੇ 'ਚ ਵੜ੍ਹਨ ਵੇਲੇ ਪੁਛਦਾ ਹੁੰਦਾ ਹੈ।

"ਸ਼ਿਓਰ...ਸ਼ਿਓਰ... ਵੈਲ-ਕਮ, ਐਨੀ ਗੁੱਡ ਨਿਊਜ਼?" ਮੈਂ ਆਪਣੀ ਉਤੇਜਨਾ ਨੂੰ ਬੰਨ੍ਹ ਨਹੀਂ ਮਾਰ ਸਕਿਆ। ਆਪਣੇ ਰਿਜਰਵ ਸੁਭਾਅ ਦੇ ਉਲਟ ਓਪਨਲੀ ਪੁੱਛ ਬੈਠਾ ਹਾਂ।

"ਸਰਪ੍ਰਾਈਜ਼ ਐ...ਰੀਅਲੀ ਬਿੱਗ ਵੰਨ... ਫਾਰ ਯੂਅਰ ਇਨਫਰਮੇਸ਼ਨ ਮੰਮੀ-ਪਾਪਾ ਵੀ ਨਾਲ ਆ ਰਹੇ ਨੇ, ਕਹਿੰਦੇ ਮੂੰਹ ਮਿੱਠਾ ਕਰਾਉਣਾ... ਓ.ਕੇ... ਟੇਕ ਕੇਅਰ... ਸੀ ਯੂ।" ਕਹਿੰਦਿਆਂ ਉਸ ਨੇ ਫੋਨ ਕੱਟ ਦਿੱਤਾ ਹੈ। ਇਹ ਮੇਰਾ ਭੁਲੇਖਾ ਹੈ ਜਾਂ ਸੱਚ ਮੈਨੂੰ ਅੰਤ ਵਿਚ ਕੋਈ ਨਖ਼ਰੇ ਭਰੀ 'ਪੁ..ਅ..ਚ' ਵਰਗੀ ਆਵਾਜ਼ ਵੀ ਸੁਣੀ ਹੈ।

ਅਚੰਭਿਤ ਜਿਹਾ ਹੋਇਆ ਮੈਂ ਮਨਮੀਤ ਦੇ ਇਕ ਇਕ ਸ਼ਬਦ ਨੂੰ ਰਿੜਕ ਰਿਹਾ ਹਾਂ। ਮਨੋਵਿਗਿਆਨ ਦੇ ਵਿਸ਼ੇ ਨੇ ਇਹ ਮੇਰੀ ਆਦਤ ਹੀ ਬਣਾ ਦਿੱਤੀ ਹੈ। ਅੱਜ ਉਸ ਨੇ ਸੰਬੋਧਨ ਵੀ ਸਰ ਕਹਿ ਕੇ ਨਹੀਂ ਕੀਤਾ। ਘਰ, ਆ-ਜਾਂ, ਮੂੰਹ ਮਿੱਠਾ-ਸਾਰੇ ਦੇ ਸਾਰੇ ਸ਼ਬਦ ਉਸ ਦੇ ਅਚੇਤ ਮਨ ਦੀ ਕਿਸੇ ਅਨੋਖੀ ਤਾਂਘ ਦੀ ਬਾਤ ਪਾ ਰਹੇ ਪ੍ਰਤੀਤ ਹੁੰਦੇ ਹਨ। ਸ਼ਾਇਦ ਉਸ ਦੀ ਇਸ ਘਰੇ ਆ ਵੱਸਣ ਦੀ ਮੂੰਹ ਜ਼ੋਰ ਇੱਛਾ ਦਾ ਪ੍ਰਗਟਾਵਾ। ਹੁਣ ਸ਼ਾਇਦ ਦੀ ਤਾਂ ਖ਼ੈਰ ਗੁੰਜਾਇਸ਼ ਹੀ ਨਹੀਂ ਰਹਿ ਗਈ। ਯੂਨੀਵਰਸਿਟੀ ਦੀ ਪ੍ਰੋਫੈਸਰੀ ਅਤੇ ਮਨੋਵਿਗਿਆਨ ਦੇ ਵਿਸ਼ੇ ਦਾ ਰਿਮੋਟ ਹੱਥ ਵਿਚ ਹੋਵੇ ਤਾਂ ਮਨ-ਚਾਹੇ ਚੈਨਲ ਕਿਉਂ ਨਹੀਂ ਚੱਲਣਗੇ? 'ਮਨਮੀਤ ਕੀ...।' ਸੋਚ ਕੇ ਮੈਨੂੰ ਆਪਣੇ ਆਪ ਉਤੇ ਅਭਿਮਾਨ ਵਰਗਾ ਮਾਣ ਮਹਿਸੂਸ ਹੋਇਆ ਹੈ।

"ਸਰਪ੍ਰਾਈਜ਼!" ਮਨਮੀਤ ਦੇ ਬੋਲਾਂ ਨੂੰ ਮਨ ਹੀ ਮਨ ਵਿਚ ਦੁਹਰਾਉਂਦਾ ਸੋਚਦਾ ਹਾਂ, 'ਹੁਣ ਕਾਹਦਾ ਸਰਪ੍ਰਾਈਜ਼ ਰਹਿ ਗਿਆ ਡੀਅਰ, ਸਭ ਕੁਝ ਤਾਂ ਚਿੱਟੇ ਦਿਨ ਵਾਂਗ ਸਪੱਸ਼ਟ ਐ। ਘਰਦਿਆਂ ਤੋਂ ਹਰੀ ਝੰਡੀ ਮਿਲ ਗਈ ਹੋਏਗੀ ਤੇ ਕੱਤਣੀ ਨੂੰ ਫੁੱਲ ਲੱਗਣ ਦੀਆਂ ਤਿਆਰੀਆਂ ਹੋਣਗੀਆਂ।' ਇਸ ਕਾਵਿਕ ਜਿਹੇ ਖ਼ਿਆਲ ਨਾਲ ਮੇਰੀਆਂ ਸੋਚਾਂ ਸਰੂਰੀਆਂ ਗਈਆਂ ਹਨ, ਦਿਲ ਨੂੰ ਕਰਾਰ ਆ ਗਿਆ ਹੈ, ਬੁੱਲ੍ਹਾਂ ਉਤੇ ਮੁਸਕਣੀ ਖੇਡਣ ਲੱਗੀ ਹੈ।

'ਲਓ ਜਿੱਤੀ ਗਈ ਇਹ ਜੰਗ ਵੀ, ਜਿੱਤੀ ਹੀ ਜਾਣੀ ਸੀ। ਹਾਰਨ ਵਾਲੇ ਖ਼ਾਨਦਾਨ ਵਿਚ ਤਾਂ ਮੈਂ ਜੰਮਿਆਂ ਹੀ ਨਹੀਂ। ਮੇਰੇ ਪੁਰਖਿਆਂ ਨੂੰ ਐਵੇਂ ਤਾਂ ਨੀ ਜਗੀਰਾਂ ਹਾਸਿਲ ਹੁੰਦੀਆਂ ਰਹੀਆਂ। ਐਵੇਂ ਤਾਂ ਨੀ ਇਲਾਕੇ ਵਿਚ ਨਿਰਾਲੀ ਸ਼ਾਨ ਦਾ ਪਰਚਮ ਲਹਿਰਦਾ ਰਿਹਾ।' 'ਸਰਦਾਰਾਂ ਦਾ ਘਰ' ਉਂਜ ਈ ਤਾਂ ਨਹੀਂ ਕਿਹਾ ਜਾਣ ਲੱਗ ਪਿਆ ਪਿੰਡ ਵਿਚ। ਜੱਟ ਤਾਂ ਭਾਵੇਂ ਉਥੇ ਸਾਰੇ ਹੀ ਸਨ ਪਰ ਸਰਦਾਰ ਜੱਟਾਂ ਦਾ ਤਾਂ ਸਾਡਾ ਇਕੋ ਘਰ ਹੀ ਸੀ। ਇਉਂ ਸਰਦਾਰਾਂ ਵਾਂਗੂੰ ਸੋਚਣਾ ਮੈਨੂੰ ਗੁੜ੍ਹਤੀ ਵਿਚ ਹੀ ਮਿਲਿਆ ਹੈ। 'ਆਮ ਜੱਟਾਂ ਵਾਂਗ ਸੋਚਣ' ਵਾਲੇ ਦੀ ਸਾਡੇ ਘਰ ਵਿਚ ਹੁੰਦੀ ਟੋਕਾ-ਟੁਕਾਈ ਬਚਪਨ ਤੋਂ ਹੀ ਵੇਖਦਾ ਆਇਆ ਹਾਂ। ਉਹ ਗੱਲ ਮੈਨੂੰ ਹੁਣ ਵੀ ਯਾਦ ਆ ਰਹੀ ਹੈ ਜਿਹੜੀ ਮੇਰੀ ਚੜ੍ਹਦੀ ਉਮਰ ਵੇਲੇ ਵਾਪਰੀ ਸੀ। ਮੇਰੀ ਹੁੰਦੜਹੇਲ ਜਵਾਨੀ ਵੱਲ ਵੇਖ ਕੇ ਸਾਡਾ ਰੋਟੀ-ਟੁੱਕ ਕਰਨ ਵਾਲੀ ਮਹਿਰੀ ਨੇ ਮਾਂ ਨੂੰ ਕਿਸੇ ਕੁੜੀ ਦੀ ਦੱਸ ਪਾਉਣੀ ਚਾਹੀ ਸੀ।

"ਕੁੜੇ ਸਰਦਾਰਾਂ ਦੀ ਕਾਕੀ ਐ?" ਮਾਂ ਨੇ ਦੁਹਰਾ ਕੇ ਅੰਤਰਾ ਲੈਣਾ ਚਾਹਿਆ ਸੀ।

"ਨਈਂ ਬੀਬੀ ਜੀ, ਜੱਟਾਂ ਦੀ ਈ ਐ, ਊਂ ਸੁੱਖ ਨਾ ਜ਼ਮੀਨ-ਜਾਇਦਾਦ ਬਥੇਰੀ ਐ, ਘਰ ਭਰ ਦੇਣਗੇ ਲੈਣ-ਦੇਣ ਨਾ, ਕੁੜੀ ਵੀ ਜਾਣੀਦੀ ਹੱਥ ਲਾਇਆਂ ਮੈਲੀ ਹੋਣ ਵਾਲੀ ਐ।"

"ਹੇ ਖਾਂ, ਅਖੇ ਨਾ ਅਕਲ ਨਾ ਮੌਤ, ਕੁੜੇ ਕਿਤੇ ਮੋਰੀ ਦੀ ਇੱਟ ਚੁਬਾਰੇ ਨੂੰ ਲੱਗੀ ਐ ਭਲਾ? ਅੱਗੇ ਤੋਂ ਨਾ ਐਹੋ ਜਿਹਾ ਕਮਲ ਕੁੱਟੀਂ ਕਦੇ ਮੇਰੇ ਸਾਹਮਣੇ, ਨਹੀਂ ਤਾਂ ਫਿਰ ਮੈਥੋਂ ਬੁਰਾ ਕੋਈ ਨਹੀਂ।" ਮਾਂ ਨੇ ਮਹਿਰੀ ਦੀ ਥਾਂਏਂ ਖੁੰਬ ਠੱਪ ਦਿੱਤੀ ਸੀ। ਫਿਰ ਮਹਿਰੀ ਨੇ ਤਾਂ ਕੀ ਪਿੰਡ ਦੇ ਕਿਸੇ ਹੋਰ ਨੇ ਵੀ ਅਜਿਹਾ 'ਕਮਲ ਕੁੱਟਣ' ਦੀ ਜ਼ੁਅਰਤ ਨਹੀਂ ਸੀ ਕੀਤੀ। ਇਸ ਨਾਲ ਮੈਨੂੰ ਵੀ ਕੰਨ ਹੋ ਗਏ ਸਨ ਕਿ ਸਰਦਾਰੀ ਕੀ ਹੁੰਦੀ ਹੈ ਅਤੇ ਇਨ੍ਹਾਂ ਮਾਮਲਿਆਂ ਵਿਚ ਮਾਂ ਵਾਂਗ ਕਿਵੇਂ ਸੋਚਣਾ ਹੈ।

ਫਿਰ ਜਦੋਂ ਮੈਂ ਯੂਨੀਵਰਸਿਟੀ ਵਿਚ ਲੈਕਚਰਾਰ ਆ ਲੱਗਾ ਤਾਂ 'ਚੁਬਾਰਾ' ਹੋਰ ਵੀ ਉਚਾ ਹੋ ਗਿਆ। ਕਿੰਨੀਆਂ ਹੀ ਲੰਮੀਆਂ-ਲੰਝੀਆਂ, ਗੋਰੀਆਂ-ਚਿੱਟੀਆਂ, ਪਤਲੀਆਂ-ਪਤੰਗਾਂ ਮੈਂ ਅੱਖਾਂ ਹੇਠੋਂ ਦੀ ਕੱਢੀਆਂ ਹੋਣਗੀਆਂ ਪਰ ਅੰਤ ਰੱਦ ਕਰ ਦਿੱਤੀਆਂ। ਕੋਈ ਵੀ ਮੈਨੂੰ ਆਪਣੀ ਅੰਦਰਲੀ ਸਰਦਾਰੀ ਦੇ ਮੇਚ ਦੀ ਨਾ ਜਾਪਦੀ। ਚਾਲੀਵਾਂ ਲੰਘਦਿਆਂ ਕਿਤੇ ਅੰਦਰੋਂ ਇਹ ਅਵਾਜ਼ ਵੀ ਸੁਣਨ ਲੱਗੀ ਸੀ ਕਿ ਸ਼ਾਇਦ ਸੰਸਾਰ ਵਿਚ ਇਹੋ ਜਿਹੀ ਕੋਈ ਹੋਣੀ ਹੀ ਨਹੀਂ। ਪਰ ਨਹੀਂ, ਇਹ ਸੱਚ ਨਹੀਂ ਸੀ, ਪਹਿਲੀ ਵਾਰ ਮਨਮੀਤ ਨੂੰ ਵੇਖ ਕੇ ਅਜਿਹਾ ਹੀ ਜਾਪਿਆ ਸੀ। ਕਾਮਨਾ ਦੇ ਸੁੱਕੇ ਬਾਗ ਜਿਵੇਂ ਪਲਾਂ ਵਿਚ ਹਰੇ ਹੋ ਗਏ ਸਨ।

ਮੇਰੀ ਪੀਐਚ.ਡੀ. ਦੀ ਪੁਰਾਣੀ ਸਟੂਡੈਂਟ ਗੁਰਜੋਤ ਨਾਲ ਉਹ ਮੈਨੂੰ ਉਚੇਚ ਨਾਲ ਮਿਲਣ ਆਈ ਸੀ। ਗੁਰਜੋਤ ਨੇ ਦੱਸਿਆ ਸੀ ਕਿ ਮਨਮੀਤ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਸਾਈਕਾਲੋਜੀ ਵਿਚ ਪੋਸਟ-ਗ੍ਰੈਜੂਏਸ਼ਨ ਕੀਤੀ ਸੀ। ਪੀਐਚ.ਡੀ. ਕਰਨਾ ਚਾਹੁੰਦੀ ਸੀ ਪਰ ਉਥੇ ਕੋਈ ਗਾਈਡ ਨਹੀਂ ਸੀ ਮਿਲ ਸਕਿਆ। ਇਸ ਲਈ ਹੁਣ ਸਾਡੀ ਯੂਨੀਵਰਸਿਟੀ ਆਈ ਸੀ।

ਪਰ ਮੈਨੂੰ ਤਾਂ ਜਿਵੇਂ ਉਹ ਕੁਝ ਵੀ ਨਹੀਂ ਸੀ ਸੁਣ ਰਿਹਾ ਜੋ ਗੁਰਜੋਤ ਦੱਸ ਰਹੀ ਸੀ। ਮੇਰੀ ਸੁਰਤ ਤਾਂ ਮਨਮੀਤ ਦੇ ਸੁਹਜ ਅਤੇ ਸਲੀਕੇ ਉਤੇ ਟਿਕੀ ਹੋਈ ਸੀ। ਉਸ ਨੇ ਪੂਰੀਆਂ ਬਾਹਾਂ ਵਾਲਾ ਘੇਰੇਦਾਰ ਸਫ਼ੈਦ ਰੰਗ ਦਾ ਅਨਾਰਕਲੀ ਸਟਾਈਲ ਕੁੜਤਾ ਪਾਇਆ ਹੋਇਆ ਸੀ। ਰੇਬਦਾਰ ਪਜ਼ਾਮੀ ਅਤੇ ਕਢਾਈਦਾਰ ਜੁੱਤੀ ਖੂਬ ਜਚ ਰਹੀ ਸੀ। ਵੱਡੇ ਪਨ੍ਹੇ ਦੇ ਦੁਪੱਟੇ ਨਾਲ ਉਸ ਨੇ ਅੱਧਾ ਕੁ ਸਿਰ ਢਕ ਕੇ ਘੁੰਢ ਕੱਢਣ ਵਾਂਗ ਦੁਪੱਟਾ ਤਿਰਛਾ ਜਿਹਾ ਕੀਤਾ ਹੋਇਆ ਸੀ। ਛੱਲਾ, ਮਹੀਨ ਚੇਨੀ ਅਤੇ ਮੋਤੀਆਂ ਵਾਲੇ ਲੌਂਗ ਸ਼ੇਪ ਟਾਪਸਾਂ ਨਾਲ ਉਸ ਦਾ ਹੁਸਨ ਹੋਰ ਨਿੱਖਰ ਆਇਆ ਸੀ। ਲਿਪਸਟਿੱਕ ਏਨੀ ਮੱਧਮ ਗੁਲਾਬੀ ਕਿ ਹੋਠਾਂ ਦੇ ਕੁਦਰਤੀ ਰੰਗ ਨਾਲ ਇਕਮਿਕ ਹੋ ਗਈ ਜਾਪਦੀ ਸੀ। ਵੇਖਣ ਵਾਲੇ ਦਾ ਮਨ ਉਸ ਦੇ ਕਿਸੇ ਅੰਗ ਦੀ ਛੋਟੀ ਜਿਹੀ ਝਲਕ ਲਈ ਤੜਪ ਉਠਦਾ ਪਰ ਉਸ ਨੇ ਆਪਣੇ ਜੋਬਨ ਨੂੰ ਇਉਂ ਸਾਂਭ ਰੱਖਿਆ ਸੀ ਕਿ ਹਵਾ ਵੀ ਸਿਰਫ ਹੱਥਾਂ ਅਤੇ ਚਿਹਰੇ ਨੂੰ ਰਤਾ-ਮਾਸਾ ਛੂਹ ਸਕਦੀ।

ਜੇ ਕਿਤੇ ਮਾਂ ਉਸ ਦੀ ਅਜਿਹੀ ਫੱਬਤ ਨੂੰ ਤੱਕ ਲੈਂਦੀ ਤਾਂ ਉਸ ਦੇ ਮੂੰਹੋਂ ਸੁਤੇ-ਸਿੱਧ ਹੀ ਨਿਕਲਣਾ ਸੀ, "ਕਾਕਾ ਜੀ ਇਹ ਹੁੰਦੈ ਸਰਦਾਰੀ ਰੂਪ।"

ਮਨਮੀਤ ਵੱਲ ਵੇਖਦਿਆਂ ਮੈਂ ਮੰਤਰ-ਮੁਗਧ ਸਾਂ ਪਰ ਗੁਰਜੋਤ ਲਗਾਤਾਰ ਤਨਜ਼ੀ ਜਿਹਾ ਮੁਸਕਰਾ ਰਹੀ ਸੀ। ਇਸ ਲਈ ਮੈਨੂੰ ਵੀ ਝਟਕੇ ਨਾਲ ਵਿਹਾਰੀ ਦੁਨੀਆਂ ਵਿਚ ਆਉਣਾ ਪਿਆ। ਫਿਰ ਮੈਂ ਆਪਣੀਆਂ ਸ਼ਰਤਾਂ ਦਸਦਾ ਗਿਆ ਅਤੇ ਮਨਮੀਤ ਸਿਰ ਦੇ ਹਲਕੇ ਜਿਹੇ ਅਦਾਇਗੀ ਭਰੇ ਇਸ਼ਾਰੇ ਨਾਲ ਸਭ ਕਬੂਲ ਕਰਦੀ ਰਹੀ। ਸ਼ਾਇਦ ਕਿਸੇ ਵੀ ਕੀਮਤ ਉਤੇ ਉਹ ਮੇਰੀ ਨਾਂਹ ਨਹੀਂ ਸੁਣਨਾ ਚਾਹੁੰਦੀ ਸੀ। ਉਸ ਦੀ ਕਮਜ਼ੋਰੀ ਮੈਂ ਭਾਂਪ ਲਈ ਸੀ।

"ਸਰ ਜਿਸ ਟਾਪਿਕ ਬਾਰੇ ਮੈਂ ਕੰਮ ਕਰਨ ਦਾ ਮਨ ਬਣਾਇਐ, ਸ਼ਾਇਦ ਕੋਈ ਵੀ ਮੈਰਿਡ ਟੀਚਰ ਉਸ ਸਬੰਧੀ ਬਾਇਸ ਹੋਏ ਬਿਨਾ ਸੋਚ ਨਹੀਂ ਸਕੇਗਾ। ਸਿਰਫ ਤੁਸੀਂ ਹੀ ਅਜਿਹੇ ਕੰਪਲੈਕਸ ਤੋਂ ਮੁਕਤ ਹੋ ਕੇ ਮੈਨੂੰ ਠੀਕ ਸੁਜੈਸ਼ਨਜ਼ ਦੇ ਸਕੋਗੇ, ਮੇਰਾ ਇਹ ਵਿਸ਼ਵਾਸ ਹੈ।" ਉਸ ਨੇ ਭਾਵੇਂ ਇਹ ਸਭ ਮੇਰੀ ਵਡਿਆਈ ਖਾਤਰ ਹੀ ਕਿਹਾ ਹੋਵੇ ਪਰ ਕਹਿਣ ਦਾ ਅੰਦਾਜ਼ ਮੈਨੂੰ ਲਾ-ਜਵਾਬ ਲੱਗਿਆ ਸੀ। ਆਪਣੀਆਂ ਪਤਲੀਆਂ ਗੋਰੀਆਂ ਉਂਗਲਾਂ ਦੀ ਅਦਾਇਗੀ ਨਾਲ ਉਹ ਇਉਂ ਦੱਸ ਰਹੀ ਸੀ ਕਿ ਮੈਨੂੰ ਪਲ ਦੀ ਪਲ ਫ਼ਿਲਮ 'ਉਮਰਾਓ ਜਾਨ' ਵਿਚਲਾ ਰੇਖਾ ਦਾ ਜਲਵਾ, 'ਦਿਲ ਚੀਜ਼ ਕਿਆ ਹੈ, ਆਪ ਮੇਰੀ ਜਾਨ ਲੀ-ਜੀਏ' ਸੰਜੀਵ ਹੋ ਗਿਆ ਜਾਪਿਆ।

"ਕੀ ਟਾਪਿਕ ਸੋਚਿਐ?" ਮੈਂ ਆਪਣੀ ਉਤਸੁਕਤਾ ਛੁਪਾ ਨਾ ਸਕਿਆ।

"ਸਰ ਟਾਪਿਕ ਹੈ, ਤੋਤਾ ਮੈਨਾ ਦੀਆਂ ਲੋਕ-ਕਥਾਵਾਂ ਦਾ ਰਾਜਨੀਤਕ ਅਵਚੇਤਨ:ਸਮਕਾਲੀ ਸਮਾਜਕ ਸੰਦਰਭ ਵਿਚ।"

"ਰੀਅਲੀ ਇਨੋਵੇਟਿਵ! ਕੀ ਹਾਈਪੋਥੀਸਿਸ ਹੈ ਮੁਢਲੇ ਤੌਰ 'ਤੇ?" ਮੇਰੀ ਜਿਗਿਆਸਾ ਜਾਗ ਉਠੀ ਸੀ।



"ਸਰ ਇਨ ਮਾਈ ਓਪੀਨੀਅਨ, ਬੇਵਫ਼ਾਈ ਜਾਂ ਧੋਖੇ ਦਾ ਮਸਲਾ ਜੈਂਡਰ ਬੇਸਿਡ ਨਹੀਂ ਜਾਪਦਾ। ਔਰਤ-ਮਰਦ ਦੋਵੇਂ ਪ੍ਰਸਥਿਤੀਆਂ ਵੱਸ ਚਲਿੱਤਰ ਕਰਦੇ ਆਏ ਐ। ਧੋਖਾ ਕਰਨ ਵਾਲੀ ਧਿਰ ਓਨੀ ਕੁ ਹੀ ਸਫਲ ਹੁੰਦੀ ਐ ਜਿੰਨੀ ਕੁ ਉਹ ਦੂਜੀ ਧਿਰ ਦੀਆਂ ਕਮਜ਼ੋਰੀਆਂ ਅਤੇ ਸੁਪਨਿਆਂ ਨੂੰ ਸਮਝ ਕੇ ਦਾਅ ਖੇਡਣ ਦੇ ਯੋਗ ਹੁੰਦੀ ਐ। ਸਰ ਇਹ ਧਾਰਨਾ ਮੈਨੂੰ ਸਮਕਾਲੀ ਸਮਾਜਕ ਪ੍ਰਸੰਗ ਵਿਚ ਵੀ ਰੈਲੇਵੈਂਟ ਪ੍ਰਤੀਤ ਹੁੰਦੀ ਐ।" ਨਪੇ-ਤੁਲੇ ਸ਼ਬਦਾਂ ਵਿਚ ਆਪਣੇ ਵਿਸ਼ੇ ਬਾਰੇ ਗੱਲ ਕਰਦੀ ਉਹ ਮੈਨੂੰ ਬਹੁਤ ਪੁਖ਼ਤਾ ਸੋਚ ਵਾਲੀ ਲੱਗੀ ਸੀ। ਇਹੋ ਜਿਹੀ ਪੁਖ਼ਤਗੀ ਲੰਮੇ ਅਭਿਆਸ ਨਾਲ ਆਉਂਦੀ ਹੈ ਪਰ ਉਹ ਤਾਂ ਅਰੰਭ ਵਿਚ ਹੀ...। ਜਾਪਿਆ ਸੂਰਤ ਅਤੇ ਸੀਰਤ ਦਾ ਅਦਭੁੱਤ ਸੁਮੇਲ ਸੀ ਮਨਮੀਤ। ਅੰਦਰੋ ਅੰਦਰੀ ਮੈਂ ਹੁਣ ਉਸ ਬਾਰੇ 'ਪੋਜੈਸਵ' ਹੋ ਕੇ ਸੋਚ ਰਿਹਾ ਸੀ। ਡੌਕਟਰੇਟ ਤੋਂ ਬਾਅਦ ਮੈਂ ਉਸ ਨੂੰ ਵਿਭਾਗ ਵਿਚ ਹੀ ਸੈਟ ਕਰਵਾ ਲਵਾਂਗਾ। ਮਨੋਵਿਗਿਆਨ ਦੇ ਵੱਟਿਆਂ ਨਾਲ ਵੀ ਮੈਂ ਨਾਪ-ਤੋਲ ਕੇ ਵੇਖਿਆ ਤਾਂ ਇਹੀ ਸਿੱਟਾ ਨਿਕਲਿਆ ਕਿ ਮਨਮੀਤ ਭਾਵੇਂ ਓਵਰ ਅੰਬੀਸ਼ੀਅਸ ਵੀ ਹੋਵੇ ਪਰ 'ਸਬਮਿਸਵ' ਅਤੇ ਰਉਂ-ਰੁਖ ਚੱਲਣ ਵਾਲੀ ਹੋਵੇਗੀ। ਬਹੁਤ ਛੇਤੀ ਮੇਰੀ ਸ਼ਖ਼ਸੀਅਤ ਦੇ ਢਾਂਚੇ ਵਿਚ ਢਲ ਕੇ ਮੇਰਾ ਹੀ ਰੂਪ ਹੋ ਜਾਵੇਗੀ। ਇਸੇ ਦੀ ਤਾਂ ਮੈਨੂੰ ਭਾਲ ਸੀ। ਆਹ ਤਾਂ ਰੱਬ ਨੇ ਦਿੱਤੀਆਂ ਗਾਜਰਾਂ ਵਿਚੇ ਰੰਬਾ ਰੱਖ ਵਾਲੀ ਗੱਲ ਹੋ ਨਿੱਬੜੀ ਸੀ।

ਕੁਝ ਦਿਨਾਂ ਵਿਚ ਹੀ ਮਨਮੀਤ ਕੰਮ ਨੂੰ ਇਉਂ ਜੁਟ ਪਈ ਕਿ ਥੀਸਿਜ਼ ਉਸ ਲਈ ਮੱਛੀ ਦੀ ਅੱਖ ਅਤੇ ਉਹ ਖ਼ੁਦ ਅਰਜਨ ਦਾ ਤੀਰ ਜਾਪਣ ਲੱਗੀ। ਛੁੱਟੀ ਵਾਲੇ ਦਿਨ ਵੀ ਕੰਮ ਨੂੰ ਜੁਟੀ ਰਹਿੰਦੀ। ਸ਼ਾਮ ਨੂੰ ਮੇਰੇ ਕੈਂਪਸ ਵਾਲੇ ਘਰ ਆ ਕੇ ਵੀ ਡਿਸਕਸ ਕਰਦੀ ਰਹਿੰਦੀ। ਮੇਰੀ ਮਨੋਵਿਗਿਆਨਕ ਸੂਝ ਦਸਦੀ ਸੀ ਕਿ ਪਹਿਲਾਂ ਮੇਰੇ ਵਿਚ ਅਤੇ ਫਿਰ ਮੇਰੇ ਘਰ ਵਿਚ ਉਸ ਦੀ ਰੁਚੀ ਵਧਣ ਲੱਗ ਪਈ ਸੀ। ਥੀਸਿਸ ਬਾਰੇ ਗੱਲ ਕਰਦਿਆਂ ਕਰਦਿਆਂ ਅਚਾਨਕ ਉਹ ਆਨੀਂ-ਬਹਾਨੀਂ ਮੇਰੇ ਨਿੱਜੀ ਅਤੇ ਪਰਿਵਾਰਕ ਪਿਛੋਕੜ ਦੀ ਜਾਣਕਾਰੀ ਲੈਣ ਲੱਗ ਜਾਂਦੀ।

"ਸਰ, ਪੇਰੈਂਟਸ ਨੇ ਕਦੇ ਸੋਡੀ ਮੈਰਿਜ਼ ਲਈ ਜ਼ੋਰ ਨੀ ਪਾਇਆ?" ਸਿੱਧਾ ਅੱਖਾਂ 'ਚ ਝਾਕਦਿਆਂ ਉਹ ਅਪਣੱਤ ਨਾਲ ਪੁਛਦੀ।

"ਬਹੁਤ ਪ੍ਰੈਸ਼ਰ ਪਾਉਂਦੇ ਐ, ਪਰ ਕੋਈ ਕੁੜੀ ਅਪੀਲ ਕਰਦੀ ਤਾਂ ਈ ਗੱਲ ਤੁਰਦੀ ਨਾ ਅੱਗੇ।" ਮੈਂ ਦਸਦਾ।

"ਵੈਰੀ ਮੱਚ ਰਾਈਟ ਸਰ, ਕੋਈ ਲੱਖਾਂ 'ਚੋਂ ਇਕ ਹੀ ਸੋਡੇ ਨਾਲ ਵਰ ਮੇਚ ਸਕਦੀ ਐ। ਤੁਸੀਂ ਤਾਂ ਜਿਸ 'ਤੇ ਉਂਗਲ ਰੱਖ ਦੇਵੋਂ ਉਸ ਦੀ ਹਾਂ ਹੋਏਗੀ, ਮੇਰਾ ਯਕੀਨ ਐ, ਸਰ।" ਉਹ ਮੁਸਕੁਰਾਉਂਦਿਆਂ ਮੇਰੀ ਵਡਿਆਈ ਦੇ ਪੁਲ ਉਸਾਰਨ ਲਗਦੀ।

ਮੈਂ ਅੰਦਰੋਂ ਖੁਸ਼ ਸਾਂ। ਮੇਰਾ ਰਿਮੋਟ ਪੂਰੀ ਤਰ੍ਹਾਂ ਕੰਮ ਕਰ ਰਿਹਾ ਸੀ ਅਤੇ ਮਨਮੀਤ ਉਸੇ ਦਿਸ਼ਾ ਵੱਲ ਤੁਰ ਪਈ ਸੀ ਜਿਧਰ ਮੈਂ ਤੋਰਨਾ ਚਾਹੁੰਦਾ ਸਾਂ। ਉਸ ਸਮੇਂ ਤਾਂ ਮੇਰੀ ਹੈਰਾਨੀ ਦੀ ਹੱਦ ਹੀ ਨਾ ਰਹਿੰਦੀ ਜਦੋਂ ਮਨਮੀਤ ਮੇਰੀਆਂ ਉਹ ਇੱਛਾਵਾਂ ਵੀ ਸਮਝ ਲੈਂਦੀ ਜਿਹੜੀਆਂ ਮੈਂ ਅਜੇ ਕਿਸੇ ਵੀ ਜੈਸਚਰ ਨਾਲ ਬਾਹਰ ਨਾ ਵਿਖਾਲੀਆਂ ਹੁੰਦੀਆਂ।

"ਸਰ, ਚਾਹ ਪੀਣ ਦਾ ਮਨ ਐ?" ਕਈ ਵਾਰ ਕੰਮ ਕਰਦਿਆਂ ਕਰਦਿਆਂ ਉਹ ਅਚਾਨਕ ਪੁੱਛਦੀ ਅਤੇ ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਕਿਚਨ ਵੱਲ ਜਾਣ ਲਈ ਉਠ ਪੈਂਦੀ।

"ਕੈਸਾ ਟਾਪਿਕ ਚੁਣ ਬੈਠੀ ਮੈਂ, ਕੰਪਲੈਕਸ ਪ੍ਰਾਬਲੈਮ ਹੈ ਸਰ, ਹਿਊਮਨ ਬਿਹੇਵੀਅਰ ਬਾਰੇ ਪਰਡਿਕਟ ਕਰਨਾ, ਏਥੇ ਆ ਕੇ ਤਾਂ ਵਿਚਾਰੀ ਸਾਈਕਾਲੋਜੀ ਦੀ ਵੀ ਬਰੇਕ ਲੱਗ ਜਾਂਦੀ ਐ; ਆਈ ਥਿੰਕ ਪਹਿਲਾਂ ਚਾਹ ਪੀਨੇ ਆਂ, ਫਿਰ ਤਾਜ਼ਾ ਦਮ ਹੋ ਕੇ ਇਸ ਮਸਲੇ ਨਾਲ ਦੋ-ਚਾਰ ਹੋਵਾਂਗੇ।" ਕਹਿੰਦਿਆਂ ਉਹ ਕਿਚਨ ਵਿਚ ਚਲੀ ਜਾਂਦੀ।

ਮੈਂ ਅਧਲੇਟੀ ਹਾਲਤ ਵਿਚ ਸੋਫ਼ੇ ਉਤੇ ਬੈਠਾ ਉਸ ਦੀ ਨਿੱਕੀ ਤੋਂ ਨਿੱਕੀ ਹਰਕਤ ਨੂੰ ਨਿਹਾਰਦਾ ਰਹਿੰਦਾ। ਉਹ ਟੀ-ਪੈਨ ਚਕਦੀ, ਪਾਣੀ ਪਾਉਂਦੀ, ਗੈਸ ਉਤੇ ਧਰਦੀ ਤਾਂ ਕਿਸੇ ਵੀ ਚੀਜ਼ ਦਾ ਭੋਰਾ-ਭਰ ਖੜਕਾ ਨਾ ਹੋਣ ਦਿੰਦੀ। ਇਉਂ ਲਗਦਾ ਜਿਵੇਂ ਕਿਸੇ ਗੈਬੀ ਸ਼ਕਤੀ ਨੇ ਚਾਹ ਬਣਾ ਕੇ ਕੱਪਾਂ ਵਿਚ ਪਾ ਦਿੱਤੀ ਹੋਵੇ। ਘਰ ਵਿਚ ਇਸ ਕਿਸਮ ਦੀ ਬੇ-ਆਵਾਜ਼ ਨਾਰੀ-ਹੋਂਦ ਦੀ ਤਾਂ ਮੈਂ ਵੀ ਕਲਪਨਾ ਨਹੀਂ ਕਰ ਸਕਿਆ ਸਾਂ ਕਿ ਉਹ ਹਵਾ ਵਾਂਗ ਮਹਿਸੂਸ ਹੋਵੇ, ਸੁਖ ਦੇਵੇ ਪਰ ਨਜ਼ਰ ਨਾ ਆਵੇ। ਟਰੇਅ ਵਿਚ ਕੇਤਲੀ, ਕੱਪ, ਮਿਲਕ ਪਾਟ, ਸ਼ੂਗਰ ਕਿਊਬਜ਼ ਦਾ ਪੈਕ, ਬਿਸਕੁਟ ਅਤੇ ਨੈਪਕਿਨ ਰੱਖੀ ਉਹ ਕਿਸੇ ਸਟੇਜੀ ਅਦਾਕਾਰ ਵਾਂਗ ਇਉਂ ਅਡੋਲ ਜਿਹੀ ਤੁਰੀ ਆਉਂਦੀ ਦਿਸਦੀ ਕਿ ਵੇਖ ਕੇ ਮਨ ਸਕੂਨ ਨਾਲ ਭਰ ਜਾਂਦਾ। 'ਮਨਮੀਤ ਵਿਚ ਇਹ ਕੋਈ ਅਨੋਖੀ ਹੀ ਸੈਂਸ ਸੀ ਕਿ ਛਲੇਡੇ ਵਾਂਗ ਸਾਹਮਣੇ ਵਾਲੇ ਦੀ ਇੱਛਾ ਅਨੁਕੂਲ ਰੂਪ ਧਾਰ ਲੈਂਦੀ ਐ।' ਇਹ ਵਿਚਾਰ ਅਕਸਰ ਮਨ ਵਿਚ ਆਉਂਦਾ। 'ਇਹ ਸਭ ਕਿੱਥੋਂ ਸਿਖਿਐ ਮਨਮੀਤ?' ਹਰ ਵਾਰ ਇਹ ਜਾਣਨਾ ਚਾਹੁੰਦਾ ਪਰ ਪੁਛਦਾ ਨਾ। ਮੇਰਾ ਅੰਦਰਲਾ ਲੋਚਦਾ 'ਕਾਸ਼ ਇਹ ਥੀਸਿਸ ਵਰਕ ਇਉਂ ਹੀ ਚਲਦਾ ਰਹੇ, ਉਮਰ ਭਰ, ਕਦੇ ਨਾ ਮੁੱਕੇ। ਕਿਸੇ ਮਨੋਵਿਗਿਆਨੀ ਨੇ ਠੀਕ ਹੀ ਕਿਹਾ ਹੈ ਕਿ ਮਨ ਚਾਹੀ ਸਥਿਤੀ ਵਿਚ ਕੰਮ ਵੀ ਖੇਡ ਬਣ ਜਾਂਦਾ ਹੈ।' ਸੱਚ ਹੀ ਤਾਂ ਸੀ। ਥਕਾਵਟ ਸ਼ਬਦ ਤਾਂ ਸਾਡੀ ਸੋਚ ਦੀ ਡਿਕਸ਼ਨਰੀ ਵਿਚੋਂ ਜਿਵੇਂ ਗਾਇਬ ਹੀ ਹੋ ਗਿਆ ਸੀ।

"ਮਨਮੀਤ ਤੈਨੂੰ ਥੀਸਿਸ ਸਬਮਿਟ ਕਰਨ ਦੀ ਏਨੀ ਕਾਹਲੀ ਕਿਉਂ ਐਂ? ਕੋਈ ਪ੍ਰੈਸ਼ਰ ਐ?" ਮਨਮੀਤ ਦੇ ਚਲੇ ਜਾਣ ਦੇ ਖ਼ਿਆਲ ਨਾਲ ਭੈਅ ਆਉਣ ਲਗਦਾ ਤਾਂ ਮੇਰੇ ਤੋਂ ਪੁੱਛ ਹੋ ਜਾਂਦਾ।

"ਯੈਸ ਸਰ, ਓਹੀ ਪ੍ਰਾਬਲੈਮ ਵਿਆਹ ਵਾਲੀ ਜਿਹੜੀ ਭਾਰਤ ਦੀਆਂ ਨੱਬੇ ਪਰਸੈਂਟ ਕੁੜੀਆਂ ਦੇ ਸਿਰ 'ਤੇ ਤਲਵਾਰ ਵਾਂਗੂੰ ਲਟਕਦੀ ਰਹਿੰਦੀ ਐ। ਮੇਰੀ ਉਮਰ ਵਧਦੀ ਐ, ਤੇ ਪੇਰੈਂਟਸ ਦੀ ਹਾਈਪਰਟੈਨਸ਼ਨ। ਬੱਸ ਗਿਣਤੀ-ਮਿਣਤੀ ਦਾ ਮੰਗਵਾਂ ਟੈਮ ਹੀ ਮਿਲਿਐ ਮਸਾਂ।" ਉਸ ਨੇ ਬਾਦਲੀਲ ਢੰਗ ਨਾਲ ਦਸਦਿਆਂ ਕੱਪ ਬੁੱਲ੍ਹਾਂ ਨੂੰ ਛੁਹਾਇਆ ਅਤੇ ਬਿਨਾਂ ਸੁੜਾਕਾ ਮਾਰਿਆਂ ਸਹਿਜ ਅਤੇ ਸਲੀਕੇ ਨਾਲ ਚੁਸਕੀ ਲਈ।

"ਯੂ ਆਰ ਵੈਰੀ ਮੱਚ ਰਾਈਟ, ਮੇਰੀ ਇਕ ਸਟੂਡੈਂਟ ਨੂੰ ਤਾਂ ਵਿਆਹ ਕਰਕੇ ਪੀਐਚ.ਡੀ. ਅਧਵਾਟੇ ਹੀ ਛੱਡਣੀ ਪੈ ਗਈ ਸੀ।" ਮੈਂ ਆਪਣਾ ਖਦਸ਼ਾ ਦੱਸਿਆ।

"ਨੋ ਸਰ, ਇਸ ਪੱਖੋਂ ਮੈਂ ਡੈਫੀਨੇਟਲੀ ਕਲੀਅਰ ਤੇ ਅਸੱਰਟਿਵ ਆਂ, ਮੈਂ ਪੇਰੈਂਟਸ ਨੂੰ ਪੂਰੀ ਰਿਸਪੈਕਟ ਦਿੰਦੀ ਆਂ ਪਰ ਮੇਰੀ ਮਰਜ਼ੀ ਤੋਂ ਬਿਨਾਂ ਕੁਝ ਨਈਂ ਹੋ ਸਕਦਾ ਘਰ ਵਿਚ। ਯੂ ਨੋ ਸਰ ਅਰੇਂਜਡ ਮੈਰਿਜ਼ ਨੇ ਗੁਰਜੋਤ ਦੀਦੀ ਦੀ ਗਰੋਥ ਨੂੰ ਕਿਵੇਂ ਸਟੱਕ ਕੀਤਾ ਐ। ਵਿਚਾਰੀ ਪੰਜਾਂ ਸਾਲਾਂ ਤੋਂ ਪੀਐਚ.ਡੀ. ਵਿਚ ਅਟਕੀ ਹੋਈ ਐ। ਸਰ ਮੇਰੀਆਂ ਫਲਾਈਟਸ ਜ਼ਰਾ ਉਚੀਆਂ ਤੇ ਹੋਰ ਨੇ।" ਮਨਮੀਤ

ਦੀਆਂ ਅੱਖਾਂ ਵਿਚ ਸਵੈ-ਵਿਸ਼ਵਾਸ ਦੀ ਲਿਸ਼ਕਵੀਂ ਲਕੀਰ ਵੇਖ ਕੇ ਮੈਨੂੰ ਭੈਅ ਜਿਹਾ ਮਹਿਸੂਸ ਹੋਇਆ। ਇਸ ਲਈ ਮੈਂ ਦੁਹਰਾ ਕੇ ਪੁੱਛਿਆ, "ਹੋਰ ਮੀਨਜ਼? ਐਨੀ ਥਿੰਗ ਅਲਟਰਾ ਮਾਡਰਨ?"

"ਸਰ ਨਾਟ ਸੋ ਕਾਲਡ ਅਲਟਰਾ ਮਾਡਰਨ, ਬੱਟ ਅਕੈਡਮਿਕ। ਟੂ ਬੀ ਵੈਰੀ ਫਰੈਂਕ ਮੇਰੀ ਅੰਬੀਸ਼ਨ ਇਸ ਫੀਲਡ ਵਿਚ ਬਹੁਤ ਉਤਾਂਹ ਤੱਕ ਜਾਣ ਦੀ ਐ। ਇਸੇ ਲਈ ਮੈਰਿਜ਼ ਵੀ ਇਹੀ ਸੋਚ ਕੇ ਕਰਨੀ ਐਂ ਕਿ ਪੋਸਟ-ਡੌਕਟਰੇਟ ਵਾਲੀ ਰਿਸਰਚ ਲਈ ਯੂਨੀਵਰਸਿਟੀ ਕੈਂਪਸ ਵਰਗਾ ਮਾਹੌਲ ਮਿਲੇ। ਕੰਪੇਨੀਅਨ ਮੈਚਿਉਰ ਹੋਵੇ ਮੇਰੇ ਸੁਪਨਿਆਂ ਦੀ ਪੂਰਤੀ ਲਈ ਮੱਦਦਗਾਰ ਬਣਨ ਵਾਲਾ, ਸਹੁਰੇ ਪਰਿਵਾਰ ਦੀ ਲਾਇਬਿਲਿਟੀਜ਼ ਘੱਟ ਤੋਂ ਘੱਟ ਹੋਣ, ਆਪਣੇ ਸਬਜੈਕਟ ਉਤੇ ਮੈਂ ਕੰਨਸੈਂਟ੍ਰੇਟ ਕਰ ਸਕਾਂ...ਸੋਡੇ ਵਾਂਗ ਹੀ...ਯੂ ਨੋ ਵੈਰੀ ਵੈਲ ਸਰ...ਨੋ ਨੀਡ ਟੂ ਐਕਸਪਲੇਨ।" ਕਹਿੰਦਿਆਂ ਉਹ ਸਹਿਵਨ ਹੀ ਡਰਾਇੰਗ ਰੂਮ ਦੀ ਉਸ ਕੰਧ ਵੱਲ ਵੇਖਣ ਲੱਗੀ ਜਿਸ ਉਤੇ ਮੇਰੀ ਫੋਟੋ ਲੱਗੀ ਹੋਈ ਸੀ। ਇਤਫ਼ਾਕ ਦੀ ਗੱਲ ਹੀ ਸੀ ਕਿ ਉਹ ਪਿਕਚਰ ਮੈਂ ਕਦੇ ਮੈਟਰੀਮੋਨੀਅਲ ਪਰਪਸ ਨਾਲ ਖਿਚਵਾਈ ਸੀ।

ਕੋਈ ਕੰਵਾਰੀ ਕੁੜੀ ਭਲਾ ਇਸ ਤੋਂ ਵੱਧ ਹੋਰ ਕੀ ਕਹਿ ਸਕਦੀ ਸੀ? ਮਨਮੀਤ ਦੇ ਉਤਰ ਵਿਚ ਸਭ ਕੁਝ ਤਾਂ ਚਿੱਟੇ ਦਿਨ ਵਾਂਗ ਸਪੱਸ਼ਟ ਸੀ। ਆਪਣੀ ਮਨੋਵਿਸ਼ਲੇਸ਼ਣੀ ਸੂਝ ਦੇ ਘੋੜੇ ਹੋਰ ਭਜਾਉਣ ਦੀ ਮੈਨੂੰ ਭਲਾ ਹੁਣ ਕੀ ਲੋੜ ਸੀ? ਹੁਣ ਤਾਂ ਜੰਗ ਜਿੱਤ ਚੁੱਕੀਆਂ ਫੌਜਾਂ ਦੇ ਅਰਾਮ ਕਰਨ ਦਾ ਸਮਾਂ ਸੀ। ਮੈਂ ਸੋਫ਼ੇ ਉਤੇ ਪਸਰ ਕੇ ਬੈਠਦਿਆਂ ਢੋਹ ਉਤੇ ਰੱਖਿਆ ਸਿਰ ਢਿੱਲਾ ਛੱਡ ਦਿੱਤਾ।

"ਸਰ ਜੇ ਰਿਲੈਕਸ ਹੋ ਗਏ ਤਾਂ ਫਿਰ ਚਾਹ ਪੀਤੀ ਦਾ ਲਾਭ ਉਠਾਇਆ ਜਾਵੇ ਹੁਣ?" ਮੁਸਕਰਾਉਂਦਿਆਂ ਮਨਮੀਤ ਨੇ ਆਪਣੇ ਚੈਪਟਰ ਦਾ ਖਰੜਾ ਮੇਰੇ ਵੱਲ ਸਰਕਾ ਦਿੱਤਾ।

"ਓ...ਸ਼ਿਓਰ।" ਮੈਂ ਸਿੱਧਾ ਹੋ ਕੇ ਬੈਠਦਿਆਂ ਕਿਹਾ, "ਮਨਮੀਤ ਇਸ ਗੱਲੋਂ ਤਾਂ ਤੇਰਾ ਥੈਂਕਸ ਕਰਨਾ ਬਣਦੈ। ਸੱਚੀ ਗੱਲ ਐ ਕਿ ਮੈਂ ਆਪਣੀ ਖੋਜ ਦੇ ਕੰਮ ਵਿਚ ਢਿੱਲਾ ਪੈਣ ਲੱਗ ਪਿਆ ਸੀ। ਤੇਰੇ ਆਉਣ ਨਾਲ ਫੇਰ ਫੁਰਤੀ ਮਹਿਸੂਸ ਹੋਣ ਲੱਗੀ ਐ। ਇਉਂ ਰਲ-ਮਿਲ ਕੇ ਆਪਾਂ ਬਹੁਤ ਕੁਝ ਨਵਾਂ ਅਚੀਵ ਕਰ ਸਕਦੇ ਹਾਂ।" ਮੇਰੀ ਪ੍ਰਸੰਸਾ ਦਾ ਤੀਰ ਐਨ ਟਿਕਾਣੇ ਜਾ ਲੱਗਾ। ਮਨਮੀਤ ਦੀਆਂ ਤਰਲ ਹੋਈਆਂ ਨਜ਼ਰਾਂ ਨੇ ਇਸ ਗੱਲ ਦੀ ਗਵਾਹੀ ਭਰੀ।

"ਮੈਂ ਕੀ ਆਂ ਸਰ, ਸਭ ਸੋਡਾ ਪਰਤਾਪ ਐ ਜੀ। ਬਾਕੀ ਆਪਾਂ ਤਾਂ ਖੈਰ ਯਤਨ ਹੀ ਕਰ ਸਕਦੇ ਆਂ, ਕੀ ਪਤੈ ਫਿਊਚਰ ਦੀ ਕੁੱਖ ਵਿਚ ਕੀ ਐ?" ਮਨਮੀਤ ਬੇਵਜ੍ਹਾ ਨਿਰਾਸ਼ ਜਿਹੀ ਹੋ ਗਈ। ਸ਼ਾਇਦ ਮੇਰੀ 'ਓਵਰ ਪੋਜ਼ੈਸਵਨੈਸ' ਤੋਂ ਘਬਰਾ ਗਈ ਹੋਵੇ। ਉਸ ਦਾ ਧਿਆਨ ਬਦਲਣ ਲਈ ਮੈਂ ਚੈਪਟਰ ਉਤੇ ਨਜ਼ਰ ਘੁੰਮਾਉਂਦਿਆਂ ਪੁੱਛਿਆ, "ਮਨਮੀਤ ਆਪਾਂ ਹਾਈਪੋਥੀਸਿਸ ਨੂੰ ਥੀਸਸ ਵਿਚ ਬਦਲਣ ਲਈ ਕਿਸ ਕਥਾ ਨੂੰ ਬੇਸ ਬਣਾ ਰਹੇ ਆਂ ਭਲਾ?"

"ਸਰ, ਓਹੀ ਕਿਸਾਨ ਦੀ ਤੀਵੀਂ ਵਾਲੀ ਕਥਾ ਨੂੰ। ਸੋਕੇ ਦੇ ਦਿਨਾਂ ਵਿਚ ਹਟਵਾਣੀਏਂ ਤੋਂ ਅਨਾਜ ਲੈਣ ਲਈ ਆਪਣੇ ਰੂਪ ਦੀ ਜੁਗਤ ਵਰਤਦੀ ਹੈ। ਫਸਲ ਆਉਣ ਤੱਕ ਹਟਵਾਣੀਏਂ ਨੂੰ ਲਾਰਿਆਂ-ਲੱਪਿਆਂ ਨਾਲ ਟਾਲ ਕੇ ਆਪਣਾ ਜਤ-ਸਤ ਵੀ ਕਾਇਮ ਰਖਦੀ ਐ ਅਤੇ ਪਰਿਵਾਰ ਦਾ ਔਖਾ ਵਕਤ ਵੀ ਲੰਘਾ ਲੈਂਦੀ ਐ।" ਮਨਮੀਤ ਕਥਾ ਦਾ ਤੱਤ-ਸਾਰ ਦਸਦੀ ਹੈ।

"ਠੀਕ...ਇਸ ਵਿਚ ਸੱਤਾਵਾਨ ਅਤੇ ਸੱਤਾਹੀਨ ਦੇ ਹਿਤਾਂ ਦਾ ਸੰਘਰਸ਼ ਵੀ ਹੈ ਅਤੇ ਆਪਣਾ ਆਪਣਾ ਕੰਮ ਕੱਢਣ ਦੇ ਹੁਨਰ ਦੀ ਵਰਤੋਂ ਦਾ ਕਮਾਲ ਵੀ... ਯੂ ਆਰ ਐਬਸੋਲਿਊਟਲੀ ਕੁਰੈਕਟ।" ਮੈਂ ਮਨਮੀਤ ਨੂੰ ਦਾਦ ਦੇਣ ਵਾਂਗ ਕਿਹਾ।

"ਸਰ ਮੋਰ ਓਵਰ, ਇਕ ਕੋਣ ਤੋਂ ਤੀਵੀਂ ਧੋਖੇਬਾਜ ਲਗਦੀ ਐ, ਦੂਜੇ ਤੋਂ ਹਟਵਾਣੀਆਂ ਅਤੇ ਤੀਜੇ ਤੋਂ ਕਿਸਾਨ ਜਿਹੜਾ ਪਤਨੀ 'ਤੇ ਸ਼ੱਕ ਵੀ ਕਰਦੈ ਅਤੇ ਮਤਲਬ ਕੱਢਣ ਲਈ ਉਸ ਦੀ ਵਰਤੋਂ ਵੀ ਕਰਦੈ। ਆਈ ਥਿੰਕ ਮਾਮਲਾ ਬਹੁਤ ਕੰਪਲੈਕਸ ਐ। ਮੇਰੇ ਵਿਚਾਰ ਵਿਚ ਸੱਚ ਜਾਨਣ ਲਈ ਸਾਨੂੰ ਸਾਰੇ ਕੋਣਾਂ ਤੋਂ ਖੜ੍ਹ ਕੇ ਵੇਖਣਾ ਪਵੇਗਾ, ਐਮ ਆਈ ਰਾਈਟ ਸਰ?" ਮਨਮੀਤ ਨੇ ਮੇਰੇ ਵੱਲ ਇਸ ਤਰ੍ਹਾਂ ਤੱਕਿਆ ਜਿਵੇਂ ਕਹਿਣਾ ਚਾਹੁੰਦੀ ਹੋਵੇ ਆਪਣੇ ਵਿਚ ਹੁਣ ਦੋ ਰਾਵਾਂ ਦੀ ਗੁੰਜਾਇਸ਼ ਕਿੱਥੇ ਹੈ? ਜਾਂ ਸ਼ਾਇਦ ਮੈਂ ਹੀ ਉਸ ਦੀਆਂ ਨਜ਼ਰਾਂ ਦੇ ਇਹ ਅਰਥ ਕੱਢੇ।

ਕੀ ਅਸੀਂ ਸੱਚਮੁੱਚ ਇਕੋ ਤਰ੍ਹਾਂ ਹੀ ਸੋਚਣ ਲੱਗ ਪਏ ਸਾਂ? ਇਕ ਮਨੋਵਿਗਿਆਨੀ ਦੇ ਤਰਕ ਨਾਲ ਸੋਚਦਿਆਂ ਮੈਨੂੰ ਇਹ ਅਣਹੋਣੀ ਜਿਹੀ ਗੱਲ ਜਾਪੀ। ਭਲਾ ਦੋ ਵਿਅਕਤੀਆਂ ਦਾ ਨਜ਼ਰੀਆ ਇਕੋ ਕਿਵੇਂ ਹੋ ਸਕਦਾ ਹੈ? ਉਹ ਵੀ ਜੇ ਦੋਵੇਂ ਤੀਵੀਂ-ਮਰਦ ਹੋਣ? 'ਚਲੋ ਅਲੋਕਾਰ ਹੀ ਸਹੀ ਅਲੋਕਾਰੀ ਗੱਲਾਂ ਵੀ ਤਾਂ ਇਸੇ ਜਗਤ ਵਿਚ ਵਾਪਰਦੀਆਂ ਹਨ।' ਸੋਚਦਿਆਂ ਮੈਂ ਆਪਣੀ ਸ਼ੱਕੀ ਦੁਬਿਧਾ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ। ਸ਼ਾਂਤ ਹੋ ਕੇ ਸੋਚਦਾ ਤਾਂ ਜਾਪਦਾ ਕਿ ਮੈਨੂੰ ਮਨੋਵਿਗਿਆਨ ਦੇ ਫੋਬੀਏ ਨੇ ਘੇਰ ਲਿਆ ਸੀ। ਮੈਨੂੰ ਆਮ ਗੱਲਾਂ ਅਤੇ ਹਰਕਤਾਂ ਦੇ ਵੀ ਡੂੰਘੇ ਮੀਨਿੰਗ ਭਾਲਣ ਦੀ ਬਿਮਾਰੀ ਲੱਗ ਗਈ ਸੀ। ਥੀਸਸ ਮੁਕੰਮਲ ਕਰਨ, ਟਾਈਪ ਕਰਾਉਣ ਅਤੇ ਜਲਦੀ ਸਬਮਿਟ ਕਰਨ ਦੇ ਝੰਜਟਾਂ ਵਿਚ ਉਲਝੀ ਮਨਮੀਤ ਕਿਤੇ ਮੇਰੇ ਵੱਲੋਂ ਰਤਾ ਕੁ ਬੇਧਿਆਨ ਹੋ ਜਾਂਦੀ ਤਾਂ ਮੈਂ ਇਸ ਨੂੰ ਕੋਈ ਹੋਰ ਹੀ ਅਰਥ ਦੇਣ ਲਗਦਾ।

"ਮਨਮੀਤ ਕੀ ਤੂੰ ਲੋੜ ਤੋਂ ਵੱਧ ਕਾਹਲ ਨਹੀਂ ਕਰ ਰਹੀ?" ਮੇਰੀ ਆਵਾਜ਼ ਵਿਚੋਂ ਤਲਖ਼ੀ ਝਲਕਣ ਲੱਗੀ ਸੀ।

"ਸਰ, ਸੌਰੀ, ਯੂ ਨੋ, ਸਿਆਲ ਭੱਜਿਆ ਜਾ ਰਿਹੈ, ਇਸ ਵਾਰ ਮੈਂ ਇਸ ਨੂੰ ਇਉਂ ਸੁੱਕਾ ਨਹੀਂ ਲੰਘਣ ਦੇਣਾ, ਜੇ ਜ਼ਰਾ ਕੁ ਵੀ ਕੰਮ ਅੜਿਆ ਰਹਿ ਗਿਆ ਤਾਂ ਵਿਆਹ 'ਚ ਬੀ ਦੇ ਲੇਖਾ ਪੈ ਜਾਣੈਂ। ਸੋ ਹਰ ਹੀਲੇ ਕੰਮ ਫਿਨਿਸ਼ ਕਰਨੈ, ਪਲੀਜ਼ ਹੈਲਪ ਮੀ ਸਰ।" ਮਨਮੀਤ ਦਾ ਤਰਲਾ ਮੇਰੀ ਸਾਰੀ ਤਲਖ਼ੀ ਡੀਕ ਗਿਆ। ਮੈਂ ਫਿਰ ਸਹਿਜ ਹੋ ਗਿਆ।

ਆਪਣਾ ਕੰਮ ਮੁਕਾ ਕੇ ਜਿਸ ਦਿਨ ਮਨਮੀਤ ਜਾਣ ਤੋਂ ਪਹਿਲਾਂ ਮਿਲਣ ਆਈ ਉਸ ਦਿਨ ਗੁਰਜੋਤ ਵੀ ਨਾਲ ਸੀ। ਪਤਾ ਨਹੀਂ ਅਜਿਹੇ ਖਾਸ ਮੌਕੇ ਉਹ ਗੁਰਜੋਤ ਨੂੰ ਨਾਲ ਕਿਉਂ ਲੈ ਆਈ ਸੀ। ਕੋਈ ਵੀ ਗੱਲ ਖੁੱਲ੍ਹ ਕੇ ਨਹੀਂ ਸੀ ਹੋ ਰਹੀ।

"ਲੈ ਬਈ ਮਨਮੀਤ ਤੇਰਾ ਟਾਰਗੈਟ ਤਾਂ ਪੂਰਾ ਹੋ ਗਿਐ, ਹੁਣ ਲੱਡੂ ਕਦੋਂ ਖੁਆ ਰਹੀ ਐਂ?" ਕੁਦਰਤੀ ਜਿਹੜੀ ਗੱਲ ਮੈਂ ਪੁੱਛਣੀ ਸੀ ਉਹ ਗੁਰਜੋਤ ਨੇ ਪੁੱਛ ਕੇ ਮੇਰਾ ਕੰਮ ਸੁਖਾਲਾ ਕਰ ਦਿੱਤਾ।

"ਬੱਸ ਵਾਈਵਾ ਹੋਣ ਤੋਂ ਪੰਦਰਾਂ ਦਿਨ ਬਾਅਦ ਤਿਆਰ ਰਹਿਣਾ।" ਹਸਦਿਆਂ ਮਨਮੀਤ ਨੇ ਕਿਹਾ ਗੁਰਜੋਤ ਨੂੰ ਪਰ ਜਿਵੇਂ ਸੁਣਾਇਆ ਮੈਨੂੰ। ਮੈਂ ਸਮਝ ਗਿਆ। ਹੁਣ ਇਸ ਬਾਰੇ ਹੋਛੇ ਢੰਗ ਨਾਲ ਕੋਈ ਗੱਲ ਕਰਨ ਦੀ ਜ਼ਰੂਰਤ ਵੀ ਨਹੀਂ ਸੀ। ਅਸੀਂ ਸਰਸਰੀ ਗੱਲਾਂ ਕਰਦੇ ਰਹੇ।

ਮਨਮੀਤ ਦੇ ਜਾਣ ਤੋਂ ਪਿੱਛੋਂ ਇਕ ਦਿਨ ਮਨ ਵਿਚ ਆਈ ਕਿ ਮਾਂ ਨਾਲ ਅੰਦਰਲੀ ਗੱਲ ਸਾਂਝੀ ਕਰਕੇ ਕਹਾਂ, "ਮਾਂ ਮੈਨੂੰ ਤੇਰੀਆਂ ਤੇ ਮੇਰੀਆਂ ਸੋਚਾਂ ਦੇ ਮੇਚ ਦੀ ਕੁੜੀ ਮਿਲ ਗਈ ਐ, ਹੈ ਤਾਂ ਜੱਟਾਂ ਦੀ ਕੁੜੀ ਪਰ ਸਰਦਾਰਾਂ ਦੀ ਧੀ ਤੋਂ ਚਾਰ ਰੱਤੀਆਂ ਵੱਧ ਐ। ਸੁਹਜ-ਸਲੀਕਾ ਸਰਦਾਰਨੀਆਂ ਵਾਲਾ ਅਤੇ ਅਕਲ ਇੱਕੀਵੀਂ ਸਦੀ ਦੀਆਂ ਕੁੜੀਆਂ ਵਾਲੀ, ਹੈ ਨਾ ਕਮਾਲ?" ਫਿਰ ਰੁਕ ਗਿਆ। ਸੋਚਿਆ, ਪਹਿਲਾਂ ਪੱਕੀ ਤਰ੍ਹਾਂ ਹਾਂ ਹੋ ਜਾਵੇ ਫਿਰ ਅਚਾਨਕ ਸਰਪ੍ਰਾਈਜ਼ ਦੇਵਾਂਗਾ।

ਅੰਤ ਮਨਮੀਤ ਦਾ ਵਾਈਵਾ ਵੀ ਹੋ ਗਿਆ ਅਤੇ ਉਸ ਤੋਂ ਪਿੱਛੋਂ ਘਰੇ ਗਈ ਨੂੰ ਵੀ ਮਹੀਨਾ ਹੋ ਚੱਲਿਆ ਸੀ ਪਰ ਅਜੇ ਕੋਈ ਪਾਜੇਟਿਵ ਖ਼ਬਰ ਨਹੀਂ ਆਈ ਸੀ। ਮਨ ਵਿਚ ਕਈ ਵਾਰ ਸ਼ੱਕ ਦਾ ਨਾਗ ਫ਼ਨ ਚੁਕਦਾ ਤਾਂ ਉਸ ਨੂੰ ਸ਼ਾਂਤ ਕਰਨ ਲਈ ਗੱਲ ਨੂੰ ਦੂਜੇ ਕੋਣ ਤੋਂ ਖੜ੍ਹ ਕੇ ਵੇਖਣ ਲਗਦਾ, 'ਘਰ ਦੇ ਉਮਰ ਦੇ ਪਾੜੇ ਵਾਲਾ ਇਸ਼ੂ ਨਾ ਬਣਾ ਕੇ ਬੈਠ ਗਏ ਹੋਣ, ਸ਼ਾਇਦ ਉਹ ਕਨਵਿੰਸ ਕਰ ਰਹੀ ਹੋਵੇ।' ਕਦੇ ਖੁਦ ਫੋਨ ਕਰ ਕੇ ਪੁੱਛਣ ਦਾ ਖ਼ਿਆਲ ਆਉਂਦਾ ਪਰ ਉਸੇ ਵੇਲੇ ਅੰਦਰ ਸਰਦਾਰੀ ਵਾਲੀ ਈਗੋ ਦੀ ਚੰਗਿਆੜੀ ਮਘਣ ਲੱਗ ਪੈਂਦੀ। ਇਸ ਤਰ੍ਹਾਂ ਪਹਿਲ ਕਰਕੇ ਚਾਹਤ ਵਿਖਾਉਣੀ ਤਾਂ ਝੁਕਣ ਵਾਲੀ ਗੱਲ ਸਮਝੀ ਜਾਣੀ ਸੀ।

ਇਕ ਦਿਨ ਟੇਢੇ ਢੰਗ ਨਾਲ ਗੁਰਜੋਤ ਤੋਂ ਪਤਾ ਕਰਨ ਦਾ ਯਤਨ ਕੀਤਾ, "ਗੁਰਜੋਤ ਤੇਰੀ ਸਹੇਲੀ ਦੇ ਲੱਡੂਆਂ ਦੀ ਕੋਈ ਖ਼ਬਰਸਾਰ ਬਈ?" ਮੈਂ ਹਾਸੇ ਹਾਸੇ 'ਚ ਕਿਹਾ।

"ਕੀ ਪਤੈ ਸਰ, ਫੋਨ ਵੀ ਨਹੀਂ ਲੈ ਰਹੀ, ਸ਼ਾਇਦ ਨੰਬਰ ਬਦਲ ਗਿਐ।" ਖੁਦ ਗੁਰਜੋਤ ਨੇ ਵੀ ਹੈਰਾਨੀ ਜ਼ਾਹਰ ਕੀਤੀ।

"ਹੁਣ ਕਾਹਦੇ ਵਿਚ ਬਿਜ਼ੀ ਹੋਵੇਗੀ?" ਮੈਂ ਕੋਈ ਰਾਜ਼ ਕਢਵਾਉਣ ਦੇ ਇਰਾਦੇ ਨਾਲ ਪੁਛਿਆ।

"ਕੋਈ ਨਵਾਂ ਰੋਲ ਕਰ ਰਹੀ ਹੋਵੇਗੀ ਸਰ।" ਕਹਿ ਕੇ ਉਹ ਖਿੜਖਿੜਾ ਕੇ ਹੱਸ ਪਈ।

"ਨਵਾਂ ਰੋਲ?" ਮੈਂ ਕੁਝ ਹੋਰ ਹੀ ਸੋਚ ਕੇ ਸੀਰੀਅਸ ਹੋ ਗਿਆ।

"ਜਸਟ ਜੋਕਿੰਗ ਸਰ, ਅਸਲ ਵਿਚ ਇਹ ਮਨਮੀਤ ਦਾ ਈਡੀਅਮ ਐ, ਕਾਲਜ ਵਿਚ ਥੀਏਟਰ ਕਰਦੀ ਹੁੰਦੀ ਸੀ। ਹਰੇਕ ਕੰਮ ਨੂੰ ਰੋਲ ਹੀ ਆਖਦੀ ਹੁੰਦੀ ਸੀ, ਅਖੇ ਅਨਾਰਕਲੀ ਦਾ ਰੋਲ ਕਰ ਰਹੀ ਆਂ, ਐਮ.ਏ. ਕਰਨ ਦਾ ਰੋਲ ਕਰ ਰਹੀ ਆਂ, ਰਿਸਰਚ ਸਕਾਲਰ ਦਾ ਰੋਲ ਕੀਤਾ ਜਾ ਰਿਹੈ। ਬਹੁਤ ਫਨੀ ਕਿਸਮ ਦੀ ਐ ਸਰ ਮੈਨਾ ਤਾਂ।" ਗੁਰਜੋਤ ਨੇ ਹੱਸ ਹੱਸ ਲੋਟ-ਪੋਟ ਹੁੰਦਿਆਂ ਨਵਾਂ ਰਹੱਸ ਜਿਹਾ ਪੈਦਾ ਕਰ ਦਿੱਤਾ।

ਗੁਰਜੋਤ ਦੀਆਂ ਹਾਸੇ ਹਾਸੇ ਵਿਚ ਕੀਤੀਆਂ ਗੱਲਾਂ ਨੇ ਮੇਰੇ ਦਿਮਾਗ ਨੂੰ ਹੋਰ ਹੀ ਦਲੀਲਾਂ ਵਿਚ ਪਾ ਦਿੱਤਾ। 'ਕਦੇ ਥੀਏਟਰ ਕਰਨ ਦੀ ਗੱਲ ਸਾਂਝੀ ਤਾਂ ਕੀਤੀ ਨਹੀਂ ਮਨਮੀਤ ਨੇ?' ਮੈਂ ਇਸ ਭੇਤ ਦੇ ਅਰਥ ਲੱਭਣ ਲੱਗਿਆ। ਕਦੇ ਕਦੇ ਆਪਣੀ ਮਨੋਵਿਗਿਆਨਕ ਸੂਝ ਥੋਥੀ ਜਾਪਣ ਲਗਦੀ। ਅਜੀਬ ਜਿਹੀ ਉਧੇੜ-ਬੁਣ ਵਿਚ ਸਾਂ ਕਿ ਅੱਜ ਸਵੇਰੇ ਮਨਮੀਤ ਦੀ ਫੋਨ ਕਾਲ ਨੇ 'ਸਰਪ੍ਰਾਈਜ਼' ਦੇ ਦਿੱਤਾ। ਉਸ ਦੇ ਦੋ ਬੋਲਾਂ ਨੇ ਸਭ ਸ਼ੰਕਿਆਂ ਦੀ ਮੈਲ ਨੂੰ ਧੋ ਦਿੱਤਾ ਹੈ।

ਮੈਂ ਕਾਹਲੀ ਨਾਲ ਤਿਆਰ ਹੋਣ ਲਗਦਾ ਹਾਂ। ਤਿਆਰ ਤਾਂ ਭਾਵੇਂ ਪਹਿਲਾਂ ਹੀ ਸਾਂ ਪਰ ਹੁਣ ਰਤਾ ਵੱਖਰੀ ਤਰ੍ਹਾਂ ਦੀ ਤਿਆਰੀ ਕਰਨੀ ਹੈ। ਚਾਹੁੰਦਾ ਹਾਂ ਮਨਮੀਤ ਦੇ ਮਾਪਿਆਂ ਨੂੰ ਵੀ ਪਹਿਲੀ ਨਜ਼ਰੇ ਜਚ ਜਾਵਾਂ। ਕੱਪੜਿਆਂ ਵਾਲੀ ਅਲਮਾਰੀ ਖੋਲ੍ਹੀ ਹੈ। ਪੱਗਾਂ ਦੇ ਢੇਰ ਹੇਠਾਂ ਦੱਬੀ ਪਈ ਗੁਲਾਬੀ ਰੰਗ ਦੀ ਪੱਗ ਛਾਂਟ ਲਈ ਹੈ। ਇਸ ਨਾਲ ਹਲਕੇ ਲੈਮਨ ਰੰਗ ਦੀ ਸਿਲਕੀ ਕਮੀਜ਼ ਠੀਕ ਰਹੇਗੀ। ਪਤਾ ਨਹੀਂ ਕਦੇ ਕੀ ਸੋਚ ਕੇ ਲਈ ਹੋਵੇਗੀ, ਉਂਜ ਇਸ ਦੀ ਲਿਸ਼ਕਵੀਂ ਆਭਾ ਕਰਕੇ ਕਦੇ ਵਿਭਾਗ ਜਾਂਦਾ ਨਹੀਂ ਪਾ ਸਕਿਆ। ਕਮੀਜ਼-ਪੱਗ ਨਾਲ ਹਲਕੇ ਬ੍ਰਾਊਨ ਕਲਰ ਦਾ ਕੋਟ-ਪੈਂਟ ਮੈਚ ਕਰਦਾ ਹੈ। ਇਹ ਸਾਰੇ ਰੰਗ ਹੀ ਸ਼ਗਨਾਂ ਵਾਲੇ ਹੋਣ ਕਰਕੇ ਚੁਣੇ ਹਨ। ਚਿਰਾਂ ਪਿੱਛੋਂ ਲੰਮੀ ਤਿੱਖੀ ਨੋਕ ਵਾਲੇ ਲੂਈ ਫਿਲਿਪ ਦੇ ਬੂਟਾਂ ਨੂੰ ਡੱਬੇ ਵਿਚੋਂ ਕੱਢਿਆ ਹੈ। ਪੂਰੀ ਰੀਝ ਨਾਲ ਚਿਣ ਚਿਣ ਕੇ ਪੱਗ ਬੰਨ੍ਹ ਲਈ ਹੈ। ਮਨ ਦੀ ਤਸੱਲੀ ਲਈ ਪਹਿਲਾਂ ਹੀ ਪ੍ਰੈਸ ਦਾਹੜੀ ਦੇ ਵਾਲਾਂ ਨੂੰ ਡੋਰੀ ਹੇਠ ਕਰਨ ਲਈ ਸਲਾਈ ਫੇਰਦਾ ਹਾਂ। ਚੈਨਲ-ਫਾਈਵ ਬਰਾਂਡ ਦੇ ਸੈਂਟ ਦਾ ਸਪਰੇਅ ਕਰਦਿਆਂ ਮਨ ਵਿਚ ਲਤੀਫ਼ੇ ਵਰਗਾ ਖ਼ਿਆਲ ਆਇਆ ਹੈ, 'ਹੁਣ ਤਾਂ ਬੱਸ ਕਲਗੀ ਲਾਉਣ ਦੀ ਕਸਰ ਐ।' ਸ਼ੀਸ਼ਾ ਤੱਕਦਿਆਂ ਮੇਰਾ ਹਾਸਾ ਨਿਕਲ ਗਿਆ ਹੈ। 'ਪੁੱਤ ਸਰਦਾਰਾਂ ਦੇ...' ਆਪਣੀ ਸਰਦਾਰੀ ਵਾਲੀ ਟੌਅਰ ਵੇਖ ਕੇ ਇਕ ਪੁਰਾਣਾ ਗੀਤ ਆਪਮੁਹਾਰੇ ਬੁੱਲ੍ਹਾਂ ਉਤੇ ਨੱਚਣ ਲੱਗ ਪਿਆ ਹੈ।

ਕੰਧ 'ਤੇ ਲੱਗੇ ਕਲਾਕ ਵੱਲ ਝਾਤੀ ਮਾਰਦਾ ਹਾਂ। ਸਮਾਂ ਠਹਿਰ ਗਿਆ ਲਗਦਾ ਹੈ। ਟਾਈਮ ਪਾਸ ਕਰਨ ਲਈ ਡਰਾਇੰਗ ਰੂਮ ਵਿਚ ਆ ਕੇ ਟੀ.ਵੀ. ਆਨ ਕਰ ਲਿਆ ਹੈ ਪਰ ਉਸ ਵਿਚ ਮਨ ਨਹੀਂ ਲੱਗ ਰਿਹਾ। ਫਿਰ ਏਧਰ ਓਧਰ ਟਹਿਲ ਕਦਮੀ ਕਰਨ ਲਗਦਾ ਹਾਂ। 'ਟ...ਅ...ਨ' ਬੈਲ ਹੋਈ ਹੈ।

ਕਿਸਮਤ ਪੁੜੀ ਖੋਲ੍ਹਣ ਵਾਂਗ ਸੰਭਲ ਕੇ ਬੂਹਾ ਖੋਲ੍ਹਦਾ ਹਾਂ। ਵੇਖ ਕੇ ਅਚੰਭਾ ਹੁੰਦਾ ਹੈ। ਮਨਮੀਤ ਦੀ ਥਾਂ ਬਾਹਰ ਕੋਈ ਹੋਰ ਹੀ ਪਲੱਸ-ਟੂ ਪਾਸ ਚੁਲਬਲੀ ਜਿਹੀ ਕੁੜੀ ਖੜ੍ਹੀ ਹੈ। ਸਕਾਈ ਬਲੂ ਜੀਨ ਨਾਲ ਉਸ ਨੇ ਕਾਲੇ ਰੰਗ ਦਾ ਸਕਿੱਨ ਫਿੱਟ ਟਾਪ ਪਾਇਆ ਹੋਇਆ ਹੈ। ਕੰਨਾਂ ਵਿਚ ਆਰਟੀਫਿਸ਼ੀਅਲ ਜਾਪਦੀਆਂ ਛੋਟੀਆਂ ਛੋਟੀਆਂ ਲਮਕਵੀਆਂ ਡੰਡੀਆਂ ਹਨ। ਡੀਪ ਗਲੇ ਦੇ ਟਾਪ ਵਿਚੋਂ ਜੋਬਨ ਡੁੱਲ੍ਹ ਡੁੱਲ੍ਹ ਜਾਂਦਾ ਹੈ। 'ਏਹ ਕੀ ਕਮਲ ਕੁੱਟਿਐ ਅੱਜ ਏਹਨੇ, ਰੱਬਿਸ਼, ਨੌਨ ਸੈਂਸ' ਮਨਮੀਤ ਦਾ ਨਵਾਂ ਰੂਪ ਵੇਖ ਕੇ ਗਾਹਲ ਵਰਗਾ ਖ਼ਿਆਲ ਮੇਰੇ ਅੰਦਰੋਂ ਕਰੰਟ ਵਾਂਗ ਲੰਘਿਆ ਹੈ। ਮਨਮੀਤ ਵੱਲੋਂ ਧਿਆਨ ਹਟਾ ਕੇ ਮੈਂ ਉਸ ਦੇ ਪਿੱਛੇ ਖੜ੍ਹੇ ਮੰਮੀ-ਪਾਪਾ ਨੂੰ ਰਤਾ ਕੁ ਝੁਕਦਿਆਂ ਸਤਿ ਸ੍ਰੀ ਅਕਾਲ ਆਖਦਾ ਹਾਂ। ਉਹ ਮੱਧਲੀ ਕਿਸਾਨੀ ਦੇ ਪਿਛੋਕੜ ਵਾਲੇ ਸਿੱਧੇ-ਸਾਧੇ ਜੱਟ-ਬੂਟ ਜਾਪਦੇ ਹਨ।

ਡਰਾਇੰਗ ਰੂਮ ਵਿਚ ਬੈਠਦਿਆਂ ਹੀ ਮਨਮੀਤ ਦਾ ਪਾਪਾ ਦੋਵੇਂ ਹੱਥ ਜੋੜ ਕੇ ਬੋਲਣ ਲੱਗ ਜਾਂਦਾ ਹੈ, "ਪ੍ਰੋ. ਸਾਹਿਬ ਮੈਨਾ ਤਾਂ ਦਿਨ ਰਾਤ ਥੋਡਾ ਗੁਣ-ਗਾਣ ਕਰਦੀ ਨ੍ਹੀਂ ਥਕਦੀ। ਬਹੁਤ ਮੱਦਤ ਕੀਤੀ ਤੁਸੀਂ ਏਹਨੂੰ ਸਿਖਰਲੇ ਡੰਡੇ 'ਤੇ ਅਪੜਾਉਣ ਲਈ। ਸਿਆਣੇ ਆਂਹਦੇ ਐ ਬੱਚੇ ਤੇ ਟੀਚਰ ਦਾ ਹੱਕ ਮਾਪਿਆਂ ਤੋਂ ਵੀ ਵੱਧ ਹੁੰਦੈ। ਧੰਨਭਾਗ ਐ ਜੀ ਸਾਡੇ ਜਿਹੜਾ ਸੋਡੇ ਨਾਲ ਮੇਲ-ਮਿਲਾਪ ਦਾ ਸਬੱਬ ਬਣਿਐਂ।"

ਫਿਰ ਉਹ ਖੁਸ਼ੀ ਨਾਲ ਕੰਬਦੇ ਹੱਥਾਂ ਨਾਲ ਲਿਫਾਫ਼ੇ ਵਿਚੋਂ ਡਰਾਈ ਫਰੂਟ ਦਾ ਬਹੁਤ ਖੂਬਸੂਰਤ ਪੈਕ ਕੱਢ ਕੇ ਮੇਰੇ ਵੱਲ ਵਧਾਉਂਦਾ ਹੈ। ਸ਼ਰਮਾਉਣ ਦੀ ਥਾਂ ਮਨਮੀਤ ਹਸਦਿਆਂ ਹਸਦਿਆਂ ਸਭ ਕੁਝ ਗਹੁ ਨਾਲ ਵੇਖ ਰਹੀ ਹੈ। ਨਿਮਰ ਜਿਹਾ ਹੋ ਕੇ ਮੈਂ ਪੈਕ ਫੜ੍ਹ ਕੇ ਮੇਜ਼ ਉਤੇ ਰੱਖ ਲੈਂਦਾ ਹਾਂ। ਪੈਕ ਦੇ ਟ੍ਰਾਂਸਪੇਰੈਂਟ ਕਵਰ ਵਿਚੋਂ ਮੈਨੂੰ ਇਕ ਕਾਰਡ ਨਜ਼ਰ ਆਉਂਦਾ ਹੈ। ਚੋਰੀ ਅੱਖ ਮਨਮੀਤ ਵੱਲ ਤਕਦਾ ਮੈਂ ਕਾਰਡ ਪੜ੍ਹਨ ਦਾ ਯਤਨ ਕਰਦਾ ਹਾਂ। 'ਦਿਲਜੀਤ ਵੈਡਜ਼ ਮਨਮੀਤ...' ਪੜ੍ਹ ਕੇ ਮੈਨੂੰ ਤਰੇਲੀ ਆ ਗਈ ਹੈ। "ਸਰਪ੍ਰਾਈਜ਼...ਰੀਅਲੀ ਬਿੱਗ ਵੰਨ!" ਕਹਿੰਦਿਆਂ ਮੈਂ ਕੱਚਾ ਜਿਹਾ ਹਾਸਾ ਹਸਦਿਆਂ ਮਨਮੀਤ ਵੱਲ ਵੇਖਦਾ ਹਾਂ।

"ਸਰ...ਦਿਲਜੀਤ ਵਾਜ ਮਾਈ ਕਲਾਸ ਫੈਲੋ, ਇਨਫੈਕਟ ਮੋਰ ਦੈਨ..., ਨੈਟ ਕਲੀਅਰ ਕਰਕੇ ਉਸ ਨੂੰ ਪੰਜਾਬ ਯੂਨੀਵਰਸਿਟੀ ਵਿਚ ਅਪੁਇੰਟਮੈਂਟ ਮਿਲ ਗਈ ਐ। ਹਾਰਡ ਵਰਕਿੰਗ ਤੇ ਨਾਈਸ ਫੈਲੋ ਐ... ਜਵਾਂ ਸੋਡੇ ਵਾਂਗ ਹੀ। ਹੀ ਵਾਜ ਜਸਟ ਵੇਟਿੰਗ ਫਾਰ ਮਾਈ ਡੌਕਟਰੇਟ। ਥੈਂਕਸ ਏ ਲੌਟ ਸਰ" ਮੰਦ ਮੰਦ ਮੁਸਕਰਾਉਂਦਿਆਂ ਉਹ ਸਭ ਕੁਝ ਦੱਸ ਰਹੀ ਹੈ ਜਿਸ ਦੀ ਪੂਰੇ ਤਿੰਨ ਸਾਲ ਉਸ ਭਾਫ਼ ਵੀ ਨਹੀਂ ਸੀ ਨਿਕਲਣ ਦਿੱਤੀ।

"ਸਰ, ਵੰਨ ਇਨਟਰੱਸਟਿੰਗ ਥਿੰਗ, ਹੀ ਇਜ ਫੌਂਡ ਆਫ ਮਾਡਰਨ ਡਰੈਸਜ਼, ਓਹਦੇ ਲਈ ਏਹ...," ਉਸ ਨੇ ਆਪਣੇ ਦੋਹਾਂ ਹੱਥਾਂ ਨੂੰ ਸਿਰ ਤੋਂ ਪੈਰਾਂ ਵੱਲ ਲਿਜਾਂਦਿਆਂ ਆਪਣੇ ਨਵੇਂ 'ਰੋਲ' ਦੀ ਵਿਆਖਿਆ ਕਰਨੀ ਚਾਹੀ ਪਰ ਮੇਰੀ ਹੁਣ ਉਸ ਦੀ ਅਜਿਹੀ ਬਕਬਕ ਵਿਚ ਕੋਈ ਰੁਚੀ ਨਹੀਂ ਹੈ।

'ਡਰਾਮੇਬਾਜ਼...' ਮੈਂ ਆਪਣੇ ਲਾਵੇ ਨੂੰ ਮਸਾਂ ਹੀ ਅੰਦਰ ਸਾਂਭਦਾ ਹਾਂ। ਬਾਹਰੋਂ ਸਹਿਜ ਦਿਸਣ ਦਾ ਯਤਨ ਕਰਦਾ ਹਾਂ ਪਰ ਅੰਦਰੋਂ ਕਿਸੇ ਹਾਰੇ ਹੋਏ ਯੋਧੇ ਵਾਂਗ ਬਦਲੇ ਦੀ ਅੱਗ ਵਿਚ ਸੜ ਭੁੱਜ ਰਿਹਾ ਹਾਂ। ਉਨ੍ਹਾਂ ਛੋਟੇ ਲੋਕਾਂ ਸਾਹਮਣੇ ਨਿਤਾਣਾ ਨਹੀਂ ਦਿਸਣਾ ਚਾਹੁੰਦਾ। ਸੋਚਦਾ ਹਾਂ, 'ਜਦੋਂ ਮੌਕਾ ਬਣਿਆਂ ਤਾਂ ਦੱਸੂੰਗਾ' ਕੁੱਤੀਏ, ਇਸ ਕਹਾਣੀ ਨੂੰ ਖਤਮ ਹੋਈ ਨਾ ਸਮਝ ਲਈਂ, ਯਾਦ ਰੱਖੀਂ ਭਜਦਿਆਂ ਨੂੰ ਵਾਹਣ ਇਕੋ ਜਿਹੇ ਹੁੰਦੇ ਐ। ਸਾਹ ਫੁੱਲਣ ਨਾਲ ਮੇਰੀਆਂ ਅੱਖਾਂ ਅੱਗੇ ਹਨੇਰਾ ਆ ਗਿਆ ਹੈ। ਸੀਨੇ ਉਤੇ ਕੋਈ ਲੱਖਾਂ ਮਣ ਬੋਝ ਆ ਪਿਆ ਹੈ। ਇਉਂ ਲਗਦਾ ਹੈ ਜਿਵੇਂ ਸਿਖਰੋਂ ਡਿੱਗੇ ਚੁਬਾਰੇ ਦੇ ਮਲਬੇ ਥੱਲੇ ਦੱਬਿਆ ਬਾਹਰ ਨਿਕਲਣ ਲਈ ਪੂਰੇ ਤਾਣ ਨਾਲ ਕਰਾਹੁਣ ਦਾ ਯਤਨ ਕਰ ਰਿਹਾ ਹੋਵਾਂ ਪਰ ਮੇਰੀ ਆਵਾਜ਼ ਸੰਘ ਵਿਚ ਫਸੀ ਪਈ ਹੋਵੇ।

## ਕਾਵਿ-ਜਗਤ

### ਗੁਰੂ ਘਰ ਦਾ ਪ੍ਰਧਾਨ

ਵੇਖੋ ਕਲਯੁਗ ਵਿਚ ਧਰਮ
ਪਰ ਲਾ ਉਡਿਆ।
ਵੇਖੋ ਕੂੜ ਦਾ ਆਇਆ
ਕਮਾਲ ਦਾ ਰਾਜ ਵੇ ਲੋਕੋ।
ਬੇਸ਼ਰਮੀ ਤੇ ਕੂੜ ਦੀਆਂ,
ਹੱਦਾਂ ਪਾਰ ਕਰਕੇ
ਅੱਜ ਫਿਰ ਕਪਟੀ ਰਾਜਾ
ਦਰ 'ਤੇ ਮੰਗੇ ਵੋਟ-ਦਾਨ ਵੇ ਲੋਕੋ।

ਸ਼ਰਮ, ਕਰਮ, ਧਰਮ
ਦੀਆਂ ਗੱਲਾਂ ਛੱਡੋ
ਨਹਾਤੀ ਧੋਤੀ ਕਰਮੋਂ ਚਿੱਟੀ
ਸਰਦਾਰੀ ਦਾ ਆਇਆ ਰਾਜ ਵੇ ਲੋਕੋ।
ਵੇਖੋ ਕਲਯੁਗ ਵਿਚ...।

ਅੱਜ ਧਰਮ ਦੇ ਰਾਖੇ
ਧਰਮ ਨੂੰ ਹੀ ਸੰਨ੍ਹ ਲਾਉਣ ਲੱਗੇ।
ਪਰ ਧਰਮ ਤਾਂ ਹੁਣ
ਪਰ ਲਾ ਕੇ ਉਡ ਚੁੱਕਾ ਐ !
ਇਹ ਕਿਹਨੂੰ ਹੈ ਬਚਾਉਣ ਲੱਗੇ
ਵੇਖੋ ਕੂੜ ਦੇ ਰਾਜੇ ਦਾ ਕਮਾਲ ਵੇ ਲੋਕੋ।
ਵੇਖੋ ਕਲਯੁਗ ਵਿਚ...।

ਅਕਲਾਂ ਬਾਝੋਂ ਇਹ ਖੂਹ ਖਾਲੀ
ਕਪਟੀ, ਕ੍ਰੋਧੀ, ਲੋਭੀ ਤੇ ਹੰਕਾਰੀ
ਹਰ ਕੋਈ ਬਣਿਆ ਫਿਰਦਾ
ਅੱਜ ਧਰਮ ਦਾ ਪ੍ਰਧਾਨ ਵੇ ਲੋਕੋ।
ਵੇਖੋ ਕਲਯੁਗ ਵਿਚ...।

ਮੱਤ ਸਿੰਘ ਦੀ ਇਕ ਗੱਲ
ਯਾਦ ਜੇ ਰੱਖਿਓ।
ਸੋਚ ਸਮਝ ਕੇ ਵੋਟ ਜੇ ਪਾਇਓ।
ਐਸਾ ਨਾ ਬਣਾਇਓ
ਗੁਰੂ ਘਰ ਦਾ ਪ੍ਰਧਾਨ ਵੇ ਲੋਕੋ।
ਵੇਖੋ ਕਲਯਗ ਵਿਚ ਧਰਮ
ਦਾ ਬੁਰਾ ਹਾਲ ਵੇ ਲੋਕੋ!!

*-ਮੱਤ ਸਿੰਘ ਢਿੱਲੋਂ*
*ਫੋਨ: 847-308-5411*

---

ਹਿੰਦੀ ਕਵਿਤਾ

### ਸੋਹਣੀ ਤੇ ਕੱਚਾ ਘੜਾ

ਕੱਚਾ ਘੜਾ ਤੇ ਬਹਾਨਾ ਸੀ
ਸੋਹਣੀ ਦੀ ਕਿਸਮਤ ਵਿਚ
ਡੁਬਣਾ ਲਿਖਿਆ ਸੀ
ਸੋ ਡੁੱਬ ਗਈ।
ਘੜਾ ਪੱਕਾ ਹੁੰਦਾ
ਤਾਂ ਵਫਾ ਦੀ ਸੂਲੀ 'ਤੇ ਚੜ੍ਹੀ
ਸੋਹਣੀ ਦੇ ਸਾਹ ਕੁਝ ਵਧ ਜਾਂਦੇ।

ਇਸ ਨਾਲ ਮਹੀਂਵਾਲ ਦਾ ਹਸ਼ਰ
ਨਾ ਬਦਲਿਆ, ਨਾ ਬਦਲਣਾ ਸੀ
ਕੱਚੇ ਘੜੇ ਦੀ ਕਹਾਣੀ
ਨਿਰੀ ਕਲਪਨਾ ਹੈ
ਸਮਾਜ ਦੇ ਉਨ੍ਹਾਂ ਠੇਕੇਦਾਰਾਂ ਦੀ
ਜੋ ਦਿੰਦੇ ਹਨ
ਆਪਣੇ ਹੰਕਾਰ ਨੂੰ ਖੁਰਾਕ
ਕਰਦੇ ਹਨ ਜਨਤਾ ਨੂੰ ਗੁੰਮਰਾਹ
ਪ੍ਰੇਮ ਨੂੰ ਵਡਿਆਉਣ ਦੇ ਪਰਦੇ ਪਿਛੇ
ਘੜਦੇ ਹਨ ਅਧੂਰੇ ਪ੍ਰੇਮ ਦੇ ਕਿੱਸੇ।

ਉਂਜ ਡੁੱਬਣ ਲਈ
ਕਿਸੇ ਵੀ ਕੱਚੇ ਜਾਂ ਪੱਕੇ ਘੜੇ ਦੀ
ਭਲਾ ਕੀ ਲੋੜ ਸੀ।
ਕੀ ਮਹੀਂਵਾਲ ਦੀਆਂ ਅੱਖਾਂ ਵਿਚ
ਪਾਣੀ ਘੱਟ ਸੀ?
ਕਵੀ ਹਮੇਸ਼ਾ
ਝੀਲ ਜਿਹੀਆਂ ਡੂੰਘੀਆਂ ਅੱਖਾਂ ਵਿਚ
ਡੁੱਬਣ ਦੇ ਗਾਉਂਦੇ ਹਨ ਸੋਹਲੇ
ਕਿੰਨੀ ਲਾਲਸਾ, ਦਰਦ, ਪੀੜਾਂ
ਉਮੀਦਾਂ ਦੇ ਪਹਾੜ
ਅਖ-ਲਹਿਰ ਦੇ ਹੜ ਵਿਚ ਵਹਿ ਗਏ
ਆਕੜਦੇ ਹੋਏ
ਪਿਆਰ ਦੇ ਭੰਵਰ ਵਿਚ ਸਮਾ ਗਏ
ਕਿੱਥੇ ਸੀ ਸੋਹਣੀ ਦੇ ਪਿਆਰ ਵਿਚ
ਕਿ ਕੱਚਾ ਘੜਾ ਕਰ ਸਕਦਾ
ਲੀਰੋ ਲੀਰ, ਤਾਰ ਤਾਰ
ਉਸ ਦੇ ਮਹੀਂਵਾਲ ਦੀਆਂ ਆਸਾਂ-ਉਮੀਦਾਂ।

*-ਸ਼ੁਭ ਦਰਸ਼ਨ*
*ਅਨੁਵਾਦ: ਪ੍ਰੋ. ਜੋਗਿੰਦਰ ਸਿੰਘ ਰਮਦੇਵ*

---

### ਇਹ ਦਿੱਲੀ ਹੈ?

ਗੱਲ ਸੁਣੋ ਗੌਰਮਿੰਟ ਜੀ,
ਕਿਉਂ ਸੁਤੇ ਹੋ, ਹੋ ਕੇ ਨਿਸ਼ਚਿੰਤ ਜੀ?
ਤੁਸੀਂ ਸੁਣੀ ਨਹੀਂ ਜਿਹੜੀ
ਗੱਲ ਅੱਜ ਹੋ ਗਈ?
ਹੱਦ ਕਿਤੇ ਰਹੀ,
ਹੁਣ ਤਾਂ ਹੱਦ ਤੋਂ ਵੱਧ ਹੋ ਗਈ!
ਕੋਈ ਮਾਂ ਪਿਓ ਪੁੱਤਰਾਂ ਦਾ,
ਕੋਈ ਮਾਂ ਪਿਓ ਧੀਆਂ ਦਾ,
ਕੋਈ ਮਾਂ ਪਿਓ ਨਹੀਂ
130 ਕਰੋੜ ਜੀਆਂ ਦਾ!
ਤੁਰੇ ਫਿਰਨ ਅਵਾਰਾ,
ਅਤਿ ਦਾ ਘਮਸਾਣ ਇਥੇ!

ਲੋਕ ਸੋਚਦੇ ਨੇ ਉਹ ਜਾਣ ਤੇ ਜਾਣ ਕਿਥੇ?
ਵੇਖੋ ਕਾਰੇ ਹੁਣ ਇਨ੍ਹਾਂ ਮੁੰਡਿਆਂ ਦੇ!
ਕੀ ਗੌਰਮਿੰਟ ਚਲਦੀ ਹੈ
ਸਿਰ 'ਤੇ ਗੁੰਡਿਆਂ ਦੇ?
ਹੁਣ ਅਗਲਾ ਕਦਮ ਪੁੱਟ ਲਓਗੇ,
ਪੁਲਸੀਏ ਸਸਪੈਂਡ
ਜਾਂ ਅੰਦਰ ਸੁਟ ਦਿਓਗੇ!
ਜੱਜ ਚੁਣ ਚੁਣ ਕਮਿਸ਼ਨ ਬਿਠਾ ਦਿਓਗੇ!
ਰੌਲਾ ਲੋਕਾਂ ਦਾ ਚੁਪ ਕਰਾ ਦਿਓਗੇ!
ਲੋਕੀਂ ਫੈਸਲੇ ਤਾਈਂ ਉਡੀਕਦੇ ਰਹਿਣਗੇ,
ਸਾਰੀ ਉਮਰ ਇੰਜ ਚੀਕਦੇ ਰਹਿਣਗੇ!
ਫਿਰ ਇੰਜ ਦਾ ਦਿਨ ਕੋਈ ਹੋਰ ਆਵੇਗਾ,
ਰਿਕਾਰਡ ਪਿਛਲੇ ਵੀ ਸਾਰੇ ਤੋੜ ਜਾਵੇਗਾ!
ਪਤਾ ਨਹੀਂ ਕਦ ਸਿਲਸਿਲਾ
ਮੁਕੇਗਾ ਇੰਜ ਦਾ,
ਜਾਂ ਇਤਿਹਾਸ ਮੁੜ ਦੋਹਰਾਵੇਗਾ ਹਿੰਦ ਦਾ!

*-ਅਮਰੀਕ ਸਿੰਘ ਸੰਧੂ*

---

### ਪਛਤਾਵਾ

ਉਹ ਮਰਜਾਣੀ ਜਦੋਂ ਜਦੋਂ ਵੀ ਆਈ
ਸਾਡੀ ਚੁਗਲੀ ਆਪਣੇ ਨਾਲ ਲਿਆਈ।

ਲੀਕ ਲਾਉਣੀ ਉਸ ਲੀਕ ਜਿਹੀ ਨੇ
ਸਾਡੇ ਨਾਂ ਨੂੰ ਲੀਕ ਹੈ ਲਾਈ।

ਉਹ ਮਰ ਜਾਣੀ ਨਿਜ ਹੋਣੀ
ਨਿਜ ਆਉਂਦੀ, ਮੈਂ ਨਾ ਪਛਤਾਉਂਦੀ।

*-ਸੁਰਜੀਤ ਪਾਤਰ*


ਸੁਰਤ ਤੇ ਸੰਗੀਤ

# ਗੀਤ-ਸੰਗੀਤ:ਉਹ ਵੀ ਤੇ ਇਹ ਵੀ !



ਗੁਰਬਚਨ ਸਿੰਘ ਭੁੱਲਰ
ਫੋਨ:91-11-65736868

ਇਹ ਇਕ ਅਜੀਬ ਮੌਕਾਮੇਲ ਹੈ ਕਿ ਸਾਡੀ ਇਕੋ ਪੀੜ੍ਹੀ ਨੇ ਕੱਚੀ ਉਮਰੇ ਫਿਲਮੀ ਗੀਤ-ਸੰਗੀਤ ਦਾ ਪਰਚਮ ਸ਼ਾਨ ਨਾਲ ਉਚਾ ਝੂਲਦਾ ਵੀ ਦੇਖਿਆ ਤੇ ਪੱਕੀ ਉਮਰੇ ਸੋਗੀ ਝੰਡੇ ਵਾਂਗ ਨੀਵਾਂ ਲਟਕਦਾ ਵੀ ਦੇਖਿਆ! ਇਨ੍ਹਾਂ ਦੋਵਾਂ ਦੌਰਾਂ ਦਾ ਸਭ ਤੋਂ ਵੱਡਾ ਫ਼ਰਕ ਇਹ ਹੈ ਕਿ ਉਹ ਦੌਰ ਕਲਾਮੁਖੀ ਸੀ ਤੇ ਇਹ ਮਾਇਆਮੁਖੀ ਹੈ। ਕਲਾ ਦੀ ਕਦਰ ਦੇ ਉਸ ਦੌਰ ਵਿਚ ਕਲਾ ਨਾਲ ਸਮਝੌਤੇਬਾਜ਼ੀ ਦੀ ਕੋਈ ਗੁੰਜਾਇਸ਼ ਨਹੀਂ ਸੀ। ਗੀਤ ਦੀ ਪੇਸ਼ਕਾਰੀ ਨਾਲ ਸਬੰਧਿਤ ਸਭ ਧਿਰਾਂ, ਕੀ ਗੀਤਕਾਰ, ਕੀ ਸੰਗੀਤਕਾਰ ਤੇ ਕੀ ਗਾਇਕ, ਉਸ ਵਿਚ ਆਪਣੀ ਪੂਰੀ ਪ੍ਰਤਿਭਾ ਪਾ ਦਿੰਦੀਆਂ ਸਨ। ਹੋਰ ਤਾਂ ਹੋਰ, ਉਹ ਐਕਟਰ ਵੀ, ਜਿਸ ਨੂੰ ਉਹ ਗੀਤ ਪਰਦੇ ਉਤੇ ਗਾਉਂਦਿਆਂ ਦਰਸ਼ਕਾਂ ਨੇ ਦੇਖਣਾ ਹੁੰਦਾ, ਉਸ ਵਿਚ ਪੂਰੀ ਦਿਲਚਸਪੀ ਲੈਂਦਾ ਸੀ। ਫਿਲਮ-ਨਿਰਮਾਤਾ, ਕਾਰੋਬਾਰੀ ਹੋਣ ਦੇ ਬਾਵਜੂਦ, ਗੀਤ ਦੀ ਮਨਚਾਹੀ ਸਾਕਾਰਤਾ ਵਾਸਤੇ ਪੈਸਾ ਪਾਣੀ ਵਾਂਗ ਵਹਾ ਦਿੰਦਾ ਸੀ। ਇਸ ਤੋਂ ਇਲਾਵਾ ਦੂਜੇ ਧਰਮਾਂ ਵੱਲ ਸ਼ਰਧਾ ਅਤੇ ਸਰੀਰੀ ਪਿਆਰ ਦੀ ਪੇਸਕ਼ਾਰੀ ਵਿਚ ਵੀ ਸੰਜਮ, ਮਰਯਾਦਾ ਤੇ ਕਲਾਮਈ ਖ਼ੂਬਸੂਰਤੀ ਦੇਖਣਯੋਗ ਪੱਖ ਸਨ। ਫਿਲਮਾਂ ਜਿਹੇ ਵਣਜੀ ਧੰਦੇ ਵਿਚ ਕਮਾਈ ਦੀ ਸੋਚ ਤਾਂ ਮੁੱਖ ਹੁੰਦੀ ਹੀ ਸੀ, ਪਰ ਇਸ ਕਮਾਈ ਵਾਸਤੇ ਜਤਨ ਕਲਾਮਈ ਪੇਸ਼ਕਾਰੀ ਦਾ ਹੁੰਦਾ। ਹੁਣ ਮਾਇਆ ਦੀ ਅੰਨ੍ਹੀ ਹਾਬੜ ਦਾ ਦੌਰ ਹੈ, ਜੀਹਦੇ ਲਈ ਕਲਾ



*ਬੜੇ ਗੁਲਾਮ ਅਲੀ ਖਾਨ*

ਦੇ ਨਾਂ ਉਤੇ ਕੁਚੱਜ ਤੇ ਲਚਰਤਾ ਸਮੇਤ ਕੁਛ ਵੀ ਪੇਸ਼ ਕੀਤਾ ਜਾ ਸਕਦਾ ਹੈ, ਕਲਾ ਨਾਲ ਹਰ ਸਮਝੌਤਾ ਕੀਤਾ ਜਾ ਸਕਦਾ ਹੈ। ਕਲਾ ਨੂੰ ਕਮਾਈ ਦੀ ਟੇਕ ਨਹੀਂ, ਦਾਸੀ ਬਣਾਇਆ ਜਾਂਦਾ ਹੈ ਅਤੇ ਇਸ ਉਦੇਸ਼ ਨਾਲ ਉਹਨੂੰ ਕਿੰਨਾ ਵੀ ਕਰੂਪ ਕਰਨਾ ਪਵੇ, ਬੇਕਿਰਕੀ ਨਾਲ ਕੀਤਾ ਜਾਂਦਾ ਹੈ।

ਇਹੋ ਕਾਰਨ ਸੀ, ਸੰਗੀਤ, ਸੁਰ, ਐਕਟਿੰਗ ਤੇ ਢੁੱਕਵੀਂ ਤਸਵੀਰੀ ਪੇਸ਼ਕਾਰੀ ਦੀ ਸੰਪੂਰਨਤਾ ਅਤੇ ਸਾਂਝੀ ਕਲਾਤਮਕ ਸ਼ਕਤੀ ਨਾਲ ਲੈਸ ਹੋ ਕੇ ਉਹ ਗੀਤ ਚੜ੍ਹਦੀ ਉਮਰ ਦੇ ਪ੍ਰਭਾਵਿਤ ਹੋਣ ਵਾਸਤੇ ਖੁੱਲ੍ਹੇ ਸਾਡੇ ਮਨਾਂ ਨੂੰ ਸਾਹਿਤ ਦੀ ਸੋਝੀ ਕਰਵਾਉਣ ਤੇ ਚੇਟਕ ਲਾਉਣ ਦਾ ਇਕ ਨਿੱਗਰ ਵਸੀਲਾ ਬਣੇ। ਗਵਾਹੀ ਵਜੋਂ ਗੀਤ-ਸੰਗੀਤ ਦੇ ਉਸ ਸੁਨਹਿਰੀ ਦੌਰ ਦੀਆਂ ਅਨੇਕ ਮਿਸਾਲਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਤੁਸੀਂ ਜ਼ਰਾ ਉਸ ਕਲਾਪੂਜ ਦੌਰ ਦੀਆਂ ਹਸਤੀਆਂ ਦਾ ਸਮਰਪਨ ਤਾਂ ਦੇਖੋ!


ਫਿਲਮ 'ਮੁਗ਼ਲੇ-ਆਜ਼ਮ' ਦੇ ਗੀਤ 'ਪਿਆਰ ਕੀਆ ਤੋ ਡਰਨਾ ਕਿਆ' ਦਾ ਸ਼ੁਮਾਰ ਦੁਨੀਆਂ ਦੇ ਬਿਹਤਰੀਨ ਤਸਵੀਰੇ ਗਏ ਗੀਤਾਂ ਵਿਚ ਹੁੰਦਾ ਹੈ। ਉਹਦੇ ਸਾਹਿਤਕ ਤੇ ਕਲਾ ਪੱਖ ਨੂੰ ਲੈ ਕੇ ਸੰਗੀਤ ਨਿਰਦੇਸ਼ਕ ਨੌਸ਼ਾਦ ਸਾਹਿਬ ਕਿਥੋਂ ਤੱਕ ਗਏ, ਜਾਣਨਾ ਦਿਲਚਸਪ ਤਾਂ ਹੈ ਹੀ, ਸਿੱਖਿਆਦਾਇਕ ਵੀ ਹੈ। ਦੋ ਸੰਪੂਰਨਤਾਵਾਦੀਆਂ ਵਿਚ ਫਸਿਆ ਇਹ ਗੀਤ ਨੌਸ਼ਾਦ ਦੀ ਤਸੱਲੀ ਵਾਸਤੇ ਲੇਖਕ ਸ਼ਕੀਲ ਬਦਾਯੂੰਨੀ ਨੂੰ ਇਕ ਸੌ ਪੰਜ ਵਾਰ ਮੁੜ ਮੁੜ ਬਦਲਣਾ, ਸੋਧਣਾ, ਕਤਰਨਾ, ਜੋੜਨਾ ਤੇ ਲਿਖਣਾ ਪਿਆ! ਨਾ ਨੌਸ਼ਾਦ ਹੀ ਅੱਕਿਆ ਤੇ ਨਾ ਸ਼ਕੀਲ ਹੀ ਥੱਕਿਆ! ਇਸ ਪੱਖੋਂ ਤਸੱਲੀ ਹੋਈ ਤਾਂ ਵਾਰ ਵਾਰ ਗਾਉਣ ਦੇ ਬਾਵਜੂਦ ਲਤਾ ਜਿਹੀ ਮਹਾਨ ਗਾਇਕਾ ਦੀ ਆਵਾਜ਼ ਵਿਚ ਵੀ, ਉਦੋਂ ਅਜਿਹੇ ਤਕਨੀਕੀ ਸਾਧਨਾਂ ਦੀ ਅਣਹੋਂਦ ਕਰਕੇ, ਉਹ ਲਹਿਰੀਏਦਾਰ ਗੂੰਜ ਵਾਲਾ ਪ੍ਰਭਾਵ ਨਹੀਂ ਸੀ ਆ ਰਿਹਾ ਜੋ ਸ਼ੀਸ਼ਮਹਿਲ ਦੇ ਸੈਂਕੜੇ ਸ਼ੀਸ਼ਿਆਂ ਵਿਚ ਅਨਾਰਕਲੀ ਦੇ ਦਿੱਸਣ ਸਮੇਂ ਨੌਸ਼ਾਦ ਤੇ ਲਤਾ ਪੈਦਾ ਕਰਨਾ ਚਾਹੁੰਦੇ ਸਨ। ਆਖਰ ਨੌਸ਼ਾਦ ਨੂੰ ਅਜੀਬ ਫੁਰਨਾ ਫੁਰਿਆ ਤੇ ਇਹ ਗੀਤ ਸਟੂਡੀਓ ਦੇ ਗੁਸਲਖਾਨੇ ਵਿਚ ਰਿਕਾਰਡ ਕੀਤਾ ਗਿਆ, ਤਾਂ ਜੋ ਆਵਾਜ਼ ਗੂੰਜ ਸਕੇ!

ਜਦੋਂ ਸ਼ੀਸ਼ਮਹਿਲ ਦੇ ਬੇਸ਼ੁਮਾਰ ਸ਼ੀਸ਼ਿਆਂ ਵਿਚ ਦਿਸਦੀ ਨਚਦੀ-ਗਾਉਂਦੀ ਹੋਈ ਅਨਾਰਕਲੀ ਨੂੰ ਤਸਵੀਰਨ ਦਾ ਮੌਕਾ ਆਇਆ, ਸ਼ੀਸ਼ਿਆਂ ਤੋਂ ਕੈਮਰੇ ਵੱਲ ਮੁੜਦੀ ਲਿਸ਼ਕੋਰ ਰੁਕਾਵਟ ਬਣ ਗਈ। ਇਸ ਸਮੱਸਿਆ ਦੇ ਹੱਲ ਵਾਸਤੇ ਵੱਡੇ ਖ਼ਰਚ ਨਾਲ ਇਨ੍ਹਾਂ ਸ਼ੀਸ਼ਿਆਂ ਉਤੇ ਮੋਮ ਦੀ ਪਤਲੀ ਤਹਿ ਚਾੜ੍ਹੀ ਗਈ ਤਾਂ ਜੋ ਅਨਾਰਕਲੀ ਤਾਂ ਕੈਮਰੇ ਨੂੰ ਦਿੱਸ ਸਕੇ ਪਰ ਲਿਸ਼ਕੋਰ ਖ਼ਤਮ ਹੋ ਜਾਵੇ। ਚੋਟੀ ਦੇ ਨਾਇਕ-ਨਾਇਕਾ ਨੂੰ ਲੈ ਕੇ ਪਹਿਲੇ ਦਰਜੇ ਦੀ ਪੂਰੀ ਫਿਲਮ ਦਸ ਲੱਖ ਰੁਪਏ ਤੋਂ ਵੀ ਘੱਟ ਵਿਚ ਬਣਨ ਦੇ ਉਸ ਜ਼ਮਾਨੇ ਵਿਚ ਨਿਰਮਾਤਾ ਕੇ. ਆਸਿਫ਼ ਨੇ ਇਕੱਲੇ ਇਸ ਗੀਤ ਖ਼ਾਤਰ ਪੰਦਰਾਂ ਲੱਖ ਰੁਪਏ ਖ਼ਰਚ ਕਰ ਦਿੱਤੇ! ਮੈਨੂੰ ਚੇਤੇ ਹੈ, ਫਿਲਮ ਪੂਰੀ ਹੋ ਜਾਣ ਮਗਰੋਂ ਖੜ੍ਹੇ ਰੱਖੇ ਗਏ ਇਸ ਸ਼ੀਸ਼ਮਹਿਲ ਨੂੰ ਦੇਖਣ ਵਾਸਤੇ ਲੰਮੇ ਸਮੇਂ ਤੱਕ ਲੋਕਾਂ ਦੀਆਂ ਭੀੜਾਂ ਪੁਜਦੀਆਂ ਰਹੀਆਂ।

ਇਸ ਤੋਂ ਵੀ ਦਿਲਚਸਪ ਕਿੱਸਾ ਮਹਾਨ ਕਲਾਸੀਕਲ ਗਾਇਕ ਉਸਤਾਦ ਬੜੇ ਗ਼ੁਲਾਮ ਅਲੀ ਖਾਂ ਸਾਹਿਬ ਦਾ ਹੈ, ਜਿਨ੍ਹਾਂ ਨੂੰ ਇਸ ਜੁੱਗ ਦਾ ਤਾਨਸੈਨ ਕਿਹਾ ਜਾਂਦਾ ਹੈ। ਇਸੇ ਫਿਲਮ ਵਿਚ ਦੋ ਗੀਤ ਤਾਨਸੈਨ ਗਾਉਂਦਾ ਦਿਖਾਇਆ ਗਿਆ ਹੈ। ਨੌਸ਼ਾਦ ਸਾਹਿਬ ਦਾ ਕਹਿਣਾ ਸੀ ਕਿ ਇਹ ਗੀਤ ਜੇ ਕੋਈ ਪੂਰਨਤਾ ਨਾਲ ਗਾ ਸਕਦਾ ਹੈ, ਉਹ ਸਿਰਫ਼ ਵੱਡੇ ਮੀਆਂ ਜੀ ਹੀ ਹਨ। ਪਰ ਮੁਸ਼ਕਿਲ ਇਹ ਸੀ ਕਿ ਫਿਲਮਾਂ ਵਿਚ ਗਾਉਣ ਤੋਂ ਉਨ੍ਹਾਂ ਨੇ ਲਗਾਤਾਰ ਨੰਨਾ ਫੜ ਰੱਖਿਆ ਸੀ। ਇਕ ਦਿਨ ਹਿੰਮਤ ਕਰ ਕੇ ਨੌਸ਼ਾਦ ਤੇ ਕੇ. ਆਸਿਫ਼ ਉਨ੍ਹਾਂ ਦੇ ਹਜ਼ੂਰ ਜਾ ਹੀ ਪਹੁੰਚੇ। ਕਿੰਨਾ ਹੀ ਚਿਰ ਇਨ੍ਹਾਂ ਦੇ ਇਸਰਾਰ ਤੇ ਉਨ੍ਹਾਂ ਦੇ ਇਨਕਾਰ ਦੀ ਰੱਸਾਕਸ਼ੀ ਚਲਦੀ ਰਹੀ। ਆਖ਼ਰ ਆਸਿਫ਼ ਨੇ ਹੱਥ ਜੋੜ ਕੇ ਕਿਹਾ, ਹਜ਼ੂਰ, ਤੁਸੀਂ ਬੱਸ ਇਹ ਦੱਸੋ, ਤੁਹਾਨੂੰ ਭੇਟ ਕੀ ਕਰਾਂ? ਖਾਂ ਸਾਹਿਬ ਨੇ ਉਨ੍ਹਾਂ ਨੂੰ ਭਜਾਉਣ ਦਾ ਚੰਗਾ ਮੌਕਾ ਦੇਖਿਆ ਅਤੇ ਲਤਾ ਤੇ ਰਫ਼ੀ ਨੂੰ ਇਕ ਗੀਤ ਦੇ ਤਿੰਨ-ਚਾਰ ਸੌ ਰੁਪਏ ਮਿਲਣ ਵਾਲੇ ਉਸ ਜ਼ਮਾਨੇ ਵਿਚ ਆਖਿਆ, ਇਕ ਗੀਤ ਦੇ ਪੱਚੀ ਹਜ਼ਾਰ! ਆਸਿਫ਼ ਨੇ ਝੱਟ ਚੈਕ ਕੱਟਿਆ ਤੇ ਉਨ੍ਹਾਂ ਦੇ ਚਰਨਾਂ ਉਤੇ ਰੱਖ ਦਿੱਤਾ। ਉਹ ਹੈਰਾਨ-ਪਰੇਸ਼ਾਨ ਤਾਂ ਹੋਏ, ਪਰ ਕੀ ਕਰਦੇ? ਹੁਣ ਤਾਂ ਉਹ ਆਪਣੇ ਹੀ ਵਚਨ ਵਿਚ ਬੱਝ ਚੁੱਕੇ ਸਨ!

ਅੱਗੇ ਖਾਂ ਸਾਹਿਬ ਦਾ ਕਲਾ ਸਮਰਪਣ ਦੇਖੋ। ਉਹ ਕਹਿੰਦੇ, ਲੰਮੇ ਸਮੇਂ ਮਗਰੋਂ ਸਲੀਮ ਦੇ ਘਰ ਪਰਤਣ ਸਮੇਂ ਦਾ ਗੀਤ 'ਸ਼ੁਭ ਦਿਨ ਆਇਓ ਰਾਜ ਦੁਲਾਰਾ...' ਤਾਂ ਵੈਸੇ ਵੀ ਗਾਇਆ ਜਾ ਸਕਦਾ ਹੈ, ਕਿਉਂਕਿ ਗੀਤ ਦੇ ਸ਼ਬਦਾਂ ਦਾ ਉਹਦੇ ਚਿਹਰੇ ਦੇ ਪ੍ਰਭਾਵ ਨਾਲ ਕੋਈ ਸਿੱਧਾ ਸਬੰਧ ਨਹੀਂ, ਪਰ



*ਐਸ ਡੀ ਬਰਮਨ*

ਚੰਦ-ਚਾਨਣੀ ਵਿਚ ਫੁੱਲ ਕੇਰਦੇ ਬਿਰਛ ਹੇਠ ਸਲੀਮ ਤੇ ਅਨਾਰਕਲੀ ਦੇ ਮਿਲਨ ਸਮੇਂ ਦਾ ਗੀਤ 'ਪ੍ਰੇਮ ਜੋਗਨ ਬਣ ਕੇ ਸੁੰਦਰੀ...' ਭਾਵੇਂ ਪਹਿਲੇ ਗੀਤ ਵਾਂਗ ਦੂਰ ਪਿਛੋਕੜ ਵਿਚੋਂ ਤਾਨਸੈਨ ਦਾ ਆਪਣੇ ਟਿਕਾਣੇ ਤੋਂ ਗਾਇਆ ਹੋਇਆ ਹੀ ਸੁਣਦਾ ਹੈ, ਤਾਂ ਵੀ ਉਸ ਦੀ ਪਹਿਲਾਂ ਫਿਲਮ ਬਣਾ ਕੇ ਦਿਖਾਓ,



*ਨੌਸ਼ਾਦ ਅਲੀ*

ਤਾਂ ਜੋ ਮੈਂ ਦਲੀਪ ਕੁਮਾਰ ਤੇ ਮਧੂਬਾਲਾ ਦੀਆਂ ਹਰਕਤਾਂ ਤੇ ਕਲੋਲਾਂ ਨਾਲ ਆਪਣੀ ਆਵਾਜ਼ ਦਾ ਉਤਾਰ-ਚੜ੍ਹਾਅ ਮੇਲ ਸਕਾਂ।

ਤੇ ਇਹ ਕਿੱਸਾ ਉਸ ਕਲਾ-ਪਾਰਖੂ ਨਾਇਕਾ ਦਾ ਹੈ ਜੀਹਨੂੰ ਸਿਰਫ਼ ਬੁੱਲ੍ਹ ਹਿਲਾਉਣ ਤੱਕ ਹੀ ਮਤਲਬ ਨਹੀਂ ਸੀ, ਸਗੋਂ ਗੀਤ ਵਿਚ ਪ੍ਰਗਟਾਇਆ ਗਿਆ ਜਜ਼ਬਾ ਆਪਣੇ ਚਿਹਰੇ ਉਤੇ ਸਾਕਾਰ ਕਰਨ ਦਾ ਜਨੂੰਨ ਸੀ। ਸੰਗਲਾਂ ਨਾਲ ਜਕੜ ਕੇ ਕੈਦ ਵਿਚ ਸੁੱਟੀ ਲਾਚਾਰ ਅਨਾਰਕਲੀ ਨੇ ਰੱਬ ਅੱਗੇ ਫ਼ਰਿਆਦ ਕਰਨੀ ਸੀ, "ਬੇਕਸ ਪੇ ਰਹਿਮ ਕੀਜੀਏ, ਸਰਕਾਰੇ ਮਦੀਨਾ/ਗਰਦਿਸ਼ ਮੇਂ ਹੈ ਤਕਦੀਰ, ਭੰਵਰ ਮੇਂ ਸਫ਼ੀਨਾ...!" ਫਿਲਮਾਂ ਵਿਚ ਅਜਿਹੇ ਸੰਗਲ ਹੌਲੇ ਰੱਖਣ ਵਾਸਤੇ ਆਮ ਕਰਕੇ ਅੰਦਰੋਂ ਥੋਥੇ ਬਣਾਏ ਜਾਂਦੇ ਹਨ, ਪਰ ਅਨਾਰਕਲੀ ਦੇ ਚਿਹਰੇ ਉਤੇ ਪੀੜ ਤੇ ਦਰਦ ਦਾ ਢੁੱਕਵਾਂ ਪ੍ਰਭਾਵ ਪੈਦਾ ਕਰਨ ਲਈ ਮਧੂਬਾਲਾ ਸਮੇਤ ਸਭ ਨੇ ਸਲਾਹ ਕਰ ਕੇ ਲੋਹੇ ਦੇ ਇਹ ਸੰਗਲ ਕਈ ਸੇਰ ਭਾਰੇ ਅਸਲੀ ਬਣਵਾਏ। ਨਤੀਜਾ ਇਹ ਹੋਇਆ ਕਿ ਗੀਤ ਤਾਂ ਸਭ ਦੀ ਤਸੱਲੀ ਅਨੁਸਾਰ ਫਿਲਮਾਇਆ ਗਿਆ, ਪਰ ਵਿਚਾਰੀ ਮਧੂਬਾਲਾ ਨੇ ਛਿੱਲੇ-ਝਰੀਟੇ ਗੁੱਟਾਂ ਅਤੇ ਦੁਖਦੀਆਂ ਬਾਂਹਾਂ ਨਾਲ ਕਈ ਦਿਨ ਮੰਜਾ ਮੱਲੀ ਰੱਖਿਆ!

ਧਾਰਮਿਕ ਸਦਭਾਵ ਦੇ ਦਰਸ਼ਨ ਕਰਨੇ ਹੋਣ ਤਾਂ ਫਿਲਮ 'ਬੈਜੂ ਬਾਵਰਾ' ਦਾ ਭਜਨ "ਮਨ ਤਰਪਤ ਹਰੀ ਦਰਸ਼ਨ ਕੋ ਆਜ/ਮੋਰੇ ਤੁਮ ਬਿਨ ਬਿਗਰੇ ਸਗਰੇ ਕਾਜ..." ਸੁਣੋ ਅਤੇ ਕੀ ਸ਼ਬਦ, ਕੀ ਸੰਗੀਤ ਤੇ ਕੀ ਗਾਇਕੀ, ਸਭ ਵਿਚੋਂ ਵਿਆਕੁਲ ਹਿੰਦੂ ਹਿਰਦੇ ਦੀ ਹਰੀ ਦੇ ਦਰਸ਼ਨ ਲਈ ਜਲ ਬਿਨ ਮਛਲੀ ਵਾਲੀ ਤਾਂਘ ਤੇ ਤੜਪ ਮਹਿਸੂਸ ਕਰੋ। ਸ਼ਬਦ ਹਨ-ਮੁਸਲਮਾਨ ਸ਼ਕੀਲ ਬਦਾਯੂੰਨੀ ਦੇ, ਸੰਗੀਤ ਹੈ ਮੁਸਲਮਾਨ ਨੌਸ਼ਾਦ ਸਾਹਿਬ ਦਾ ਤੇ ਆਵਾਜ਼ ਹੈ ਮੁਸਲਮਾਨ ਮੁਹੰਮਦ ਰਫ਼ੀ ਦੀ! ਹੁਣ ਦੂਜਾ ਪੱਖ ਵੀ ਦੇਖ ਲਈਏ। 'ਸਲਤਨਤ' ਫਿਲਮ ਦੀ ਦੁਆ ਹੈ, "ਤੂ ਹੈ ਕਮਾਲ ਮੌਲਾ, ਤੇਰੀ ਸਲਤਨਤ ਕਮਾਲ...!" ਇਹ ਕਮਾਲ ਕਰਨ ਵਾਸਤੇ ਸ਼ਬਦ ਅਨਜਾਨ ਨੇ ਲਿਖੇ, ਜੀਹਦਾ ਅਸਲ ਨਾਂ ਲਾਲਜੀ ਪਾਂਡੇ ਸੀ, ਸੰਗੀਤ ਕਲਿਆਣਜੀ ਆਨੰਦਜੀ ਨੇ ਸਿਰਜਿਆ ਅਤੇ ਆਵਾਜ਼ ਸੁਰੇਸ਼ ਵਾਡੇਕਰ ਨੇ ਦਿੱਤੀ। ਸਾਰੇ ਦੇ ਸਾਰੇ ਹਿੰਦੂ!

ਅੰਤ ਵਿਚ ਗੱਲ ਸਰੀਰੀ ਪਿਆਰ ਦੀ! ਫਿਲਮ 'ਪਿਆਸਾ' ਵਿਚ ਸਾਹਿਰ ਦੇ ਜਿਨ੍ਹਾਂ ਸ਼ਬਦਾਂ ਨੂੰ ਐਸ. ਡੀ. ਬਰਮਨ ਨੇ ਸੰਗੀਤ ਵਿਚ ਕੀਲਿਆ ਅਤੇ ਗੀਤਾ ਦੱਤ ਨੇ ਟੂਣੇਹਾਰੀ ਆਵਾਜ਼ ਦੇ ਕੇ ਅਮਰ ਬਣਾਇਆ, ਉਨ੍ਹਾਂ ਵਿਚ ਜਦੋਂ ਦਿਲ ਦੀ ਪੀੜਾ ਤੇ ਦੇਹ ਦੀ ਅਗਨ ਸੀਤਲ ਹੋਣ ਵਾਸਤੇ ਸਾਜਨ ਦੇ ਅੰਗ ਲੱਗਣਾ ਲੋਚਦੀਆਂ ਹਨ, ਤਾਂ ਤਨ ਦੀ ਜਲਨ ਵੀ ਮਨ ਦੀ ਤਪਨ ਵਾਂਗ ਹਵਨ ਦੀ ਅਗਨੀ ਜਿੰਨੀ ਪਵਿੱਤਰ ਹੋ ਜਾਂਦੀ ਹੈ। ਭਜਨ ਦੀ ਸ਼ੈਲੀ ਵਿਚ ਕੀਤੀ ਗਈ ਇਸ ਰਚਨਾ ਨੂੰ ਖੰਡਿਤ ਕਰਨਾ ਵਾਜਬ ਨਹੀਂ, ਪੂਰੀ ਦਾ ਹੀ ਅਨੰਦ ਲਵੋ:
*ਆਜ ਸਜਨ ਮੋਹੇ ਅੰਗ ਲਗਾ ਲੋ, ਜਨਮ ਸਫ਼ਲ ਹੋ ਜਾਏ/ ਰਿਦੈ ਕੀ ਪੀੜਾ, ਦੇਹ ਕੀ ਅਗਨੀ, ਸਭ ਸੀਤਲ ਹੋ ਜਾਏ। ਕਈ ਜੁੱਗ ਸੇ ਹੈਂ ਜਾਗੇ, ਮੋਰੇ ਨੈਨ ਅਭਾਗੇ, ਕਹੀਂ ਜੀਆ ਨਹੀਂ ਲਾਗੇ ਬਿਨ ਤੋਰੇ/ ਸੁਖ ਦੇਖੇ ਨਹੀਂ ਆਗੇ, ਦੁੱਖ ਪੀਛੇ ਪੀਛੇ ਭਾਗੇ, ਜੱਗ ਸੂਨਾ ਸੂਨਾ ਲਾਗੇ ਬਿਨ ਤੋਰੇ/ ਪ੍ਰੇਮ ਸੁਧਾ ਇਤਨੀ ਬਰਸਾ ਦੋ, ਜੱਗ ਜਲ-ਥਲ ਹੋ ਜਾਏ! ਮੋਹੇ ਅਪਨਾ ਬਨਾ ਲੋ, ਮੋਰੀ ਬਾਂਹ ਪਕੜ, ਮੈਂ ਹੂੰ ਜਨਮ ਜਨਮ ਕੀ ਦਾਸੀ/ ਮੋਰੀ ਪਿਆਸ ਬੁਝਾ ਦੋ, ਮਨਹਰ ਗਿਰਧਰ, ਮੈਂ ਹੂੰ ਅੰਤਰ-ਘਟ ਤੱਕ ਪਿਆਸੀ/ ਪ੍ਰੇਮ ਸੁਧਾ ਇਤਨੀ ਬਰਸਾ ਦੋ, ਜੱਗ ਜਲ-ਥਲ ਹੋ ਜਾਏ! ਕੀਏ ਲਾਖ ਜਤਨ, ਮੋਰੇ ਮਨ ਕੀ ਤਪਨ, ਮੋਰੇ ਤਨ ਕੀ ਜਲਨ ਨਹੀਂ ਜਾਏ/ ਕੈਸੀ ਲਾਗੀ ਯਿਹ ਲਗਨ, ਕੈਸੀ ਜਾਗੀ ਯਿਹ ਅਗਨ, ਜੀਆ ਧੀਰ ਧਰਨ ਨਹੀਂ ਪਾਏ/ ਪ੍ਰੇਮ ਸੁਧਾ ਇਤਨੀ ਬਰਸਾ ਦੋ, ਜੱਗ ਜਲ-ਥਲ ਹੋ ਜਾਏ/ ਆਜ ਸਜਨ ਮੋਹੇ ਅੰਗ ਲਗਾ ਲੋ, ਜਨਮ ਸਫ਼ਲ ਹੋ ਜਾਏ!*

ਇਸ ਸਭ ਦੇ ਟਾਕਰੇ ਉਤੇ ਮੁੰਬਈ ਦੀ ਮਾਇਆਪੂਜ ਮਾਇਆਨਗਰੀ ਦਾ ਅਜੋਕਾ ਮੁਕਤੀਦਾਤਾ ਯੋ ਯੋ ਹਨੀ ਸਿੰਘ ਹੈ ਜੋ ਪਹਿਲਾਂ ਨਾਰੀ-ਅੰਗ ਦੇ ਨਾਂ ਵਾਲਾ ਗੀਤ 'ਚੂ...' ਤੇ ਇਕ ਹੋਰ ਗੀਤ 'ਕੰਡੋਮ' ਪੇਸ਼ ਕਰ ਕੇ ਉਨ੍ਹਾਂ ਦੀ ਮਾਲਕੀ ਤੋਂ ਮੁਕਰਨ ਦਾ ਜਤਨ ਕਰ ਰਿਹਾ ਹੈ ਅਤੇ ਹੁਣ ਵਹਿਸ਼ੀ ਬਲਾਤਕਾਰਾਂ ਕਾਰਨ ਗੁੱਸੇ ਨਾਲ ਉਬਲੇ ਦੇਸ ਨੂੰ 'ਮੈਂ ਹੂੰ ਬਲਾਤਕਾਰੀ' ਗੀਤ ਭੇਟ ਕਰ ਕੇ ਆਪਣੀ ਨਿਵਾਣ ਦਾ ਨਜ਼ਾਰਾ ਕਰਵਾ ਰਿਹਾ ਹੈ। ਹਿੰਦੀ ਫਿਲਮਾਂ ਦੇ ਨਾਂ ਵਰਤਮਾਨ ਪੰਜਾਬੀ 'ਸਭਿਆਚਾਰ' ਦੀ ਇਸ ਸੁਗਾਤ ਨੂੰ ਇਸ ਸਮੇਂ ਬਣ ਰਹੀ ਫਿਲਮ 'ਮਸਤਾਨ' ਦੇ ਨਿਰਮਾਤਾ ਨੇ ਇਕ ਗੀਤ ਦੇ ਸੱਤਰ ਲੱਖ ਰੁਪਏ ਦਿੱਤੇ ਹਨ। ਇਹ ਹੁਣ ਤੱਕ ਵੱਡੇ ਤੋਂ ਵੱਡੇ ਗਾਇਕ ਨੂੰ ਮਿਲੀ ਰਕਮ ਤੋਂ ਦਸ ਗੁਣਾ ਤੋਂ ਵੀ ਵੱਧ ਹੈ। ਗਾਇਕ ਦੀ ਲਚਰਤਾ ਤੇ ਨੰਗੇਜ ਦੇ ਸਹਾਰੇ ਫਿਲਮ ਦੀ ਕਾਮਯਾਬੀ ਉਤੇ ਟੇਕ ਲਾਉਣ ਵਾਲੇ ਨਿਰਮਾਤਾ ਦਾ ਕਹਿਣਾ ਹੈ ਕਿ ਜੇ ਇਹਤੋਂ ਵੱਧ ਪੈਸੇ ਵੀ ਦੇਣੇ ਪੈਂਦੇ, ਮੈਂ ਦੇ ਦਿੰਦਾ! ਇਹ ਉਹ ਕਰੂਪ ਕਲਾ ਹੈ ਜੋ ਵਰਤਮਾਨ ਪੀੜ੍ਹੀ ਨੂੰ ਸਾਹਿਤ-ਸਭਿਆਚਾਰ ਵੱਲ ਪ੍ਰੇਰਨ ਦੀ ਥਾਂ ਉਨ੍ਹਾਂ ਦੇ ਸੁੱਚੇ ਰੂਪ ਤੇ ਸਹੀ ਅਰਥਾਂ ਤੋਂ ਦੂਰ ਕਰਦੀ ਤੇ ਕੁਰਾਹੇ ਪਾਉਂਦੀ ਹੈ।

ਸਮਾਜ ਦੀਆਂ ਨਰੋਈਆਂ ਮਨੁੱਖੀ ਕਦਰਾਂ-ਕੀਮਤਾਂ ਲਈ ਫ਼ਿਕਰਮੰਦ ਸਿਆਣਿਆਂ ਨੂੰ ਇਹ ਵਰਤਾਰਾ ਐਵੇਂ-ਕੈਵੇਂ ਆਖ ਕੇ ਰੱਦ ਨਹੀਂ ਕਰ ਦੇਣਾ ਚਾਹੀਦਾ। ਪਿਆਰ ਦੇ ਅਰਥ ਸਮਝਣਾ ਤਾਂ ਇਕ ਪਾਸੇ ਰਿਹਾ, ਆਪਣੀ ਹੋਂਦ ਜਤਾਉਣ ਲੱਗੀਆਂ ਔਰਤਾਂ ਨੂੰ ਅਧੀਨ ਰੱਖਣ ਵਾਸਤੇ ਬਲਾਤਕਾਰ ਤੋਂ ਅੱਗੇ ਵਧ ਕੇ ਵਹਿਸ਼ੀ ਹਿੰਸਾ ਦਾ ਨਿਸ਼ਾਨਾ ਬਣਾਉਣ ਦੇ ਗੀਤ ਗਾਉਣ ਵਾਲਾ ਇਹ ਯੋ ਯੋ ਨਾਂ ਦਾ ਗੱਭਰੂ ਕੋਈ ਇਕੱਲਾ-ਇਕਹਿਰਾ ਜਾਂ ਟੁੱਟਵਾਂ ਵਰਤਾਰਾ ਨਹੀਂ। ਪੈਸੇ ਤਾਂ ਛੱਡੋ, ਕੈਮਰੇ



*ਸ਼ਕੀਲ ਬਦਾਯੂੰਨੀ*

ਦਾ ਮੂੰਹ ਇਨ੍ਹਾਂ ਵੱਲ ਕਰ ਕੇ ਪੰਜਾਬੀ ਮੁੰਡੇ-ਕੁੜੀਆਂ ਤੋਂ ਮੁਫ਼ਤ ਵਿਚ ਜੋ ਮਰਜ਼ੀ ਕਹਾ-ਕਰਵਾ ਲਵੋ। ਦੋਸ਼ ਸਿਰਫ਼ ਹਨੀ ਸਿੰਘ ਦਾ ਨਹੀਂ। ਉਹ ਤਾਂ ਪੰਜਾਬ ਦੇ ਉਨ੍ਹਾਂ ਨਸ਼ਾਖੋਰ, ਹਿੰਸਕ, ਗਏ-ਗੁਜ਼ਰੇ, ਵੈਲੀ-ਐਬੀ ਨੌਜਵਾਨਾਂ ਦਾ ਪ੍ਰਤੀਕ ਤੇ ਪ੍ਰਤੀਨਿਧ ਹੈ ਜੋ ਹੁਣ ਇਸ ਪੀੜ੍ਹੀ ਦੀ ਵੱਡੀ ਬਹੁਗਿਣਤੀ ਬਣਦੇ ਹਨ। ਉਹ ਸਮਾਜ ਦਾ ਉਹ ਬਾਹਰਲਾ ਬੁਖ਼ਾਰ ਹੈ, ਜੋ ਬਹੁਤ ਦੀਰਘ ਅੰਦਰਲੇ ਰੋਗ ਦੀ ਦੱਸ ਪਾਉਂਦਾ ਹੈ।



*ਹਨੀ ਸਿੰਘ*

# ਮਾਲੀਖੌਲੀਆ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਕਈ ਪਾਠਕਾਂ ਨੂੰ 'ਮਾਲੀਖੌਲੀਆ' ਸ਼ਬਦ ਅਜੀਬੋ-ਗਰੀਬ ਲਗੇਗਾ। ਬੋਲਚਾਲ ਅਤੇ ਪੁਰਾਣੇ ਲੇਖਕਾਂ ਦੀਆਂ ਲਿਖਤਾਂ ਵਿਚ ਇਹ ਅਕਸਰ ਹੀ ਮਿਲ ਜਾਂਦਾ ਹੈ। ਮੁਢਲੇ ਅਰਥਾਂ ਵਿਚ ਇਹ ਸ਼ਬਦ ਘੋਰ ਵਿਸ਼ਾਦ, ਉਦਾਸੀ, ਢਹਿੰਦੀਆਂ ਕਲਾਂ, ਮਾਂਦਗੀ, ਦਿਲਗੀਰੀ ਜਿਹੀ ਮਾਨਸਿਕ ਸਥਿਤੀ ਵੱਲ ਇਸ਼ਾਰਾ ਕਰਦਾ ਹੈ। ਤੁਨਕ ਮਿਜਾਜ਼ੀ, ਚਿੜਚਿੜਾਪਣ ਆਦਿ ਇਸ ਦੇ ਹੋਰ ਅਰਥ ਹਨ। ਸ਼ੈਦਾਅ ਦੇ ਅਰਥਾਂ ਵਿਚ ਵੀ ਇਸ ਨੂੰ ਵਰਤ ਲਿਆ ਜਾਂਦਾ ਹੈ। ਮੈਨੂੰ ਅਮਰਜੀਤ ਚੰਦਨ ਦੇ ਇਕ ਲੇਖ ਵਿਚ ਇਸ ਦੀ ਹੋਂਦ ਰੜਕ ਪਈ। ਉਸ ਨੇ ਦੇਸ਼ ਭਗਤ ਯਾਦਗਾਰ ਜਲੰਧਰ ਵਾਲੇ ਬਾਬੇ ਗੁਰਮੁਖ ਸਿੰਘ ਬਾਰੇ ਲਿਖਿਆ ਹੈ, "ਬਾਬੇ ਗੁਰਮੁਖ ਸਿੰਘ ਨੇ ਤਾਂ ਸਾਰੀ ਉਮਰ ਜੇਲ੍ਹਾਂ ਤੇ ਮਫ਼ਰੂਰੀ ਦਾ ਕਸ਼ਟ ਭੋਗਿਆ ਸੀ। ਇਹਦਾ ਮਾਲੀਖੌਲੀਆ ਸਮਝ ਆਉਂਦਾ ਹੈ...।" ਬਾਬੇ ਗੁਰਮੁਖ ਸਿੰਘ ਵਲੋਂ ਜੇਲ੍ਹਾਂ ਵਿਚ ਕੱਟੀ ਲੰਮੀ ਕੈਦ ਤੇ ਮਫਰੂਰੀ ਦੀ ਇਕੱਲਤਾ ਨੇ ਅਵੱਸ਼ ਹੀ ਉਸ ਦੇ ਵਤੀਰੇ ਵਿਚ ਨਿਰਾਸ਼ਾ, ਮਾਯੂਸੀ, ਕਾਹਲਾਪਣ, ਤੁਨਕਮਿਜਾਜ਼ੀ, ਚਿੜਚਿੜਾਪਣ ਆਦਿ ਭਰ ਦਿੱਤੇ ਹੋਣਗੇ।

ਮਾਲੀਖੌਲੀਆ ਮੁਢਲੇ ਤੌਰ 'ਤੇ ਯੂਨਾਨ ਵਿਚ ਉਦਭਵ ਹੋਈ 'ਯੂਨਾਨੀ ਤਿੱਬੀ' ਕਹਾਉਂਦੀ ਹਿਕਮਤ ਦਾ ਲਕਬ ਹੈ। ਅਰਬ ਦੇਸ਼ਾਂ ਵਿਚ ਜਾ ਕੇ ਇਸ ਪ੍ਰਣਾਲੀ ਦੀਆਂ ਲਿਖਤਾਂ ਦਾ ਅਰਬੀ ਵਿਚ ਅਨੁਵਾਦ ਹੋਇਆ, ਇਸ ਬਾਰੇ ਢੇਰ ਸਾਰੀ ਹੋਰ ਖੋਜ ਹੋਈ ਅਤੇ ਅਰਬੀ-ਫਾਰਸੀ ਭਾਸ਼ਾਵਾਂ ਵਿਚ ਹੋਰ ਮੌਲਿਕ ਰਚਨਾ ਹੋਈ। ਇਨ੍ਹਾਂ ਦੇਸ਼ਾਂ ਨੇ ਇਸ ਚਿਕਿਤਸਾ ਨੂੰ ਇਸ ਕਦਰ ਅਪਨਾ ਲਿਆ ਕਿ ਉਹ ਇਸ ਨੂੰ ਆਪਣੀ ਮੰਨਣ ਲੱਗ ਪਏ। ਅੱਜ ਇਹ ਅਰਬੀ-ਯੂਨਾਨੀ ਚਿਕਿਤਸਾ ਵਜੋਂ ਜਾਣੀ ਜਾਣ ਲੱਗੀ ਹੈ। ਇਸ ਨੂੰ ਇਲਮੇ-ਤਿੱਬੀ ਵੀ ਕਿਹਾ ਜਾਂਦਾ ਹੈ। ਇਸ ਦੇ ਸਾਹਿਤ ਦਾ ਲਾਤੀਨੀ ਵਿਚ ਅਨੁਵਾਦ ਹੋਇਆ ਤੇ ਅੱਗੋਂ ਹੋਰ ਯੂਰਪੀ ਭਾਸ਼ਾਵਾਂ ਵਿਚ ਇਸ ਚਿਕਿਤਸਾ ਪ੍ਰਣਾਲੀ ਤੇ ਇਸ ਦੀਆਂ ਅਧਾਰਭੂਤ ਧਾਰਨਾਵਾਂ ਪ੍ਰਚਲਿਤ ਹੋ ਗਈਆਂ। ਭਾਰਤ ਵਿਚ ਇਹ ਪ੍ਰਣਾਲੀ ਵੱਡੇ ਪੈਮਾਨੇ ਤੇ ਸੁਲਤਾਨਾਂ ਦੇ ਰਾਜ ਸਮੇਂ 13ਵੀਂ-14ਵੀਂ ਸਦੀ ਵਿਚ ਦਾਖਿਲ ਹੋਈ। ਮੁਗਲਾਂ ਨੇ ਇਸ ਨੂੰ ਪੂਰੀ ਸਰਪ੍ਰਸਤੀ ਦੇ ਕੇ ਹੋਰ ਪ੍ਰਫੁਲਿਤ ਕੀਤਾ ਤੇ ਇਸ ਦੇ ਪੈਰ ਜਮਾਏ। ਇਸ ਦੇ ਕੁਝ ਮੁਢਲੇ ਨਿਯਮਾਂ ਦੀ ਆਯੁਰਵੇਦ ਨਾਲ ਕਾਫੀ ਸਾਂਝ ਹੈ। ਮਾਲੀਖੌਲੀਆ ਸਮੇਤ ਯੂਨਾਨੀ-ਅਰਬੀ ਤਿੱਬੀ ਨਾਲ ਸਬੰਧਤ ਬਹੁਤ ਸਾਰੇ ਲਕਬਾਂ ਦਾ ਸਾਡੀਆਂ ਭਾਸ਼ਾਵਾਂ ਵਿਚ ਅਰਬੀ-ਫਾਰਸੀ ਰਾਹੀਂ ਪ੍ਰਚਲਨ ਹੋਇਆ ਜਿਵੇਂ ਜੱਰਾਹੀ, ਨਬਜ਼, ਹਮਾਮ, ਕਰੂਰਾ, ਬਲਗਮ ਆਦਿ।

ਇਹ ਸ਼ਬਦ ਮੁਢਲੇ ਤੌਰ 'ਤੇ ਯੂਨਾਨੀ ਭਾਸ਼ਾ ਦਾ ਹੈ ਜਿਥੋਂ ਇਹ ਇਲਮੇ-ਤਿੱਬੀ ਦੇ ਫੈਲਣ ਨਾਲ ਹੋਰ ਭਾਸ਼ਾਵਾਂ ਵਿਚ ਗਿਆ। ਇਸ ਚਿਕਿਤਸਾ ਅਨੁਸਾਰ ਮਨੁਖ ਦੇ ਸਰੀਰ ਵਿਚ ਚਾਰ 'ਅਖਲਾਤ' (humors) ਮੰਨੇ ਗਏ ਹਨ: ਖ਼ੂਨ (ਯੂਨਾਨੀ ਵਿਚ ਹੈਮਾ), ਬਲਗਮ, ਪੀਲਾ ਪਿੱਤਾ (ਸਫਰਾ) ਅਤੇ ਕਾਲਾ ਪਿੱਤਾ। ਇਨ੍ਹਾਂ ਚਾਰ ਅਖਲਾਸ ਦੀ ਤਰਜ਼ ਤੇ ਅਯੁਰਵੇਦ ਵਿਚ ਵੀ ਤ੍ਰਿਦੋਸ਼ ਦਾ ਸਿਧਾਂਤ ਪਾਇਆ ਜਾਂਦਾ ਹੈ ਜਿਸ ਅਨੁਸਾਰ ਕਫ, ਪਿੱਤ ਤੇ ਵਾਤ ਦਾ ਅਸੰਤੁਲਨ ਬੀਮਾਰੀ ਦੀ ਜੜ੍ਹ ਹੈ। ਭਾਰਤ ਵਿਚ ਯੂਨਾਨੀ ਤਿੱਬੀ ਦੀ ਮਕਬੂਲੀਅਤ ਦਾ ਇਹ ਵੀ ਇਕ ਵੱਡਾ ਕਾਰਨ ਹੈ। ਕੁਝ ਵਿਦਵਾਨਾਂ ਅਨੁਸਾਰ ਤਾਂ ਇਹ ਅਸਲ ਵਿਚ ਭਾਰਤੀ ਆਯੁਰਵੇਦ ਦਾ ਹੀ ਯੂਨਾਨੀ-ਅਰਬੀ ਰੂਪਾਂਤਰ ਹੈ ਜੋ ਬੋਧੀ ਭਿਕਸ਼ੂਆਂ ਰਾਹੀਂ ਅਤੇ ਸਿਕੰਦਰ ਦੀ ਚੜ੍ਹਾਈ ਪਿਛੋਂ ਭਾਰਤ-ਯੂਨਾਨ ਸਬੰਧਾਂ ਦੇ ਵਿਗਸਣ ਕਾਰਨ ਉਸ ਜ਼ਮਾਨੇ ਯੂਨਾਨ ਦੇਸ਼ ਵਿਚ ਪੁੱਜਾ।

ਯੂਨਾਨੀ ਚਿਕਿਤਸਾ ਮੰਨਣ ਵਾਲਿਆਂ ਦਾ ਕਹਿਣਾ ਹੈ ਕਿ ਕਿਸੇ ਵਿਅਕਤੀ ਦੇ ਸਰੀਰ ਵਿਚ ਇਨ੍ਹਾਂ ਚਾਰ ਤੱਤਾਂ ਦੇ ਮਿਸ਼ਰਣ ਨਾਲ ਮਨੁਖ ਦੀ ਸਿਹਤ ਦਾ ਨਿਰਧਾਰਣ ਹੁੰਦਾ ਹੈ। ਜੇ ਇਹ ਠੀਕ ਅਨੁਪਾਤ ਵਿਚ ਹਨ ਤਾਂ ਮਨੁਖ ਤੰਦਰੁਸਤ ਹੈ। ਕਿਸੇ ਇਕ ਦੀ ਬਹੁਤਾਤ ਜਾਂ ਕਮੀ ਨਾਲ ਸਰੀਰ ਦਾ ਸੰਤੁਲਨ ਵਿਗੜ ਜਾਂਦਾ ਹੈ ਤੇ ਮਨੁਖ ਰੋਗੀ ਹੋ ਜਾਂਦਾ ਹੈ। ਮਿਸਾਲ ਵਜੋਂ ਬਲਗਮ ਦੀ ਬਹੁਲਤਾ ਵਾਲਾ ਮਨੁਖ ਠੰਡੇ ਸੁਭਾਅ ਦਾ ਹੁੰਦਾ ਹੈ। ਪੀਲੇ ਪਿੱਤ ਦੀ ਬਹੁਤਾਤ ਵਾਲਾ ਚਿੜਚਿੜਾ ਅਤੇ ਕਾਲੇ ਪਿੱਤ ਦੀ ਬਹੁਤਾਤ ਵਾਲਾ ਵਿਸ਼ਾਦਗ੍ਰਸਤ, ਢਹਿੰਦੀਆਂ ਕਲਾ ਵਾਲਾ ਹੋਵੇਗਾ। 'ਕਾਲੇ ਪਿੱਤ' ਦੀ ਬਹੁਤਾਤ ਵਾਲੀ ਸਥਿਤੀ ਨੂੰ ਹੀ 'ਮਾਲੀਖੌਲੀਆ' ਕਿਹਾ ਜਾਂਦਾ ਹੈ। ਮੁਢਲੇ ਤੌਰ 'ਤੇ ਇਹ ਯੂਨਾਨੀ ਭਾਸ਼ਾ ਦਾ ਸ਼ਬਦ ਹੈ ਜਿਸ ਵਿਚ ਇਸ ਦਾ ਰੂਪ ਸੀ 'ਮੈਲੰਖੋਲੀਆ।' ਲਾਤੀਨੀ ਅਤੇ ਫਰਾਂਸੀਸੀ ਰਾਹੀਂ ਇਹ 14ਵੀਂ ਸਦੀ ਵਿਚ ਅੰਗਰੇਜ਼ੀ ਵਿਚ ਪੁੱਜਾ ਤਾਂ ਇਸ ਦਾ ਹੁਲੀਆ ਬਣ ਗਿਆ 'ਮਲੰਕੌਲੀਆ।' ਇਸ ਰੂਪ ਵਿਚ ਇਹ ਕੁਝ ਤਕਨੀਕੀ ਜਿਹਾ ਹੈ ਪਰ ਆਮ ਵਰਤੋਂ ਵਿਚ 'ਮੈਲੰਕਲੀ' ਸ਼ਬਦ ਵਰਤਿਆ ਜਾਂਦਾ ਹੈ। ਕੁਝ ਦਰਸ਼ਨਾਂ ਤੇ ਧਰਮਾਂ ਵਿਚ ਮਨੁਖ ਨੂੰ 'ਮੈਲੰਕਲੀ' ਜਿਹੀ ਵਿਸ਼ਾਦਗ੍ਰਸਤ ਜੀਵਨ-ਸ਼ੈਲੀ ਧਾਰਨ ਕਰਨ ਦਾ ਸੰਦੇਸ਼ ਹੈ। ਕਈ ਕਵੀ ਤੇ ਕਲਾਕਾਰ ਕਲਾ ਦੇ ਉਜਾਗਰ ਹੋਣ ਲਈ ਅਜਿਹਾ ਵਤੀਰਾ ਅਪਨਾਉਣਾ ਜਰੂਰੀ ਸਮਝਦੇ ਹਨ। ਰੁਮਾਂਸਵਾਦੀ ਕਵੀ ਕੀਟਸ ਨੇ 'ਮੈਲੰਕਲੀ' ਬਾਰੇ ਲਿਖੀ ਇਕ ਓਡ ਵਿਚ ਇਸ ਦਾ ਲੁਭਾਵਣਾ ਰੇਖਾਂਕਣ ਕੀਤਾ ਹੈ। ਪੰਜਾਬੀ ਵਿਚ ਗ਼ਮ ਦੀ ਰਟ ਲਾਉਣ ਵਾਲਾ ਸ਼ਿਵ ਕੁਮਾਰ ਅਜਿਹਾ ਕਵੀ ਸੀ। ਤਾਂ ਹੀ ਤਾਂ ਸੰਤ ਸਿੰਘ ਸੇਖੋਂ ਨੇ ਕਿਹਾ ਸੀ ਕਿ ਸ਼ਿਵ ਕੁਮਾਰ ਉਥੋਂ ਸ਼ੁਰੂ ਹੁੰਦਾ ਹੈ ਜਿਥੇ ਕੀਟਸ ਖਤਮ ਹੁੰਦਾ ਹੈ।



ਖੈਰ, ਪੰਜਾਬੀ ਤੇ ਹੋਰ ਭਾਸ਼ਾਵਾਂ ਵਿਚ ਇਹ ਸ਼ਬਦ ਇਸ ਦੇ ਅਰਬੀ ਰੂਪ 'ਮਾਲੀਖੌਲੀਆ' ਵਜੋਂ ਦਾਖਿਲ ਹੋਇਆ। ਸਪਸ਼ਟ ਹੈ, ਅਰਬੀ ਵਿਚ ਆਉਂਦਿਆਂ ਇਸ ਨੇ ਆਪਣੀ ਅਨੁਨਾਸਿਕ ਧੁਨੀ ਗੰਵਾ ਦਿੱਤੀ। ਯੂਨਾਨੀ ਅਸਲੇ ਦੇ ਇਸ ਸ਼ਬਦ ਦੇ ਦੋ ਅੰਸ਼ ਹਨ melas+khole. Melas ਦਾ ਗਰੀਕ ਵਿਚ ਅਰਥ ਹੈ 'ਕਾਲਾ' ਅਤੇ khole ਦਾ 'ਪਿੱਤਾ।' ਸੋ ਪੂਰਾ ਅਰਥ ਬਣਿਆ, ਕਾਲਾ ਪਿੱਤਾ। ਅੰਗਰੇਜ਼ੀ ਅਤੇ ਹੋਰ ਯੂਰਪੀ ਭਾਸ਼ਾਵਾਂ ਵਿਚ melas ਤੋਂ ਅਨੇਕਾਂ ਸ਼ਬਦ ਬਣੇ ਹਨ ਜਿਵੇਂ melanin ਮਨੁਖ ਤੇ ਜਾਨਵਰਾਂ ਦੇ ਸਰੀਰ ਵਿਚ ਪਾਇਆ ਜਾਂਦਾ ਉਹ ਰੰਗ ਹੈ ਜਿਸ ਕਾਰਨ ਸਰੀਰ ਦੀ ਰੰਗਤ ਕਾਲੀ ਹੁੰਦੀ ਹੈ। Melatonin ਉਸ ਹਾਰਮੋਨ ਨੂੰ ਕਹਿੰਦੇ ਹਨ ਜਿਹੜਾ ਇਸ ਰੰਗ ਨੂੰ ਕਾਬੂ 'ਚ ਰਖਦਾ ਹੈ। ਚਾਂਦੀ ਦੇ ਕਲੋਰਾਈਡ ਨੂੰ colomel ਕਹਿੰਦੇ ਹਨ ਕਿਉਂਕਿ ਇਸ ਦਾ ਰੰਗ ਕਾਲਾ ਪੈ ਜਾਂਦਾ ਹੈ। ਕਾਲਾ ਪੈ ਜਾਣ ਦੀ ਕਿਰਿਆ ਨੂੰ melanosis ਕਿਹਾ ਜਾਂਦਾ ਹੈ। ਕਾਲੀ ਉਲਟੀ ਲਈ ਇਕ ਤਕਨੀਕੀ ਸ਼ਬਦ ਹੈ-melanemesis. ਖ਼ੂਨ ਦੇ ਕਾਲਾ ਪੈ ਜਾਣਾ ਨੂੰ melanemia ਕਿਹਾ ਜਾਂਦਾ ਹੈ।

ਸਾਡੇ ਸ਼ਬਦ 'ਮਲ' ਦੀ melas ਨਾਲ ਡੂੰਘੀ ਸਾਂਝ ਹੈ। 'ਮਲ' ਦਾ ਅਰਥ ਗੰਦਗੀ, ਮੈਲ, ਅਸ਼ੁਧੀ ਆਦਿ ਹੁੰਦਾ ਹੈ। ਅਸਲ ਵਿਚ ਸਰੀਰ 'ਚੋਂ ਨਿਕਲਦੇ ਕਿਸੇ ਵੀ ਗੰਦੇ ਮਾਦੇ ਜਿਵੇਂ ਬਲਗਮ, ਸੀਂਢ, ਗਿੱਦ, ਕੰਨਾਂ ਦੀ ਮੈਲ, ਪਸੀਨਾ, ਨਹੁੰ, ਵਾਲ ਆਦਿ ਨੂੰ ਮਲ ਕਿਹਾ ਜਾਂਦਾ ਹੈ। ਮਨੂੰ ਨੇ ਅਜਿਹੇ 12 ਮਲਾਂ ਦਾ ਵਰਣਨ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਅਨੇਕਾਂ ਵਾਰ ਆਇਆ ਹੈ, "ਮਲ ਮੂਤ ਮੂੜ ਜਿ ਮੁਘਦ ਹੋਤੇ" ਅਰਥਾਤ ਗੰਦੇ ਤੇ ਮੂਰਖ ਵੀ ਤੇਰੀ ਸੇਵਾ ਕਰਨ ਲੱਗੇ ਹਨ। ਮੈਲ ਸ਼ਬਦ ਵੀ ਇਸੇ ਤੋਂ ਬਣਿਆ ਤੇ ਕਿਰਿਆ ਮਲਣਾ ਵੀ। ਪੰਜਾਬੀ ਵਿਚ ਸਰੀਰ 'ਚੋਂ ਵਗਦੇ ਖ਼ੂਨ ਨੂੰ ਮੈਲਾ ਕਿਹਾ ਜਾਂਦਾ ਹੈ। ਖ਼ੂਨ ਦੇ ਅਰਥਾਂ ਵਿਚ 'ਮੈਲਾ' ਸ਼ਬਦ ਦਾ ਸੰਕੇਤ ਸਰੀਰ 'ਚੋਂ ਰਿਸਦੇ ਅਸ਼ੁਧ ਦ੍ਰਵ ਵੱਲ ਹੀ ਹੈ। ਮਲ ਤੋਂ ਹੀ ਅੱਗੇ ਮਲੀਨ ਤੇ ਨਿਰਮਲ ਸ਼ਬਦ ਬਣੇ ਹਨ। ਨਿਰਮਲ ਵਿਗੜ ਕੇ ਪੰਜਾਬੀ ਵਿਚ 'ਨਿੰਬਲ' ਬਣ ਗਿਆ, ਭਾਵ ਬੱਦਲਾਂ ਆਦਿ ਦੀ ਮਲ ਤੋਂ ਵਗੈਰ ਰੌਸ਼ਨ ਅਕਾਸ਼।

ਮਾਲੀਖੌਲੀਆ ਸ਼ਬਦ ਦੇ ਦੂਜੇ ਅੰਸ਼ khole ਦਾ ਸ਼ਾਬਦਿਕ ਅਰਥ ਹੈ 'ਹਰੀ ਸ਼ਾਖ।' ਇਸੇ ਨਾਲ ਸਬੰਧਤ ਇਕ ਸ਼ਬਦ khloros ਹੈ ਜਿਸ ਦਾ ਅਰਥ ਹਰੀ 'ਭਾਅ ਮਾਰਦਾ ਪੀਲਾ' ਹੁੰਦਾ ਹੈ। ਇਸ ਸ਼ਬਦ ਦਾ ਭਾਰੋਪੀ ਮੂਲ ghlo ਹੈ ਜਿਸ ਦਾ ਅਰਥ ਹੈ ਚਮਕਣਾ। ਚਮਕਣ ਤੋਂ ਪੀਲੇ ਰੰਗ ਦੇ ਭਾਵ ਉਤਪੰਨ ਹੁੰਦੇ ਹਨ ਇਸ ਲਈ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਪੀਲਾ ਲਈ ਇਸੇ ਮੂਲ ਤੋਂ ਸ਼ਬਦ ਬਣੇ ਹਨ। ਮਿਸਾਲ ਵਜੋਂ ਲਾਤੀਨੀ ਹੈਲਵਸ, ਜਰਮਨ ਗੈਲਬ, ਲਿਥੂਏਨੀਅਨ ਗੈਲਟੋਨਸ, ਸਲੈਵੋਨਿਕ ਜ਼ਲੂਟੂ, ਪੋਲਿਸ਼ ਜ਼ੋਲਟੀ, ਰੂਸੀ ਜ਼ੈਲਟਿਜ, ਅਵੇਸਤਨ ਜ਼ਰੀ, ਪੁਰਾਣੀ ਅੰਗਰੇਜ਼ੀ ਗੇਅਲੂ ਜਿਸ ਤੋਂ ਆਧੁਨਿਕ ਅੰਗਰੇਜ਼ੀ ਦਾ ਯੈਲੋ ਬਣਿਆ। ਆਂਡੇ ਦੀ ਜ਼ਰਦੀ ਲਈ ਅੰਗਰੇਜ਼ੀ ਯੋਕ ਇਸੇ ਯੈਲੋ ਦਾ ਰੂਪਾਂਤਰ ਹੈ। ਇਨ੍ਹਾਂ ਤੇ ਕੁਝ ਹੋਰ ਭਾਸ਼ਾਵਾਂ ਵਿਚ ਇਸ ਮੂਲ਼ ਤੋਂ ਕਈ ਅਜਿਹੇ ਸ਼ਬਦ ਬਣੇ ਹਨ ਜਿਨ੍ਹਾਂ ਦਾ ਅਰਥ ਪੀਲਾ ਦੇ ਨਾਲ ਨਾਲ ਹਰਾ ਵੀ ਹੁੰਦਾ ਹੈ। ਇਕ ਭਾਸ਼ਾਵਿਗਿਆਨੀ ਦਾ ਕਹਿਣਾ ਹੈ ਕਿ ਇਕੋ ਮੂਲ ਤੋਂ ਪੀਲਾ ਤੇ ਹਰਾ ਭਾਵ ਪੈਦਾ ਹੋਣ ਦਾ ਕਾਰਨ ਇਹ ਜਾਪਦਾ ਹੈ ਕਿ ਇਹ ਸ਼ਬਦ ਮੁਢਲੇ ਤੌਰ 'ਤੇ ਬਨਸਪਤੀ ਦੇ ਰੰਗਾਂ ਲਈ ਵਰਤੇ ਜਾਂਦੇ ਹਨ। ਬਨਸਪਤੀ ਦਾ ਰੰਗ ਅਕਸਰ ਹੀ ਹਰੇ ਤੋਂ ਪੀਲਾ ਹੋ ਜਾਂਦਾ ਹੈ। ਅੰਗਰੇਜ਼ੀ ਦਾ ਗੋਲਡ ਤੇ ਗਲੀਮ (gleam=ਚਮਕਣਾ) ਇਸੇ ਮੂਲ ਤੋਂ ਉਪਜੇ ਹਨ। ਬਨਸਪਤੀ ਦੇ ਹਰੇ ਮਾਦੇ 'ਕਲੋਰੋਫਿਲ' ਵਿਚ ਕਲੋਰੋ ਇਹੋ ਹਰੇ ਰੰਗ ਦੇ ਅਰਥਾਂ ਵਾਲੇ ਮੂਲ ਦਾ ਰੁਪਾਂਤਰ ਹੈ। ਕਲੋਰੀਨ ਗੈਸ ਦਾ ਰੰਗ ਸਾਵਾ-ਪੀਲਾ ਹੁੰਦਾ ਹੈ। ਖ਼ੂਨ ਵਿਚ ਘਾਤਕ ਮਾਦੇ 'ਕੁਲੈਸਟਰੋਲ' ਦਾ ਇਹ ਨਾਂ ਇਸ ਲਈ ਪਿਆ ਕਿ ਪਹਿਲਾਂ ਪਹਿਲਾਂ ਇਹ ਮਾਦਾ ਪਿੱਤੇ ਵਿਚ ਲਭਿਆ ਗਿਆ ਸੀ। ਕੌਲਰਾ (ਹੈਜ਼ਾ) ਬਾਰੇ ਪਹਿਲਾਂ ਖਿਆਲ ਸੀ ਕਿ ਇਹ ਪਿੱਤੇ ਦੀ ਬੀਮਾਰੀ ਹੈ। ਪੀਲੀਏ ਲਈ jaundice ਸ਼ਬਦ ਵੀ ਇਸੇ ਮੂਲ ਨਾਲ ਜਾ ਜੁੜਦਾ ਹੈ। Jaune ਦਾ ਮਤਲਬ ਵੀ ਪੀਲਾ ਹੁੰਦਾ ਹੈ ਤੇ ਇਹ yellow ਦਾ ਭਰਾ ਹੀ ਹੈ। ਅਵੇਸਤਾ ਦੇ ਜ਼ਰੀ ਸ਼ਬਦ ਦਾ ਜ਼ਿਕਰ ਅਸੀਂ ਕਰ ਆਏ ਹਾਂ। ਇਹ ਸ਼ਬਦ ਅਵੇਸਤਾ ਤੋਂ ਫਾਰਸੀ, ਫਾਰਸੀ ਤੋਂ ਪੰਜਾਬੀ ਵਿਚ ਆ ਵੜਿਆ। ਜ਼ਰੀ ਦੇ ਧਾਗੇ ਸੁਨਹਿਰੀ ਰੰਗ ਦੇ ਹੁੰਦੇ ਹਨ। ਜ਼ਰਦ (ਪੀਲਾ), ਜ਼ਰਦਾ (ਚੌਲਾਂ ਦਾ ਪੀਲਾ ਪਕਵਾਨ) ਤੇ ਜ਼ਰਦੀ (ਆਂਡੇ ਦੀ) ਤੇ ਸੋਨੇ ਲਈ ਜ਼ਰ ਸ਼ਬਦ ਵੀ ਇਸੇ ਕੜੀ ਵਿਚ ਆਉਂਦੇ ਹਨ। ਸੰਸਕ੍ਰਿਤ ਵਿਚ ਇਸ ਦਾ ਸੁਜਾਤੀ ਸ਼ਬਦ 'ਹਰਿ' ਹੈ ਜਿਸ ਤੋਂ ਪੰਜਾਬੀ ਸ਼ਬਦ ਹਰਾ ਬਣਿਆ। ਸੰਸਕ੍ਰਿਤ ਹਰਿ ਦਾ ਅਰਥ ਹਰਾ ਤੇ ਪੀਲਾ ਤਾਂ ਹੈ ਹੀ, ਭੂਰਾ ਵੀ ਹੋ ਗਿਆ ਹੈ। ਕਈ ਪਿਲੱਤਣ ਮਾਰਦੇ ਜਾਨਵਰ ਜਾਂ ਉਨ੍ਹਾਂ ਦੀਆਂ ਕਿਸਮਾਂ ਨੂੰ ਹਰਿ ਕਿਹਾ ਜਾਂਦਾ ਹੈ ਜਿਵੇਂ ਬਾਂਦਰ, ਘੋੜਾ, ਡੱਡੂ, ਕੋਇਲ, ਸ਼ੇਰ, ਹੰਸ, ਸੱਪ ਆਦਿ। ਇਹ ਸ਼ਬਦ ਚੰਦ, ਸੂਰਜ ਅਤੇ ਕਿਰਨ ਲਈ ਵੀ ਵਰਤਿਆ ਗਿਆ ਹੈ। ਹਰੇ ਸ਼ਬਦ ਤੋਂ ਤਾਂ ਅੱਗੇ ਹੋਰ ਬੇਸ਼ੁਮਾਰ ਸ਼ਬਦਾਂ ਦਾ ਵਾਧਾ ਹੋਇਆ ਹੈ, ਹਰਿਆਵਾਲ, ਹਰੀਅਲ, ਹਿਰਨ (ਇਸ ਦੇ ਸੋਨੇ ਰੰਗੇ ਹੋਣ ਦੇ ਭਾਵ ਤੋਂ)। ਸੰਸਕ੍ਰਿਤ ਦਾ ਇਕ ਹੋਰ ਅਹਿਮ ਸ਼ਬਦ ਹੈ 'ਹਰਿਦ੍ਰ' ਜਿਸ ਦਾ ਅਰਥ ਹਲਦੀ ਹੁੰਦਾ ਹੈ। ਅਸਲ ਵਿਚ ਹਲਦੀ ਸ਼ਬਦ ਵੀ ਹਰਿਦ੍ਰ ਦਾ ਵਿਉਤਪਤ ਰੂਪ ਹੈ। ਹਰੜ ਤੇ ਜ਼ਰਦਾਲੂ (ਖੁਰਮਾਨੀ) ਦੇ ਫਲਾਂ ਦਾ ਰੰਗ ਪੀਲਾ ਹੈ। 'ਹਰਿਆਣਾ' ਦੀ ਇਕ ਵਿਆਖਿਆ ਹਰਿਤ (ਹਰਾ)+ਅਰਾਨਯਾ (ਵਣ) ਅਰਥਾਤ 'ਹਰਾ ਵਣ' ਹੈ। ਸੰਭਵ ਹੈ 'ਹੋਲੀ' ਵਿਚ ਪੀਲੇ ਰੰਗ ਦੀ ਵਰਤੋਂ ਹੋਣ ਕਰਕੇ ਇਹ ਸ਼ਬਦ ਬਣਿਆ।

# ਗੁਰੂ ਘਰਾਂ ਦੇ ਝੇੜੇ

ਕੈਨੇਡਾ ਵਿਚ ਨਵੇਂ ਨਵੇਂ ਆਏ ਤਾਂ ਆਉਣ ਦੀ ਬੜੀ ਖ਼ੁਸ਼ੀ ਹੋਈ। ਇਸ ਮੁਲਕ, ਇਸ ਦੇ ਲੋਕਾਂ, ਇਨ੍ਹਾਂ ਲੋਕਾਂ ਦਾ ਰਹਿਣ ਸਹਿਣ ਤੇ ਬੋਲਣ ਦਾ ਸਲੀਕਾ ਦੇਖ ਕੇ ਬਹੁਤ ਚੰਗਾ ਚੰਗਾ ਲੱਗਿਆ। ਸਭ ਤੋਂ ਵੱਧ ਖੁਸ਼ੀ ਗੁਰੂ ਘਰਾਂ ਉਤੇ ਨਿਸ਼ਾਨ ਸਾਹਿਬ ਝੂਲਦੇ ਵੇਖ ਕੇ ਹੋਈ। ਇਹ ਇੰਨੇ ਵੱਡੇ ਤੇ ਉਚੇ ਸਨ ਕਿ ਦੂਰ ਤੋਂ ਹੀ ਨਜ਼ਰੀਂ ਪੈਂਦੇ। ਐਤਵਾਰ ਨੂੰ ਗੁਰੂ ਘਰ ਮੱਥਾ ਟੇਕਣ ਅਤੇ ਰੱਬ ਦਾ ਸ਼ੁਕਰ ਮਨਾਉਣ ਵਾਸਤੇ ਜਾਣ ਲੱਗੇ। ਲੋਕਾਂ ਦਾ ਠਾਠਾਂ ਮਾਰਦਾ ਇਕੱਠ ਵੇਖ ਕੇ ਰੂਹ ਬਾਗੋ-ਬਾਗ ਹੋ ਉਠਦੀ। ਫਿਰ ਜਿਵੇਂ ਜਿਵੇਂ ਟਾਈਮ ਪੈਂਦਾ ਗਿਆ, ਉਵੇਂ ਉਵੇਂ ਇਹ ਖੁਸ਼ੀ ਮੁਰਝਾਉਣ ਲੱਗੀ।

ਜਿਸ ਗੁਰੂ ਘਰ ਅਸੀਂ ਜਾਂਦੇ ਸਾਂ, ਉਥੇ ਵੋਟਾਂ ਦਾ ਰੌਲਾ ਪੈਣ ਲੱਗ ਪਿਆ। ਕੋਈ ਕਹੇ, ਇਹ ਚੰਗੇ ਨੇ; ਕੋਈ ਆਖੇ, ਦੂਜੇ ਚੰਗੇ ਨੇ। ਗੱਲ ਸਮਝ ਨਾ ਆਵੇ ਕਿ ਵੋਟਾਂ ਕਿਸ ਚੀਜ਼ ਲਈ ਪੈਣ ਲੱਗੀਆਂ, ਕਰਨੀ ਤਾਂ ਸੇਵਾ ਹੈ। ਜਾਣ ਪਛਾਣ ਵਾਲੇ ਇਕ-ਦੋ ਸੱਜਣਾਂ ਨਾਲ ਗੱਲ ਕੀਤੀ ਕਿ ਇਹ ਮਾਜਰਾ ਕੀ ਹੈ? ਉਨ੍ਹਾਂ ਨੇ ਵੀ ਇਹੀ ਕਿਹਾ ਕਿ ਇਥੇ ਇਸੇ ਤਰ੍ਹਾਂ ਹੀ ਚੱਲਦਾ ਹੈ! ਫਿਰ ਸਾਡੇ ਸਕੇ-ਸਬੰਧੀਆਂ ਨੇ ਜਿਸ ਨੂੰ ਵੋਟਾਂ ਪਾਉਣ ਲਈ ਕਿਹਾ, ਅਸੀਂ ਵੋਟ ਪਾ ਦਿੱਤੀ। ਨਤੀਜਾ ਆਇਆ ਤਾਂ ਪੈ ਗਿਆ ਰੌਲਾ! ਕੁਝ ਨਹੀਂ ਪਤਾ ਕਿ ਜੋ ਹਾਰੇ ਉਨ੍ਹਾਂ ਦੀ ਕਰਤੂਤ ਸੀ ਜਾਂ ਜੋ ਜਿੱਤੇ, ਉਨ੍ਹਾਂ ਦੀ। ਕਹਿੰਦੇ ਕਿਸੇ ਪਾਸੇ ਜੈਕਾਰੇ ਵੱਜਦੇ ਸਨ ਤੇ ਕਿਸੇ ਪਾਸੇ ਨਾਅਰੇ ਵੱਜਦੇ ਸਨ। ਸਾਨੂੰ ਤਾਂ ਸ਼ਾਮੀਂ ਪਤਾ ਲੱਗਾ ਜਦੋਂ ਸਾਡਾ ਰਿਸ਼ਤੇਦਾਰ ਜਿਹੜਾ ਸਾਨੂੰ ਵੋਟਾਂ ਪਵਾਉਣ ਲਈ ਲੈ ਕੇ ਗਿਆ ਸੀ, ਉਸ ਦੀ ਕਿਸੇ ਨੇ ਅੱਖ ਹੀ ਭੰਨ ਸੁੱਟੀ। ਅਸੀਂ ਉਹਦਾ ਪਤਾ ਲੈਣ ਗਏ ਤਾਂ ਉਸ ਨੇ ਸਾਰੀ ਕਹਾਣੀ ਦੱਸੀ। ਅਖੇ, ਉਹ ਤਾਂ ਛਡਾਉਣ ਹੀ ਲੱਗਾ ਸੀ, ਪਤਾ ਨਹੀਂ ਕਿਹੜਾ ਉਸ ਉਪਰ ਹੱਥ ਗਰਮ ਕਰ ਗਿਆ।

ਮਨ ਬੜਾ ਦੁਖੀ ਹੋਇਆ। ਮੇਰੇ ਬੇਬੇ ਬਾਪੂ ਡਰ ਗਏ। ਅਖੇ, 'ਆਪਾਂ ਨਹੀਂ ਜਾਣਾ ਗੁਰੂ ਘਰ, ਘਰੇ ਬਹਿ ਕੇ ਹੀ ਰੱਬ ਰੱਬ ਕਰ ਲਉ।' ਇਕ ਦੋ ਮਹੀਨੇ ਗੁਜ਼ਰ ਗਏ। ਕਿਸੇ ਨੇ ਦੱਸਿਆ ਕਿ ਸਾਡੇ ਗੁਆਂਢ 'ਚ ਕੁਝ ਬੰਦਿਆਂ ਨੇ ਛੋਟੀ ਜਿਹੀ ਬਿਲਡਿੰਗ ਲੈ ਕੇ ਗੁਰੂ ਘਰ ਬਣਾਇਆ ਹੈ। ਬੜੇ ਹੀ ਗੁਰਮੁਖ ਤੇ ਸਾਊ ਬੰਦੇ ਹਨ, ਨਾ ਕੋਈ ਭੇਦ-ਭਾਵ ਹੈ। ਚਾਹੇ ਕੋਈ ਮੋਨਾ ਹੈ, ਚਾਹੇ ਸਿੱਖ। ਕਮੇਟੀ ਵੀ ਸੁਲਝੇ ਹੋਏ ਬੰਦਿਆਂ ਦੀ ਹੈ। ਦੋ ਚਾਰ ਮੋਨੇ ਹਨ, ਦੋ ਚਾਰ ਸਿੱਖੀ ਸਰੂਪ ਵਾਲੇ। ਸ਼ਾਂਤੀ ਬਹੁਤ ਹੈ। ਸਾਨੂੰ ਆਸ ਦੀ ਇਕ ਹੋਰ ਕਿਰਨ ਦਿਸੀ ਕਿ ਚਲੋ ਗੁਰੂ ਘਰ ਤਾਂ ਜਾਇਆ ਕਰਾਂਗੇ। ਐਤਵਾਰ ਹੀ ਤਾਂ ਹੁੰਦਾ ਹੈ। ਅਸੀਂ ਸਾਰਾ ਪਰਿਵਾਰ ਉਥੇ ਜਾਣ ਲੱਗੇ। ਇਕ ਸਾਲ ਹੋ ਗਿਆ ਸੀ। ਵਾਕਿਆ, ਬਹੁਤ ਵਧੀਆ ਪ੍ਰਬੰਧ ਸੀ। ਜਾਉ, ਕੀਰਤਨ ਸੁਣੋ, ਲੰਗਰ ਛਕੋ, ਸੰਗਤ ਨਾਲ ਗੱਲਾਂ-ਬਾਤਾਂ ਕਰੋ ਤੇ ਘਰ। ਇਹ ਤਾਂ ਹੋਇਆ ਨਾ ਗੁਰੂ ਘਰ...।

ਫਿਰ ਅਸੀਂ ਇਕ ਮਹੀਨੇ ਵਾਸਤੇ ਇੰਡੀਆ ਚਲੇ ਗਏ। ਵਾਪਸ ਆਏ ਤਾਂ ਸੋਚਿਆ, ਐਤਵਾਰ ਗੁਰੂ ਘਰ ਚੱਲਾਂਗੇ, ਰੱਬ ਦਾ ਸ਼ੁਕਰਾਨਾ ਕਰਨ। ਐਤਵਾਰ ਗੁਰੂ ਘਰ ਗਏ ਪਰ ਉਸ ਦਿਨ ਪਹਿਲਾਂ ਨਾਲੋਂ ਮਾਹੌਲ ਥੋੜ੍ਹਾ ਵੱਖਰਾ ਸੀ। ਅੱਗੇ ਤਾਂ ਸਾਰੇ ਅੰਦਰ ਬੈਠੇ ਹੁੰਦੇ ਸਨ ਜਾਂ ਲੰਗਰ ਵਿਚ ਚਾਹ-ਪਾਣੀ ਛਕਦੇ ਸਨ। ਜੇ ਕਿਸੇ ਨੇ ਕੋਈ ਗੱਲਬਾਤ ਵੀ ਕਰਨੀ ਹੁੰਦੀ, ਉਹ ਵੀ ਲੰਗਰ ਹਾਲ ਵਿਚ ਹੀ ਬੈਠ ਕੇ ਕਰਦੇ ਹੁੰਦੇ। ਅੱਜ ਬਾਹਰ ਹੀ ਕਈ ਥਾਂਈਂ ਥੋੜ੍ਹੇ ਥੋੜ੍ਹੇ ਬੰਦੇ ਗਰੁਪਾਂ ਵਿਚ ਖੜ੍ਹੇ ਗੱਲਾਂ-ਬਾਤਾਂ ਕਰ ਰਹੇ ਸਨ। ਚਾਹ ਪੀਣ ਗਏ ਤਾਂ ਲੋਕਾਂ ਨੂੰ ਗੱਲਾਂ ਕਰਦੇ ਸੁਣਿਆ ਕਿ ਅੱਜ ਸਾਲ ਪੂਰਾ ਹੋ ਗਿਆ ਹੈ, ਨਵੀਂ ਕਮੇਟੀ ਬਣਨ ਦੀਆਂ ਗੱਲਾਂ ਹੋ ਰਹੀਆਂ ਹਨ। ਅਸੀਂ ਬਹੁਤਾ ਧਿਆਨ ਨਾ ਦਿੱਤਾ ਕਿ ਚਲੋ, ਇਹ ਤਾਂ ਇਨ੍ਹਾਂ ਦੀ ਆਪਸੀ ਗੱਲਬਾਤ ਹੈ; ਜੋ ਚੰਗਾ ਲੱਗਾ, ਕਰ ਲੈਣਗੇ। ਸਭ ਕੁਝ ਠੀਕ ਚੱਲਿਆ। ਅਰਦਾਸ ਹੋਈ। ਪ੍ਰਸ਼ਾਦ ਵੰਡਣ ਲੱਗੇ ਸਿੰਘਾਂ ਨੂੰ ਇਕ ਬੰਦੇ ਨੇ ਉਚੀ ਆਵਾਜ਼ ਵਿਚ ਰੋਕ ਦਿੱਤਾ, 'ਠਹਿਰ ਜਾਉ ਬਾਬਾ ਜੀ। ਕੁਝ ਅਨਾਊਸਮੈਂਟਾਂ ਹੋਣੀਆਂ ਨੇ।'

ਕੀਰਤਨੀਏ ਸਿੰਘਾਂ ਦਾ ਹਾਲ ਉਹੀ, ਜਿਵੇਂ ਕਬੂਤਰ ਦਾ ਬਿੱਲੀ ਵੇਖ ਕੇ ਹੁੰਦਾ ਹੈ। ਗ੍ਰੰਥੀ ਸਿੰਘਾਂ ਨੇ ਥਾਲ ਉਥੇ ਹੀ ਰੱਖ ਦਿੱਤੇ। ਇੰਨੇ ਨੂੰ ਕਮੇਟੀ ਵਾਲੇ ਉਠ ਖੜ੍ਹੇ ਹੋਏ। ਸੈਕਟਰੀ ਨੇ ਆਖ ਦਿੱਤਾ, 'ਕੋਈ ਸਾਡੇ ਕਹਿਣ ਤੋਂ ਬਿਨਾਂ ਸਟੇਜ 'ਤੇ ਨ੍ਹੀਂ ਬੋਲ ਸਕਦਾ।' ਦੂਜੇ ਪਾਸਿਓਂ ਆਵਾਜ਼ਾਂ ਆਉਣ ਲੱਗੀਆਂ, 'ਕਿਉਂ ਨ੍ਹੀਂ ਬੋਲ ਸਕਦਾ ਬਈ। ਗੁਰੂ ਘਰ ਐ। ਸਭ ਦਾ ਸਾਂਝਾ ਏ। ਜੋ ਕੋਈ ਬੋਲਣਾ ਚਾਹੁੰਦੈ ਤਾਂ ਸੁਣਨ ਵਿਚ ਕੀ ਹਰਜ ਹੈ? ਚਲੋ ਬੋਲੋ ਜੀ, ਕੀ ਕਹਿਣਾ ਚਾਹੁੰਦੇ ਹੋ!'

ਬੱਸ ਫਿਰ ਕੀ ਸੀ! ਉਠਣ ਦੀ ਦੇਰ ਸੀ, ਹੋ ਗਿਆ ਖੜਕਾ-ਦੜਕਾ। ਧੱਕਾ-ਮੁੱਕੀ। ਸਿਰ ਤੋਂ ਪੱਗਾਂ ਲਾਹ ਸੁੱਟੀਆਂ। ਵਿਚੇ ਹੀ ਬੀਬੀਆਂ ਤੇ ਵਿਚੇ ਹੀ ਬੰਦੇ। ਗੁਰੂ ਘਰ ਜੰਗ ਦਾ ਅਖਾੜਾ ਬਣਾ ਦਿੱਤਾ ਰਲ ਕੇ। ਬਾਅਦ 'ਚ ਪਤਾ ਲੱਗਾ ਕਿ ਪੁਲਿਸ ਆਈ, ਮੀਡੀਆ ਵੀ ਆਇਆ। ਸ਼ਾਮ ਨੂੰ ਟੈਲੀਵਿਜ਼ਨ 'ਤੇ ਵੇਖ ਕੇ ਸਿਰ ਸ਼ਰਮ ਨਾਲ ਝੁਕ ਗਿਆ। ਇਕੋ ਧਰਮ ਤੇ ਇਕੋ ਗੁਰੂ; ਫਿਰ ਲੜਾਈ ਕਿਸ ਗੱਲ ਦੀ? ਚੌਧਰ ਦੀ ਲੜਾਈ? ਪ੍ਰਧਾਨਗੀ ਦੀ ਲੜਾਈ? ਹਿਸਾਬ-ਕਿਤਾਬ ਦੱਸਣ ਤੋਂ ਲੜਾਈ? ਇਕ ਦੂਜੇ ਨੂੰ ਨੀਵੇਂ ਦਿਖਾਉਣ ਦੀ ਲੜਾਈ? ਕੀ ਦੱਸਣਾ ਚਾਹੁੰਦੇ ਹਨ ਇਹ ਧਰਮ ਦੇ ਠੇਕੇਦਾਰ? ਇਹ ਲੋਕ ਗੁਰੂ ਗ੍ਰੰਥ ਸਾਹਿਬ ਜੀ ਸਾਹਮਣੇ ਬੈਠਦੇ ਨੇ, ਪਰ ਇਨ੍ਹਾਂ ਨੂੰ ਪਤਾ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਦੀ ਪੱਗ ਲਾਹੁਣੀ ਤਾਂ ਸਮਝੋ ਗੁਰੂ ਦੀ ਪੱਗ ਨੂੰ ਹੱਥ ਪਾ ਲਿਆ! ਜ਼ਰਾ ਵਿਚਾਰ ਕਰ ਕੇ ਵੇਖੋ...ਆਪਣੇ ਅੰਦਰ ਝਾਤੀ ਮਾਰੋ...ਤੁਸੀਂ ਕਿਥੇ ਖੜ੍ਹੇ ਹੋ? ਕੀ ਤੁਹਾਨੂੰ ਗੁਰੂ ਦਾ ਕੋਈ ਖੌਫ ਨਹੀਂ? ਤੁਸੀਂ ਕਿਸ ਤਰ੍ਹਾਂ ਗੁਰੂ ਮੂਹਰੇ ਮੱਥਾ ਟੇਕ ਲੈਂਦੇ ਹੋ? ਤੁਹਾਡੀ ਜ਼ਮੀਰ ਲਾਹਣਤਾਂ ਨਹੀਂ ਪਾਉਂਦੀ? ਇਹ ਨਾ ਸੋਚੋ ਕਿ ਕਿਸੇ ਨੂੰ ਧੱਕੇ ਮਾਰ ਕੇ ਗੁਰੂ ਘਰ ਵਿਚੋਂ ਕੱਢ ਦਿੱਤਾ ਜਾਂ ਚਾਰ ਬੰਦਿਆਂ ਵਿਚ ਕਿਸੇ ਦੀ ਬੇਇੱਜ਼ਤੀ ਕਰ ਦਿੱਤੀ, ਤੇ ਅਸੀਂ ਜਿੱਤ ਗਏ। ਨਹੀਂ, ਇਹ ਤੁਹਾਡੀ ਸਭ ਤੋਂ ਵੱਡੀ ਹਾਰ ਹੈ।

## ਦੁਖਦੀ ਰਗ

ਕੁਝ ਸਿੱਖਣ ਦੀ ਕੋਸ਼ਿਸ਼ ਤਾਂ ਕਰੋ। ਗੁਰੂ ਘਰ ਆਉਣ ਦਾ ਮਤਲਬ ਕੀ ਏ ਭਲਾ? ਗੁਰੂ ਘਰ ਕੀ ਕਰਨ ਆਈਦਾ ਹੈ? ਗੁਰੂ ਘਰ ਆਉਣ ਦਾ ਮਤਲਬ ਹੈ, ਆਪਣੇ ਮਨ ਨੂੰ ਨੀਵਾਂ ਕਰਨਾ; ਗੁਰੂ ਦੇ ਭੈਅ ਵਿਚ ਰੱਖਣਾ, ਹਰ ਵੇਲੇ ਡਰਨਾ ਕਿ ਕੋਈ ਉਚਾ ਨੀਵਾਂ ਬੋਲ ਨਾ ਕਿਸੇ ਨੂੰ ਬੋਲ ਹੋਵੇ; ਗੁਰਬਾਣੀ ਸੁਣਨਾ ਤੇ ਸਿੱਖਿਆ ਲੈਣੀ। ਕੀ ਲੜਨ-ਭਿੜਨ ਵਾਲਿਆਂ ਦਾ ਇਸ ਪਾਸੇ ਕੋਈ ਧਿਆਨ ਹੈ? ਕਿਸੇ ਹੋਰ ਧਰਮ ਦਾ ਕੋਈ ਬੰਦਾ ਸਾਡੀ ਪੱਗ ਵੱਲ ਉਂਗਲ ਕਰੇ ਤਾਂ ਅਸੀਂ ਮੋਰਚੇ ਵਿੱਢਣ ਲਈ ਤਿਆਰ ਹੋ ਜਾਂਦੇ ਹਾਂ; ਤੇ ਆਪ ਅਸੀਂ ਇਕ-ਦੂਜੇ ਦੀਆਂ ਪੱਗਾਂ ਨੂੰ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਹੱਥ ਪਾਈ ਜਾਂਦੇ ਹਾਂ।

ਅੱਜ ਜਦੋਂ ਉਚੇ ਉਚੇ ਨਿਸ਼ਾਨ ਸਾਹਿਬ ਵੇਖਦਾ ਹਾਂ ਤਾਂ ਇਕੋ ਹੀ ਹੂਕ ਦਿਲ 'ਚੋਂ ਨਿਕਲਦੀ ਹੈ ਕਿ ਜੇ ਇਹ ਨਿਸ਼ਾਨ ਸਾਹਿਬ ਥੋੜ੍ਹੇ ਨੀਵੇਂ ਵੀ ਹੁੰਦੇ, ਤਾਂ ਕੋਈ ਫਰਕ ਨਹੀਂ ਪੈਣਾ ਸੀ; ਜੇ ਕਿਤੇ ਇਨ੍ਹਾਂ ਗੁਰੂ ਘਰਾਂ ਦੀਆਂ ਕਮੇਟੀਆਂ ਅਤੇ ਸੰਗਤ ਦੀ ਮੱਤ ਉਚੀ ਹੁੰਦੀ ਤਾਂ ਬੜਾ ਕੁਝ ਹੋ ਜਾਣਾ ਸੀ...ਗੁਰੂ ਘਰਾਂ ਨੂੰ ਬੜਾ ਫਰਕ ਪੈਣਾ ਸੀ। ਅਜੇ ਵੀ ਜਾਗੋ, ਕੁਝ ਸਮਝੋ...ਗੁਰੂ ਤੋਂ ਬੇਮੁਖ ਹੋਏ ਸਿੱਖੋ, ਬੰਦ ਕਰ ਦਿਉ ਇਹ ਝਗੜੇ ਅਤੇ ਚੌਧਰਾਂ; ਨਹੀਂ ਤਾਂ ਆਖਰ ਪੱਲੇ ਪਛਤਾਵਾ ਹੀ ਰਹਿ ਜਾਣਾ ਹੈ, ਸਿਰਫ ਪਛਤਾਵਾ।

-ਸੇਵਕ ਨਿਮਾਣਾ

# ਬੱਬੂ ਤੀਰ ਦੇ ਗੁਆਚੇ ਵਰਕ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਜਦੋਂ ਮੈਂ ਅੱਧੀ ਸਦੀ ਦਿੱਲੀ ਦਖਣ ਰਹਿ ਕੇ ਚੰਡੀਗੜ੍ਹ ਆਇਆ ਤਾਂ ਇਥੇ ਮੈਨੂੰ ਜਾਨਣ ਵਾਲੇ ਤਿੰਨ ਹੀ ਲੇਖਕ ਸਨ-ਕੁਲਵੰਤ ਸਿੰਘ ਵਿਰਕ, ਗੁਰਨਾਮ ਸਿੰਘ ਤੀਰ ਤੇ ਅਤਰ ਸਿੰਘ। ਸਭ ਤੁਰ ਗਏ ਹਨ। ਅਤਰ ਸਿੰਘ ਤੇ ਵਿਰਕ ਦੇ ਬੱਚਿਆਂ ਨੇ ਕਲਮ ਨਹੀਂ ਫੜੀ। ਤੀਰ ਦੀ ਨਿਸ਼ਾਨੀ ਕਾਇਮ ਹੈ ਬੱਬੂ ਤੀਰ ਦੇ ਰੂਪ ਵਿਚ। ਹੈ ਵੀ ਮੇਰੀ ਗੁਵਾਂਢਣ ਤੇ ਕਲਮੀ ਪਹੁੰਚ ਵਾਲੀ। ਕਵਿਤਾ ਲਿਖਦੀ ਹੈ, ਗਜ਼ਲ ਦੇ ਸ਼ਿਅਰਾਂ ਵਰਗੀ। ਸ਼ਬਦ ਥੋੜ੍ਹੇ, ਅਰਥ ਬਹੁਤੇ।

ਕੁਝ ਵਾਸਤੇ ਬੇਵਜਾਹ ਹੀ ਪੈ ਜਾਂਦੇ ਹਨ
ਤੇ ਕਈਆਂ ਦੀ ਵਜਾਹ
ਯੁਗਾਂ ਮਗਰੋਂ ਵੀ ਨਹੀਂ ਲਭਦੀ।

ਇਹ ਤੇ ਇਹੋ ਜਿਹੇ ਅਨੇਕਾਂ ਤੱਥ ਉਸ ਦੇ ਨਵੇਂ ਕਾਵਿ ਸੰਗ੍ਰਹਿ 'ਗੁਆਚੇ ਵਰਕ' ਵਿਚ ਸਮੋਏ ਮਿਲਦੇ ਹਨ।

ਅਜ ਬੱਸ ਏਨਾ ਹੀ ਅੰਦਾਜ਼ਾ ਹੈ
ਇਸ ਰਾਹ ਤੋਂ ਹੋ ਕੇ ਖੁਸ਼ੀ ਲੰਘੀ ਸੀ ਕਦੀ
ਸੂਖਮ ਜ਼ਿਹਨ ਦੀ ਸਭ ਤੋਂ ਵੱਡੀ ਖੁਰਾਕ
ਤੇ ਸਭ ਤੋਂ ਵੱਡੀ ਸਜ਼ਾ ਵੀ
ਕਿਉਂਕਿ ਇਹਦੀ ਇੱਕ ਛਿੱਟ ਪੈਂਦਿਆਂ...।

ਬੱਬੂ ਜਦੋਂ ਵੀ ਮਿਲਦੀ ਹੈ ਤਾਂ ਮੈਨੂੰ ਆਪਣੇ ਮਿੱਤਰ ਤੀਰ ਦਾ ਹਸੂੰ-ਹਸੂੰ ਕਰਦਾ ਚਿਹਰਾ ਚੇਤੇ ਆ ਜਾਂਦਾ ਹੈ। ਚੋਂਦੀ ਚੋਂਦੀ ਟਿੱਪਣੀ ਵਾਲਾ। ਤੇ ਇਹ ਸਾਂਝ ਨਵੀਂ ਦਿੱਲੀ ਦੇ ਪੰਡਾਰਾ ਰੋਡ ਤੋਂ ਚਲੀ ਆ ਰਹੀ ਸੀ ਜਿੱਥੇ ਉਸ ਦੀ ਸਰਕਾਰੀ ਰਿਹਾਇਸ਼ ਮੇਰੇ ਲਈ ਇੱਦਾਂ ਹੀ ਸੀ ਜਿੱਦਾਂ ਅੱਜ ਉਸ ਦੀ ਬੇਟੀ ਬੱਬੂ ਦਾ ਸਹੁਰਾ ਘਰ। ਮੈਂ ਬੱਬੂ ਵੱਲ ਤਕਦਾ ਹਾਂ ਤਾਂ ਉਸ ਦੀ ਕਵਿਤਾ ਬੋਲ ਪੈਂਦੀ ਹੈ,

ਮੇਰੀ ਅਣਹੋਂਦ ਤੋਂ ਹੋਂਦ ਦਾ ਅਹਿਸਾਸ
ਇੱਕ ਸੁੰਨੀ ਜਿਹੀ ਗਲੀ ਤੋਂ
ਤੁਰ ਕੇ ਹੈ ਆਉਂਦਾ
ਮੈਂ ਜ਼ਿੰਦਗੀ ਦੀ ਬਹੁਮੁਖੀ
ਸੁਗਾਤ ਤਲੀ ਤੇ ਧਰ
ਗਮ ਦੇ ਪਰਿੰਦਿਆਂ ਦੀ
ਨਜ਼ਰ ਕੀਤੀ ਹੈ
ਤੇ ਰੱਜ ਕੇ ਹੱਸੀ ਹਾਂ
ਆਪਣੀ ਫਕੀਰੀ 'ਤੇ।

ਇਸ ਨੂੰ ਸ਼ਾਇਰੀ ਦੀ ਮਜਬੂਰੀ ਕਹੀਏ ਜਾਂ ਜ਼ਿੰਦਗੀ ਦੇ ਗਮਾਂ ਦੀ ਸ਼ਹਿਨਸ਼ਾਹੀ, ਉਸ ਦੀ ਕਵਿਤਾ ਵਿਚ ਇਹ ਦੋਵੇਂ ਰੰਗ ਰਲ-ਗੱਡ ਹਨ ਤੇ ਮਾਨਣ ਵਾਲੇ ਹਨ। ਫੈਜ਼ ਅਹਿਮਦ ਫੈਜ਼ ਦੇ ਕਹਿਣ ਵਾਂਗ,
ਦਿਲ ਨਾ-ਉਮੀਦ ਤੋ ਨਹੀਂ ਨਾਕਾਮ ਹੀ ਤੋ ਹੈ।
ਗਹਿਰੀ ਹੈ ਗਮ ਕੀ ਸ਼ਾਮ ਮਗਰ ਸ਼ਾਮ ਹੀ ਤੋ ਹੈ।

ਇਹ ਸਾਂਝ ਕਾਫੀ ਦੇ ਪਿਆਲੇ ਨੇ ਪਾਈ ਸੀ
ਖਬਰਾਂ, ਸ਼ਾਇਰੀ, ਫਲਸਫਾ
ਚਿਰਾਂ ਮਗਰੋਂ ਸ਼ਾਮਲ ਹੋਏ ਸਨ
ਤੇ ਸ਼ਾਇਦ ਇਕ ਰਸਮੀ ਜਿਹੇ/ਲਿਹਾਜ਼ ਨੇ
ਨਿਛੋਹ ਦੋਸਤੀ ਨੂੰ/ਬਹਿਣ ਜੋਗੀ ਥਾਂ ਵੀ
ਵਰ੍ਹਿਆਂ ਮਗਰੋਂ ਦਿੱਤੀ!!

ਤੇ ਸ਼ਾਇਦ ਇਹ ਵੀ ਇਸ ਬਹਿਣ ਜੋਗੀ ਥਾਂ ਦਾ ਹੀ ਕ੍ਰਿਸ਼ਮਾ ਹੈ ਕਿ ਉਸ ਦੀ ਕਵਿਤਾ ਵਿਚ ਸ਼ਿਅਰਾਂ ਵਰਗੇ ਵਾਕ ਢਲਦੇ ਚਲੇ ਆਏ ਹਨ,

1. ਕਮਾਲ ਦੀ ਖੇਡ ਹੈ ਜ਼ਿੰਦਗੀ
ਜਿੱਤ ਉਨ੍ਹਾਂ ਨੂੰ ਹੀ ਬਖ਼ਸ਼ਦੀ ਹੈ
ਜਿਨ੍ਹਾਂ ਨੂੰ ਖੇਡ ਦੇ ਅਸੂਲ ਹੀ ਨਹੀਂ ਪਤਾ।
2. ਅਪਣੇ ਦਰਮਿਆਨ ਕਦੇ ਸੀ...
ਇਤਬਾਰ ਜਿਹਾ ਕੁਝ
ਐਵੇਂ ਨਹੀਂ ਉਧੜਦੇ ਰਹੇ/ਤਹਿ ਤਹਿ
ਦੂਰ ਤੱਕ ਫੈਲੀ ਰਹੀ ਆਪਣੀ
ਦੋਸਤੀ ਦੀ ਦੁਨੀਆਂ।
3. ਕਿੰਨੇ ਹੀ ਰੇਗਿਸਤਾਨ
ਅਪਣੀ ਹੋਂਦ ਵਿਚ ਜਜ਼ਬ ਕਰ,
ਇਹ ਸਮੁੰਦਰ ਜਿਹੀ ਸ਼ਖਸੀਅਤ
ਦੁਨੀਆਂ ਦੀ ਨਜ਼ਰ ਕੀਤੀ ਹੈ।

ਕੌਣ ਨਹੀਂ ਜਾਣਦਾ ਕਿ ਸ਼ਾਇਰੀ ਕਾਮਯਾਬੀ ਦੀ ਮੁਹਤਾਜ ਨਹੀਂ ਹੁੰਦੀ। ਬੱਬੂ ਦੀ ਕਲਮ ਦੀ ਇਹ ਖ਼ੂਬੀ ਹੈ ਕਿ ਉਮੀਦ ਬਣਾਈ ਰੱਖਣ ਲਈ ਅਨੇਕਾਂ ਰਸਤੇ ਲੱਭ ਲੈਂਦੀ ਹੈ,

ਬੱਬੂ ਤੀਰ ਨੇ ਵੀ
ਉਹ ਉਮਰ ਸਾਂਭੀ ਰੱਖੀ ਹੈ
ਵਿਹਲ ਮਿਲੀ ਤਾਂ ਜਿਉਂ ਕੇ ਵੇਖਾਂਗੇ
ਉਹਲਿਆਂ ਨਾਲ ਕੱਜੇ ਚਾਕਾਂ ਨੂੰ



ਬੱਬੂ ਤੀਰ

ਹੱਥੀਂ ਸਿਉਂ ਕੇ ਵੇਖਾਂਗੇ।

ਕਵਿਤਾ ਦੇ ਰਸੀਏ ਜਾਣਦੇ ਹਨ ਕਿ ਕਵਿਤਾ ਨੂੰ ਪਹਿਚਾਨਣ ਤੇ ਮਾਨਣ ਲਈ ਕਵੀ ਦੇ ਅੰਗ-ਸੰਗ ਤੁਰਨਾ ਪੈਂਦਾ ਹੈ। ਕਿਉਂ ਨਾ ਤੁਰੀਏ!!

'ਗਵਾਚੇ ਵਰਕ' ਪੜ੍ਹਨ ਵਾਲੇ ਵੀ ਹਨ ਤੇ ਮਾਨਣ ਵਾਲੇ ਵੀ।

ਚੜ੍ਹਦੇ ਵਰ੍ਹੇ ਦੇ ਸ਼ੋਕ ਸਮਾਚਾਰ: ਨਵੇਂ ਵਰ੍ਹੇ ਦਾ ਤੀਜਾ ਸਪਤਾਹ ਮੇਰੇ ਲਈ ਨਿੱਜੀ ਸਦਮਿਆਂ ਦੇ ਸਮਾਚਾਰ ਲੈ ਕੇ ਆਇਆ ਹੈ। ਮੈਡੀਕਲ ਕਾਲਜ ਫਰੀਦਕੋਟ ਦੇ ਹਰਮਨ ਪਿਆਰੇ ਸਰਜਨ ਹਰਿੰਦਰਪਾਲ ਸਿੰਘ ਸੰਧੂ ਦੀ ਜੀਵਨ ਸਾਥਣ ਤੇ ਰੋਗ ਵਿਗਿਆਨ ਦੀ ਉਘੀ ਮਾਹਰ ਸਮਰਜੀਤ ਕੌਰ ਦੇ ਫੁੱਲ ਚੁਗੇ ਜਾਣ ਤੋਂ ਪਹਿਲਾਂ ਹੀ ਅਖਬਾਰ 'ਦੇਸ਼ ਸੇਵਕ' ਦੀ ਮੇਰੀ ਸੰਪਾਦਕੀ ਦੇ ਦਿਨਾਂ ਵਿਚ ਇਸ ਪਰਚੇ ਨੂੰ ਖੱਬੀ ਸੋਚ ਨਾਲ ਬੰਨ੍ਹੀ ਰੱਖਣ ਵਾਲੇ ਡਾ. ਪ੍ਰੇਮ ਸਿੰਘ ਦੇ ਤੁਰ ਜਾਣ ਦੀ ਖਬਰ ਆ ਗਈ। ਹਰ ਰੋਜ਼ ਦਰਜਨਾਂ ਰੋਗੀਆਂ ਦੀਆਂ ਸਲਾਈਡਾਂ ਵੇਖ ਕੇ ਰੋਗ ਦਸਣ ਵਾਲੀ ਸਮਰਜੀਤ ਕੌਰ ਦਾ ਆਪਣੇ ਰੋਗ ਵਲ ਧਿਆਨ ਹੀ ਨਹੀਂ ਗਿਆ ਤੇ ਉਹ ਇਕ ਦਿਨ ਹਸਪਤਾਲ ਰਹਿਣ ਉਪਰੰਤ ਕੂਚ ਕਰ ਗਈ। ਉਸ ਨੇ ਘਰੋਂ ਤੁਰਨ ਸਮੇਂ ਆਪਣੇ ਘਰ ਦੇ ਸਾਰੇ ਕਮਰਿਆਂ ਨੂੰ ਇਹ ਕਹਿ ਕੇ ਵੇਖਿਆ ਸੀ, 'ਹੋ ਸਕਦਾ ਹੈ ਮੈਨੂੰ ਇਹ ਵਸਤਾਂ ਮੁੜ ਦੇਖਣ ਦਾ ਮੌਕਾ ਨਾ ਮਿਲੇ।' ਤੇ ਇਹੀਓ ਹੋਇਆ।

ਮੈਂ ਚਿੰਤਕ ਤੇ ਸੈਮੀਨੇਰੀਅਨ ਪ੍ਰੇਮ ਸਿੰਘ ਨੂੰ ਉਸ ਦੀ ਭੈਣ ਸੁਰਜੀਤ ਕੌਰ ਰਾਹੀਂ ਜਾਣਦਾ ਸਾਂ ਤੇ ਸੁਰਜੀਤ ਕੌਰ ਨੂੰ ਉਸ ਦੇ ਪਤੀ ਤੇ ਲੇਖਕ ਸ਼ਿਵਦੇਵ ਸੰਧਾਵਾਲੀਆ ਰਾਹੀਂ। ਉਸ ਦਾ ਤੁਰ ਜਾਣਾ ਵੀ ਅਚੰਭੇ ਮਾਤਰ ਸੀ। ਜੀਵਨ ਸਾਥਣ ਦਲਬੀਰ ਕੌਰ ਥੋੜ੍ਹੀ ਢਿੱਲੀ ਰਹਿੰਦੀ ਸੀ। ਇੱਕ ਸ਼ਾਮ ਉਸ ਦੀ ਤਕਲੀਫ ਏਨੀ ਵਧੀ ਕਿ ਉਸ ਨੂੰ ਮੋਹਾਲੀ ਦੇ ਫੋਰਟੀਸ ਹਸਪਤਾਲ ਲਿਜਾਣਾ ਪੈ ਗਿਆ। ਅਸਲੀ ਮਰੀਜ਼ ਮਾਹਿਰਾਂ ਦੇ ਹੱਥਾਂ ਵਿਚ ਸੀ ਕਿ ਲਿਜਾਣ ਵਾਲਾ ਚੱਲ ਵੱਸਿਆ। ਸਦਮਾ ਇਹ ਵੀ ਪਹਿਲੇ ਨਾਲੋਂ ਛੋਟਾ ਨਹੀਂ। ਜੇ ਫ਼ਰਕ ਹੈ ਤਾਂ ਕੇਵਲ ਏਨਾ ਕਿ ਡਾ. ਸਮਰਜੀਤ ਨਾਲੋਂ ਪ੍ਰੇਮ ਸਿੰਘ 18-20 ਸਾਲ ਵੱਡਾ ਸੀ।

ਦੋਵੇਂ ਸਦਮੇ ਸਿਰ ਤੋਂ ਪੈਰਾਂ ਤੱਕ ਕੰਬਾ ਦੇਣ ਵਾਲੇ ਹਨ। ਪਰ ਮੇਰੇ ਮਨ ਉਤੇ ਦੂਜੇ ਦੀ ਛਾਪ ਇਸ ਲਈ ਡੂੰਘੀ ਹੈ ਕਿ ਇਸ ਦੀ ਬੁਕਲ ਵਿਚ ਸ਼ਿਵਦੇਵ ਦਾ ਦੁਖ ਵੀ ਸਮਾਇਆ ਹੋਇਆ ਹੈ। ਉਹ ਤਿੰਨ ਪੁਸਤਕਾਂ ਦਾ ਰਚੈਤਾ ਹੋਣ ਤੋਂ ਬਿਨਾ ਚਾਰ ਧੀਆਂ ਤੇ ਤਿੰਨ ਪੁੱਤਰਾਂ ਦਾ ਬਾਪ ਸੀ। ਉਨ੍ਹਾਂ ਵਿਚੋਂ ਅੱਧੇ ਚਲ ਵੱਸੇ ਹਨ ਤੇ ਅੱਧੇ ਦੇਸ਼ ਤੋਂ ਬਾਹਰ ਹਨ। ਭਾਰਤੀ ਸੈਨਾ ਦੀ ਨੌਕਰੀ (1937-46) ਕਰਦਿਆਂ ਤਿੰਨ ਵਰ੍ਹੇ ਜਪਾਨੀਆਂ ਦੀ ਕੈਦ ਭੋਗਣ ਵਾਲੇ ਸ਼ਿਵਦੇਵ ਦੇ ਸੁਲਤਾਨਪੁਰ ਲੋਧੀ ਵਾਲੇ ਘਰ ਅੱਜ ਕੋਈ ਵੀ ਨਹੀਂ। ਪ੍ਰੇਮ ਸਿੰਘ ਦੀ ਭੈਣ ਸੁਰਜੀਤ ਕੌਰ ਵੀ ਨਹੀਂ। ਤੇ ਇਧਰ ਪ੍ਰੇਮ ਸਿੰਘ ਦੇ ਚੰਡੀਗੜ੍ਹ ਵਾਲੇ ਘਰ ਦਲਬੀਰ ਕੌਰ ਇਕੱਲੀ ਰਹਿ ਗਈ ਹੈ ਤੇ ਪਿੰਡ ਵਿਚ ਜੱਦੀ ਘਰ ਦੀ ਰਾਖੀ ਕਰਨ ਵਾਲਾ ਪ੍ਰੇਮ ਸਿੰਘ ਤੋਂ ਛੋਟਾ ਦਲਜੀਤ ਸਿੰਘ ਚੀਮਾ।

ਕਹਿੰਦੇ ਹਨ ਕਿ ਉਪਰ ਵਾਲਾ ਜੋ ਕੁਝ ਵੀ ਕਰਦਾ ਹੈ ਠੀਕ ਹੀ ਕਰਦਾ ਹੈ। ਹੈ ਕੋਈ ਇਸ ਕਥਨ 'ਤੇ ਮੋਹਰ ਲਾਉਣ ਵਾਲਾ? ਸ਼ਾਇਦ ਨਹੀਂ!

**ਅੰਤਿਕਾ:** (ਸੁਰਿੰਦਰ ਜੀਤ ਕੌਰ)
ਚੁੱਪ ਰਹਿ ਕੇ ਬੋਲਣਾ ਸਿੱਖ ਜਾਏਂਗਾ
ਪਰਬਤਾਂ ਦੀ ਚੁੱਪ ਨੂੰ ਅਪਨਾ ਕੇ ਦੇਖ।
ਸਾਰੇ ਦੀਵੇ ਸਾਥ ਤੇਰਾ ਦੇਣਗੇ
ਚਾਨਣਾਂ ਦਾ ਗੀਤ ਕੋਈ ਗਾ ਕੇ ਦੇਖ।

# ਵਿਆਹ ਦੀ ਰਸਮ ਕਿ ਤਬਾਹ ਹੋਣ ਦੀ ਰਸਮ !

ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

ਇਸ ਸੀਜ਼ਨ 'ਚ ਜਿੰਨੇ ਵੀ ਵਿਆਹਾਂ 'ਤੇ ਜਾਣ ਦਾ ਮੌਕਾ ਮਿਲਿਆ, ਸਭ ਵਿਚ ਕਈ ਗੱਲਾਂ ਸਮਾਨ ਸਨ। ਫ਼ਜ਼ੂਲ ਖਰਚੀ, ਸ਼ਰਾਬ, ਕਬਾਬ, ਨਾਚ-ਗਾਣਾ ਤੇ ਮੂਰਖਤਾ-ਪੰਜ ਚੀਜ਼ਾਂ ਤਾਂ ਲਗਭਗ ਹਰ ਵਿਆਹ ਵਿਚ ਇਕੋ ਜਿਹੀਆਂ ਦਿਸੀਆਂ। ਕਈ ਦੋਸਤ ਘਰੋਂ ਬਹੁਤ ਸਰਦੇ-ਪੁੱਜਦੇ ਸਨ ਤੇ ਕਈ ਮਹਾਤੜ ਸਾਥੀ, ਪਰ ਮਹਾਤੜਾਂ ਨੇ ਵੀ ਅੱਡੀਆਂ ਚੁੱਕ-ਚੁੱਕ ਫਾਹਾ ਲੈਣ 'ਚ ਕੋਈ ਕਸਰ ਬਾਕੀ ਨਾ ਛੱਡੀ। ਇਕ ਦੋਸਤ ਦਾ ਵਾਲ-ਵਾਲ ਕਰਜ਼ੇ ਵਿਚ ਵਿੰਨਿਆ ਪਿਐ ਪਰ ਉਸ ਨੇ 'ਨੱਕ' ਦੇ ਚੱਕਰ ਵਿਚ ਪੰਜ ਕੁ ਲੱਖ ਦਾ ਖਰਚਾ ਕੀਤਾ ਏ ਤੇ ਇਸ ਬਾਰੇ ਉਸ ਦਾ ਤਰਕ ਏ ਕਿ ਵਿਆਹ ਰੋਜ਼-ਰੋਜ਼ ਨਹੀਂ ਹੁੰਦੇ, ਇਕ ਵਾਰ ਹੀ ਖੁਸ਼ੀਆਂ ਮਨਾਉਣੀਆਂ ਮਿਲਦੀਆਂ ਨੇ...ਪਰ ਉਸ ਨੂੰ ਕੌਣ ਸਮਝਾਵੇ ਕਿ ਕਰਜ਼ੇ ਦਾ ਵਿਆਜ ਤਾਂ ਰੋਜ਼-ਰੋਜ਼ ਹੀ ਜੰਮਦਾ ਹੈ।

ਵਿਆਹ ਸਭ ਤੋਂ ਅਹਿਮ ਤੇ ਪਵਿੱਤਰ ਬੰਧਨ ਮੰਨਿਆ ਜਾਂਦਾ ਏ। ਮੁੱਢ ਕਦੀਮ ਤੋਂ ਹੀ ਇਹੋ ਜਿਹੀਆਂ ਖੁਸ਼ੀਆਂ ਲੋਕ ਆਪੋ-ਆਪਣੇ ਢੰਗ-ਤਰੀਕੇ ਨਾਲ ਮਨਾਉਂਦੇ ਆ ਰਹੇ ਨੇ ਪਰ ਸਮੇਂ ਦੀ ਚਾਲ ਨਾਲ ਖੁਸ਼ੀਆਂ ਮਨਾਉਣ ਦੇ ਰੰਗ-ਢੰਗ ਬਦਲਦੇ ਰਹੇ ਨੇ। ਕੋਠਿਆਂ 'ਤੇ ਸਪੀਕਰ ਲੱਗਣੇ, ਮੇਲ-ਗੇਲ ਲਈ ਪਿੰਡ 'ਚੋਂ ਮੰਜੇ 'ਕੱਠੇ ਕਰਨੇ, ਸਪੀਕਰ 'ਚੋਂ ਹੋਕੇ ਦੇ-ਦੇ ਦੁੱਧ ਇਕੱਠਾ ਕਰਨਾ, ਘਰ-ਘਰ ਜਾ ਕੇ ਕੰਮ ਕਰਾਉਣ ਲਈ ਬੰਦਿਆਂ ਨੂੰ ਵਗਾਰਨਾ-ਸਭ ਕੁਝ ਪਹਿਲਾਂ ਹੋਰ ਤਰ੍ਹਾਂ ਦਾ ਸੀ ਤੇ ਅੱਜ ਹੋਰ ਤਰ੍ਹਾਂ ਦਾ। ਅੱਜ ਵਿਆਹ ਸੱਤ ਦਿਨਾਂ ਦੇ ਨਹੀਂ, ਮਸੀਂ ਸੱਤ ਘੰਟਿਆਂ ਦੇ ਹੁੰਦੇ ਨੇ ਪਰ ਕਈਆਂ ਸਿਰ ਕਰਜ਼ਾ ਏਨਾ ਚੜ੍ਹਾ ਜਾਂਦੇ ਨੇ ਕਿ ਸੱਤ-ਸੱਤ ਸਾਲ ਵਿਆਜ ਨਹੀਂ ਉਤਰਦਾ।

ਹੁਸ਼ਿਆਰਪੁਰ ਦੇ ਇੱਕ ਪੈਲੇਸ ਵਿਚ ਵਿਆਹ 'ਤੇ ਜਾਣ ਦਾ ਸਬੱਬ ਬਣਿਆ। ਪੈਲੇਸ 'ਚ ਲੱਖਾਂ ਰੁਪਏ ਦੀ ਫੁੱਲਾਂ ਵਾਲੀ ਸਜਾਵਟ ਦੇਖ ਹੈਰਾਨੀ ਦੀ ਹੱਦ ਨਾ ਰਹੀ। ਦਸ ਕੁ ਤਰ੍ਹਾਂ ਦੀ ਸ਼ਰਾਬ ਤੇ ਪੰਦਰਾਂ ਕੁ ਤਰ੍ਹਾਂ ਦਾ ਮੀਟ ਵੇਟਰਾਂ ਦੇ ਡੋਂਗਿਆਂ ਵਿਚ ਘੁੰਮ ਰਿਹਾ ਸੀ। ਸ਼ਰਾਬ ਦਾ ਦੌਰ ਭਖਿਆ ਹੋਇਆ ਸੀ ਤੇ ਸਟੇਜ 'ਤੇ ਪੰਜ ਕੁੜੀਆਂ-ਪੰਜ ਮੁੰਡੇ ਨੱਚ ਰਹੇ ਸਨ। ਗਾਣੇ ਉਹੀ ਸਨ, ਜਿਨ੍ਹਾਂ ਦੀ ਹਰ ਸੂਝਵਾਨ ਪੰਜਾਬੀ ਆਲੋਚਨਾ ਕਰ ਰਿਹਾ ਏ, 'ਮੈਂ ਪਿੰਡ ਨਾਨਕੇ ਰਹਿੰਦਾ ਸੀ, ਉਹ ਭੂਆ ਕੋਲੇ ਪੜ੍ਹਦੀ ਸੀ', 'ਮੈਂ ਜਾਗਾਂ ਸਵੇਰੇ ਤੇ ਕੁੜੀਆਂ ਚੁਫ਼ੇਰੇ', 'ਏਨਾ ਵੀ ਨਾ ਡੋਪ-ਸ਼ੋਪ ਮਾਰਿਆ ਕਰੋ।'

ਜਿਉਂ-ਜਿਉਂ ਦਾਰੂ ਖਿੜ ਰਹੀ ਸੀ, ਸਭ ਸਟੇਜ ਵੱਲ ਅਹੁਲ ਰਹੇ ਸਨ। ਨੱਚਣ ਵਾਲੀਆਂ ਕੁੜੀਆਂ ਦੇ ਤਨ ਨਿਹਾਰੇ ਜਾ ਰਹੇ ਸਨ ਤੇ ਅੱਗੋਂ ਉਹ ਵੀ ਸ਼ਰਾਬੀਆਂ ਦੀਆਂ ਜੇਬਾਂ ਹੌਲੀਆਂ ਕਰਨ ਲਈ ਨੇੜੇ ਆਉਣ ਵਾਲਿਆਂ ਵੱਲ ਉਂਗਲਾਂ ਕਰ ਰਹੀਆਂ ਸਨ। ਅਚਾਨਕ ਉਹ ਅਜਿਹੀ ਸ਼ਰਾਰਤ ਕਰਦੀਆਂ ਕਿ ਸੱਠ ਸਾਲਾ ਅਧਖੜ ਆਪਣੀ ਉਮਰ ਭੁੱਲ ਜਵਾਨ ਬਣ ਜਾਂਦਾ। ਉਹ ਉਨ੍ਹਾਂ ਦਾ ਹੱਥ ਫੜਦੇ ਤੇ ਨੋਟ ਵਾਰਦੇ। ਥੋੜ੍ਹਾ ਬਹੁਤ ਖਹਿਣਾ ਤਾਂ ਉਹ ਹੱਸ-ਹੱਸ ਜਰ ਲੈਂਦੀਆਂ, ਪਰ ਜੇ ਕੋਈ ਜ਼ਿਆਦਾ ਬਦਤਮੀਜ਼ੀ ਕਰਦਾ ਤਾਂ ਤੜਿੰਗ ਹੋ ਜਾਂਦੀਆਂ।



ਇਹ ਸਭ ਕੁਝ ਲਗਭਗ ਢਾਈ ਘੰਟੇ ਚੱਲਿਆ ਤੇ ਮਹਿਸੂਸ ਹੋਇਆ ਕਿ ਸ਼ਰਮ, ਹਯਾ, ਗ਼ੈਰਤਮੰਦੀ ਵਰਗੀਆਂ ਗੱਲਾਂ ਤਾਂ ਸਿਰਫ਼ ਕਿੱਸਿਆਂ, ਕਹਾਣੀਆਂ ਤੱਕ ਸੀਮਤ ਨੇ। ਇਨ੍ਹਾਂ ਵੀਹ-ਵੀਹ ਸਾਲਾਂ ਦੀਆਂ ਕੁੜੀਆਂ ਨਾਲ ਸ਼ਰਾਬ 'ਚ ਟੁੰਨ ਹੋਏ ਬਜ਼ੁਰਗ ਆਪਣੀ ਉਮਰ ਭੁੱਲ, ਨੂੰਹਾਂ, ਧੀਆਂ, ਪਤਨੀ, ਨਿਆਣਿਆਂ, ਪੋਤੇ-ਪੋਤੀਆਂ ਨੂੰ ਪਰੋਖੇ ਕਰ ਸਭ ਕੁਝ ਉਹੀ ਕਰ ਰਹੇ ਨੇ, ਜਿਹੜੇ ਦਾਰੂ 'ਚ ਮਸਤੇ ਨੌਜਵਾਨ ਕਰਦੇ ਹੁੰਦੇ ਸਨ। ਗਾਣਿਆਂ ਦੀ ਧਮਕ 'ਤੇ ਨੱਚਦਾ ਮੇਲ-ਗੇਲ ਭੁੱਲ ਗਿਆ ਜਾਪਦਾ ਸੀ ਕਿ ਗਾਉਣ ਵਾਲੇ ਦੇ ਬੋਲ ਕੀ ਨੇ। 'ਠੁਮਕਾ ਲਗਾ ਨੀਂ ਚੰਨੋ' ਗੀਤ 'ਤੇ ਖਰੂਦ ਮਚਾਉਂਦੇ ਭੱਦਰਪੁਰਸ਼ ਆਪਣੀ ਭੈਣ ਦੇ ਲੱਕ ਦੇ ਹੁਲਾਰੇ ਗਿਣਦੇ ਪ੍ਰਤੀਤ ਹੋ ਰਹੇ ਸਨ ਤੇ ਨਿਆਣਿਆਂ ਤੋਂ ਸਿਆਣਿਆਂ ਤੱਕ ਹੋਸ਼ ਕਿਸੇ ਨੂੰ ਨਹੀਂ ਸੀ। ਅਖੀਰ ਡੋਲੀ ਤੁਰ ਗਈ ਤੇ ਪਲਾਂ 'ਚ ਹੀ ਹਾਲ ਖਾਲੀ ਹੋ ਗਿਆ। ਏਨੇ ਕੁ ਘੰਟਿਆਂ ਵਿਚ ਹੀ ਪੰਜਾਬੀਆਂ ਦੀ ਖਰਚੀਲੀ ਸੋਚ ਅਤੇ ਮੂਰਖਮੱਤੀਆਂ ਦੀਆਂ ਅਜਿਹੀਆਂ ਉਦਾਹਰਣਾਂ ਮਿਲੀਆਂ ਕਿ ਪੁੱਛੋ ਕੁਝ ਨਾ।

ਇੱਕ ਹੋਰ ਵਿਆਹ 'ਤੇ ਗਏ ਤਾਂ ਲਾੜੇ ਦੇ ਭਰਾ ਨੇ ਦੱਸਿਆ ਕਿ ਆਹ ਡਾਂਸ ਗਰੁਪ ਦਿੱਲੀਓਂ ਸੱਦਿਐ। 'ਓਥੋਂ ਕਿਉਂ ਸੱਦਿਆ?' ਦਾ ਜਵਾਬ ਸੀ, 'ਕੁੜੀਆਂ ਸੋਹਣੀਆਂ ਨੇ, ਟਿਕਾਊ ਨੇ, ਅੰਗ ਸੋਹਣੇ ਦਿਖਾਉਂਦੀਆਂ ਨੇ ਤੇ ਆਪਣੀ ਸਾਰੀ ਬਰਾਤ ਬਾਹਰ ਵੱਸਣ ਵਾਲਿਆਂ ਦੀ ਏ, ਉਨ੍ਹਾਂ ਦੀਆਂ ਅੱਖਾਂ ਤੱਤੀਆਂ ਕਰਨ ਲਈ ਸਵਾ ਲੱਖ 'ਚ ਗਰੁਪ ਸੱਦਣਾ ਪਿਆ...।'

ਇੱਕ ਹੋਰ ਵਿਆਹ ਮੌਕੇ ਨਸ਼ੇ 'ਚ ਟੁੰਨ ਹੋਏ ਇੱਕ ਭੱਦਰਪੁਰਸ਼ ਨੇ ਗੋਲੀ ਚਲਾ ਦਿੱਤੀ। 'ਮਿੱਤਰਾਂ ਨੂੰ ਸ਼ੌਕ ਗੋਲੀਆਂ ਚਲਾਉਣ ਦਾ' ਗਾਣਾ ਕਾਹਦਾ ਚੱਲਿਆ, ਉਹ ਖੁਦ ਨੂੰ ਭੂਸ਼ਰਿਆ ਸੰਢਾ ਸਮਝ ਬੈਠਾ। ਨੇਫ਼ੇ 'ਚੋਂ ਰਿਵਾਲਵਰ ਕੱਢੀ ਤੇ ਤਾੜ-ਤਾੜ ਕਰਦੀਆਂ ਤਿੰਨ ਗੋਲੀਆਂ ਕੱਢ ਦਿੱਤੀਆਂ। ਇਕਦਮ ਮਾਹੌਲ ਸ਼ਾਂਤ ਹੋ ਗਿਆ। ਸਾਰੇ ਚਾਂਭਲੇ ਹੋਏ ਸੋਚੀ ਜਾ ਰਹੇ ਸਨ ਕਿ ਜੇ ਘੋੜਾ ਦੱਬਣ ਵੇਲ਼ੇ ਹੱਥ ਖੱਬੇ-ਸੱਜੇ ਹੋ ਜਾਂਦਾ ਤਾਂ...। ਪਰ ਗੋਲੀ ਚਲਾਉਣ ਵਾਲਾ ਕਹਿ ਰਿਹਾ ਸੀ, 'ਆਪਾਂ ਸ਼ੇਰ ਹੁੰਦੇ ਆਂ...ਪੰਜਾਬੀ ਹੁੰਦੇ ਆਂ...ਲੰਡੀ-ਬੁੱਚੀ ਖੰਘਣ ਨਹੀਂ ਦੇਈਦੀ...ਕੋਈ ਅੱਖ 'ਚ ਅੱਖ ਪਾ ਕੇ ਦੇਖੇ...ਬੁਰਰਰਰਾ...।'

ਅਸੀਂ ਸਭ ਵਿਆਹਾਂ ਨੂੰ ਮਾਨਣ ਦੀ ਥਾਂ ਸਮਝਣ ਦੀ ਕੋਸ਼ਿਸ਼ ਜਿਆਦਾ ਕੀਤੀ ਕਿ ਸਾਡੇ ਲੋਕਾਂ ਦੀ ਮਾਨਸਿਕਤਾ ਕੇਹੀ ਬਣ ਗਈ ਏ। ਵੈਸੇ ਪੰਜਾਬ ਸਿਰ ਸੱਤਰ ਹਜ਼ਾਰ ਕਰੋੜ ਦਾ ਕਰਜ਼ਾ ਏ, ਕਹਿੰਦੇ ਨੇ ਹਰ ਜੰਮਦੇ ਪੰਜਾਬੀ ਦੇ ਸਿਰ ਕਈ ਹਜ਼ਾਰ ਕਰਜ਼ੇ ਤੋਹਫ਼ਾ ਏ, ਕਿਸਾਨ ਸਾਲ ਦਰ ਸਾਲ ਕਰਜ਼ਾਈ ਹੋ ਰਿਹੈ, ਸ਼ਾਹੂਕਾਰਾਂ ਦਾ ਭੰਨਿਆ ਪਿਐ, ਜ਼ਮੀਨਾਂ ਖਰਚ ਕੀਤੇ ਪੈਸੇ ਨਹੀਂ ਮੋੜਦੀਆਂ...ਫੇਰ ਇਨ੍ਹਾਂ ਕੋਲ ਉਜਾੜਨ ਲਈ ਪੈਸਾ ਕਿਵੇਂ ਆ ਜਾਂਦੈ। ਨਿਆਣਿਆਂ ਨੂੰ ਬੀ.ਏ. ਕਰਾ ਕੇ ਘਰ ਬਿਠਾ ਲੈਂਦੇ ਨੇ ਕਿ ਘਰ ਦਾ ਖਰਚਾ ਨਹੀਂ ਚੱਲਦਾ, ਫੇਰ ਉਨ੍ਹਾਂ ਨਿਆਣਿਆਂ ਦੇ ਵਿਆਹਾਂ 'ਤੇ ਲੱਖਾਂ ਰੁਪਿਆ ਪਾਣੀ ਵਾਂਗ ਕਿਵੇਂ ਵਹਾ ਦਿੰਦੇ ਨੇ।

ਤੇ ਹੌਲੀ-ਹੌਲੀ ਇਨ੍ਹਾਂ ਸਭ ਗੱਲਾਂ ਦਾ ਰਹੱਸ ਵੀ ਖੁੱਲ੍ਹਦਾ ਗਿਆ। ਇੱਕ ਵਿਆਹ ਵਾਲੇ ਨੇ ਸ਼ਾਹੂਕਾਰ ਤੋਂ ਅੱਠ ਲੱਖ ਰੁਪਿਆ ਦੋ ਫ਼ੀਸਦੀ ਵਿਆਹ 'ਤੇ ਫੜਿਆ ਸੀ। ਇੱਕ ਲਾੜਾ ਵਲੈਤ ਤੋਂ ਆਇਆ ਸੀ। ਪੰਜ ਸਾਲ ਉਹਨੇ ਇੰਗਲੈਂਡ 'ਚ ਹੱਡ ਤੋੜਵੀਂ ਮਿਹਨਤ ਕੀਤੀ ਸੀ ਤੇ ਕੀਤੀ ਕਮਾਈ ਉਹਨੇ ਪੰਜ-ਸੱਤ ਘੰਟਿਆਂ ਦੇ ਸ਼ੁਗਲ 'ਤੇ ਉਡਾ ਛੱਡੀ। ਇੱਕ ਦੀ ਸੜਕ 'ਤੇ ਲੱਗਦੀ ਜ਼ਮੀਨ ਮਹਿੰਗੇ ਭਾਅ ਵਿਕੀ ਸੀ ਤੇ ਉਹਨੇ ਪੁੱਤ ਦੇ ਵਿਆਹ 'ਤੇ ਸੱਭੇ ਸ਼ੌਕ ਪੁਗਾਏ ਤੇ ਇੱਕ ਨੇ ਦੋ ਏਕੜ ਜ਼ਮੀਨ ਗਹਿਣੇ ਕਰਕੇ ਧੀ ਨੂੰ ਦਾਜ ਵਿਚ ਕਾਰ ਵੀ ਦਿੱਤੀ।

ਇਹ ਸਾਡੇ 'ਮਹਾਨ ਪੰਜਾਬੀਆਂ' ਦੀ ਸੋਚ ਏ। ਇਨ੍ਹਾਂ ਪੰਜਾਬੀਆਂ ਦੀ ਦਾਰੂ ਬਿਨਾਂ ਹਰ ਖੁਸ਼ੀ ਅਧੂਰੀ ਏ, ਸੰਗੀਤ ਨਾਲ ਏਨਾ ਗੂੜ੍ਹਾ ਨਾਤਾ ਏ ਕਿ ਇਨ੍ਹਾਂ ਦੀਆਂ ਹੀ ਧੀਆਂ-ਭੈਣਾਂ ਬਾਰੇ ਗਾਉਣ ਵਾਲਿਆਂ ਨੂੰ ਪੰਜ-ਪੰਜ ਲੱਖ ਦੇ ਕੇ ਸੱਦਿਆ ਜਾਂਦੈ, ਪਹਿਲਾਂ ਇਹ ਗੋਲੀ ਚਲਾਉਂਦੇ ਨੇ, ਫੇਰ ਤਰੀਕਾਂ ਭੁਗਤਦੇ ਨੇ ਤੇ ਬਾਅਦ 'ਚ ਇਨ੍ਹਾਂ ਦੇ ਭੰਡੀ ਪ੍ਰਚਾਰ 'ਤੇ ਆਧਾਰਤ ਗੀਤ ਆਉਂਦੇ ਨੇ, ਪਰ ਇਹ ਸਮਝਦੇ ਨੇ ਕਿ 'ਅਸੀਂ ਫੰਨੇ ਖਾਂ ਏਦਾਂ ਹੀ ਹੁੰਦੇ ਆਂ...।' ਲੋਕ ਤਾਂ ਪੈਰ 'ਤੇ ਕੁਹਾੜੀ ਮਾਰ ਬੈਠਦੇ ਨੇ, ਪਰ ਇਹ ਤਾਂ ਕੁਹਾੜੀ 'ਤੇ ਪੈਰ ਮਾਰਨ ਜਾਂਦੇ ਨੇ। ਪਰ ਫਿਰ ਵੀ ਇਹ 'ਮਹਾਨ' ਨੇ, ਕਿਉਂਕਿ ਇਹ ਪੰਜਾਬ ਵਿਚ ਜੰਮੇ ਨੇ ਤੇ ਇਨ੍ਹਾਂ ਦੀ ਅਣਖ, ਇੱਜ਼ਤ, ਸੂਝ 'ਤੇ ਸਵਾਲ ਕਰਨ ਲੱਗਿਆਂ ਸੌ ਵਾਰ ਸੋਚਣਾ ਪੈਂਦੈ ਕਿ ਕਿਤੇ ਇਹ 'ਗੈਰਤਮੰਦ' ਲਿਖਣ ਵਾਲੇ ਨੂੰ ਹੀ ਗਾਲ੍ਹਾਂ ਦਾ ਪ੍ਰਸ਼ਾਦ ਨਾ ਵੰਡਣ ਲੱਗ ਜਾਣ।

## ਪੰਜਾਬੀ ਫ਼ਿਲਮਾਂ ਦਾ 'ਜਾਣਾ'

ਨਵਾਂ ਸਾਲ ਜਿਵੇਂ ਭਾਰਤੀ ਕ੍ਰਿਕਟ ਟੀਮ ਲਈ ਬਹੁਤਾ ਵਧੀਆ ਨਹੀਂ ਚੜ੍ਹਿਆ, ਠੀਕ ਉਹੋ ਜਿਹਾ ਹੀ ਪੰਜਾਬੀ ਫ਼ਿਲਮਾਂ ਲਈ ਜਾਪ ਰਿਹੈ। ਪੈਂਦੀ ਸੱਟੇ ਦੋ-ਤਿੰਨ ਫ਼ਿਲਮਾਂ ਫਲਾਪ ਹੋ ਹਟੀਆਂ ਨੇ। 'ਸਾਡੀ ਲਵ ਸਟੋਰੀ' ਨਾਲ ਜਿੰਨੀ ਮਾੜੀ ਹੋਈ, ਉਸ ਨੇ ਗਿੱਪੀ ਗਰੇਵਾਲ ਦੀ ਫ਼ਿਲਮ 'ਮਿਰਜ਼ਾ' ਦੀ ਯਾਦ ਤਾਜ਼ਾ ਕਰਾ ਦਿੱਤੀ।

ਜਨਵਰੀ ਵਿਚ ਹੀ 'ਪਗੜੀ ਸਿੰਘ ਦਾ ਤਾਜ' ਰਿਲੀਜ਼ ਹੋਈ, ਜਿਸ ਬਾਰੇ ਸਾਲ ਪਹਿਲਾਂ ਤੋਂ ਹੀ ਅਖ਼ਬਾਰਾਂ ਵਿਚ ਲਿਖਿਆ ਜਾਣ ਲੱਗਾ ਸੀ ਪਰ ਇਹ ਫ਼ਿਲਮ ਰਿਲੀਜ਼ ਕਦੋਂ ਹੋਈ, ਕਿਸੇ ਨੂੰ ਨਹੀਂ ਪਤਾ। ਅਮਰਿੰਦਰ ਗਿੱਲ ਦੀ ਫ਼ਿਲਮ 'ਤੂੰ ਤੇਰਾ 22, ਮੈਂ ਤੇਰਾ 22' ਨੂੰ ਚੰਗਾ ਹੁੰਗਾਰਾ ਜ਼ਰੂਰ ਮਿਲਿਆ ਏ ਤੇ ਉਹ ਵੀ ਉਦੋਂ ਜਦੋਂ ਇਸ ਫ਼ਿਲਮ ਬਾਰੇ ਕਈ ਤਰ੍ਹਾਂ ਦਾ ਨਾਂਹ ਪੱਖੀ ਪ੍ਰਚਾਰ ਹੋ ਰਿਹਾ ਸੀ। ਅਮਰਿੰਦਰ ਦੇ ਸੰਜੀਦਾ ਗਾਣਿਆਂ ਤੇ ਚੰਗੀ ਕਹਾਣੀ ਕਰਕੇ ਪ੍ਰੋਡਿਊਸਰ ਵੱਲੋਂ ਫ਼ਿਲਮ 'ਤੇ ਲਗਾਏ ਪੈਸੇ ਵਾਪਸ ਆ ਗਏ ਨੇ।

ਗਿੱਪੀ ਗਰੇਵਾਲ ਦੀ 15 ਫਰਵਰੀ ਨੂੰ ਰਿਲੀਜ਼ ਹੋਣ ਵਾਲੀ 'ਸਿੰਘ ਵਰਸਿਜ਼ ਕੌਰ' ਦਾ ਪ੍ਰਚਾਰ ਕਈ ਹਫ਼ਤਿਆਂ ਤੋਂ ਜਾਰੀ ਹੈ ਪਰ ਦਰਸ਼ਕਾਂ ਨੇ ਇਸ ਦਾ ਸੰਗੀਤ ਬਿਲਕੁਲ ਪਸੰਦ ਨਹੀਂ ਕੀਤਾ ਤੇ ਉਮੀਦ ਕੀਤੀ ਜਾ ਰਹੀ ਹੈ ਕਿ ਇਹ ਫ਼ਿਲਮ 'ਸਾਡੀ ਲਵ ਸਟੋਰੀ' ਦਾ ਰਿਕਾਰਡ ਤੋੜੇਗੀ। ਉਸ ਤੋਂ ਬਾਅਦ ਮਿਸ ਪੂਜਾ ਦੀ 'ਪੂਜਾ ਕਿਵੇਂ ਆਂ' ਰਿਲੀਜ਼ ਹੋਵੇਗੀ ਤੇ ਵਕਤ ਹੀ ਦੱਸੇਗਾ ਕਿ ਇਹ ਦਰਸ਼ਕਾਂ ਨੂੰ ਖਿੱਚਦੀ ਹੈ ਜਾਂ ਨਹੀਂ।

## ਪੰਝੀ ਰੁਪਏ ਵਾਲਾ
# ਸੁਨੀਲ ਦੱਤ

ਫ਼ਿਲਮਾਂ ਵਿਚ ਆਉਣ ਤੋਂ ਪਹਿਲਾਂ ਸੁਨੀਲ ਦੱਤ ਦਾ ਨਾਂ ਬਲਰਾਜ ਦੱਤ ਸੀ। ਜਦੋਂ 1949 ਵਿਚ ਉਹ ਮੁੰਬਈ ਪਹੁੰਚੇ ਤਾਂ ਉਨ੍ਹਾਂ ਦੀ ਜੇਬ ਵਿਚ ਸਿਰਫ 25 ਰੁਪਏ ਸਨ ਪਰ ਮੁੰਬਈ ਆਉਣ ਦਾ ਉਨ੍ਹਾਂ ਦਾ ਮਕਸਦ ਫ਼ਿਲਮਾਂ ਵਿਚ ਹੀਰੋ ਬਣਨਾ ਨਹੀਂ ਸੀ। ਉਹ ਇਥੇ ਪੜ੍ਹਾਈ ਤੇ ਨੌਕਰੀ ਲਈ ਆਏ ਸਨ। ਪੜ੍ਹਾਈ ਦੌਰਾਨ ਉਹ ਟਰਾਂਸਪੋਰਟ ਕੰਪਨੀ ਵਿਚ ਨੌਕਰੀ ਕਰਦੇ ਰਹੇ



ਤੇ ਫਿਰ ਸਬੱਬ ਨਾਲ ਉਨ੍ਹਾਂ ਨੂੰ ਰੇਡੀਓ ਸਿਲੋਨ ਵਿਚ ਨੌਕਰੀ ਮਿਲ ਗਈ।

1955 ਦੌਰਾਨ ਸਟੂਡੀਓ ਵਿਚ ਉਨ੍ਹਾਂ ਦੀ ਮੁਲਾਕਾਤ ਫ਼ਿਲਮੀ ਕਲਾਕਾਰਾਂ ਨਾਲ ਹੁੰਦੀ ਰਹਿੰਦੀ। ਇਸ ਦੌਰਾਨ ਉਨ੍ਹਾਂ ਦੀ ਮੁਲਾਕਾਤ ਨਿਰਮਾਤਾ-ਨਿਰਦੇਸ਼ਕ ਰਮੇਸ਼ ਸਹਿਗਲ ਨਾਲ ਹੋਈ। ਸਹਿਗਲ ਉਨ੍ਹਾਂ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋਏ ਤੇ ਸਕਰੀਨ ਟੈਸਟ ਤੋਂ ਬਾਅਦ ਉਨ੍ਹਾਂ ਨੂੰ ਆਪਣੀ ਫ਼ਿਲਮ 'ਰੇਲਵੇ ਪਲੇਟਫਾਰਮ' ਲਈ ਸਾਈਨ ਕਰ ਲਿਆ। ਉਨ੍ਹਾਂ ਦਾ ਨਾਂ ਵੀ ਬਲਰਾਜ ਤੋਂ ਬਦਲ ਕੇ ਸੁਨੀਲ ਕਰ ਦਿੱਤਾ ਗਿਆ। ਸੁਨੀਲ ਦੱਤ ਪੂਰੇ ਆਤਮ-ਵਿਸ਼ਵਾਸ ਨਾਲ ਕੰਮ ਕਰ ਰਹੇ ਸਨ ਪਰ ਇਕ ਸੀਨ ਵਿਚ ਉਨ੍ਹਾਂ ਦੀ ਸੁੱਧ-ਬੁੱਧ ਹੀ ਗੁਆਚ ਗਈ। ਇਸ ਸੀਨ ਵਿਚ ਸੁਨੀਲ ਦੱਤ ਨੇ ਰੋਮਾਂਟਿਕ ਅੰਦਾਜ਼ ਵਿਚ ਗਾਉਂਦਿਆਂ ਹੀਰੋਇਨ ਸ਼ੀਲਾ ਰਮਾਨੀ ਨੂੰ ਬਾਹਾਂ ਦੇ ਕਲਾਵੇ ਵਿਚ ਲੈਣਾ ਸੀ। ਜਿਵੇਂ ਹੀ ਸੁਨੀਲ ਦੱਤ ਨੂੰ ਇਹ ਸੀਨ ਦੱਸਿਆ ਗਿਆ ਤਾਂ ਉਹ ਬੁਰੀ ਤਰ੍ਹਾਂ ਘਬਰਾ ਗਏ ਤੇ ਕੰਬਣ ਲੱਗੇ। ਉਨ੍ਹਾਂ ਨੂੰ ਸਮਝਾਇਆ ਗਿਆ ਤਾਂ ਉਹ ਕਿਸੇ ਤਰ੍ਹਾਂ ਰਾਜ਼ੀ ਹੋਏ। ਸੀਨ ਸ਼ੁਰੂ ਹੋਇਆ ਪਰ ਸੁਨੀਲ ਦੱਤ ਦੀ ਕੰਬਣੀ ਨਹੀਂ ਰੁਕ ਰਹੀ ਸੀ।

ਇਕ ਟੇਕ, ਦੋ ਟੇਕ, ਤਿੰਨ ਟੇਕ ਫਿਰ ਰੀਟੇਕ 'ਤੇ ਰੀਟੇਕ...ਆਖਿਰ ਸਹਿਗਲ ਉਨ੍ਹਾਂ 'ਤੇ ਵਰ੍ਹ ਪਏ, 'ਇਕ ਚੰਗਾ-ਖਾਸਾ ਨੌਜਵਾਨ ਕੀ ਕਿਸੇ ਔਰਤ ਤੋਂ ਇਸ ਤਰ੍ਹਾਂ ਡਰਦਾ ਹੈ?' ਉਨ੍ਹਾਂ ਨੇ ਸੁਨੀਲ ਦੱਤ ਨੂੰ ਕਿਹਾ, 'ਗੈੱਟ ਹੋਲਡ ਯੁਅਰਸੈਲਫ ਐਂਡ ਬਿਹੇਵ ਲਾਈਕ ਏ ਮੈਨ।' ਸੁਨੀਲ ਦੱਤ ਬੇਹੱਦ ਝਿਜਕ ਗਏ। ਇੰਨੇ ਲੋਕਾਂ ਦੇ ਸਾਹਮਣੇ ਝਿੜਕਾਂ ਖਾਣ ਦਾ ਇਹ ਪਹਿਲਾ ਮੌਕਾ ਸੀ। ਬੇਇੱਜ਼ਤੀ ਤੇ ਗੁੱਸੇ ਨਾਲ ਸੁਨੀਲ ਦੱਤ ਸੈੱਟ ਤੋਂ ਉੱਠ ਕੇ ਘਰ ਚਲੇ ਗਏ। ਅਸਲ ਵਿਚ ਸੁਨੀਲ ਦੱਤ ਪੇਂਡੂ ਪਿਛੋਕੜ ਵਿਚ ਜੰਮੇ-ਪਲੇ ਸਨ ਤੇ ਪੂਰੀ ਤਰ੍ਹਾਂ ਰਵਾਇਤੀ ਸੰਸਕਾਰਾਂ ਵਿਚ ਬੱਝੇ ਹੋਏ ਸਨ।

ਖੈਰ, ਸ਼ਾਮ ਹੋਈ ਤੇ ਸਹਿਗਲ ਸੁਨੀਲ ਦੱਤ ਦੇ ਘਰ ਪਹੁੰਚੇ। ਉਨ੍ਹਾਂ ਨੇ ਸੁਨੀਲ ਦੱਤ ਨੂੰ ਸਮਝਾਇਆ, 'ਦੇਖ, ਮੈਂ ਤੇਰੇ ਪਿਤਾ ਵਾਂਗ ਹਾਂ। ਕੀ ਮੈਂ ਤੈਨੂੰ ਸਹੀ ਢੰਗ ਨਾਲ ਕੰਮ ਕਰਨ ਲਈ ਝਿੜਕ ਵੀ ਨਹੀਂ ਸਕਦਾ?' ਫਿਰ ਸੁਨੀਲ ਨੇ ਬੜੀ ਨਿਮਰਤਾ ਨਾਲ ਕਿਹਾ, 'ਤੁਸੀਂ ਜ਼ਰੂਰ ਝਿੜਕ ਸਕਦੇ ਹੋ ਪਰ ਇੰਝ ਨਹੀਂ, ਜਿਵੇਂ ਅੱਜ ਤੁਸੀਂ ਸਭ ਦੇ ਸਾਹਮਣੇ ਝਿੜਕਿਆ।'

ਆਖਿਰ ਮਾਮਲਾ ਠੰਡਾ ਪਿਆ। ਸੁਨੀਲ ਦੱਤ ਨੇ ਠੰਡੇ ਦਿਮਾਗ ਨਾਲ ਸੀਨ ਬਾਰੇ ਸੋਚਿਆ। ਸਹਿਗਲ ਦੀ ਗੱਲ, 'ਬਿਹੇਵ ਲਾਈਕ ਏ ਮੈਨ' ਨੂੰ ਉਨ੍ਹਾਂ ਨੇ ਗੰਢ ਮਾਰ ਲਈ। ਉਨ੍ਹਾਂ ਨੇ ਫੈਸਲਾ ਕੀਤਾ ਕਿ ਜਦੋਂ ਵੀ ਉਹ ਨਿਰਦੇਸ਼ਕ ਬਣਨਗੇ, ਆਪਣੀ ਫ਼ਿਲਮ ਦੇ ਕਲਾਕਾਰਾਂ ਨਾਲ ਹਮੇਸ਼ਾ ਚੰਗਾ ਵਤੀਰਾ ਕਰਨਗੇ। 'ਰੇਲਵੇ ਪਲੇਟਫਾਰਮ' ਬਹੁਤੀ ਸਫਲ ਨਹੀਂ ਰਹੀ ਪਰ ਸੁਨੀਲ ਦੱਤ ਦੀ ਅਦਾਕਾਰੀ ਦੀ ਸਭ ਨੇ ਸਿਫਤ ਕੀਤੀ। ਫਿਰ ਉਨ੍ਹਾਂ ਨੇ ਪਿਛਾਂਹ ਮੁੜ ਕੇ ਨਹੀਂ ਦੇਖਿਆ। ਨਿਰਦੇਸ਼ਕ ਦੇ ਰੂਪ ਵਿਚ ਜਦੋਂ ਉਨ੍ਹਾਂ ਨੇ ਆਪਣੀ ਫ਼ਿਲਮ 'ਦਰਦ ਕਾ ਰਿਸ਼ਤਾ' ਬਣਾਈ ਤਾਂ ਕਦੇ ਕਿਸੇ ਕਲਾਕਾਰ ਨੂੰ ਉਹੋ ਜਿਹੀ ਸ਼ਿਕਾਇਤ ਦਾ ਮੌਕਾ ਨਹੀਂ ਦਿੱਤਾ, ਜਿਹੋ ਜਿਹੀ ਉਨ੍ਹਾਂ ਨੂੰ ਸਹਿਗਲ ਸਾਹਿਬ ਤੋਂ ਹੋਈ ਸੀ।

# ਹਾਲੀਵੁੱਡ ਦੀ ਫਿਲਮ ਪੰਜਾਬੀ ਵਿਚ



ਮੇਰੀ ਐਲਿਜ਼ਬਥ ਵਿੰਸਟਡ


ਆਉਂਦੇ ਵਰ੍ਹੇ 2013 ਵਿਚ ਵੈਲੇਨਟਾਈਨ ਦਿਵਸ ਦੇ ਮੌਕੇ ਹਾਲੀਵੁੱਡ ਦੀ ਫ਼ਿਲਮ 'ਏ ਗੁੱਡ ਡੇਅ ਟੂ ਡਾਈ ਹਾਰਡ-5' ਭਾਰਤੀ ਸਿਨੇਮਾ ਵਿਚ ਇਕ ਇਤਿਹਾਸ ਬਣ ਰਹੀ ਹੈ। ਭਾਰਤੀ ਸਿਨੇਮਾ ਵਿਚ ਪਹਿਲੀ ਵਾਰ ਇਕ ਹਾਲੀਵੁੱਡ ਦੀ ਫ਼ਿਲਮ ਨੂੰ ਪੰਜਾਬੀ ਵਿਚ ਡੱਬ ਕੀਤਾ ਗਿਆ ਹੈ। 'ਟਾਈਟੈਨਿਕ-3 ਡੀ', 'ਆਈਸ ਏਜ਼', 'ਕਾਂਟੀਨੈਂਟਲ ਡ੍ਰਿਫਟ' ਤੇ ਹਾਲ ਹੀ ਵਿਚ ਰਿਲੀਜ਼ ਹੋਈ 'ਲਾਈਫ਼ ਆਫ਼ ਪਾਈ' ਵਰਗੀਆਂ ਫ਼ਿਲਮਾਂ ਨੂੰ ਭਾਰਤ ਦੇ ਬਾਕਸ ਆਫ਼ਿਸ 'ਤੇ ਮਿਲੀ ਸਫ਼ਲਤਾ ਤੋਂ ਬਾਅਦ ਫੌਕਸ ਸਟਾਰ ਸਟੂਡੀਓ ਭਾਰਤੀ ਫ਼ਿਲਮੀ ਦਰਸ਼ਕਾਂ ਲਈ ਇਕ ਹੋਰ ਫ਼ਿਲਮ ਲੈ ਕੇ ਆ ਰਿਹਾ ਹੈ। ਖ਼ਾਸ ਕਰਕੇ ਉੱਤਰ ਭਾਰਤ ਦੇ ਦਰਸ਼ਕਾਂ ਲਈ।

ਹਾਲੀਵੁੱਡ ਦੀ ਐਕਸ਼ਨ ਨਾਲ ਭਰਪੂਰ ਬਲਾਕ ਬਸਟਰ ਫ਼ਿਲਮ 'ਡਾਈ ਹਾਰਡ' ਦੀ ਪੰਜਵੀਂ ਲੜੀ ਦੀ ਇਸ ਫ਼ਿਲਮ 'ਏ ਗੁੱਡ ਡੇਅ ਟੂ ਡਾਈ ਹਾਰਡ' ਨੂੰ ਨਾ ਸਿਰਫ਼ ਅੰਗਰੇਜ਼ੀ, ਹਿੰਦੀ, ਤਾਮਿਲ ਤੇ ਤੇਲਗੂ ਵਿਚ ਭਾਰਤ ਵਿਚ ਪ੍ਰਦਰਸ਼ਤ ਕੀਤਾ ਜਾਵੇਗਾ ਬਲਕਿ ਇਸ ਨੂੰ ਪੰਜਾਬੀ ਭਾਸ਼ਾ ਵਿਚ ਡਬ ਕਰਕੇ ਉੱਤਰ ਭਾਰਤ ਵਿਚ ਵੀ ਦਿਖਾਇਆ ਜਾਵੇਗਾ। ਬਰੂਸ ਵਿਲਿਸ ਅਤੇ ਮੇਰੀ ਐਲਿਜ਼ਬਥ ਵਿੰਸਟਡ ਦੇ ਅਭਿਨੈ ਵਾਲੀ ਹਾਲੀਵੁੱਡ ਦੀ ਪਹਿਲੀ ਫ਼ਿਲਮ ਹੈ ਜਿਸ ਨੂੰ ਪੰਜਾਬੀ ਵਿਚ ਡਬ ਕੀਤਾ ਗਿਆ ਹੈ।

ਪੰਜਾਬੀ ਦਰਸ਼ਕ ਹਾਲੀਵੁੱਡ ਦੇ ਐਕਸ਼ਨ ਸਿਤਾਰਿਆਂ ਨੂੰ ਪਰਦੇ 'ਤੇ ਆਪਣੀ ਮਾਤ ਭਾਸ਼ਾ ਵਿਚ ਬੋਲਦੇ ਦੇਖਣਗੇ। ਫ਼ਿਲਮ ਦੀ ਕਹਾਣੀ ਜਾਨ ਮੈਕਲੇਨ ਨਾਂ ਦੇ ਇਕ ਵਿਅਕਤੀ ਦੀ ਕਹਾਣੀ ਹੈ ਜੋ ਆਪਣੇ ਪੁੱਤਰ ਨਾਲ ਕਿਸੇ ਦਹਿਸ਼ਤਵਾਦੀ ਸਾਜ਼ਿਸ਼ ਦਾ ਸ਼ਿਕਾਰ ਹੋ ਜਾਂਦਾ ਹੈ। ਜਾਨ ਦੀ ਭੂਮਿਕਾ ਬਰੂਸ ਵਿਲਿਸ ਨੇ ਨਿਭਾਈ ਹੈ। ਜੌਹਨ ਮੂਰ ਵੱਲੋਂ ਨਿਰਦੇਸ਼ਤ ਕੀਤੀ ਗਈ ਇਸ ਫ਼ਿਲਮ ਦੀ ਕਹਾਣੀ ਸਕੀਪ ਵੁੱਡਸ ਨੇ ਲਿਖੀ ਹੈ। 'ਏ ਗੁੱਡ ਡੇਅ ਟੂ ਡਾਈ ਹਾਰਡ' ਫ਼ਿਲਮ 22 ਫਰਵਰੀ, 2013 ਨੂੰ ਰਿਲੀਜ਼ ਹੋਵੇਗੀ।

ਫੌਕਸ ਸਟਾਰ ਸਟੂਡੀਓ ਦੇ ਸੀ.ਈ.ਓ. ਵਿਜੈ ਸਿੰਘ ਅਨੁਸਾਰ ਪੰਜਾਬ ਵਿਚ ਮਲਟੀਪਲੈਕਸ ਦਾ ਦਾਇਰਾ ਦਿਨ-ਪ੍ਰਤੀ ਦਿਨ ਵਧਦਾ ਜਾ ਰਿਹਾ ਹੈ। ਫ਼ਿਲਮਾਂ ਦੀ ਸਫ਼ਲਤਾ ਵਿਚ ਪੰਜਾਬ ਦਾ ਬਹੁਤ ਵੱਡਾ ਯੋਗਦਾਨ ਹੈ। ਬਾਲੀਵੁੱਡ ਵਿਚ ਇਸ ਦਾ 10 ਫ਼ੀਸਦੀ ਤੇ ਹਾਲੀਵੁੱਡ ਵਿਚ ਇਸ ਦਾ ਪੰਜ ਫੀਸਦੀ ਯੋਗਦਾਨ ਹੈ ਤੇ ਇਹ ਫੀਸਦੀ ਦਰ ਲਗਾਤਾਰ ਵਧਦੀ ਜਾ ਰਹੀ ਹੈ।

## 'ਰਾਈਜ਼ ਆਫ਼ ਖ਼ਾਲਸਾ' ਦੀ ਚਰਚਾ




ਸਫ਼ਲਤਾ ਦਾ ਰਿਕਾਰਡ ਬਣਾਉਣ ਵਾਲੀ ਫ਼ਿਲਮ 'ਰਾਈਜ਼ ਆਫ਼ ਦ ਖ਼ਾਲਸਾ' 2008 ਵਿਚ ਬਣੀ ਇਕ ਖ਼ੂਬਸੂਰਤ ਡਾਕੂਮੈਂਟਰੀ ਫ਼ਿਲਮ ਹੈ ਜਿਸ ਨੇ ਦਰਸ਼ਕਾਂ ਦਾ ਚੰਗਾ ਧਿਆਨ ਖਿੱਚਿਆ ਹੈ। ਇਸ ਫ਼ਿਲਮ ਦੀਆਂ ਹੁਣ ਤੱਕ 25,000 ਤੋਂ ਵੱਧ ਡੀ.ਵੀ.ਡੀ. ਵਿਕ ਚੁੱਕੀਆਂ ਹਨ ਜੋ ਆਪਣੇ-ਆਪ ਵਿਚ ਇਕ ਵੱਡੀ ਪ੍ਰਾਪਤੀ ਹੈ ਕਿਉਂਕਿ ਪਾਇਰੇਸੀ ਦੇ ਇਸ ਦੌਰ ਵਿਚ ਏਡੀ ਵੱਡੀ ਗਿਣਤੀ ਵਿਚ ਬਹੁਤ ਘੱਟ ਫ਼ਿਲਮਾਂ ਦੀਆਂ ਸੀ.ਡੀਜ਼ ਜਾਂ ਡੀ.ਵੀ. ਡੀਜ਼ ਵਿਕ ਪਾਉਂਦੀਆਂ ਹਨ। ਫ਼ਿਲਮ ਦੇ ਨਿਰਦੇਸ਼ਕ ਜਗਮੀਤ ਸਿੰਘ ਸਮੁੰਦਰੀ ਮੁਤਾਬਕ ਇਸ ਫ਼ਿਲਮ ਨੂੰ ਸਪੈਨਿਸ਼ ਭਾਸ਼ਾ ਦੇ ਨਾਲ-ਨਾਲ ਅੰਗਰੇਜ਼ੀ ਤੇ ਪੰਜਾਬੀ ਭਾਸ਼ਾ ਵਿਚ ਡੱਬ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਇਸ ਡਾਕੂਮੈਂਟਰੀ ਫ਼ਿਲਮ ਨੇ ਨਿਊਯਾਰਕ ਫ਼ਿਲਮ ਫੈਸਟੀਵਲ ਵਿਚ ਬੈਸਟ ਡਾਇਰੈਕਟਰ ਦਾ ਐਵਾਰਡ ਵੀ ਪ੍ਰਾਪਤ ਕੀਤਾ ਹੈ। ਸਮੁੰਦਰੀ ਦਾ ਕਹਿਣਾ ਹੈ ਕਿ ਜ਼ਿਆਦਾਤਰ ਅਜਿਹੀਆਂ ਫ਼ਿਲਮਾਂ ਸਿੱਖ ਭਾਈਚਾਰੇ ਨੂੰ ਧਿਆਨ ਵਿਚ ਰੱਖ ਕੇ ਬਣਾਈਆਂ ਜਾਂਦੀਆਂ ਹਨ ਜੋ ਕਿ ਅਸਲੀਅਤ ਤੋਂ ਦੂਰ ਹੁੰਦੀਆਂ ਹਨ ਪਰ ਉਨ੍ਹਾਂ ਨੇ 'ਰਾਈਜ਼ ਆਫ਼ ਦਾ ਖ਼ਾਲਸਾ' ਰਾਹੀਂ ਸਿੱਖ ਇਤਿਹਾਸ ਨਾਲ ਕਾਫ਼ੀ ਹੱਦ ਤੱਕ ਇਨਸਾਫ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸੇ ਕਰਕੇ ਇਹ ਫ਼ਿਲਮ ਦਰਸ਼ਕਾਂ ਨੂੰ ਪ੍ਰਭਾਵਿਤ ਕਰ ਰਹੀ ਹੈ।


## ਔਰਤ ਪ੍ਰਧਾਨ ਫਿਲਮਾਂ ਦਾ ਬੋਲਬਾਲਾ

ਮਰਦ ਪ੍ਰਧਾਨ ਬਾਲੀਵੁੱਡ ਵਿਚ ਸਾਲ 2012 ਵਿਚ ਮਹਿਲਾ ਕਿਰਦਾਰਾਂ 'ਤੇ ਕੇਂਦਰਿਤ ਫਿਲਮਾਂ ਦੀ ਵਧਦੀ ਗਿਣਤੀ ਤੇ ਇਸ ਦੀ ਸਫਲਤਾ ਨੇ ਅਭਿਨੇਤਰੀਆਂ ਦੇ ਵਧ ਰਹੇ ਰੁਤਬੇ ਵੱਲ ਇਸ਼ਾਰਾ ਕਰ ਦਿੱਤਾ ਹੈ। ਜਾਣਕਾਰਾਂ ਅਨੁਸਾਰ ਆਉਣ ਵਾਲੇ ਕਈ ਸਾਲਾਂ ਤੱਕ ਬਾਲੀਵੁੱਡ ਵਿਚ ਮਰਦ ਪ੍ਰਧਾਨ ਫਿਲਮਾਂ ਦੇ ਦਬਦਬੇ ਦੇ ਮੁਲਾਂਕਣ ਦੇ ਬਾਵਜੂਦ ਇਨ੍ਹਾਂ ਫਿਲਮਾਂ ਨੇ ਇਕ ਸੁਖਾਵੀਂ ਤਬਦੀਲੀ ਦਾ ਇਸ਼ਾਰਾ ਦੇ ਹੀ ਦਿੱਤਾ ਹੈ। ਸਾਲ ਦੀ ਸ਼ੁਰੂਆਤ ਵਿਚ ਹੀ ਵਿੱਦਿਆ ਬਾਲਨ ਦੀ ਬੇਹੱਦ ਘੱਟ ਬਜਟ ਵਿਚ ਬਣੀ ਫਿਲਮ 'ਕਹਾਨੀ' ਸੁਪਰਹਿੱਟ ਰਹੀ ਜਿਸ ਤੋਂ ਬਾਅਦ ਕ੍ਰਿਸ਼ਮਾ ਕਪੂਰ ਦੀ ਫਿਲਮ 'ਡੇਂਜਰਸ ਇਸ਼ਕ' ਨੇ ਵੀ ਔਸਤ ਕਾਰੋਬਾਰ ਕੀਤਾ। 'ਇੰਗਲਿਸ਼-




ਵਿੰਗਲਿਸ਼' ਨਾਲ ਸਾਲਾਂ ਬਾਅਦ ਸੁਨਹਿਰੀ ਪਰਦੇ 'ਤੇ ਵਾਪਸ ਆਈ ਸ੍ਰੀਦੇਵੀ ਨੇ ਆਪਣੀ ਪ੍ਰਤਿਭਾ ਇਕ ਵਾਰ ਫਿਰ ਸਿੱਧ ਕੀਤੀ। ਬਿਪਾਸ਼ਾ ਬਸੂ ਦੀ ਫਿਲਮ 'ਰਾਜ਼' ਤੇ ਸੰਨੀ ਲਿਓਨ ਦੀ ਫਿਲਮ 'ਜਿਸਮ-2' ਤੇ ਇਕ ਬਾਲ ਫਿਲਮ 'ਜਲਪਰੀ' ਵੀ ਮਹਿਲਾ ਕਿਰਦਾਰਾਂ 'ਤੇ ਹੀ ਕੇਂਦਰਿਤ ਸੀ।

## ਕਲੋਜ਼ਅੱਪ : ਦਰਸ਼ਨ ਔਲਖ



ਜਨਮ ਸਥਾਨ: ਅਬੋਹਰ (ਪੰਜਾਬ)
ਸਿੱਖਿਆ: ਅਬੋਹਰ ਤੇ ਚੰਡੀਗੜ੍ਹ।
ਪਿਤਾ: ਸ. ਚੰਚਲ ਸਿੰਘ (ਅਫ਼ਸਰ, ਪੰਜਾਬ ਸਿੱਖਿਆ ਵਿਭਾਗ)
ਮਾਤਾ: ਸ੍ਰੀਮਤੀ ਦੀਦਾਰ ਕੌਰ
ਸ਼ੌਂਕ: ਭੰਗੜਾ, ਫਿਲਮਾਂ ਵੇਖਣਾ।
ਸਭ ਤੋਂ ਵੱਧ ਖੁਸ਼ੀ: ਜਦੋਂ ਫਿਲਮ 'ਵੀਰ ਜ਼ਾਰਾ' ਮਿਲੀ।
ਸਭ ਤੋਂ ਵੱਧ ਸਹਿਯੋਗੀ: ਯਸ਼ਰਾਜ ਚੋਪੜਾ ਦਾ ਪਰਿਵਾਰ।
ਫਿਲਮਾਂ ਵਿਚ ਸ਼ੁਰੂਆਤ: ਪੰਜਾਬੀ ਫਿਲਮੀ ਕਹਾਣੀਆਂ ਲਿਖੀਆਂ ਤੇ ਨਾਟਕ ਖੇਡੇ।
ਕਾਰੋਬਾਰ: ਆਪਣੀ ਫਿਲਮ ਪ੍ਰੋਡਕਸ਼ਨ ਕੰਪਨੀ-ਔਲਖ ਫਿਲਮ ਪ੍ਰੋਡਕਸ਼ਨ ਕੰਪਨੀ, ਚੰਡੀਗੜ੍ਹ।
ਬਤੌਰ ਲੇਖਕ ਫਿਲਮਾਂ: ਸੁੱਖਾ, ਖ਼ੂਨ ਦਾ ਦਾਜ, ਇਸ਼ਕ ਨਾ ਪੁੱਛੇ ਜਾਤ, ਹੀਰ ਸਿਆਲ, ਲਾਲੀ, ਮੋਰਨੀ ਤੇ ਕੁੱਤਿਆਂ ਵਾਲੇ ਸਰਦਾਰ।
ਬਤੌਰ ਅਦਾਕਾਰ ਨਾਟਕ: ਇਸ ਚੌਕ ਤੋਂ ਸ਼ਹਿਰ ਦਿੱਸਦਾ ਹੈ, ਮਿਰਜ਼ਾ ਜੱਟ, ਦੁੱਲਾ ਭੱਟੀ, ਕੱਲ੍ਹ ਅੱਜ ਤੇ ਭਲਕ, ਚਾਂਦਨੀ ਚੌਕ ਤੋਂ ਸਰਹਿੰਦ ਤੱਕ, ਦੋ ਰਾਤਾਂ ਚਮਕੌਰ ਦੀਆਂ, ਬਾਦਸ਼ਾਹ ਦਰਵੇਸ਼।
ਮੈਗਾ ਸੀਰੀਅਲ: ਲਾਰਡ ਆਫ ਫਾਈਵ ਰਿਵਰਜ਼-ਮਹਾਰਾਜਾ ਰਣਜੀਤ ਸਿੰਘ।
ਫੀਚਰ ਫਿਲਮਾਂ (ਬਤੌਰ ਅਦਾਕਾਰ ਤੇ ਲਾਈਨ ਪ੍ਰੋਡਿਊਸਰ): ਵੀਰ ਜ਼ਾਰਾ, ਮੇਰੇ ਭਾਈ ਕੀ ਦੁਲਹਨ, ਸ਼ਹੀਦੇ ਮੁਹੱਬਤ, ਸ਼ਹੀਦੇ ਆਜ਼ਮ ਭਗਤ ਸਿੰਘ, ਵਾਰਿਸ਼ ਸ਼ਾਹ, ਇਸ਼ਕ ਦਾ ਵਾਰਿਸ਼, ਦੇਸ਼ ਹੋਇਆ ਪਰਦੇਸ, ਮੇਰਾ ਪਿੰਡ-ਮਾਈ ਹੋਮ, ਮੁੰਡੇ ਯੂ.ਕੇ. ਦੇ, ਪੰਜਾਬ-69, ਦਿਲ ਆਪਣਾ ਪੰਜਾਬੀ, ਰੱਬ ਨੇ ਬਣਾ ਦੀ ਜੋੜੀ, ਸਿੰਘ ਇਜ਼ ਕਿੰਗ, ਹੀਰੋਜ਼, ਸ਼ੌਰਿਆ, ਬਾਗੀ ਸੂਰਮੇ, ਸੁੱਖਾ, ਤਬਾਹੀ, ਖ਼ੂਨ ਦਾ ਦਾਜ, ਮੇਰਾ ਪੰਜਾਬ।
ਹਾਲੀਵੁੱਡ ਫਿਲਮਾਂ: ਜ਼ੀਰੋ ਡਾਰਕ ਥਰਟੀ, ਵਿਦੇਸ਼-ਹੈਵਨ ਆਨ ਅਰਥ, ਪਾਰਟੀਸ਼ਨ।
ਸਿਰਨਾਵਾਂ: ਦਰਸ਼ਨ ਔਲਖ, 3029, 21ਡੀ. ਚੰਡੀਗੜ੍ਹ।
ਫੋਨ: 94170-92640 ਜਾਂ 98723-36006

***-ਜੁਗਰਾਜ ਗਿੱਲ, ਸ਼ਾਰਲਟ***
***ਫੋਨ: 704-257-6693***




# ooraa




## ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ!
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

**Resolve your IRS Tax Debt / Problems**

**100% SATISFACTION GUARANTEED**

ਅੱਜ ਹੀ ਸਾਨੂੰ ਕਾਲ ਕਰੋ

**(888) 888-9914**

www.ooraa.org

# Buttar & Ryan, PLLC

20300 W. 12 Mile Rd, Suite 101, Southfield, MI 48076

- ਅਮਰੀਕਾ ਵਿਚ ਰਹਿੰਦੇ ਹੋ ਅਤੇ ਇਥੋਂ ਦੇ ਸਿਟੀਜ਼ਨ ਬਣਨਾ ਚਾਹੁੰਦੇ ਹੋ?
- ਕੀ ਤੁਹਾਨੂੰ ਡੀਪੋਰਟ ਕੀਤਾ ਜਾ ਰਿਹਾ ਹੈ ਤੇ ਤੁਸੀਂ ਚਾਹੁੰਦੇ ਹੋ ਕਿ ਕੋਈ ਭਰੋਸੇਯੋਗ ਵਕੀਲ ਤੁਹਾਡਾ ਕੇਸ ਲੜੇ?
- ਕੀ ਤੁਸੀਂ ਆਪਣਾ ਪਰਿਵਾਰ ਅਮਰੀਕਾ ਲਿਆਉਣਾ ਚਾਹੁੰਦੇ ਹੋ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ ਅਤੇ ਇੰਮੀਗਰੇਸ਼ਨ ਨਾਲ ਸਬੰਧਤ ਤੁਹਾਡੀਆਂ ਸਾਰੀਆਂ ਲੋੜਾਂ ਪੂਰੀਆਂ ਕਰ ਸਕਦੇ ਹਾਂ
ਭਾਵੇਂ ਤੁਸੀਂ ਕਿਤੇ ਵੀ ਰਹਿੰਦੇ ਹੋਵੋ ਜਾਂ ਕਿਤੇ ਵੀ ਕੰਮ ਕਰਦੇ ਹੋਵੋ, ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ



Ramandeep Kaur Buttar, Attorney
ਰਮਨਦੀਪ ਕੌਰ ਬੁੱਟਰ, ਅਟਾਰਨੀ

ਬੁੱਟਰ ਅਤੇ ਰਾਯਨ



Sean P. Ryan, Attorney
ਸ਼ਾਨ ਰਾਯਨ, ਅਟਾਰਨੀ

ਮੁਫਤ ਸਲਾਹ ਲਈ ਸਾਨੂੰ ਫੋਨ ਕਰੋ

**Phone: 248-351-9584**

immigration@ButtarandRyan.com

# Syan Video Production, Inc.



ਰਾਜਿੰਦਰ ਸਿੰਘ

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ
ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights
Call Toll Free: 1-800-RAJ-SYAN
(with 17 years Experienced)

**Call:734-261-0936 or 734-890-1767**

e-mail: raj@syanvideo.com or visit at: www.syanvideo.com